ਸੋਮਵਾਰ, 10 ਅਕਤੂਬਰ, 2022
24 ਅੱਸੂ { ਨਾਨਕਸ਼ਾਹੀ 554 / ਬਿਕਰਮੀ 2079
ਜਿਲਦ/VOL. : 71
ਅੰਕ/NO. : 130

# ਨਵਾਂ ਜ਼ਮਾਨਾ

DAILY NAWAN ZAMANA • MONDAY, 10 OCTOBER, 2022 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

YouTube nawan zamana TV

ਕੀਮਤ/PRICE : 5.00 ਰੁਪਏ Regd. No : Pb/JL-123/2021-23, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

## ਦਿੱਲੀ ਦੇ ਮੰਤਰੀ ਵੱਲੋਂ ਅਸਤੀਫਾ



ਨਵੀਂ ਦਿੱਲੀ : ਇਥੇ ਬੁੱਧ ਧਰਮ ਦੇ ਦੀਕਸ਼ਾ ਪ੍ਰੋਗਰਾਮ ਵਿਚ ਹਿੰਦੂ ਦੇਵੀ-ਦੇਵਤਿਆਂ ਨੂੰ ਨਾ ਮੰਨਣ ਦੀ ਸਹੁੰ ਚੁਕਾਉਣ ਵਾਲੇ ਮੰਤਰੀ ਰਜਿੰਦਰ ਪਾਲ ਗੌਤਮ ਨੇ ਕੇਜਰੀਵਾਲ ਵਜ਼ਾਰਤ ਤੋਂ ਅਸਤੀਫਾ ਦੇ ਦਿੱਤਾ ਹੈ। ਭਾਜਪਾ ਨੇ ਉਨ੍ਹਾ ਦੇ ਬਿਆਨ ਨੂੰ ਕਾਫੀ ਚੁੱਕਿਆ ਸੀ ਤੇ ਆਮ ਆਦਮੀ ਪਾਰਟੀ ਨੂੰ ਹਿੰਦੂ ਵਿਰੋਧੀ ਕਰਾਰ ਦਿੱਤਾ ਸੀ।

## ਹਾਲਤ ਬੇਹੱਦ ਗੰਭੀਰ



ਗੁਰੂਗ੍ਰਾਮ : ਮੇਦਾਂਤਾ ਹਸਪਤਾਲ ਨੇ ਐਤਵਾਰ ਕਿਹਾ ਕਿ ਸਮਾਜਵਾਦੀ ਪਾਰਟੀ ਦੇ ਬਾਨੀ ਮੁਲਾਇਮ ਸਿੰਘ ਯਾਦਵ (82) ਦੀ ਹਾਲਤ ਬੇਹੱਦ ਗੰਭੀਰ ਹੈ। ਯਾਦਵ 22 ਅਗਸਤ ਤੋਂ ਹਸਪਤਾਲ 'ਚ ਹਨ।

## ਦੀਵਾਲੀ ਵਿਸ਼ੇਸ਼ ਸਪਲੀਮੈਂਟ


ਸੰਜੀਵ ਅਰੋੜਾ
ਜਗਰਾਓਂ
98145-56990


ਨਿਰਮਲ ਕੁਮਾਰ
ਫਿਲੌਰ
98147-04346


ਰਮੇਸ਼ ਕਟਾਰੀਆ
ਰਾਜਪੁਰਾ
99880-13675


ਰਮਨ ਚੱਢਾ
ਚੋਹਲਾ ਸਾਹਿਬ
98722-26721


ਗੁਰਦੀਪ ਸਿੰਘ
ਧਰਮਕੋਟ
88474-74698


ਹਰਭਜਨ ਢਿੱਲੋਂ
ਭਲਾਣ
94638-21648


ਸੁਖਵਿੰਦਰ ਸਿੰਘ ਭਾਦਲਾ
ਖੰਨਾ
98158-69735


ਪਰਮਿੰਦਰ ਸਿੰਘ ਮੋਨੂੰ
ਖੰਨਾ
97814-09245


ਸਾਗਰਦੀਪ ਸਿੰਘ ਅਰੋੜਾ
ਤਰਨ ਤਾਰਨ
98880-36734


ਸੁਖਵਿੰਦਰ ਸਫਰੀ
ਟੂਟੋਮਜਾਰਾ
99158-16713


ਅਮਿਤ ਖੰਨਾ
ਜਗਰਾਓਂ
99140-20819


ਰਣਬੀਰ ਸਿੰਘ ਗੋਲਣ
ਖਾਲੜਾ
70094-77561

ਦੀਵਾਲੀ ਦੇ ਸ਼ੁੱਭ ਦਿਹਾੜੇ ਨੂੰ ਸਮਰਪਿਤ ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਤ ਕੀਤੇ ਜਾ ਰਹੇ ਹਨ। ਇਸ ਸੰਬੰਧੀ ਇਸ਼ਤਿਹਾਰ ਤੇ ਹੋਰ ਛਪਣਯੋਗ ਸਮੱਗਰੀ ਦੇਣ ਲਈ ਸਾਡੇ ਇਨ੍ਹਾਂ ਪੱਤਰਕਾਰਾਂ ਨਾਲ ਸੰਪਰਕ ਕੀਤਾ ਜਾਵੇ।

-ਜਨਰਲ ਮੈਨੇਜਰ

# ਸੁਖਬੀਰ ਤੇ ਸਰਨਾ ਇਕਮਿਕ

## ਸੁਖਬੀਰ ਨੇ ਸਰਨਾ ਨੂੰ ਸਿਰੋਪਾ ਦੇ ਕੇ ਬਾਦਲ ਦਲ ਦੀ ਦਿੱਲੀ ਇਕਾਈ ਦੀ ਸੇਵਾ ਸੌਂਪੀ, ਮੈਨੂੰ ਅਕਾਲੀ ਦਲ 'ਚੋਂ ਢੀਂਡਸਾ ਨੇ ਕਢਵਾਇਆ ਸੀ : ਸਰਨਾ



ਨਵੀ ਦਿੱਲੀ, (ਜਸਬੀਰ ਸਿੰਘ ਪੱਟੀ)-ਕਰੀਬ ਢਾਈ ਦਹਾਕਿਆਂ ਦੇ ਵਕਫੇ ਬਾਅਦ ਸ਼੍ਰੋਮਣੀ ਅਕਾਲੀ ਦਲ ਬਾਦਲ ਤੇ ਸ਼੍ਰੋਮਣੀ ਅਕਾਲੀ ਦਲ (ਦਿੱਲੀ) ਐਤਵਾਰ ਇੱਕ ਮੰਚ 'ਤੇ ਏਕਤਾ ਦੇ ਰੂਪ ਵਿੱਚ ਉਸ ਵੇਲੇ ਇਕੱਠੇ ਹੋਏ, ਜਦੋਂ ਪੰਥਕ ਆਗੂ ਡੱਡੂਆਂ ਦੀ ਪੰਸੇਰੀ ਵਾਂਗ ਖਿਲਰੇ ਪਏ ਹਨ ਅਤੇ ਦੋ ਵੱਡੇ ਅਕਾਲੀ ਦਲਾਂ ਦੀ ਏਕਤਾ ਤੋਂ ਬਾਅਦ ਬਾਕੀ ਖਿਲਰੇ-ਪੁਲਰੇ ਅਕਾਲੀ ਦਲਾਂ ਵਿੱਚ ਵੀ ਏਕਤਾ ਦਾ ਮੁੱਢ ਬੱਝ ਗਿਆ। ਸ਼੍ਰੋਮਣੀ ਅਕਾਲੀ ਦਲ ਦਿੱਲੀ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਦੇ ਗ੍ਰਹਿ ਵਿਖੇ ਦੋ ਦਲਾਂ ਦੀ ਹੋਈ ਇਸ ਸਾਂਝੀ ਇਕੱਤਰਤਾ ਨੂੰ ਲੈ ਕੇ ਦੋਵਾਂ ਦਲਾਂ ਦੇ ਵਰਕਰਾਂ ਤੇ ਸਮਰਥਕਾਂ ਵਿੱਚ ਕਾਫੀ ਉਤਸ਼ਾਹ ਵੇਖਣ ਨੂੰ ਮਿਲਿਆ ਤੇ ਹਰ ਆਗੂ ਦੇ ਚਿਹਰੇ 'ਤੇ ਰੌਣਕ ਵੇਖਣ ਨੂੰ ਮਿਲੀ।

ਇਕੱਠ ਨੂੰ ਸੰਬੋਧਨ ਕਰਦਿਆਂ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਸਰਨਾ ਭਰਾਵਾਂ ਨੂੰ ਆਪਣੇ ਬਜ਼ੁਰਗ ਦੱਸਦਿਆਂ ਪਰਮਜੀਤ ਸਿੰਘ ਸਰਨਾ ਨੂੰ ਸ਼੍ਰੋਮਣੀ ਅਕਾਲੀ ਦਲ ਬਾਦਲ ਦੀ ਦਿੱਲੀ ਇਕਾਈ ਦਾ ਸਿਰੋਪਾ ਪਾ ਕੇ ਪ੍ਰਧਾਨ ਥਾਪਦਿਆ ਕਿਹਾ ਕਿ ਸਰਨਾ ਭਰਾ ਪੂਰੀ ਤਰ੍ਹਾਂ ਗੁਰ ਪੰਥ ਨੂੰ ਪਰਵਾਰ ਸਮੇਤ ਸਮਰਪਤ ਹਨ। ਉਹਨਾ ਕਿਹਾ ਕਿ ਸਰਨਾ ਇਕੱਲੇ ਦਿੱਲੀ ਦਾ ਹੀ ਨਹੀਂ, ਸਗੋਂ ਹੋਰ ਰਾਜਾਂ ਵਿੱਚ ਜਾ ਕੇ ਦਲ ਦੀ ਮਜ਼ਬੂਤੀ ਲਈ ਕੰਮ ਕਰਨਗੇ। ਉਹਨਾ ਕਿਹਾ ਕਿ ਗੁਰਧਾਮਾਂ ਦੇ ਪ੍ਰਬੰਧ ਮਹੰਤਾਂ ਕੋਲੋਂ ਛੁਡਵਾਉਣ ਲਈ ਸਿੱਖਾਂ ਨੇ ਕੁਰਬਾਨੀਆਂ ਦੀ ਲੰਮੀ ਕਤਾਰ ਲਗਾ ਦਿੱਤੀ ਤੇ ਅੱਜ ਵੀ ਪੰਥ ਵਿਰੋਧੀ ਰਾਜਸ਼ੀ ਸ਼ਕਤੀਆਂ ਦੇ ਇਸ਼ਾਰਿਆਂ 'ਤੇ ਸ਼੍ਰੋਮਣੀ ਕਮੇਟੀ ਨੂੰ ਤੋੜ ਕੇ ਹਰਿਅਣਾ ਦੀ ਵੱਖਰੀ ਕਮੇਟੀ ਬਣਾਉਣ ਦੀ ਕੋਸ਼ਿਸ਼ ਕਰਕੇ ਮੁੜ ਮਹੰਤਾਂ ਦਾ ਪ੍ਰਬੰਧ ਸਥਾਪਤ ਕੀਤਾ ਜਾ ਰਿਹਾ ਹੈ, ਜਿਸ ਨੂੰ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀ ਕੀਤਾ ਜਾਵੇਗਾ। ਉਹਨਾ ਕਿਹਾ ਕਿ ਬਾਕੀ ਦਲਾਂ ਨੂੰ ਸੱਦਾ ਦਿੱਤਾ ਜਾਂਦਾ ਹੈ ਕਿ ਉਹ ਵੀ ਏਕਤਾ ਦੀ ਪਹਿਲਕਦਮੀ ਕਰਨ, ਤਾਂ ਕਿ ਪੰਥ ਨੂੰ ਮਜ਼ਬੂਤ ਕੀਤਾ ਜਾ ਸਕੇ।

ਸਰਨਾ ਨੇ ਕਿਹਾ ਕਿ ਬਾਦਲ ਦਲ ਨਾਲੋਂ ਉਹ ਉਸ ਵੇਲੇ ਅਲੱਗ ਹੋਏ ਸਨ, ਜਦੋਂ ਬਾਦਲ ਦਲ ਦੀ ਗੁੱਡੀ ਅਸਮਾਨੇ ਚੜ੍ਹੀ ਹੋਈ ਸੀ ਤੇ ਉਸ ਤੋਂ ਬਾਅਦ ਹੀ ਉਹਨਾ ਸ਼੍ਰੋਮਣੀ ਅਕਾਲੀ ਦਲ ਦਿੱਲੀ ਦਾ ਗਠਨ ਕੀਤਾ ਸੀ, ਜਿਸ ਦੇ ਝੰਡੇ ਹੇਠ ਉਹ ਹੁਣ ਤੱਕ ਕਈ ਚੋਣਾਂ ਲੜ ਚੁੱਕੇ ਹਨ। ਉਹਨਾ ਕਿਹਾ ਕਿ ਅੱਜ ਫਿਰ ਦੋ ਦਲਾਂ ਦੇ ਆਗੂ ਇੱਕ ਮੰਚ 'ਤੇ ਇਕੱਠੇ ਹੋ ਕੇ 'ਏਕਤਾ' ਦੀ ਬਾਤ ਪਾ ਰਹੇ ਹਨ ਤੇ ਇਹ ਏਕਤਾ ਓਨੀ ਹੀ ਜ਼ਰੂਰੀ ਹੈ, ਜਿੰਨੀ ਇਸ ਸਮੇਂ ਇਸ ਦੀ ਲੋੜ ਮਹਿਸੂਸ ਕੀਤੀ ਜਾ ਰਹੀ ਸੀ। ਉਹਨਾ ਕਿਹਾ ਕਿ ਪੰਥਕ ਏਕਤਾ ਲਈ ਉਹ ਹਰ ਪ੍ਰਕਾਰ ਦੀ ਕੁਰਬਾਨੀ ਕਰਨ ਲਈ ਤਿਆਰ ਹਨ। ਉਹਨਾ ਅਕਾਲੀ ਦਲ ਨਹੀ ਛੱਡਿਆ, ਸਗੋਂ ਸੁਖਦੇਵ ਸਿੰਘ ਢੀਂਡਸਾ ਨੇ ਅਕਾਲੀ ਦਲ ਵਿੱਚੋਂ ਕਢਵਾਇਆ ਸੀ, ਪਰ ਅੱਜ ਉਹ ਹਾਸ਼ੀਏ 'ਤੇ ਵੀ ਨਜ਼ਰ ਨਹੀਂ ਆਉਂਦੇ। ਉਹਨਾ ਕਿਹਾ ਕਿ ਉਹ ਕਿਸੇ ਵੀ ਪ੍ਰਕਾਰ ਦੀ ਅਵੱਗਿਆ ਨਹੀਂ ਹੋਣ ਦੇਣਗੇ। ਸਮਾਗਮ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਸੰਬੋਧਨ ਕਰਦਿਆਂ ਕਿਹਾ ਕਿ ਗੁਰਧਾਮਾਂ ਦੀ ਅਜ਼ਾਦੀ ਲਈ ਸਿੱਖ ਨੌਜਵਾਨ ਕਿਸੇ ਵੀ ਕੁਰਬਾਨੀ ਤੋਂ ਪਿੱਛੇ ਨਹੀਂ ਹਟੇ। ਹਰਿਆਣਾ ਕਮੇਟੀ ਦਾ ਮਨਸੂਬਾ ਕਾਮਯਾਬ ਨਹੀਂ ਹੋਣ ਦਿੱਤਾ ਜਾਵੇਗਾ। ਬਲਵਿੰਦਰ ਸਿੰਘ ਭੂੰਦੜ, ਡਾ. ਦਲਜੀਤ ਸਿੰਘ ਚੀਮਾ, ਬੀਬੀ ਰਣਜੀਤ ਕੌਰ, ਗੁਰਮੀਤ ਸਿੰਘ ਸ਼ੰਟੀ, ਬਲਦੇਵ ਸਿੰਘ ਮਾਨ, ਪ੍ਰੇਮ ਸਿੰਘ ਚੰਦੂਮਾਜਰਾ ਤੇ ਦਿੱਲੀ ਕਮੇਟੀ ਦੇ ਮੈਂਬਰ ਬਲਦੇਵ ਸਿੰਘ ਰਾਣੀ ਬਾਗ ਨੇ ਵੀ ਸੰਬੋਧਨ ਕੀਤਾ।

ਹਰਵਿੰਦਰ ਸਿੰਘ ਸਰਨਾ ਨੇ ਸਟੇਜ ਸਕੱਤਰ ਦੀ ਭੂਮਿਕਾ ● ਬਾਕੀ ਸਫ਼ਾ 2 'ਤੇ

## ਡੇਰਾ ਮੁਖੀ ਫਿਰ ਜੇਲ੍ਹੋਂ ਬਾਹਰ ਆਉਣ ਲੱਗਾ



ਚੰਡੀਗੜ੍ਹ : ਬਲਾਤਕਾਰ ਤੇ ਕਤਲ ਕੇਸਾਂ ਵਿਚ ਸਜ਼ਾ ਭੁਗਤ ਰਹੇ ਡੇਰਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਨੂੰ ਰੋਹਤਕ ਦੀ ਸੁਨਾਰੀਆ ਜੇਲ੍ਹ ਵਿੱਚੋਂ ਫਿਰ ਪੈਰੋਲ 'ਤੇ ਬਾਹਰ ਕੱਢਣ ਦੀਆਂ ਤਿਆਰੀਆਂ ਚੱਲ ਰਹੀਆਂ ਹਨ। ਇਸ ਸਾਲ ਉਹ ਦੋ ਵਾਰ ਜੇਲ੍ਹ ਵਿੱਚੋਂ ਬਾਹਰ ਆ ਚੁੱਕਾ ਹੈ। ਫਰਵਰੀ ਵਿਚ 21 ਦਿਨ ਦੀ ਫਰਲੋ 'ਤੇ ਅਤੇ ਜੂਨ ਵਿਚ ਇਕ ਮਹੀਨੇ ਦੀ ਪੈਰੋਲ 'ਤੇ। ਐਤਕੀਂ ਦਸੰਬਰ ਤੋਂ ਪਹਿਲਾਂ 40 ਦਿਨ ਦੀ ਪੈਰੋਲ ਲੈ ਸਕਦਾ ਹੈ। ਨਿਯਮ ਮੁਤਾਬਕ ਉਸ ਨੂੰ ਸਾਲ ਵਿਚ ਕਰੀਬ 90 ਦਿਨ ਦੀ ਛੁੱਟੀ ਮਿਲ ਸਕਦੀ ਹੈ—21 ਦਿਨ ਦੀ ਫਰਲੋ ਤੇ 70 ਦਿਨ ਦੀ ਪੈਰੋਲ। ਸਾਲ ਦੇ ਸ਼ੁਰੂ ਵਿਚ ਉਹ ਪੰਜਾਬ ਚੋਣਾਂ ਵੇਲੇ ਬਾਹਰ ਆਇਆ ਸੀ ਤੇ ਹੁਣ ਨਵੰਬਰ ਦੇ ਸ਼ੁਰੂ ਵਿਚ ਹਰਿਆਣਾ ਦੇ ਆਦਮਪੁਰ ਹਲਕੇ ਦੀ ਉਪ ਚੋਣ ਅਤੇ ਇਸ ਦੇ ਨਾਲ ਹੀ ਹਰਿਆਣਾ ਵਿਚ ਪੰਚਾਇਤ ਚੋਣਾਂ ਹੋਣੀਆਂ ਹਨ। ਦੋਸ਼ ਲੱਗਦਾ ਹੈ ਕਿ ਭਾਜਪਾ ਸਰਕਾਰ ਡੇਰਾ ਪ੍ਰੇਮੀਆਂ ਦੀਆਂ ਵੋਟਾਂ ਲੈਣ ਲਈ ਉਸ ਨੂੰ ਜੇਲ੍ਹੋਂ ਬਾਹਰ ਕੱਢਦੀ ਹੈ।

## ਨਿਤੀਸ਼ 'ਤੇ ਉਮਰ ਦਾ ਅਸਰ ਨਜ਼ਰ ਆ ਰਿਹੈ : ਪ੍ਰਸ਼ਾਂਤ

ਪਟਨਾ : ਚੋਣ ਰਣਨੀਤੀਘਾੜੇ ਪ੍ਰਸ਼ਾਂਤ ਕਿਸ਼ੋਰ ਨੇ ਐਤਵਾਰ ਕਿਹਾ ਕਿ 71 ਸਾਲਾ ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ 'ਤੇ ਉਮਰ ਦਾ ਅਸਰ ਨਜ਼ਰ ਆ ਰਿਹਾ ਹੈ ਅਤੇ ਉਹ ਸਿਆਸੀ ਤੌਰ 'ਤੇ ਅਲੱਗ-ਥਲੱਗ ਮਹਿਸੂਸ ਕਰ ਰਹੇ ਹਨ, ਕਿਉਂਕਿ ਉਹ ਉਨ੍ਹਾਂ ਲੋਕਾਂ ਨਾਲ ਘਿਰੇ ਹੋਏ ਹਨ, ਜਿਨ੍ਹਾਂ 'ਤੇ ਉਨ੍ਹਾ ਨੂੰ ਭਰੋਸਾ ਨਹੀਂ ਹੈ। ਨਿਤੀਸ਼ ਨੇ ਇੱਕ ਦਿਨ ਪਹਿਲਾਂ ਪ੍ਰਸ਼ਾਂਤ ਕਿਸ਼ੋਰ 'ਤੇ ਭਾਜਪਾ ਲਈ ਕੰਮ ਕਰਨ ਦਾ ਦੋਸ਼ ਲਾਇਆ ਸੀ।

## ਜਲੂਸ ਦੌਰਾਨ ਕਰੰਟ ਨਾਲ 6 ਮੌਤਾਂ

ਬਹਿਰਾਇਚ : ਯੂ ਪੀ ਦੇ ਬਹਿਰਾਇਚ ਜ਼ਿਲ੍ਹੇ ਦੇ ਨਾਨਪਾੜਾ ਇਲਾਕੇ ਵਿਚ ਐਤਵਾਰ ਸਵੇਰੇ ਜਲੂਸ-ਏ-ਮੁਹੰਮਦੀ ਦੌਰਾਨ ਬਿਜਲੀ ਦਾ ਕਰੰਟ ਲੱਗਣ ਨਾਲ 4 ਬੱਚਿਆਂ ਸਮੇਤ 6 ਵਿਅਕਤੀਆਂ ਦੀ ਮੌਤ ਹੋ ਗਈ।

## ਟੈਕਨੀਕਲ ਕੁੜੀਆਂ ਦੀ ਵਧਦੀ ਗਿਣਤੀ ਤਰੱਕੀ 'ਚ ਤੇਜ਼ ਵਾਧਾ ਕਰੇਗੀ : ਮੁਰਮੂ



ਚੰਡੀਗੜ੍ਹ : ਰਾਸ਼ਟਰਪਤੀ ਦਰੋਪਦੀ ਮੁਰਮੂ ਨੇ ਐਤਵਾਰ ਚੰਡੀਗੜ੍ਹ ਦੇ ਸੈਕਟਰ-12 'ਚ ਸਥਿਤ ਪੰਜਾਬ ਇੰਜੀਨੀਅਰਿੰਗ ਕਾਲਜ ਦੀ 52ਵੀਂ ਕਨਵੋਕੇਸ਼ਨ 'ਚ ਵੱਖ-ਵੱਖ ਖੇਤਰਾਂ 'ਚ ਨਾਂਅ ਖੱਟਣ ਵਾਲੇ 14 ਵਿਦਿਆਰਥੀਆਂ ਨੂੰ ਵਿਸ਼ੇਸ਼ ਮੈਡਲ ਨਾਲ ਸਨਮਾਨਿਤ ਕੀਤਾ। ਇਸ ਤੋਂ ਇਲਾਵਾ 871 ਵਿਦਿਆਰਥੀਆਂ ਨੂੰ ਡਿਗਰੀਆਂ ਵੰਡੀਆਂ, ਜਿਨ੍ਹਾਂ 'ਚ ਬੀ ਟੈੱਕ ਦੇ 669, ਐੱਮ ਟੈੱਕ ਦੇ 168 ਅਤੇ ਪੀ ਐੱਚ ਡੀ ਦੇ 34 ਵਿਦਿਆਰਥੀ ਸ਼ਾਮਲ ਹਨ। ਇਸ ਮੌਕੇ ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਅਤੇ ਹਰਿਆਣਾ ਦੇ ਰਾਜਪਾਲ ਬੰਡਾਰੂ ਦੱਤਾਤ੍ਰੇਅ ਨੇ ਵੀ ਸ਼ਮੂਲੀਅਤ ਕੀਤੀ। ਰਾਸ਼ਟਰਪਤੀ ਨੇ ਤਕਨੀਕੀ ਸਿੱਖਿਆ ਦੇ ਖੇਤਰ 'ਚ ਵਿਦਿਆਰਥਣਾਂ ਦੀ ਗਿਣਤੀ ਵਧਣ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਤਕਨੀਕੀ ਸਿੱਖਿਆ 'ਚ ਵਿਦਿਆਰਥਣਾਂ ਦੀ ਗਿਣਤੀ ਵਧਣ ਨਾਲ ਦੇਸ਼ ਦੀ ਤਰੱਕੀ 'ਚ ਤੇਜ਼ੀ ਆਵੇਗੀ। ਰਾਸ਼ਟਰਪਤੀ ਨੇ ਨੌਜਵਾਨਾਂ ਨੂੰ ਨੌਕਰੀਆਂ ਪ੍ਰਾਪਤ ਕਰਨ ਦੀ ਥਾਂ ਰੁਜ਼ਗਾਰ ਦੇ ਸਾਧਨ ਪੈਦਾ ਕਰਨ 'ਤੇ ਜ਼ੋਰ ਦਿੱਤਾ।

## ਸ੍ਰੀ ਅਨੰਦਪੁਰ ਸਾਹਿਬ ਤੇ ਅੰਮ੍ਰਿਤਸਰ ਵਿਚਾਲੇ ਸਰਕਾਰੀ ਬੱਸਾਂ ਅੱਜ ਤੋਂ ਹੀ ਚਲਾਉਣ ਦੀ ਹਦਾਇਤ



ਨੰਗਲ, (ਸੁਰਜੀਤ ਸਿੰਘ) - ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਐਤਵਾਰ ਸ੍ਰੀ ਅਨੰਦਪੁਰ ਸਾਹਿਬ ਅਤੇ ਨੰਗਲ ਸ਼ਹਿਰ ਦੇ ਬੱਸ ਸਟੈਂਡਾਂ ਦਾ ਅਚਨਚੇਤ ਦੌਰਾ ਕਰਕੇ ਬੰਦ ਪਏ ਰੂਟਾਂ 'ਤੇ ਬੱਸ ਸਰਵਿਸ ਸ਼ੁਰੂ ਕਰਾਉਣ ਦੇ ਨਾਲ-ਨਾਲ ਸਫਾਈ ਪ੍ਰਬੰਧਾਂ ਦਾ ਜਾਇਜ਼ਾ ਲਿਆ। ਭੁੱਲਰ ਨੇ ਡਿਪੂ ਅਧਿਕਾਰੀਆਂ ਨੂੰ ਮੌਕੇ 'ਤੇ ਬੁਲਾ ● ਬਾਕੀ ਸਫ਼ਾ 2 'ਤੇ

## ਦਿੱਲੀ 'ਚ 24 ਘੰਟੇ ਕੰਮ ਦੀ ਆਗਿਆ

ਨਵੀਂ ਦਿੱਲੀ : ਇਥੋਂ ਦੀ 'ਨਾਈਟ ਲਾਈਫ' ਨੂੰ ਉਤਸ਼ਾਹਤ ਕਰਨ ਦੇ ਮਕਸਦ ਨਾਲ ਉਪ ਰਾਜਪਾਲ ਵੀ ਕੇ ਸਕਸੈਨਾ ਨੇ ਆਨਲਾਈਨ ਖਰੀਦਦਾਰੀ ਅਤੇ ਡਿਲੀਵਰੀ ਦੀਆਂ ਦੁਕਾਨਾਂ, ਹੋਟਲਾਂ, ਰੈਸਟੋਰੈਂਟਾਂ ਅਤੇ ਆਵਾਜਾਈ ਦੀਆਂ ਸਹੂਲਤਾਂ ਸਮੇਤ 300 ਤੋਂ ਵੱਧ ਅਦਾਰਿਆਂ ਨੂੰ 24 ਘੰਟੇ ਕੰਮ ਕਰਨ ਦੀ ਇਜਾਜ਼ਤ ਦੇ ਦਿੱਤੀ ਹੈ। ਉਪ ਰਾਜਪਾਲ ਨੇ 314 ਅਰਜ਼ੀਆਂ ਨੂੰ ਮਨਜ਼ੂਰੀ ਦਿੱਤੀ ਹੈ। ਇਨ੍ਹਾਂ ਵਿੱਚੋਂ ਕੁਝ ਅਰਜ਼ੀਆਂ 2016 ਤੋਂ ਫੈਸਲੇ ਦੀ ਉਡੀਕ 'ਚ ਸਨ। ਉਪ ਰਾਜਪਾਲ ਨੇ ਇਸ ਸੰਬੰਧ 'ਚ ਸੱਤ ਦਿਨਾਂ ਦੇ ਅੰਦਰ ਨੋਟੀਫਿਕੇਸ਼ਨ ਜਾਰੀ ਕਰਨ ਦੇ ਨਿਰਦੇਸ਼ ਦਿੱਤੇ ਹਨ।

## ਜੈਨੀ ਜੌਹਲ ਦਾ ਗੀਤ ਬਲਾਕ

ਚੰਡੀਗੜ੍ਹ : ਸਿੱਧੂ ਮੂਸੇਵਾਲਾ ਕਤਲ ਕੇਸ 'ਚ ਇਨਸਾਫ ਦੀ ਮੰਗ ਕਰਦਾ ਪੰਜਾਬੀ ਗਾਇਕਾ ਜੈਨੀ ਜੌਹਲ ਦਾ ਨਵਾਂ ਗੀਤ ਯੂਟਿਊਬ 'ਤੇ ਬਲਾਕ ਕਰ ਦਿੱਤਾ ਗਿਆ ਹੈ। ਗੀਤ ਨੂੰ ਬਲਾਕ ਕਰਨ ਦਾ ਕਾਰਨ ਕਾਪੀ ਰਾਈਟ ਵਿਵਾਦ ਦੱਸਿਆ ਗਿਆ ਹੈ। 4.14 ਮਿੰਟ ਦੇ 8 ਅਕਤੂਬਰ ਨੂੰ ਰਿਲੀਜ਼ ਹੋਏ ਗੀਤ ਨੇ ਪੰਜਾਬ ਦੀ ਸਿਆਸਤ 'ਚ ਹਲਚਲ ਮਚਾ ਦਿੱਤੀ ਹੈ, ਕਿਉਂਕਿ ਜੈਨੀ ਦੇ ਇਸ ਗੀਤ ਦਾ ਟਾਈਟਲ 'ਲੈਟਰ ਟੂ ਸੀ ਐੱਮ' ਹੈ। ਇਸ ਗੀਤ 'ਚ ਜੈਨੀ ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਸਿੱਧਾ ਸਵਾਲ ਕੀਤਾ ਹੈ।

## ਹੇਮਕੁੰਟ ਦੀ ਯਾਤਰਾ ਇਕ ਦਿਨ ਪਹਿਲਾਂ ਹੀ ਰੁਕੀ



ਚਮੋਲੀ : ਉਤਰਾਖੰਡ ਦੇ ਚਮੋਲੀ 'ਚ ਸਥਿਤ ਗੁਰਦੁਆਰਾ ਹੇਮਕੁੰਟ ਸਾਹਿਬ ਦੀ ਯਾਤਰਾ ਭਾਰੀ ਬਰਫਬਾਰੀ ਕਾਰਨ ਇਸ ਦੇ ਕਿਵਾੜ ਬੰਦ ਹੋਣ ਤੋਂ ਇੱਕ ਦਿਨ ਪਹਿਲਾਂ ਹੀ (ਐਤਵਾਰ) ਰੁਕ ਗਈ।

ਖੇਤਰ 'ਚ 2 ਫੁੱਟ ਤੋਂ ਵੱਧ ਬਰਫਬਾਰੀ ਹੋਈ ਹੈ। ਇਸ ਕਾਰਨ ਗੋਵਿੰਦਘਾਟ ਅਤੇ ਘੰਗਰੀਆ ਵਿਖੇ ਤੀਰਥ ਯਾਤਰਾ ਰੁਕ ਗਈ। 15,225 ਫੁੱਟ ਦੀ ਉਚਾਈ 'ਤੇ ਸਥਿਤ ਇਸ ਗੁਰਦੁਆਰੇ 'ਚ 2 ਲੱਖ ਤੋਂ ਵੱਧ ਸ਼ਰਧਾਲੂ ਮੱਥਾ ਟੇਕ ਚੁੱਕੇ ਹਨ।

## ਮਾਇਆਵਤੀ ਨੇ ਹੁਣ ਦਿੱਤਾ 'ਹੁਕਮਰਾਨ ਸਮਾਜ' ਦਾ ਸੱਦਾ



ਲਖਨਊ : ਬਹੁਜਨ ਸਮਾਜ ਪਾਰਟੀ ਦੀ ਪ੍ਰਧਾਨ ਮਾਇਆਵਤੀ ਨੇ ਐਤਵਾਰ ਕਿਹਾ ਕਿ ਬਹੁਜਨ ਸਮਾਜ ਆਜ਼ਾਦੀ ਦੇ 75 ਸਾਲਾਂ 'ਚ ਆਪਣੇ ਕਾਨੂੰਨੀ ਅਤੇ ਸੰਵਿਧਾਨਕ ਅਧਿਕਾਰਾਂ ਦੀ ਮੰਗ ਕਰਦਾ ਥੱਕ ਚੁੱਕਾ ਹੈ ਅਤੇ ਹੁਣ ਇਸ ਨੂੰ ਪੂਰੀ ਤਾਕਤ ਨਾਲ 'ਹੁਕਮਰਾਨ ਸਮਾਜ' ਬਣਨ ਦੀ ਮੁਹਿੰਮ ਵਿਚ ਜਾਨ ਲਾਉਣੀ ਹੋਵੇਗੀ। ਮਾਇਆਵਤੀ ਨੇ ਬਸਪਾ ਸੰਸਥਾਪਕ ਕਾਂਸ਼ੀ ਰਾਮ ਦੇ ਪ੍ਰੀਨਿਰਵਾਣ ਦਿਵਸ 'ਤੇ ਕੀਤੇ ਟਵੀਟਾਂ ਦੀ ਲੜੀ 'ਚ ਇਹ ਗੱਲ ਕਹੀ।

## ਸੋਨਾਲੀ ਦੇ ਪਰਵਾਰ ਨੂੰ ਮਿਲੇ ਦੋ ਪੱਤਰਾਂ ਦੀ ਜਾਂਚ ਕਰਾਉਣ ਦੀ ਮੰਗ

ਹਿਸਾਰ : ਮਾਰ ਦਿੱਤੀ ਗਈ ਅਦਾਕਾਰਾ ਅਤੇ ਭਾਜਪਾ ਨੇਤਾ ਸੋਨਾਲੀ ਫੋਗਾਟ ਦੇ ਪਰਵਾਰਕ ਮੈਂਬਰਾਂ ਨੂੰ ਦੋ ਅਜਿਹੇ ਪੱਤਰ ਮਿਲੇ ਹਨ, ਜਿਨ੍ਹਾਂ 'ਤੇ ਭੇਜਣ ਵਾਲੇ ਦਾ ਨਾਂਅ-ਪਤਾ ਨਹੀਂ ਹੈ।

ਸੋਨਾਲੀ ਦੇ ਰਿਸ਼ਤੇਦਾਰ ਅਮਨ ਪੂਨੀਆ ਨੇ ਕਿਹਾ ਹੈ ਕਿ ਦੋਵੇਂ ਪੱਤਰਾਂ ਦੀ ਜਾਂਚ ਹੋਣੀ ਚਾਹੀਦੀ ਹੈ, ਕਿਉਂਕਿ ਇਨ੍ਹਾਂ 'ਚ ਅਹਿਮ ਜਾਣਕਾਰੀ ਹੈ। ਪਹਿਲੇ ਪੱਤਰ 'ਚ ਕਿਹਾ ਗਿਆ ਹੈ ਕਿ ਕਤਲ ਕੇਸ 'ਚ 10 ਕਰੋੜ ਰੁਪਏ ਦਾ ਸੌਦਾ ਹੋਇਆ ਸੀ। ਦੂਜੇ ਪੱਤਰ 'ਚ ਸਿਆਸੀ ਆਗੂਆਂ ਦੇ ਨਾਂਅ ਵੀ ਲਿਖੇ ਗਏ ਹਨ। ਅਮਨ ਨੇ ਅੱਗੇ ਦੱਸਿਆ ਕਿ ਇੱਕ ਪੱਤਰ ਮਹੀਨਾ ਪਹਿਲਾਂ ਮਿਲਿਆ ਸੀ, ਜਦਕਿ ਦੂਜਾ ਕੁਝ ਦਿਨਾਂ ਬਾਅਦ ਮਿਲਿਆ।

ਇਸ ਤੋਂ ਪਹਿਲਾਂ ਸੋਨਾਲੀ ਫੋਗਾਟ ਦੇ ਭਰਾ ਨੇ ਭਾਜਪਾ ਨੇਤਾ 'ਤੇ ਆਪਣੀ ਭੈਣ ਦੀ ਹੱਤਿਆ ਦਾ ਦੋਸ਼ ਲਾਇਆ ਸੀ। ਇਹ ਖੁਲਾਸਾ ਰਿੰਕੂ ਨੇ ਹਿਸਾਰ 'ਚ ਹੋਈ ਸਰਵ ਖਾਪ ਮਹਾਂਪੰਚਾਇਤ 'ਚ ਕੀਤਾ ਸੀ। ਖਾਪ ਦੇ ਬੁਲਾਰੇ ਸੰਦੀਪ ਭਾਰਤੀ ਨੇ ਕਿਹਾ ਕਿ ਸੋਨਾਲੀ ਦੇ ਪਰਵਾਰਕ ਮੈਂਬਰਾਂ ਦੇ ਕਹਿਣ ਤੋਂ ਬਾਅਦ ਸਰਵ ਖਾਪ ਮਹਾਪੰਚਾਇਤ ਨੇ ਫੈਸਲਾ ਕੀਤਾ ਹੈ ਕਿ ਕੁਲਦੀਪ ਬਿਸ਼ਨੋਈ ਨੂੰ ਮਹਾਂਪੰਚਾਇਤ ਦੇ ਸਾਹਮਣੇ ਆਪਣਾ ਪੱਖ ਦੱਸਣਾ ਚਾਹੀਦਾ ਹੈ। ਕਾਂਗਰਸ ਛੱਡ ਕੇ ਭਾਜਪਾ ਵਿਚ ਆਏ ਕੁਲਦੀਪ ਬਿਸ਼ਨੋਈ ਦੇ ਬੇਟੇ ਨੂੰ ਭਾਜਪਾ ਨੇ ਆਪਣਾ ਉਮੀਦਵਾਰ ਐਲਾਨਿਆ ਹੈ।

## ਕੇਂਦਰੀ ਬਜਟ ਅੱਜ ਤੋਂ ਬਣਨਾ ਸ਼ੁਰੂ

ਨਵੀਂ ਦਿੱਲੀ : ਸਰਕਾਰ ਸੋਮਵਾਰ ਤੋਂ ਵਿੱਤੀ ਸਾਲ 2023-24 ਲਈ ਆਮ ਬੱਜਟ ਤਿਆਰ ਕਰਨ ਦੀ ਕਵਾਇਦ ਸ਼ੁਰੂ ਕਰ ਰਹੀ ਹੈ। ਅਗਲੇ ਵਿੱਤੀ ਸਾਲ ਲਈ ਸਰਕਾਰ ਦੇ ਸਾਲਾਨਾ ਬੱਜਟ 'ਚ ਸੁਸਤ ਵਿਸ਼ਵਵਿਆਪੀ ਆਰਥਿਕਤਾ ਦੇ ਮੱਦੇਨਜ਼ਰ ਕਈ ਉਪਾਅ ਕਰਨ ਦੀ ਉਮੀਦ ਹੈ। ਬੱਜਟ ਪ੍ਰਕਿਰਿਆ ਮੌਜੂਦਾ ਵਿੱਤੀ ਸਾਲ 2022-23 ਲਈ ਖਰਚੇ ਦੇ ਅਨੁਮਾਨਾਂ ਅਤੇ 2023-24 ਲਈ ਫੰਡ ਦੀ ਲੋੜ 'ਤੇ ਵੱਖ-ਵੱਖ ਮੰਤਰਾਲਿਆਂ ਅਤੇ ਵਿਭਾਗਾਂ ਨਾਲ ਸਲਾਹ-ਮਸ਼ਵਰੇ ਨਾਲ ਸ਼ੁਰੂ ਹੋਵੇਗੀ। ਸੋਮਵਾਰ ਨੂੰ ਪਹਿਲੇ ਦਿਨ ਵਾਤਾਵਰਣ, ਜੰਗਲਾਤ ਅਤੇ ਜਲਵਾਯੂ ਪਰਿਵਰਤਨ ਮੰਤਰਾਲੇ, ਕਿਰਤ ਅਤੇ ਰੁਜ਼ਗਾਰ ਮੰਤਰਾਲੇ, ਸੂਚਨਾ ਅਤੇ ਪ੍ਰਸਾਰਣ ਮੰਤਰਾਲੇ, ਅੰਕੜਾ ਅਤੇ ਪ੍ਰੋਗਰਾਮ ਲਾਗੂ ਕਰਨ ਵਾਲੇ ਮੰਤਰਾਲੇ ਅਤੇ ਯੁਵਾ ਮਾਮਲਿਆਂ ਤੇ ਖੇਡ ਮੰਤਰਾਲੇ ਨਾਲ ਬੈਠਕਾਂ ਕੀਤੀਆਂ ਜਾਣਗੀਆਂ।

## ਅੱਜ-ਨਾਮਾ

ਠੱਗੀਆਂ ਮਾਰਨ ਤੋਂ ਨਹੀਂ ਏਜੰਟ ਰਹਿੰਦੇ,
ਜਿੱਥੇ ਦਾਅ ਲੱਗਣ, ਤਕੜਾ ਲਾਈ ਜਾਂਦੇ।
ਲੁੱਟ ਕੇ ਲੋਕਾਂ ਨੂੰ ਕਰਨ ਕੰਗਾਲ ਸ਼ੋਹਦੇ,
ਕੱਟ-ਕੱਟ ਜੇਬ ਹਨ ਕਰੀ ਕਮਾਈ ਜਾਂਦੇ।
ਕਾਗਜ਼ ਪੱਤਰ ਵੀ ਪੂਰਾ ਨਾ ਵੇਖਦੇ ਉਹ,
ਸੁਫਨੇ ਵਿੱਚ ਹਨ ਮਹਿਲ ਵਿਖਾਈ ਜਾਂਦੇ।
ਲਾਰੇ ਜਰਮਨ, ਫਰਾਂਸ ਦੇ ਲਾਉਣ ਪਿੱਛੋਂ,
ਸਮੁੰਦਰੀ ਟਾਪੂਆਂ ਅੰਦਰ ਫਸਾਈ ਜਾਂਦੇ।
ਫਸਿਆ ਕਿਸੇ ਦਾ ਪੁੱਤਰ ਜਾਂ ਧੀ ਕਿਧਰੇ,
ਗੱਲਾਂਬਾਤਾਂ ਵਿੱਚ ਗੱਲ ਟਰਕਾਈ ਹੁੰਦੀ।
ਕਿਸੇ ਕਾਨੂੰਨ ਦੀ ਕਰਨ ਪਰਵਾਹ ਹੈ ਨਾ,
ਕੁੰਡੀ ਆਗੂਆਂ ਤੀਕਰ ਆ ਪਾਈ ਹੁੰਦੀ।

-ਤੀਸ ਮਾਰ ਖਾਂ

## ਬਲੀਜੀਤ ਤੇ ਗੁਰਤੇਜ ਕੋਹਾਰਵਾਲਾ ਗੁਰਦਾਸ ਰਾਮ ਆਲਮ ਐਵਾਰਡ ਨਾਲ ਸਨਮਾਨਤ



ਜਲੰਧਰ (ਰਾਜੇਸ਼ ਥਾਪਾ)-ਮਾਨਵਵਾਦੀ ਰਚਨਾ ਮੰਚ ਪੰਜਾਬ ਵੱਲੋਂ ਐਤਵਾਰ ਕਥਾਕਾਰ ਬਲੀਜੀਤ ਤੇ ਸ਼ਾਇਰ ਗੁਰਤੇਜ ਕੋਹਾਰਵਾਲਾ ਨੂੰ ਲੋਕ ਕਵੀ ਗੁਰਦਾਸ ਰਾਮ ਆਲਮ ਐਵਾਰਡ ਨਾਲ ਸਨਮਾਨਤ ਕੀਤਾ ਗਿਆ। ਬਲੀਜੀਤ ਬਾਰੇ ਜਸਵੀਰ ਕਲਸੀ ਨੇ ਗੱਲ ਕਰਦਿਆਂ ਕਿਹਾ ਕਿ ਬਲੀਜੀਤ ਦੀ ਕਹਾਣੀ ਗਹਿਰੀ ਕਹਾਣੀ ਹੈ। ਬਲੀਜੀਤ ਨੇ ਬਹੁਤ ਘੱਟ ਲਿਖਿਆ, ਪਰ ਜਿੰਨਾ ਲਿਖਿਆ, ਉਹ ਗੌਲਣਯੋਗ ਹੈ। ਨਾਵਲਕਾਰ ਦੇਸ ਰਾਜ ਕਾਲੀ ਨੇ ਕਿਹਾ ਕਿ ਬਲੀਜੀਤ ਮਚਣ ਵਾਲਾ ਕਹਾਣੀਕਾਰ ਹੈ। ਉਹਦੀ ਕਹਾਣੀ ਆਮ ਬੰਦੇ ਦੀ ਹੋਣੀ ਹੈ। ਚਿੰਤਕ ਹਰਵਿੰਦਰ ਭੰਡਾਲ ਨੇ ਗੁਰਦਾਸ ਰਾਮ ਆਲਮ ਬਾਰੇ ਗੱਲ ਕਰਦਿਆਂ ਕਿਹਾ ਕਿ ਆਲਮ ਨੂੰ ਪੰਜਾਬੀ ਕਵਿਤਾ ਵਿਚ ਅਣਗੌਲਿਆ ਕੀਤਾ ਹੈ। ਉਸ ਦੀ ਕਵਿਤਾ ਬਾਰੇ ਸਾਹਿਤਕ ਹਲਕਿਆਂ ਵਿਚ ਘੱਟ ਚਰਚਾ ਹੋਈ ਹੈ। ਸ਼ਾਇਰ ਗੁਰਤੇਜ ਕੋਹਾਰਵਾਲਾ ਬਾਰੇ ਉੱਘੇ ਸ਼ਾਇਰ ਪ੍ਰੋ. ਸੁਰਜੀਤ ਜੱਜ ਨੇ ਕਿਹਾ ਕਿ ਗੁਰਤੇਜ ਦੀ ਸ਼ਾਇਰੀ ਲੋਕਾਈ ਦੀ ਗੱਲ ਕਰਦੀ ਹੈ। ਉਹ ਲੋਕਾਂ ਦਾ ਸ਼ਾਇਰ ਹੈ, ਜੋ ਲੋਕਾਂ ਲਈ ਸੱਤਾ ਨਾਲ ਆਢਾ ਲੈਂਦਾ ਹੈ। ਉਹਦੇ ਕੋਲ ਸ਼ਾਇਰੀ ਹੈ। ਉਹਨੇ ਜੋ ਵੀ ਲਿਖਿਆ ਉਹ ਲੋਕ-ਪੱਖੀ ਹੈ। ਦਿੱਲੀ ਤੋਂ ਆਏ ਪ੍ਰੋ. ਨਵਸ਼ਰਨ ਸਿੰਘ ਨੇ ਜਮੂਹਰੀਅਤ 'ਚੋਂ ਕਿਰ ਰਿਹਾ ਬੰਦਾ ਤੇ ਬੁਲਡੋਜ਼ਰ ਦੀ ਭਾਸ਼ਾ ਸਿਰਲੇਖ ਹੇਠ ਵਿਸ਼ੇਸ਼ ਭਾਸ਼ਣ ਦਿੱਤਾ। ਉਹਨਾ ਆਪਣੇ ਭਾਸ਼ਣ ਵਿਚ ਕਿਹਾ ਕਿ ਇਸ ਦੇਸ਼ ਨੂੰ ਇਕ ਰੰਗ ਦੇਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਸ ਦੇਸ਼ ਵਿਚ ਘੱਟ ਗਿਣਤੀਆਂ ਉਪਰ ਅੱਤਿਆਚਾਰ ਲਗਾਤਾਰ ਵਧ ਰਿਹਾ ਹੈ। ਔਰਤਾਂ 'ਤੇ ਜ਼ੁਲਮ ਕਰਨ ਵਾਲਿਆਂ ਨੂੰ ਸੰਸਕਾਰੀ ਲੋਕ ਕਹਿ ਕੇ ਰਿਹਾਅ ਕੀਤਾ ਜਾ ਰਿਹਾ ਹੈ। ਮਜ਼ਦੂਰ ਦੀ ਹਾਲਤ ਇਸ ਦੌਰ ਵਿਚ ਬਹੁਤ ਮਾੜੀ ਹੈ। ਮਾਨਵਵਾਦੀ ਰਚਨਾ ਮੰਚ ਦੇ ਵਾਈਸ ਪ੍ਰਧਾਨ ਦੇਸ ਰਾਜ ● ਬਾਕੀ ਸਫ਼ਾ 2 'ਤੇ

## ਨਵਾਂ ਜ਼ਮਾਨਾ ਟੀ ਵੀ

### ਵੱਲੋਂ ਵਿਸ਼ੇਸ਼ ਸੂਚਨਾ

### ਸੀ ਪੀ ਆਈ ਮਹਾਂਸੰਮੇਲਨ ਦਾ ਪ੍ਰਸਾਰਨ ਨਾਲੋ-ਨਾਲ




ਭਾਰਤੀ ਕਮਿਊਨਿਸਟ ਪਾਰਟੀ ਦਾ ਮਹਾਂਸੰਮੇਲਨ 14 ਤੋਂ 18 ਅਕਤੂਬਰ ਨੂੰ ਆਂਧਰਾ ਪ੍ਰਦੇਸ਼ ਦੇ ਵਿਜੇਵਾੜਾ ਸ਼ਹਿਰ ਵਿੱਚ ਹੋ ਰਿਹਾ ਹੈ। ਹਰ ਕਮਿਊਨਿਸਟ ਦੀ ਇੱਛਾ ਹੁੰਦੀ ਹੈ ਕਿ ਉਹ ਪਾਰਟੀ ਦਾ ਮਹਾਂਸੰਮੇਲਨ ਦੇਖ ਸਕੇ, ਪਰ ਇਹ ਮੌਕਾ ਸਿਰਫ਼ ਚੁਣੇ ਡੈਲੀਗੇਟਾਂ ਨੂੰ ਹੀ ਮਿਲਦਾ ਹੈ। ਇਸ ਵਾਰ ਇਹ ਸੰਭਵ ਹੋਵੇਗਾ, ਕਿਉਂਕਿ 'ਨਵਾਂ ਜ਼ਮਾਨਾ ਟੀ ਵੀ' ਵੱਲੋਂ ਪੱਤਰਕਾਰ ਗਿਆਨ ਸੈਦਪੁਰੀ ਤੇ ਕਮਲਜੀਤ ਥਾਬਲਕੇ ਦੀ ਅਗਵਾਈ ਵਿੱਚ ਇੱਕ ਟੀਮ ਇਸ ਮਹਾਂਸੰਮੇਲਨ ਦੀ ਪਲ-ਪਲ ਦੀ ਕਾਰਵਾਈ ਕਵਰ ਕਰਨ ਲਈ ਭੇਜੀ ਜਾ ਰਹੀ ਹੈ। ਇਸ ਲਈ ਤੁਹਾਨੂੰ 'ਨਵਾਂ ਜ਼ਮਾਨਾ ਟੀ ਵੀ' ਨੂੰ ਹੇਠ ਲਿਖੇ ਲਿੰਕ 'ਤੇ ਜਾ ਕੇ ਸਬਸਕਰਾਈਬ ਕਰਨਾ ਹੋਵੇਗਾ। ਕੋਈ ਮੁਸ਼ਕਲ ਪੇਸ਼ ਆਵੇ ਤਾਂ 88722-31517 'ਤੇ ਫੋਨ ਜਾਂ ਵਟਸਐਪ ਕਰੋ।

https://www.youtube.com/c/nawanzamanatv

ਪ੍ਰਬੰਧਕ
'ਨਵਾਂ ਜ਼ਮਾਨਾ ਟੀ ਵੀ'

# ਗੁਜਰਾਤ 'ਚ 'ਆਪ' ਦੀ ਸਰਕਾਰ ਬਣਨ 'ਤੇ ਆਉਣਗੇ 'ਸੱਚੇ ਦਿਨ' : ਮਾਨ

**ਵਲਸਾਡ (ਗੁਜਰਾਤ)**, ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਐਤਵਾਰ ਕਿਹਾ ਕਿ ਗੁਜਰਾਤ ਦੇ ਲੋਕਾਂ ਨੇ ਕਿਸੇ ਬਦਲ ਦੀ ਘਾਟ ਕਾਰਨ ਭਾਜਪਾ ਨੂੰ 27 ਸਾਲ ਤੋਂ ਵੱਧ ਦਾ ਸਮਾਂ ਦਿੱਤਾ, ਪਰ ਹੁਣ ਸੂਬੇ ਵਿੱਚ ਤਬਦੀਲੀ ਦੀ ਹਵਾ ਵਗ ਰਹੀ ਹੈ। ਵਿਸ਼ਾਲ ਰੈਲੀ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਪਿਛਲੇ 27 ਸਾਲਾਂ ਵਿੱਚ ਗੁਜਰਾਤ ਵਿਕਾਸ ਪੱਖੋਂ ਪਛੜਿਆ ਹੈ। ਉਨ੍ਹਾ ਅਫਸੋਸ ਪ੍ਰਗਟ ਕਰਦਿਆਂ ਕਿਹਾ ਕਿ ਇਹ ਮੰਦਭਾਗਾ ਹੈ ਕਿ 2.50 ਲੱਖ ਕਰੋੜ ਰੁਪਏ ਦੇ ਬਜਟ ਵਾਲੇ ਸੂਬੇ ਸਿਰ 3.50 ਲੱਖ ਕਰੋੜ ਰੁਪਏ ਦਾ ਕਰਜ਼ਾ ਹੈ। ਮਾਨ ਨੇ ਕਿਹਾ ਕਿ ਗੁਜਰਾਤ ਦੇ ਲੋਕ ਸੁੱਤੇ ਹੋਏ ਵੀ ਟੈਕਸ ਭਰ ਰਹੇ ਹਨ, ਜਦਕਿ ਭਾਜਪਾ ਦੇ ਦੋਸਤ ਇਸ ਪੈਸੇ ਨੂੰ ਲੁੱਟ ਰਹੇ ਹਨ। ਮੁੱਖ ਮੰਤਰੀ ਨੇ ਕਿਹਾ ਕਿ ਗੁਜਰਾਤ 'ਆਪ' ਨੂੰ ਭਾਰੀ ਬਹੁਮਤ ਦੇ ਕੇ ਪੰਜਾਬ ਅਤੇ ਦਿੱਲੀ ਦਾ ਰਿਕਾਰਡ ਤੋੜੇਗਾ। ਲੋਕ ਗੁਜਰਾਤ ਤੋਂ ਭਾਜਪਾ ਨੂੰ ਬਾਹਰ ਦਾ ਰਾਹ ਦਿਖਾਉਣ ਦੀ ਬੇਸਬਰੀ ਨਾਲ ਉਡੀਕ ਕਰ ਰਹੇ ਹਨ। ਮਾਨ ਨੇ ਕਿਹਾ ਕਿ ਦਸੰਬਰ ਵਿੱਚ 'ਆਪ' ਸੂਬੇ ਵਿੱਚ ਲੋਕ-ਪੱਖੀ ਸਰਕਾਰ ਬਣਾਏਗੀ ਮੁੱਖ ਮੰਤਰੀ ਨੇ ਕਿਹਾ ਕਿ ਭਾਵੇਂ 'ਅੱਛੇ ਦਿਨ' ਅਜੇ ਵੀ ਇੱਕ ਭੁਲਾਂਦਰਾ ਹੈ, ਪਰ ਗੁਜਰਾਤ ਵਿੱਚ 'ਆਪ' ਦੀ ਇਮਾਨਦਾਰ ਸਰਕਾਰ ਬਣਨ ਤੋਂ ਬਾਅਦ 'ਸੱਚੇ ਦਿਨ' ਆਉਣਗੇ। ਗੁਜਰਾਤ ਵਿੱਚ ਚੋਣਾਂ ਤੋਂ ਬਾਅਦ ਵਿਕਾਸਮੁਖੀ ਸਰਕਾਰ ਆਵੇਗੀ। ਇਹ ਸਰਕਾਰ ਸੂਬੇ ਦੇ ਸਾਰੇ ਆਜ਼ਾਦੀ ਘੁਲਾਟੀਆਂ ਦੀਆਂ ਖਾਹਿਸ਼ਾਂ 'ਤੇ ਖਰਾ ਉਤਰੇਗੀ।



ਭਾਜਪਾ ਆਗੂਆਂ ਨੂੰ ਆੜੇ ਹੱਥੀਂ ਲੈਂਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਹ ਲੋਕਾਂ ਨੂੰ ਸਹੂਲਤਾਂ ਦੇਣ ਦਾ ਵਿਰੋਧ ਕਰਦੇ ਆ ਰਹੇ ਹਨ, ਜਦੋਂਕਿ ਉਨ੍ਹਾਂ ਨੇ ਆਪਣੇ ਦੋਸਤਾਂ ਨੂੰ ਦੋਵੇਂ ਹੱਥੀਂ ਖਜ਼ਾਨਾ ਲੁਟਾਇਆ ਹੈ। ਇਨ੍ਹਾਂ ਆਗੂਆਂ ਅਤੇ ਇਨ੍ਹਾਂ ਦੇ ਦਰਬਾਰੀਆਂ ਨੇ ਜਨਤਾ ਦੇ ਪੈਸੇ ਨੂੰ ਬੇਰਹਿਮੀ ਨਾਲ ਲੁੱਟਿਆ ਹੈ। ਹੈਰਾਨੀ ਦੀ ਗੱਲ ਹੈ ਕਿ ਇਹ ਆਗੂ 'ਆਪ' ਦੀਆਂ ਲੋਕ-ਪੱਖੀ ਪਹਿਲਕਦਮੀਆਂ ਦਾ ਵਿਰੋਧ ਕਰਦੇ ਹਨ ਕਾਂਗਰਸ ਨੂੰ ਭਾਜਪਾ ਦੀ 'ਬੀ' ਟੀਮ ਦੱਸਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਭਗਵਾਂ ਪਾਰਟੀ ਨੇ ਕਈ ਰਾਜਾਂ ਵਿੱਚ ਕਾਂਗਰਸੀ ਵਿਧਾਇਕ ਖਰੀਦੇ ਹਨ। ਉਨ੍ਹਾ ਕਿਹਾ ਕਿ ਇਹ ਲੋਕਤੰਤਰ ਦਾ ਕਤਲ ਹੈ, ਪਰ ਕਾਂਗਰਸੀ ਆਗੂਆਂ ਨੇ ਇਸ ਮਾਮਲੇ ਦਾ ਕਿਸੇ ਵੀ ਆਧਾਰ 'ਤੇ ਵਿਰੋਧ ਨਹੀਂ ਕੀਤਾ। ਉਹ ਦਿਨ ਦੂਰ ਨਹੀਂ, ਜਦੋਂ ਕਾਂਗਰਸ ਦੇਸ਼ ਭਰ ਵਿੱਚ 'ਵਿਧਾਇਕ ਵਿਕਾਊ ਦੀ ਤਖਤੀ' ਨਾਲ ਦਫਤਰ ਖੋਲ੍ਹੇਗੀ। ਮੁੱਖ ਮੰਤਰੀ ਨੇ ਕਿਹਾ ਕਿ ਲੋਕਾਂ ਨੂੰ ਮਿਆਰੀ ਸਿਹਤ ਸੇਵਾਵਾਂ ਪ੍ਰਦਾਨ ਕਰਨ ਲਈ ਪੰਜਾਬ ਵਿੱਚ 100 ਆਮ ਆਦਮੀ ਕਲੀਨਿਕ ਖੋਲ੍ਹੇ ਗਏ ਹਨ। ਇਸੇ ਤਰ੍ਹਾਂ ਸਕੂਲਾਂ ਨੂੰ ਆਹਲਾ ਮਿਆਰੀ ਸਕੂਲਾਂ ਵਿੱਚ ਤਬਦੀਲ ਕੀਤਾ ਜਾ ਰਿਹਾ ਹੈ। ਮਾਨ ਨੇ ਇਹ ਵੀ ਕਿਹਾ ਕਿ ਪੰਜਾਬ ਦੇ ਹਰ ਘਰ ਨੂੰ 600 ਯੂਨਿਟ ਬਿਜਲੀ ਮੁਫਤ ਦਿੱਤੀ ਜਾ ਰਹੀ ਹੈ। ਉਹਨਾ ਕਿਹਾ ਕਿ ਗੁਜਰਾਤ ਵਿੱਚ ਰੈਲੀਆਂ ਵਿੱਚ ਜੁੜ ਰਹੀ ਭਾਰੀ ਭੀੜ ਇਸ ਗੱਲ ਦਾ ਪ੍ਰਮਾਣ ਹੈ ਕਿ ਇੱਥੇ 'ਆਪ' ਦੀ ਸਰਕਾਰ ਬਣੇਗੀ। ਸੂਬੇ ਵਿੱਚ ਪਾਰਟੀ ਨੂੰ ਮਿਲੇ ਭਰਵੇਂ ਹੁੰਗਾਰੇ ਤੋਂ ਭਾਜਪਾ ਚਿੰਤਤ ਹੈ।

ਉਹਨਾ ਲੋਕਾਂ ਨੂੰ ਇੱਕ ਗਤੀਸ਼ੀਲ ਅਤੇ ਪ੍ਰਗਤੀਸ਼ੀਲ ਗੁਜਰਾਤ ਦੀ ਸਿਰਜਣਾ ਲਈ 'ਆਪ' ਨੂੰ ਵੋਟ ਪਾਉਣ ਦੀ ਅਪੀਲ ਕੀਤੀ।

## ਭਗੌੜਾ ਪੀ.ਓ. ਸਟਾਫ ਵੱਲੋਂ ਕਾਬੂ

**ਜਲਾਲਾਬਾਦ, (ਜੀਤ ਕੁਮਾਰ)**-ਜ਼ਿਲ੍ਹਾ ਫਾਜ਼ਿਲਕਾ ਦੇ ਐੱਸ.ਐੱਸ.ਪੀ. ਭੁਪਿੰਦਰ ਸਿੰਘ ਸਿੱਧੂ, ਐੱਸ.ਪੀ.(ਇਨਵੈਸਟੀਗੇਸ਼ਨ) ਗੁਰਬਿੰਦਰ ਸਿੰਘ, ਡੀ.ਐੱਸ.ਪੀ. (ਪੀਬੀਆਈ) ਸਤਪਾਲ ਸ਼ਰਮਾ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਪੀ.ਓ. ਸਟਾਫ ਵੱਲੋਂ ਇੱਕ ਭਗੌੜੇ ਵਿਅਕਤੀ ਨੂੰ ਕਾਬੂ ਕੀਤਾ ਹੈ। ਪੀ.ਓ.ਸਟਾਫ ਇੰਚਾਰਜ ਏ.ਐਸ.ਆਈ. ਰਤਨ ਲਾਲ ਨੇ ਦੱਸਿਆ ਕਿ ਥਾਣਾ ਖੂਈਆ ਸਰਵਰ ਵਿਖੇ ਮੁਕੱਦਮਾ ਨੰਬਰ 21 ਮਿਤੀ 17-04-2018 ਨੂੰ ਧਾਰਾ 61-1-14 ਆਬਕਾਰੀ ਐਕਟ ਤਹਿਤ ਬਲਦੇਵ ਕੁਮਾਰ ਉਰਫ ਗਗਨ ਪੁੱਤਰ ਮਨਫੂਲ ਰਾਮ ਵਾਸੀ ਪਿੰਡ ਚੁਹੜੀਵਾਲਾ ਧੰਨਾ (ਥਾਣਾ ਖੂਈ ਖੇੜਾ) ਦੇ ਖਿਲਾਫ ਦਰਜ ਹੋਇਆ ਸੀ। ਇਸ ਨਾਮਜ਼ਦ ਵਿਅਕਤੀ ਬਲਦੇਵ ਕੁਮਾਰ ਨੂੰ ਉਕਤ ਪਰਚੇ ਦੇ ਸਬੰਧ ਵਿੱਚ ਮਾਣਯੋਗ ਅਦਾਲਤ ਵੱਲੋਂ ਮਿਤੀ 24-03-2022 ਨੂੰ ਪੀ.ਓ. 299 ਸੀ.ਆਰ.ਪੀ.ਸੀ. ਤਹਿਤ ਭਗੌੜਾ ਘੋਸ਼ਿਤ ਕੀਤਾ ਗਿਆ ਸੀ। ਅੱਜ ਪੀ.ਓ.ਸਟਾਫ ਦੀ ਪੁਲਸ ਵੱਲੋਂ ਇਸ ਭਗੌੜੇ ਵਿਅਕਤੀ ਨੂੰ ਕਾਬੂ ਕੀਤਾ ਹੈ। ਇਸ ਮੌਕੇ ਪੀ.ਓ. ਸਟਾਫ ਦੇ ਇੰਚਾਰਜ ਰਤਨ ਲਾਲ, ਏ.ਐਸ.ਆਈ.ਸਵਾਰ ਸਿੰਘ, ਐੱਚ.ਸੀ. ਜਰਨੈਲ ਸਿੰਘ, ਐਚ.ਸੀ. ਪ੍ਰੇਮ ਸਿੰਘ, ਐਚ.ਸੀ. ਜਸਵਿੰਦਰ ਸਿੰਘ, ਸੁਨੀਤਾ ਰਾਣੀ ਹਾਜ਼ਰ ਸਨ।

# ਸੰਤਾਂ-ਮਹਾਂਪੁਰਸ਼ਾਂ ਸੰਗਤ ਨੂੰ ਗੁਰ ਸ਼ਬਦ ਦਾ ਸਿਮਰਨ ਕਰਵਾਇਆ

**ਟਾਂਡਾ ਉੜਮੁੜ, (ਜਸਵਿੰਦਰ ਸੰਧੂ, ਉਂਕਾਰ ਸਿੰਘ)**-ਅੰਮ੍ਰਿਤ ਰੂਪੀ ਗੁਰ ਸ਼ਬਦ ਦੇ ਵਹਾਅ ਨਾਲ ਜਾਣੇ ਜਾਂਦੇ ਅੰਤਰਰਾਸ਼ਟਰੀ ਪੱਧਰ ਦੇ ਮਹਾਨ ਸਾਲਾਨਾ ਇਕੋਤਰੀ ਸਮਾਗਮਾਂ ਦੀ ਸੰਪੂਰਨਤਾ ਐਤਵਾਰ ਵਿਸ਼ਾਲ ਕੀਰਤਨ ਦਰਬਾਰ ਤੇ ਅੰਮ੍ਰਿਤ ਸੰਚਾਰ ਨਾਲ ਸਫਲਤਾਪੂਰਵਕ ਹੋਈ। ਤਪ ਅਸਥਾਨ ਸੰਤ ਬਾਬਾ ਬਲਵੰਤ ਸਿੰਘ ਨਾਨਕ ਦੁਖ ਭੰਜਨ ਸਤਸੰਗ ਘਰ ਟਾਂਡਾ ਵਿਖੇ ਪਿਛਲੇ 23 ਦਿਨਾਂ ਤੋਂ 101 ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਵਿੱਤਰ ਲੜੀ ਦੇ ਸੰਪੂਰਨਤਾ ਭੋਗ ਪਾਏ ਗਏ । ਸੰਤ ਬਾਬਾ ਗੁਰਦਿਆਲ ਸਿੰਘ ਦੇ ਸਰਬੱਤ ਦੇ ਭਲੇ ਲਈ ਕੀਤੇ ਗਏ ਮਹਾਨ ਉਪਰਾਲੇ ਸਦਕਾ ਜਿੱਥੇ ਇਸ ਸਮਾਗਮ ਅੰਦਰ ਹਜ਼ਾਰਾਂ ਦੀ ਤਦਾਦ 'ਚ ਸੰਗਤਾਂ ਦੇਸ਼-ਵਿਦੇਸ਼ ਤੋਂ ਪੁੱਜੀਆਂ, ਉੱਥੇ ਸਜਾਏ ਗਏ ਵਿਸ਼ਾਲ ਕੀਰਤਨ ਦਰਬਾਰ ਮੌਕੇ ਸੰਤ ਬਾਬਾ ਗੁਰਦਿਆਲ ਸਿੰਘ ਤੋਂ ਇਲਾਵਾ ਗਿਆਨੀ ਰਘਬੀਰ ਸਿੰਘ ਜਥੇਦਾਰ ਤਖਤ ਕੇਸਗੜ੍ਹ ਸਾਹਿਬ, ਸੰਤ ਬਾਬਾ ਜਗਦੀਪ ਸਿੰਘ, ਸੰਤ ਜਸਰਾਜ ਸਿੰਘ ਪ੍ਰੀਤਮਪੁਰਾ, ਸੰਤ ਭਰਪੂਰ ਸਿੰਘ, ਸੰਤ ਗੁਰਦੀਪ ਸਿੰਘ ਖੁਜਾਲੇ ਵਾਲੇ, ਸੰਤ ਜੋਗਾ ਸਿੰਘ ਰਾਮੂ ਥਿਆੜਾ, ਸੰਤ ਅਮਰੀਕ ਸਿੰਘ ਪੜੈਣ, ਸੰਤ ਗੁਰਦੀਪ ਸਿੰਘ ਚੰਦ ਪੁਰਾਣਾ, ਸੰਤ ਗੁਰਪ੍ਰੀਤ ਸਿੰਘ ਜੰਡੇ ਵਾਲੇ, ਸੰਤ ਗੁਰਪ੍ਰੀਤ ਸਿੰਘ ਚੰਡੀਗੜ੍ਹ ਵਾਲੇ, ਸੰਤ ਪਵਨਦੀਪ ਸਿੰਘ ਕੜਿਆਲ, ਸੰਤ ਅਮਰਜੀਤ ਸਿੰਘ ਗਾਲਬ, ਗਿਆਨੀ ਜਸਵੰਤ ਸਿੰਘ ਪਰਵਾਨਾ, ਸੰਤ ਰਵਿੰਦਰ ਸਿੰਘ ਜੋਨੀ ਨਾਨਕਸਰ ਵਾਲੇ, ਭਾਈ ਲਖਵਿੰਦਰ ਸਿੰਘ ਹਜ਼ੂਰੀ ਰਾਗੀ ਦਰਬਾਰ ਸਾਹਿਬ, ਸੰਤ ਅਵਤਾਰ ਸਿੰਘ ਸੁਰਸਿੰਘ, ਸੰਤ ਹਰਵਿੰਦਰ ਸਿੰਘ ਰੌਲੀ ਵਾਲੇ ਸੰਤ ਧਰਮਵੀਰ ਸਿੰਘ ਘੁੰਗਰਾਣੇ ਵਾਲੇ , ਆਦਿ ਤੋਂ ਇਲਾਵਾ ਪੰਜਾਬ ਦੇ ਕੋਨੇ-ਕੋਨੇ ਤੋਂ ਸੰਤਾਂ ਮਹਾਂਪੁਰਸ਼ਾਂ ਨੇ ਇਸ ਅੰਮ੍ਰਿਤ ਰੂਪੀ ਕੁੰਭ 'ਚ ਸੰਗਤਾਂ ਨੂੰ ਗੁਰ ਸ਼ਬਦ ਦਾ ਸਿਮਰਨ ਕਰਵਾਇਆ। ਸਮਾਗਮ ਦੀ ਸੰਪੂਰਨਤਾ ਮੌਕੇ ਪੰਜ ਪਿਆਰਿਆਂ ਵੱਲੋਂ ਕਰਵਾਏ ਗਏ ਅੰਮ੍ਰਿਤ ਸੰਚਾਰ ਦੌਰਾਨ ਸੰਤ ਬਾਬਾ ਗੁਰਦਿਆਲ ਸਿੰਘ ਦੀ ਪ੍ਰੇਰਨਾ ਸਦਕਾ ਸੈਂਕੜੇ ਪ੍ਰਾਣੀਆਂ ਨੇ ਖੰਡੇ ਬਾਟੇ ਦਾ ਅੰਮ੍ਰਿਤ ਪਾਨ ਕੀਤਾ। ਇਸ ਮੌਕੇ ਪੁੱਜੀਆਂ ਸ਼ਖਸੀਅਤਾਂ ਨੂੰ ਸਿਰੋਪਾਓ ਭੇਟ ਕੀਤੇ ਗਏ। ਸੰਪੂਰਨਤਾ ਸਮਾਗਮਾਂ ਦੌਰਾਨ ਮੰਚ ਸੰਚਾਲਨ ਦੀ ਭੂਮਿਕਾ ਗਿਆਨੀ ਭਗਵਾਨ ਸਿੰਘ ਜੌਹਲ ਤੇ ਗੁਰਦੀਪ ਸਿੰਘ ਮੂੰਮ ਨੇ ਬਾਖੂਬੀ ਨਾਲ ਨਿਭਾਈ।





# ਹਜ਼ਰਤ ਮੁਹੰਮਦ ਨੇ ਦੁਨੀਆ 'ਚੋਂ ਭੇਦ-ਭਾਵ ਨੂੰ ਖਤਮ ਕੀਤਾ : ਸ਼ਾਹੀ ਇਮਾਮ ਪੰਜਾਬ



**ਲੁਧਿਆਣਾ, (ਐੱਮ ਐੱਸ ਭਾਟੀਆ/ਰੈਕਟਰ ਕਥੂਰੀਆ)** : ਦਿਲਾਂ ਦੀ ਨਫਰਤ ਨੂੰ ਕੱਢ ਕੇ ਆਪਸੀ ਭਾਈਚਾਰੇ ਨੂੰ ਮਜ਼ਬੂਤ ਕਰੋ। ਸੱਚਾ ਮੁਸਲਮਾਨ ਉਹੀ ਹੈ, ਜਿਹੜਾ ਹਜ਼ਰਤ ਮੁਹੰਮਦ ਸਾਹਿਬ ਸਲੱਲਾਹੂ ਅਲੈਹੀਵਸੱਲਮ ਦੇ ਦੱਸੇ ਹੋਏ ਰਸਤੇ 'ਤੇ ਚਲਦਾ ਰਹੇ। ਇਹ ਵਿਚਾਰ ਇੱਥੇ ਜਾਮਾ ਮਸਜਿਦ ਵਿਖੇ 12 ਵਫਾਤ ਦੇ ਇਤਿਹਾਸਕ ਦਿਹਾੜੇ ਮੌਕੇ ਮੁਸਲਮਾਨਾਂ ਨੂੰ ਸੰਬੋਧਨ ਕਰਦੇ ਹੋਏ ਪੰਜਾਬ ਦੇ ਸ਼ਾਹੀ ਇਮਾਮ ਮੌਲਾਨਾ ਉਸਮਾਨ ਰਹਿਮਾਨੀ ਲੁਧਿਆਣਵੀ ਨੇ ਪ੍ਰਗਟ ਕੀਤੇ। ਉਨ੍ਹਾਂ ਕਿਹਾ ਕਿ 12 ਰਬੀ-ਉਲ-ਅੱਵਲ ਦੇ ਦਿਨ ਹਜਰਤ ਮੁਹੰਮਦ ਸਲੱਲਾਹੂ ਅਲੈਹੀਵਸੱਲਮ ਦਾ ਜਨਮ ਹੋਇਆ ਤੇ 63 ਸਾਲ ਤੱਕ ਸੰਸਾਰ ਵਿੱਚ ਇੰਨਸਾਨੀਅਤ ਨੂੰ ਪਿਆਰ-ਮੁਹੱਬਤ, ਆਪਸੀ ਭਾਈਚਾਰੇ ਦਾ ਪਾਠ ਪੜ੍ਹਾ ਕੇ ਅੱਜ ਦੇ ਦਿਨ ਹੀ ਅੱਲ੍ਹਾ ਤਆਲਾ ਦੇ ਕੋਲ ਵਾਪਸ ਪਰਤ ਗਏ ਤੇ ਇਸ ਲਈ ਅੱਜ ਦੇ ਦਿਨ ਨੂੰ 12 ਵਫਾਤ ਕਿਹਾ ਜਾਂਦਾ ਹੈ। ਇਹੀ ਵਜ੍ਹਾ ਹੈ ਕਿ ਅੱਜ ਦੇ ਦਿਨ ਮੁਸਲਮਾਨ ਆਪਣੇ ਪਿਆਰੇ ਨਬੀ ਹਜ਼ਰਤ ਮੁਹੰਮਦ ਨੂੰ ਯਾਦ ਕਰਦੇ ਹੋਏ ਉਨ੍ਹਾਂ ਦੀਆਂ ਦਿੱਤੀਆਂ ਸਿੱਖਿਆਵਾਂ ਦੇ ਮੁਤਾਬਿਕ ਆਪਣਾ ਜੀਵਨ ਵਤੀਤ ਕਰਨ ਦਾ ਸਕੰਲਪ ਦੁਹਰਾਉਂਦੇ ਹਨ।

ਸ਼ਾਹੀ ਇਮਾਮ ਨੇ ਕਿਹਾ ਕਿ 14 ਸੌ ਸਾਲ ਬੀਤ ਜਾਣ ਤੋਂ ਬਾਅਦ ਵੀ ਆਪ ਦੀਆਂ ਸਿੱਖਿਆਵਾਂ ਕਿਸੇ ਤਬਦੀਲੀ ਤੋਂ ਬਿਨਾਂ ਵਿਸ਼ੇਸ਼ ਤੌਰ 'ਤੇ ਮੌਜੂਦ ਹਨ ਤੇ ਮਨੁੱਖ ਜਾਤੀ ਦੇ ਮਾਰਗ ਦਰਸ਼ਨ ਲਈ ਆਸ਼ਾ ਦੀ ਕਿਰਨ ਹਨ। ਸ਼ਾਹੀ ਇਮਾਮ ਨੇ ਕਿਹਾ ਕਿ ਅੱਲ੍ਹਾ ਤਆਲਾ ਨੇ ਕੁਰਾਨ ਸ਼ਰੀਫ ਵਿੱਚ ਇਹ ਗੱਲ ਸਪੱਸ਼ਟ ਕਰ ਦਿੱਤੀ ਹੈ ਕਿ ਹਜਰਤ ਮੁਹੰਮਦ ਸਾਹਿਬ ਸਲੱਲਾਹੂ ਅਲੈਹੀਵਸੱਲਮ ਆਖਰੀ ਨਬੀ ਹਨ, ਹੁਣ ਕੋਈ ਹੋਰ ਵਿਅਕਤੀ ਕਿਆਮਤ ਤੱਕ ਨਬੀ ਬਣ ਕੇ ਨਹੀਂ ਆ ਸਕਦਾ। ਉਨ੍ਹਾ ਕਿਹਾ ਕਿ ਇਸਲਾਮ ਧਰਮ ਆਪਸੀ ਭਾਈਚਾਰੇ ਤੇ ਸ਼ਾਂਤੀ ਦਾ ਸੰਦੇਸ਼ ਦਿੰਦਾ ਹੈ, ਫਿਰਕੂ ਤਾਕਤਾਂ ਵੱਲੋਂ ਇਸਲਾਮ ਧਰਮ ਨੂੰ ਅੱਤਵਾਦ ਨਾਲ ਜੋੜਨਾ ਗਲਤ ਹੈ, ਬਲਕਿ ਨਿੰਦਨਯੋਗ ਹੈ। ਉਨ੍ਹਾਂ ਕਿਹਾ ਕਿ ਇਸਲਾਮ ਧਰਮ ਦੇ ਖਿਲਾਫ ਨਿੰਦਨਯੋਗ ਗੱਲਾਂ ਇੰਨਸਾਨੀਅਤ ਦੇ ਲਈ ਸ਼ਰਮਨਾਕ ਹਨ। ਸ਼ਾਹੀ ਇਮਾਮ ਨੇ ਕਿਹਾ ਕਿ ਮੁਸਲਮਾਨ ਹਜਰਤ ਮੁਹੰਮਦ ਨਾਲ ਅਪਣੀ ਜਾਨ ਤੋਂ ਵੱਧ ਪਿਆਰ ਕਰਦੇ ਹਨ। ਪੈਗੰਬਰ ਇਸਲਾਮ ਹਜਰਤ ਮੁਹੰਮਦ ਸਾਹਿਬ ਸਲੱਲਾਹੂ ਅਲੈਹੀਵਸੱਲਮ ਦੀ ਸ਼ਾਨ ਲਈ ਸਾਡੀ ਜਾਨ ਵੀ ਹਾਜ਼ਰ ਹੈ। ਇਸ ਮੌਕੇ ਮੌਲਾਨਾ ਮੁਹੰਮਦ ਇਬਰਾਹਿਮ ਸਹਿਤ ਮੌਲਾਨਾ ਮੋਹਤਰਮ, ਗੁਲਾਮ ਹਸਨ ਕੈਸਰ ਤੇ ਮੁਹੰਮਦ ਮੁਸਤਕੀਮ ਵਿਸ਼ੇਸ਼ ਤੌਰ 'ਤੇ ਮੌਜੂਦ ਸਨ।

# ਮਾਲਵਾ ਲਿਖਾਰੀ ਸਭਾ ਵੱਲੋਂ ਸਾਲਾਨਾ ਪੁਰਸਕਾਰਾਂ ਦਾ ਐਲਾਨ



**ਸੰਗਰੂਰ, (ਪ੍ਰਵੀਨ ਸਿੰਘ)**-ਮਾਲਵਾ ਲਿਖਾਰੀ ਸਭਾ ਸੰਗਰੂਰ ਦੀ ਕਾਰਜਕਾਰਨੀ ਦੀ ਇਕੱਤਰਤਾ ਸਿਟੀ ਪਾਰਕ ਸੰਗਰੂਰ ਵਿਖੇ ਸਭਾ ਦੇ ਪ੍ਰਧਾਨ ਕਰਮ ਸਿੰਘ ਜ਼ਖ਼ਮੀ ਦੀ ਪ੍ਰਧਾਨਗੀ ਵਿੱਚ ਹੋਈ, ਜਿਸ ਵਿੱਚ ਸਭਾ ਦੇ ਸਰਗਰਮ ਮੈਂਬਰ ਬਾਲ-ਕਵੀ ਜਗਜੀਤ ਸਿੰਘ ਲੱਡਾ ਦੀ ਪੁਸਤਕ 'ਰੁੱਖ ਦੇਣ ਸੁੱਖ' ਨੂੰ ਭਾਸ਼ਾ ਵਿਭਾਗ ਪੰਜਾਬ ਵੱਲੋਂ ਸਰਬ-ਉੱਤਮ ਪੁਸਤਕ ਚੁਣੇ ਜਾਣ 'ਤੇ ਬੇਹੱਦ ਖ਼ੁਸ਼ੀ ਤੇ ਤਸੱਲੀ ਦਾ ਪ੍ਰਗਟਾਵਾ ਕੀਤਾ ਗਿਆ। ਇਸ ਮੌਕੇ 27 ਨਵੰਬਰ 2022 ਨੂੰ ਹੋਣ ਵਾਲੇ ਸਭਾ ਦੇ ਅੱਠਵੇਂ ਸਾਲਾਨਾ ਸਮਾਗਮ ਵਿੱਚ ਦਿੱਤੇ ਜਾਣ ਵਾਲੇ ਸਾਲਾਨਾ ਪੁਰਸਕਾਰਾਂ ਲਈ ਸਰਬਸੰਮਤੀ ਨਾਲ ਸਾਹਿਤਕਾਰਾਂ ਦੇ ਨਾਵਾਂ ਦੀ ਚੋਣ ਕੀਤੀ ਗਈ, ਜਿਸ ਮੁਤਾਬਿਕ ਫ਼ੈਸਲਾ ਕੀਤਾ ਗਿਆ ਕਿ ਸਾਲ 2022 ਲਈ ਡਾ. ਪ੍ਰੀਤਮ ਸੈਣੀ ਵਾਰਤਕ ਪੁਰਸਕਾਰ ਡਾ. ਇਕਬਾਲ ਸਿੰਘ ਨੂੰ, ਲੋਕ ਕਵੀ ਸੰਤ ਰਾਮ ਉਦਾਸੀ ਪੁਰਸਕਾਰ ਸ੍ਰੀ ਚਰਨ ਪੁਆਧੀ ਨੂੰ, ਸ੍ਰੀ ਗੁਰਮੇਲ ਮਡਾਹੜ ਗਲਪ ਪੁਰਸਕਾਰ ਸ੍ਰੀਮਤੀ ਹਰਜੀਤ ਕੌਰ ਵਿਰਕ ਨੂੰ ਤੇ ਗੁਰਬੀਰ ਸਿੰਘ ਬੀਰ ਵਿਰਾਸਤੀ ਪੁਰਸਕਾਰ ਭੀਮ ਸਿੰਘ ਮੌੜਾਂ ਦੇ ਕਵੀਸ਼ਰੀ ਜੱਥੇ ਨੂੰ ਦਿੱਤਾ ਜਾਵੇਗਾ। ਇਸ ਇਕੱਤਰਤਾ ਵਿੱਚ ਡਾ. ਮੀਤ ਖਟੜਾ, ਰਜਿੰਦਰ ਸਿੰਘ ਰਾਜਨ, ਸੁਖਵਿੰਦਰ ਸਿੰਘ ਲੋਟੇ, ਡਾ. ਮਨਜਿੰਦਰ ਸਿੰਘ, ਮੀਤ ਸਕਰੌਦੀ, ਕੁਲਵੰਤ ਖਨੌਰੀ, ਜਸਪਾਲ ਸਿੰਘ ਸੰਧੂ, ਗੁਰਮੀਤ ਸਿੰਘ ਸੋਹੀ, ਜਸਵਿੰਦਰ ਸਿੰਘ ਜੌਲੀ, ਭੁਪਿੰਦਰ ਨਾਗਪਾਲ, ਜਗਜੀਤ ਸਿੰਘ ਲੱਡਾ ਤੇ ਸੁਰਜੀਤ ਸਿੰਘ ਮੌਜੀ ਆਦਿ ਸਾਹਿਤਕਾਰਾਂ ਨੇ ਹਿੱਸਾ ਲਿਆ।

# ਭਗਵਾਨ ਬਾਲਮੀਕ ਜੀ ਦਾ ਪ੍ਰਕਾਸ਼ ਦਿਹਾੜਾ ਮਨਾਇਆ

**ਛਾਜਲੀ, (ਜਸਵੀਰ ਲਾਡੀ)**-ਇੱਥੇ ਭਗਵਾਨ ਮਹਾਂਰਿਸ਼ੀ ਬਾਲਮੀਕ ਯਾਦਗਾਰ ਕਮੇਟੀ ਛਾਜਲੀ ਵੱਲੋਂ ਭਗਤ ਬਾਲਮੀਕ ਦਾ ਜਨਮ ਦਿਹਾੜਾ ਬਾਲਮੀਕ ਭਾਈਚਾਰਾ ਦੀ ਵਾਟਰ ਵਰਕਸ ਵਾਲੀ ਧਰਮਸ਼ਾਲਾ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਭੋਗ ਪਾ ਕੇ ਮਨਾਇਆ ਗਿਆ। ਇਸ ਮੌਕੇ ਵੱਡੇ ਡੇਰੇ ਦੇ ਮੰਹਤ ਸ੍ਰੀ ਅਮਰਜੀਤ ਬਣ ਵਿਸ਼ੇਸ਼ ਤੌਰ 'ਤੇ ਪਹੁੰਚੇ ਅਤੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਗੁਰੂਆਂ, ਰਿਸ਼ੀਆਂ, ਮੁਨੀਆਂ ਦੇ ਦਿਹਾੜੇ ਸਾਨੂੰ ਇਸ ਤਰ੍ਹਾਂ ਮਨਾ ਕੇ ਉਨ੍ਹਾਂ ਦੇ ਦਰਸਾਏ ਰਾਹਾਂ 'ਤੇ ਚੱਲਣ ਦਾ ਪ੍ਰਣ ਕਰਨਾ ਚਾਹੀਦਾ ਹੈ। ਇਸ ਮੌਕੇ ਰਾਗੀ ਸਿੰਘਾਂ ਦਾ ਸਿਰਪਾਓ ਪਾ ਕੇ ਸਨਮਾਨ ਕੀਤਾ ਗਿਆ, ਉੱਥੇ ਹੀ ਪੱਤਰਕਾਰ ਜਸਵੀਰ ਲਾਡੀ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੌਕੇ ਬੋਰੀਆ ਸਿੰਘ, ਸੋਨੀ ਸਿੰਘ, ਗੋਰਾ ਸਿੰਘ, ਗੁਰਵਿੰਦਰ ਸਿੰਘ ਰਾਗੀ, ਨੈਬ ਸਿੰਘ, ਬੱਬੂ ਸਿੰਘ, ਗੱਗੂ ਸਿੰਘ, ਮਨਜੀਤ ਸਿੰਘ ਚੌਹਾਨ, ਕਾਲਾ ਸਿੰਘ, ਬਾਲੀ ਸਿੰਘ, ਦੀਪੀ ਸਿੰਘ, ਡਾਕਟਰ ਮੱਖਣ ਸਿੰਘ, ਮੰਨੂ ਬਾਬਾ, ਰੇਸ਼ਮ ਸਿੰਘ, ਗੁਰਜੰਟ ਸਿੰਘ, ਹੈਪੀ ਸਿੰਘ, ਬੂਟਾ ਸਿੰਘ, ਜੀਵਨ ਸਿੰਘ, ਦੀਪ ਸਿੰਘ, ਬੱਬਲੀ ਸਿੰਘ, ਹਨੀ ਸਿੰਘ, ਬਿੰਦਰ ਸਿੰਘ ਕੰਬੋਜ, ਭੋਲਾ ਸਿੰਘ ਤੇ ਭੂਰਾ ਰਾਮ ਸੇਵਾਦਾਰ ਆਦਿ ਹਾਜ਼ਰ ਸਨ।



# ਵਿਧਾਇਕ ਦੇਵ ਮਾਨ ਵੱਲੋਂ ਦਾਨਾ ਮੰਡੀ ਦਾ ਅਚਨਚੇਤ ਦੌਰਾ

**☛ ਮੰਡੀ 'ਚ ਆੜ੍ਹਤੀਆਂ ਤੇ ਲੇਬਰ ਸੰਬੰਧੀ ਕੋਈ ਸਮੱਸਿਆ ਨਹੀਂ : ਦੇਵ ਮਾਨ ☛ ਮੰਡੀ 'ਚ ਕੀਤੇ ਪ੍ਰਬੰਧਾਂ ਤੋਂ ਕਿਸਾਨ ਤੇ ਆੜ੍ਹਤੀਏ ਖੁਸ਼ : ਅਭੇਪੁਰ**

**ਨਾਭਾ (ਵਰਿੰਦਰ ਵਰਮਾ)**-ਏਸ਼ੀਆ 'ਚ ਦੂਜੇ ਨੰਬਰ 'ਤੇ ਜਾਣੀ ਜਾਂਦੀ ਨਾਭਾ ਦੀ ਅਨਾਜ ਮੰਡੀ ਵਿੱਚ ਹਲਕਾ ਨਾਭਾ ਦੇ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਵੱਲੋਂ ਮੰਡੀ ਦਾ ਅਚਨਚੇਤ ਦੌਰਾ ਕੀਤਾ ਗਿਆ ਤੇ ਕਿਸਾਨਾਂ ਨੂੰ ਮੰਡੀ ਵਿੱਚ ਆ ਰਹੀਆਂ ਮੁਸ਼ਕਲਾਂ ਸਬੰਧੀ ਜਾਣਕਾਰੀ ਲਈ ਗਈ। ਇਸ ਮੌਕੇ ਵਿਧਾਇਕ ਦੇਵਮਾਨ ਨੇ ਕਿਹਾ ਕਿ ਨਾਭਾ ਦੀ ਅਨਾਜ ਮੰਡੀ ਪੰਜਾਬ ਵਿੱਚ ਇੱਕ ਨੰਬਰ 'ਤੇ ਚੱਲ ਰਹੀ ਹੈ, ਕਿਉਂਕਿ ਇੱਥੇ ਖਰੀਦ ਵੱਡੇ ਪੱਧਰ 'ਤੇ ਹੋ ਰਹੀ ਹੈ ਅਤੇ ਨਾਲ ਦੀ ਨਾਲ ਲਿਫਟਿੰਗ ਦਾ ਵੀ ਪ੍ਰਬੰਧ ਜੰਗੀ ਪੱਧਰ 'ਤੇ ਚੱਲ ਰਿਹਾ ਹੈ। ਵਿਧਾਇਕ ਦੇਵਮਾਨ ਨੇ ਕਾਂਗਰਸ, ਅਕਾਲੀ ਦਲ ਤੇ ਬੀਜੇਪੀ 'ਤੇ ਸ਼ਬਦੀ ਵਾਰ ਕਰਦਿਆਂ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਹੁਣ ਬੀਜੇਪੀ ਵਿੱਚ ਚਲੇ ਗਏ ਹਨ ਤੇ ਆਪਣੇ ਹੀ ਕਰੀਬੀਆਂ 'ਤੇ ਰੇਡ ਕਰਾ ਕੇ ਉਨ੍ਹਾਂ ਨੂੰ ਫਸਾ ਕੇ ਬੀਜੇਪੀ ਵਿੱਚ ਆਪਣੇ ਨੰਬਰ ਬਣਾਉਣਾ ਚਾਹੁੰਦੇ ਹਨ ਅਤੇ ਹੁਣ ਜੋ ਸੰਦੀਪ ਸੰਧੂ 'ਤੇ ਰੇਡ ਹੋਈ ਹੈ, ਇਹ ਸਾਰੀ ਕੈਪਟਨ ਅਮਰਿੰਦਰ ਸਿੰਘ ਦੀ ਚਾਲ ਹੈ। ਉਨ੍ਹਾਂ ਨੂੰ ਲੱਗਦਾ ਹੈ ਕਿ ਮੈਂ ਹੁਣ ਗਵਰਨਰ ਦਾ ਅਹੁਦਾ ਲੈਣਾ ਹੈ। ਉਨ੍ਹਾ ਕਿਹਾ ਕਿ ਜੋ ਪੰਜਾਬ ਵਿੱਚ ਗੈਂਗਸਟਰ ਪੈਦਾ ਹੋਏ ਹਨ, ਉਸ ਦਾ ਮੁੱਖ ਕਾਰਨ ਹੈ ਬੇਰੁਜ਼ਗਾਰੀ, ਸਰਕਾਰ ਬੇਰੁਜ਼ਗਾਰੀ ਦੂਰ ਕਰਨ ਲਈ ਨੌਕਰੀਆਂ ਕੱਢ ਰਹੀ ਹੈ।



ਕੇਂਦਰ ਸਰਕਾਰ ਵੱਲੋਂ ਸੀ.ਐੱਨ.ਜੀ. ਤੇ ਪੀ.ਐੱਨ.ਜੀ. ਦੇ ਰੇਟਾਂ ਵਿੱਚ ਹੋਏ ਵਾਧੇ ਨੂੰ ਲੈ ਕੇ ਦੇਵਮਾਨ ਨੇ ਕਿਹਾ ਕਿ ਬੀਜੇਪੀ ਤਾਂ ਲੁੱਟਣ 'ਤੇ ਲੱਗੀ ਹੋਈ ਹੈ ਅਤੇ ਇਨ੍ਹਾਂ ਨੇ ਹੁਣ ਸਾਹ ਲੈਣ 'ਤੇ ਵੀ ਟੈਕਸ ਲਗਾ ਦੇਣਾ ਹੈ। ਉਨ੍ਹਾਂ ਕਿਹਾ ਕਿ ਗੁਜਰਾਤ, ਹਿਮਾਚਲ ਵਿੱਚ ਆਮ ਪਾਰਟੀ ਭਾਰੀ ਬਹੁਮੱਤ ਨਾਲ ਜਿੱਤ ਪ੍ਰਾਪਤ ਕਰੇਗੀ ਤੇ ਬੀਜੇਪੀ ਦਾ ਸੂਪੜਾ ਸਾਫ ਹੋਏਗਾ। ਪੰਥਕ ਰੈਲੀ ਕੱਢਣ 'ਤੇ ਦੇਵਮਾਨ ਨੇ ਸੁਖਬੀਰ ਬਾਦਲ ਨੂੰ ਆੜੇ ਹੱਥੀਂ ਲੈਂਦਿਆਂ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਰਬ-ਉੱਚ ਸੰਸਥਾ ਹੈ, ਪਰ ਇਸ ਵਿੱਚ ਰਾਜਨੀਤੀ ਨਹੀਂ ਹੋਣੀ ਚਾਹੀਦੀ। ਇਸ ਮੌਕੇ ਆੜ੍ਹਤੀਆ ਐਸੋਸੀਏਸ਼ਨ ਨਾਭਾ ਦੇ ਪ੍ਰਧਾਨ ਜਤਿੰਦਰ ਜੱਤੀ ਅਭੇਪੁਰ ਨੇ ਕਿਹਾ ਕਿ ਨਾਭਾ ਮੰਡੀ ਵਿੱਚ ਲਿਫਟਿੰਗ ਦਾ ਕੰਮ ਬੜਾ ਹੀ ਤੇਜ਼ੀ ਨਾਲ ਚੱਲ ਰਿਹਾ ਹੈ ਤੇ ਉਹ ਪੰਜਾਬ ਸਰਕਾਰ ਤੋਂ ਸੰਤੁਸ਼ਟ ਹਨ।

# ਥਰਮਲ ਪਲਾਂਟ ਵੱਲੋਂ ਵਰਤਿਆ ਜਾ ਰਿਹਾ ਨਹਿਰੀ ਤੇ ਧਰਤੀ ਹੇਠਲਾ ਪਾਣੀ ਤੁਰੰਤ ਬੰਦ ਕਰੇ ਮਾਨ ਸਰਕਾਰ : ਸੁਖਪਾਲ ਖਹਿਰਾ

**ਟੋਭੇ ਦਾ ਗੰਦਾ ਪਾਣੀ ਤੇ ਕੂੜੇ ਦੇ ਢੇਰ ਮਨੁੱਖੀ ਜੀਵਨ ਲਈ ਘਾਤਕ**

**ਮਾਨਸਾ (ਪਰਮਦੀਪ ਰਾਣਾ)**-ਹਲਕਾ ਭੁਲੱਥ ਦੇ ਵਿਧਾਇਕ ਤੇ ਸਾਬਕਾ ਵਿਰੋਧੀ ਨੇਤਾ ਸ੍ਰ. ਸੁਖਪਾਲ ਸਿੰਘ ਖਹਿਰਾ ਨੇ ਮਾਨਸਾ ਸ਼ਹਿਰ ਦੇ ਚਰਚਿਤ ਟੋਭੇ ਦੇ ਗੰਦੇ ਪਾਣੀ ਦੀ ਨਿਕਾਸੀ, ਕੂੜੇ ਦੇ ਢੇਰ ਚਕਵਾਉਣ ਤੇ ਬਣਾਂਵਾਲੀ ਥਰਮਲ ਪਲਾਂਟ ਵੱਲੋਂ ਵਰਤਿਆ ਜਾ ਰਿਹਾ ਨਹਿਰੀ ਤੇ ਧਰਤੀ ਹੇਠਲਾ ਪਾਣੀ ਰੋਕਣ ਅਤੇ ਸੀਵਰੇਜ ਦਾ ਪਾਣੀ ਆਪਣੇ ਨਿੱਜੀ ਖਰਚੇ 'ਤੇ ਲਿਜਾ ਕੇ ਵਰਤਣ ਲਈ ਪਾਬੰਦ ਕਰਨ ਸਬੰਧੀ ਅਤੇ ਅਵਾਰਾ ਪਸ਼ੂਆਂ ਆਦਿ ਸਮੱਸਿਆਵਾਂ ਸਬੰਧੀ ਵਿਚਾਰ ਵਟਾਂਦਰਾ ਕਰਕੇ ਮਾਨਸਾ ਸ਼ਹਿਰ ਦੇ ਪਤਵੰਤਿਆਂ ਤੇ ਮਾਨਸਾ ਸੰਘਰਸ਼ ਕਮੇਟੀ ਤੋਂ ਮੰਗ ਪੱਤਰ ਲਿਆ। ਪ੍ਰੈੱਸ ਨੂੰ ਸੰਬੋਧਨ ਕਰਦੇ ਹੋਏ ਸੁਖਪਾਲ ਸਿੰਘ ਖਹਿਰਾ ਨੇ ਕਿਹਾ ਕਿ ਘਾਤਕ ਬਿਮਾਰੀਆਂ ਨੂੰ ਸੱਦਾ ਦੇ ਰਿਹਾ ਭਾਈ ਗੁਰਦਾਸ ਦੇ ਟੋਭੇ ਦਾ ਗੰਦਾ ਪਾਣੀ ਤੇ ਗੰਦਗੀ ਦੇ ਢੇਰ ਹਵਾ, ਪਾਣੀ, ਧਰਤੀ ਤੇ ਵਾਤਾਵਰਨ ਨੂੰ ਬੁਰੀ ਤਰ੍ਹਾਂ ਪ੍ਰਦੂਸ਼ਤ ਕਰ ਰਹੇ ਹਨ, ਜੋ ਮਨੁੱਖੀ ਜੀਵਨ ਲਈ ਬੇਹੱਦ ਘਾਤਕ ਹੈ ਅਤੇ ਮਨੁੱਖੀ ਮੌਲਿਕ ਅਧਿਕਾਰਾਂ ਦੀ ਉਲੰਘਣਾ ਹੈ। ਇਸ ਸਬੰਧੀ ਮੁੱਖ ਮੰਤਰੀ ਪੰਜਾਬ ਦੇ ਧਿਆਨ ਵਿੱਚ ਲਿਆ ਕੇ ਅਤੇ ਨਗਰ ਕੌਂਸਲ ਮਾਨਸਾ ਤੇ ਜ਼ਿਲ੍ਹਾ ਪ੍ਰਸ਼ਾਸਨ ਮਾਨਸਾ ਦਾ ਇਸ ਗੰਭੀਰ ਸਮੱਸਿਆ ਵੱਲ ਧਿਆਨ ਦਿਵਾ ਕੇ ਹੱਲ ਕਰਵਾਇਆ ਜਾਵੇਗਾ। ਇਸ ਸਮੇਂ ਉਨ੍ਹਾਂ ਕੇਂਦਰ ਸਰਕਾਰ ਦੀ ਟੈਰਿਫ ਪਾਲਸੀ 2006 ਦਾ ਜ਼ਿਕਰ ਕਰਦਿਆਂ ਸਰਕਾਰੀ ਤੌਰ 'ਤੇ ਬਣਾਂਵਾਲੀ ਥਰਮਲ ਪਲਾਂਟ ਨੂੰ ਮਾਨਸਾ ਦਾ ਸੀਵਰੇਜ ਪਾਣੀ ਨਿੱਜੀ ਖਰਚੇ 'ਤੇ ਲਜਾ ਕੇ ਟਰੀਟਮੈਂਟ ਕਰਕੇ ਵਰਤਣ ਲਈ ਪਾਬੰਦ ਕਰੇ, ਕਿਉਂਕਿ ਦਿਨੋਂ ਦਿਨ ਵਧ ਰਹੀ ਪੀਣ ਵਾਲੇ ਤੇ ਖੇਤੀ ਲਈ ਵਰਤਣ ਵਾਲੇ ਪਾਣੀ ਦੀ ਸਮੱਸਿਆ ਨੂੰ ਧਿਆਨ ਵਿੱਚ ਰੱਖਦਿਆਂ ਥਰਮਲ ਵੱਲੋਂ ਧਰਤੀ ਹੇਠਲੇ ਤੇ ਨਹਿਰੀ ਪਾਣੀ ਨੂੰ ਵਰਤਣ 'ਤੇ ਪਾਬੰਦੀ ਲਾਈ ਜਾਵੇ।



ਉਨ੍ਹਾਂ ਪੰਜਾਬ ਅੰਦਰ ਅਵਾਰਾ ਪਸ਼ੂਆਂ ਕਾਰਨ ਹੋ ਰਹੇ ਜਾਨੀ ਤੇ ਮਾਲੀ ਨਕਸਾਨ, ਜੋ ਦਿਨੋਂ ਦਿਨ ਵਧ ਰਿਹਾ ਹੈ, ਸਬੰਧੀ ਪੰਜਾਬ ਸਰਕਾਰ ਨੂੰ ਕਿਹਾ ਕਿ ਸਰਕਾਰ ਲੋਕਾਂ ਦੀ ਗੂੜ੍ਹੀ ਮਾਲੀ ਤੇ ਜਾਨੀ ਨੁਕਸਾਨ ਨੂੰ ਰੋਕਣ ਲਈ ਸਾਰਥਕ ਨੀਤੀ ਤਿਆਰ ਕਰੇ। ਅੰਤ ਵਿੱਚ ਮਾਨਸਾ ਨਾਲ ਸਬੰਧਤ ਸਮੱਸਿਆਵਾਂ ਨੂੰ ਧੜੱਲੇ ਨਾਲ ਹੱਲ ਕਰਵਾਉਣ ਦਾ ਭਰੋਸਾ ਦਿਵਾਇਆ ਤੇ ਇਨ੍ਹਾਂ ਗੰਭੀਰ ਸਮੱਸਿਆਵਾ ਦੇ ਹੱਲ ਸਬੰਧੀ ਵਿਧਾਨ ਸਭਾ ਵਿੱਚ ਉਠਾਉਣ ਦਾ ਦਾਅਵਾ ਕੀਤਾ। ਇਸ ਸਮੇਂ ਕਾਮਰੇਡ ਕ੍ਰਿਸ਼ਨ ਚੌਹਾਨ, ਡਾ. ਧੰਨਾ ਮੱਲ ਗੋਇਲ, ਬਾਬਾ ਅਮ੍ਰਿਤ ਮੁਨੀ, ਮਨਦੀਪ ਗੋਰਾ, ਰਵੀ ਖਾਨ, ਆਤਮਾ ਸਿੰਘ ਪਮਾਰ, ਹਰਪ੍ਰੀਤ ਸਿੰਘ, ਜਗਦੀਪ ਸਿੰਘ ਢਿੱਲੋਂ ਸਰਪੰਚ, ਨਰਿੰਦਰ ਕੌਰ ਆਦਿ ਆਗੂਆਂ ਤੋਂ ਇਲਾਵਾ ਸ਼ਹਿਰੀ ਹਾਜ਼ਰ ਸਨ।

# ਬਾਲਮੀਕ ਜਯੰਤੀ ਮੌਕੇ ਪੂਜਾ ਅਰਚਨਾ ਤੇ ਲੰਗਰ ਲਗਾਇਆ



**ਮੋਗਾ (ਅਮਰਜੀਤ ਬੱਬਰੀ)**-ਇੱਥੇ ਪੁਰਾਣੀ ਸਿਟੀ ਪੁਲਸ ਰੋਡ ਸਥਿਤ ਬਾਲਮੀਕ ਮੰਦਿਰ ਵਿਖੇ ਭਗਵਾਨ ਬਾਲਮੀਕਿ ਜੀ ਦੀ ਜਯੰਤੀ ਮੌਕੇ ਮਿਉਂਸਪਲ ਇੰਪਲਾਈਜ਼ ਫੈਡਰੇਸ਼ਨ ਦੇ ਸਾਬਕਾ ਪ੍ਰਧਾਨ ਮਦਨ ਲਾਲ ਬੋਹੜ ਤੇ ਮਿਉਂਸਪਲ ਇੰਪਲਾਈਜ਼ ਫੈਡਰੇਸਨ ਦੇ ਮੌਜੂਦਾ ਪ੍ਰਧਾਨ ਸੇਵਕ ਰਾਮ ਫੌਜੀ ਦੀ ਅਗਵਾਈ ਵਿੱਚ ਭਗਵਾਨ ਸ੍ਰੀ ਵਾਲਮੀਕਿ ਜੀ ਦੀ ਸ਼ਰਧਾਪੂਰਵਕ ਪੂਜਾ ਅਰਚਨਾ ਕੀਤੀ ਗਈ ਤੇ ਉਨ੍ਹਾਂ ਨੂੰ ਭੋਗ ਲਵਾਇਆ ਗਿਆ। ਇਸ ਮੌਕੇ ਪੂਰੀ-ਛੋਲੇ ਤੇ ਕੜਾਹ ਪ੍ਰਸਾਦ ਦਾ ਅਟੁੱਟ ਲੰਗਰ ਵਰਤਾਇਆ ਗਿਆ। ਇਸ ਲੰਗਰ ਦਾ ਰਸਮੀ ਉਦਘਾਟਨ ਨਗਰ ਨਿਗਮ ਦੇ ਮੇਅਰ ਨਿਤਿਕਾ ਭੱਲਾ, ਐੱਮ ਸੀ ਸਪਨਾ, ਸਾਬਕਾ ਪੁਲਸ ਸੁਪਰਡੈਂਟ ਜਗਜੀਤ ਸਿੰਘ ਗਿੱਲ, ਇੰਟਕ ਪ੍ਰਧਾਨ ਵਿਜੇ ਧੀਰ ਐਡਵੋਕੇਟ, ਪ੍ਰਦੇਸ ਇੰਟਕ ਜਨਰਲ ਸਕੱਤਰ ਦਵਿੰਦਰ ਸਿੰਘ ਜੋੜਾ, ਪ੍ਰਦੇਸ ਯੂਥ ਇੰਟਕ ਜਨਰਲ ਸਕੱਤਰ ਪ੍ਰਵੀਨ ਕੁਮਾਰ ਸ਼ਰਮਾ, ਸਾਬਕਾ ਐਮ ਸੀ ਗੋਵਰਧਨ ਪੋਪਲੀ ਤੇ ਸਾਬਕਾ ਐੱਮ ਸੀ ਕ੍ਰਿਸ਼ਨ ਸੂਦ, ਜ਼ਿਲ੍ਹਾ ਇੰਟਕ ਸਲਾਹਕਾਰ ਅਨਿਲ ਜਾਦਾ ਨੇ ਸਾਂਝੇ ਤੌਰ 'ਤੇ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਦੀਪਕ ਭੱਲਾ, ਰਵੀ ਸਾਰਵਾਨ ਪ੍ਰਕਾਸ਼, ਰੋਸ਼ਨ ਲਾਲ, ਅਸ਼ੋਕ ਕੁਮਾਰ, ਪ੍ਰਭੂ, ਬਾਬੂ ਲਾਲ, ਲੀਜਾ, ਵਿਜੇ ਕੁਮਾਰ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

# ਚੋਟੀਆਂ ਦੇ ਕਾਂਗਰਸੀਆਂ ਮਨਜੀਤ ਮਾਨ ਦਾ ਕੀਤਾ ਸਨਮਾਨ

**ਮੋਗਾ (ਅਮਰਜੀਤ ਬੱਬਰੀ)**-ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦਾ ਮੈਂਬਰ ਨਿਯੁਕਤ ਹੋਣ 'ਤੇ ਮਨਜੀਤ ਸਿੰਘ ਮਾਨ ਦਾ ਅਵਤਾਰ ਸਿੰਘ ਤਾਰੀ ਦੇ ਗ੍ਰਹਿ ਵਿਖੇ ਪਿੰਡ ਚੋਟੀਆਂ ਵਾਸੀਆਂ ਵੱਲੋਂ ਸਨਮਾਨ ਕੀਤਾ ਗਿਆ। ਇਸ ਮੌਕੇ ਮਾਨ ਨੇ ਪਿੰਡ ਵਾਸੀਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਸ੍ਰੀ ਰਾਹੁਲ ਗਾਂਧੀ ਦੀ ਅਗਵਾਈ ਹੇਠ ਕਾਂਗਰਸ ਪਾਰਟੀ ਵੱਲੋਂ ਕੱਢੀ ਜਾ ਰਹੀ "ਭਾਰਤ ਜੋੜੋ ਯਾਤਰਾ" ਦਾ ਹਰ ਸੂਬੇ ਅੰਦਰ ਜ਼ੋਰਦਾਰ ਸਵਾਗਤ ਹੋ ਰਿਹਾ ਹੈ, ਉਸੇ ਤਹਿਤ ਪੰਜਾਬ ਦੇ ਕਾਂਗਰਸੀ ਵਰਕਰ ਵੀ ਬੜੇ ਉਤਸ਼ਾਹ ਨਾਲ ਸ੍ਰੀ ਰਾਹੁਲ ਗਾਂਧੀ ਦਾ ਇੰਤਜ਼ਾਰ ਕਰ ਰਹੇ ਹਨ ਤਾਂ ਜੋ ਮਹਿਬੂਬ ਨੇਤਾ ਦਾ ਪੰਜਾਬ ਆਉਣ 'ਤੇ ਜ਼ੋਰਦਾਰ ਸਵਾਗਤ ਕੀਤਾ ਜਾਵੇ ਸਕੇ। ਵਰਨਣਯੋਗ ਹੈ ਕਿ ਮਨਜੀਤ ਸਿੰਘ ਵੱਲੋਂ ਰਾਹੁਲ ਗਾਂਧੀ ਦੀ "ਭਾਰਤ ਜੋੜੋ ਯਾਤਰਾ" ਨੂੰ ਪੰਜਾਬ ਵਿਚ ਕਾਮਯਾਬ ਕਰਨ ਲਈ ਮੋਗਾ ਹਲਕੇ ਦੇ ਪਿੰਡਾਂ ਅੰਦਰ ਕੀਤੀਆਂ ਜਾ ਰਹੀਆਂ। ਇਸ ਮੌਕੇ ਅਵਤਾਰ ਸਿੰਘ ਤਾਰੀ, ਹਰਪਾਲ ਬਰਾੜ, ਡਾ. ਹਰਦੁਆਰੀ ਲਾਲ, ਸੁਰਜੀਤ ਸਿੰਘ ਫੌਜੀ, ਮਲਕੀਤ ਸਿੰਘ, ਛਿੰਦਰਪਾਲ ਸ਼ਰਮਾ, ਅਜੀਤਪਾਲ ਸ਼ਰਮਾ, ਰਾਜੂ ਸਹੋਤਾ ਚੇਅਰਮੈਨ ਐੱਸ ਸੀ ਸੈੱਲ ਮੋਗਾ ਤੇ ਜੋਗਿੰਦਰ ਸਿੰਘ ਗਿੱਲ ਆਦਿ ਹਾਜ਼ਰ ਸਨ।



# ਮਨੀਸ਼ਾ ਦੇਵਾ ਨੇ ਨਾਗੀ ਹਸਪਤਾਲ ਨੂੰ ਲਾਰਯੰਗੋ ਸਕੋਪੀ ਮਸ਼ੀਨ ਸੌਂਪੀ

**ਤਲਵੰਡੀ ਭਾਈ (ਬਹਾਦਰ ਸਿੰਘ ਭੁੱਲਰ)**-ਬੀਤੇ ਦਿਨੀਂ ਵਾਇਸ ਕੈਸ਼ੀਅਰ ਸੂਫੀ ਸੰਤ ਸਮਾਜ ਮਨੀਸ਼ਾ ਦੇਵਾ ਤੇ ਰੋਬਿਨ ਭੱਲਾ ਵੱਲੋਂ ਨਾਗੀ ਹਸਪਤਾਲ ਮੁੱਦਕੀ ਨੂੰ ਲਾਰਯੰਗੋ ਸਕੋਪੀ ਮਸ਼ੀਨ ਸੌਂਪੀ ਗਈ। ਉਨ੍ਹਾਂ ਦੱਸਿਆ ਕਿ ਇਸ ਮਸ਼ੀਨ ਨਾਲ ਛੋਟੀ ਗਰਦਨ ਵਾਲੇ ਮਰੀਜ਼ਾਂ ਨੂੰ ਸਾਹ ਵਾਲੀ ਨਾਲੀ ਪਾਉਣ ਵਿੱਚ ਕੋਈ ਮੁਸ਼ਕਲ ਨਹੀਂ ਆਵੇਗੀ। ਉਨ੍ਹਾਂ ਦੱਸਿਆ ਕਿ ਇਸ ਮਸ਼ੀਨ ਦੀ ਕੀਮਤ ਬਾਜ਼ਾਰ ਵਿੱਚ 90000 ਰੁਪਏ ਹੈ। ਇਸ ਮੌਕੇ ਡਾਇਰੈਕਟਰ ਕੁਲਦੀਪ ਸਿੰਘ ਨਾਗੀ ਵੱਲੋਂ ਮਨੀਸ਼ਾ ਦੇਵਾ ਜੀ ਦਾ ਧੰਨਵਾਦ ਕੀਤਾ ਗਿਆ ਅਤੇ ਕਿਹਾ ਕਿ ਮੇਰੇ ਤੇ ਮੇਰੀ ਪੂਰੀ ਟੀਮ ਵੱਲੋਂ ਇਲਾਕੇ ਦੇ ਲੋਕਾਂ ਦੀ ਪੂਰੀ ਇਮਾਨਦਾਰੀ ਤੇ ਤਨਦੇਹੀ ਨਾਲ ਹਰ ਸੰਭਵ ਮਦਦ ਕੀਤੀ ਜਾਵੇਗੀ।



## ...ਸਫ਼ਾ 1 ਦੇ ਬਾਕੀ

### ਸ੍ਰੀ ਅਨੰਦਪੁਰ ਸਾਹਿਬ...

ਕੇ ਸ੍ਰੀ ਅਨੰਦਪੁਰ ਸਾਹਿਬ ਅਤੇ ਅੰਮ੍ਰਿਤਸਰ ਵਿਚਾਲੇ ਸਰਕਾਰੀ ਬੱਸਾਂ ਨਾ ਚਲਾਉਣ ਦਾ ਕਾਰਨ ਜਾਣਿਆ ਅਤੇ ਭਲਕੇ 10 ਅਕਤੂਬਰ ਤੋਂ ਸਿੱਖੀ ਦੇ ਦੋਵੇਂ ਕੇਂਦਰਾਂ ਵਿਚਾਲੇ ਨਿਰੰਤਰ ਬੱਸ ਸਰਵਿਸ ਸ਼ੁਰੂ ਕਰਨ ਦੀ ਹਦਾਇਤ ਕੀਤੀ। ਨੰਗਲ ਡਿਪੂ ਵਿੱਚ ਖੜ੍ਹੀਆਂ ਬੱਸਾਂ ਸੰਬੰਧੀ ਭੁੱਲਰ ਨੇ ਜਨਰਲ ਮੈਨੇਜਰ ਗੁਰਸੇਵਕ ਸਿੰਘ ਰਾਜਪਾਲ ਨੂੰ ਨਿਰਦੇਸ਼ ਦਿੱਤੇ ਕਿ ਬੱਸਾਂ ਦੀ ਪਾਸਿੰਗ ਕਰਵਾ ਕੇ ਤੁਰੰਤ ਇਨ੍ਹਾਂ ਨੂੰ ਚਲਾਇਆ ਜਾਵੇ।

### ਬਲੀਜੀਤ ਤੇ ਗੁਰਤੇਜ ...

ਕਾਲੀ ਤੇ ਜਨਰਲ ਸਕੱਤਰ ਮੱਖਣ ਮਾਨ ਨੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ ਤੇ ਇਸ ਐਵਾਰਡ ਨੂੰ ਜਾਰੀ ਰੱਖਣ ਦਾ ਅਹਿਦ ਵੀ ਲਿਆ। ਇਸ ਮੌਕੇ ਗੁਲ ਚੌਹਾਨ, ਜਗਦੀਪ ਸਿੱਧੂ, ਹਰਵਿੰਦਰ ਭੰਡਾਲ, ਸਬਦੀਸ਼, ਤਸਕੀਨ ਤੇ ਹੋਰ ਲੇਖਕ ਸ਼ਾਮਲ ਸਨ।

### ਸੁਖਬੀਰ ਤੇ ਸਰਨਾ...

ਨਿਭਾਉਂਦਿਆਂ ਕਿਹਾ ਕਿ ਪੰਥਕ ਏਕਤਾ ਸਮੇਂ ਦੀ ਸਖਤ ਲੋੜ ਹੈ ਅਤੇ ਪੰਥ ਦੋਖੀ ਤਾਕਤਾਂ ਨਾਲ ਲੜਨ ਲਈ ਇਕੱਠੇ ਹੋਣਾ ਬਹੁਤ ਜ਼ਰੂਰੀ ਹੈ। ਇਸ ਮੌਕੇ ਭੁਪਿੰਦਰ ਸਿੰਘ ਸਰਨਾ, ਪ੍ਰਭਜੀਤ ਸਿੰਘ ਸਰਨਾ, ਹਰਪਾਲ ਸਿੰਘ ਸਰਨਾ, ਮਨਜੀਤ ਸਿੰਘ ਸਰਨਾ, ਭੁਪਿੰਦਰ ਸਿੰਘ ਸਰਨਾ, ਇੰਦਰਜੀਤ ਸਿੰਘ ਸੰਤਗੜ੍ਹ, ਰਮਨਦੀਪ ਸਿੰਘ ਸੋਨੂੰ, ਤੇਜਿੰਦਰ ਸਿੰਘ ਗੋਪਾ ਮੈਂਬਰ ਦਿੱਲੀ ਕਮੇਟੀ, ਹਰਜੋਤ ਸਿੰਘ ਸ਼ਾਹ (ਸਿੱਖੀ ਚੈਨਲ ਵਾਲੇ) ਆਦਿ ਵੀ ਹਾਜ਼ਰ ਸਨ। ਇਹਨਾਂ ਤੋਂ ਇਲਾਵਾ ਦੋ ਦਰਜਨ ਦੇ ਕਰੀਬ ਦਿੱਲੀ ਕਮੇਟੀ ਦੇ ਮੈਂਬਰ ਵੀ ਮੌਜੂਦ ਸਨ।

# ਲੋਕਾਂ ਦੇ ਸੰਘਰਸ਼ ਨੂੰ ਬੂਰ ਪੈਣ ਦੀ ਸੰਭਾਵਨਾ

**ਹੜ੍ਹਾਂ ਦੇ ਪਾਣੀ ਦੀ ਨਿਕਾਸੀ ਲਈ ਐੱਕਸਪ੍ਰੈੱਸ ਵੇ ਦੇ ਅਧਿਕਾਰੀਆਂ ਦੀ ਟੀਮ ਪੁੱਜੀ**

**ਪਾਤੜਾਂ, (ਭੁਪਿੰਦਰਜੀਤ ਮੌਲਵੀਵਾਲਾ)**-ਕੇਂਦਰ ਸਰਕਾਰ ਵੱਲੋਂ ਭਾਰਤ ਮਾਲਾ ਪਰਿਯੋਜਨਾ ਤਹਿਤ ਬਣਾਏ ਜਾ ਰਹੇ ਦਿੱਲੀ ਅੰਮ੍ਰਿਤਸਰ ਕੱਟੜਾ ਐਕਸਪ੍ਰੈਸ ਵੇ ਦੇ ਵਿਧਾਨ ਸਭਾ ਹਲਕਾ ਸ਼ੁਤਰਾਣਾ ਦੇ ਪਿੰਡਾਂ ਵਿਚੋਂ ਲੰਘਣ ਵਾਲੀ ਥਾਂ ਤੋਂ ਘੱਗਰ ਦਰਿਆ ਵਿੱਚ ਆਉਣ ਵਾਲੇ ਹੜ੍ਹਾਂ ਦੇ ਪਾਣੀ ਦੀ ਨਿਕਾਸੀ ਨੂੰ ਲੈ



ਇਲਾਕੇ ਦੇ ਲੋਕਾਂ ਵੱਲੋਂ ਕੀਤੇ ਜਾ ਰਹੇ ਸੰਘਰਸ਼ ਨੂੰ ਬੂਰ ਪੈਣ ਦੀਆਂ ਸੰਭਾਵਨਾਵਾਂ ਬਣ ਗਈਆਂ ਹਨ। ਪਿਛਲੇ ਕਈ ਦਿਨਾਂ ਤੋਂ ਪਿੰਡ ਸੁਤਰਾਣਾ ਰਸੌਲੀ, ਕਰਤਾਰਪੁਰ ਝੀਲ, ਭੂੰਡਥੇਹ ਸਮੇਤ ਦਰਜਨ ਦੇ ਕਰੀਬ ਪਿੰਡਾਂ ਦੇ ਲੋਕਾਂ ਵੱਲੋਂ ਸੜਕ ਨੂੰ ਪਿੱਲਰਾਂ ਉਤੇ ਬਣਾਉਣ ਦੀ ਮੰਗ ਕੀਤੀ ਜਾ ਰਹੀ ਸੀ। ਜਿਸਦੇ ਸਰਵੇਖਣ ਲਈ ਸੜਕ ਬਣਾਉਣ ਵਾਲੀ ਕੰਪਨੀ ਦੇ ਏਜੀਐਮ ਵੱਲੋਂ ਐਤਵਾਰ ਨੂੰ ਸਬੰਧਤ ਇਲਾਕੇ ਦਾ ਦੌਰਾ ਕਰਕੇ ਪ੍ਰਭਾਵਿਤ ਜਗ੍ਹਾ ਦਾ ਨਿਰੀਖਣ ਕਰਦਿਆਂ ਲੋਕਾਂ ਦਾ ਪੱਖ ਸੁਣਿਆ। ਇਸ ਦੌਰਾਨ ਪਾਤੜਾਂ ਇਲਾਕੇ ਵਿਚੋਂ ਐਕਸਪ੍ਰੈਸ ਵੇਅ ਦਾ ਨਿਰਮਾਣ ਕਰਨਾ ਵਾਲੀ ਕੰਪਨੀ ਸੀਡੀਐਸ ਇਨਫਰਾ ਪ੍ਰੋਜੈਕਟਸ ਲਿਮਿਟਡ ਦੇ ਅਸਿਸਟੈਂਟ ਜਨਰਲ ਮੈਨੇਜਰ ਮੁਕੇਸ ਤਿਆਗੀ, ਅਸਿਸਟੈਂਟ ਮੈਨੇਜਰ ਆਲੋਕ ਤਿਵਾੜੀ ਅਤੇ ਐਸਡੀਓ ਕਨਿਸਕ ਡਾਂਗੀ ਨੇ ਲੋਕਾਂ ਨੂੰ ਵਿਸਵਾਸ ਦਿਵਾਇਆ ਕਿ ਮੰਗਾਂ ਨੂੰ ਪ੍ਰਵਾਨ ਕਰਦਿਆਂ ਡੇਢ ਕਿਲੋਮੀਟਰ ਇਲਾਕੇ ਵਿੱਚ ਪਾਣੀ ਦੀ ਨਿਕਾਸੀ ਲਈ ਨੈਸਨਲ ਹਾਈਵੇਅ ਅਥਾਰਟੀ ਤੋਂ ਮੰਨਜ਼ੂਰੀ ਲੈਣ ਉਪਰੰਤ ਦੋ ਪੁਲ ਹੋਰ ਵਧਾਏ ਜਾਣਗੇ ਅਤੇ ਛੋਟੀਆਂ ਪੁਲੀਆਂ ਨੂੰ ਵੀ ਵੱਡਾ ਕਰ ਦਿੱਤਾ ਜਾਵੇਗਾ। ਸੰਘਰਸ਼ ਕਰ ਰਹੇ ਲੋਕਾਂ ਦੀ ਅਗਵਾਈ ਕਰ ਰਹੇ ਰੋਡ ਕਿਸਾਨ ਸੰਘਰਸ ਕਮੇਟੀ ਪਟਿਆਲਾ ਦੇ ਮੀਤ ਪ੍ਰਧਾਨ ਨਿਰੰਕਾਰ ਸਿੰਘ ਨੇ ਦੱਸਿਆ ਕਿ ਬਾਰਾਂ ਤੋਂ ਪੰਦਰਾਂ ਫੁੱਟ ਉਚਾਈ ਤੇ ਬਣ ਰਹੀ ਦਿੱਲੀ ਕੱਟੜਾ ਐਕਸਪ੍ਰੈਸ ਹਾਈਵੇਅ ਪੰਜਾਬ ਦੇ ਗਲੌਲੀ ਪਿੰਡ ਤੋਂ ਸ਼ੁਰੂ ਹੋਣ ਉਪਰੰਤ ਸੁਤਰਾਣਾ ਦੇ ਘੱਗਰ ਪ੍ਰਭਾਵਿਤ ਇਲਾਕੇ ਚੋਂ ਗੁਜਰਦੀ ਹੈ। ਪਰ ਇਸ ਹਾਈਵੇਅ ਦੇ ਘੱਗਰ ਦਰਿਆ ਤੋਂ ਸੁਤਰਾਣਾ ਵਾਲੇ ਪਾਸੇ ਆਉਂਦੇ ਹੜ ਦੇ ਪਾਣੀ ਦੀ ਨਿਕਾਸੀ ਲਈ ਪੂਰਾ ਪ੍ਰਬੰਧ ਨਾ ਹੁੰਦਾ ਵੇਖ ਇਲਾਕੇ ਦੇ ਕਿਸਾਨਾਂ ਅਤੇ ਆਮ ਲੋਕਾਂ ਵੱਲੋਂ ਸੜਕ ਨਿਰਮਾਣ ਦਾ ਵਿਰੋਧ ਕੀਤਾ ਗਿਆ। ਇਸ ਸਬੰਧੀ ਹਲਕਾ ਵਿਧਾਇਕ ਕੁਲਵੰਤ ਸਿੰਘ ਬਾਜੀਗਰ ਸਮੇਤ ਵੱਖ-ਵੱਖ ਅਧਿਕਾਰੀਆਂ ਨੂੰ ਵੀ ਜਾਣੂ ਕਰਵਾਇਆ ਗਿਆ। ਇਸ ਮੌਕੇ ਮੌਜੂਦ ਸਾਬਕਾ ਸਰਪੰਚ ਭੁਪਿੰਦਰ ਸਿੰਘ ਰਸੌਲੀ, ਹਰਪਾਲ ਸਿੰਘ ਵੜੈਚ, ਅੰਮ੍ਰਿਤਪਾਲ ਸਿੰਘ ਤੇ ਹਰਭਜਨ ਸਿੰਘ ਚੀਮਾ ਆਦਿ ਨੇ ਕਿਹਾ ਕਿ ਉਨ੍ਹਾਂ ਦੀ ਮੰਗ ਸੜਕ ਨੂੰ ਪਿਲਰਾਂ ਤੇ ਬਣਾਉਣ ਦੀ ਹੈ। ਪ੍ਰੰਤੂ ਜੇਕਰ ਪਾਣੀ ਦੀ ਪੂਰਨ ਨਿਕਾਸ ਲਈ ਕੰਪਨੀ ਹੋਰ ਪੁਲ ਬਣਾਉਂਦੀ ਹੈ ਤਾਂ ਉਹ ਸਹਿਮਤ ਹਨ ਪਰ ਜੇਕਰ ਕੰਪਨੀ ਨੇ ਕਿਸੇ ਕਿਸਮ ਦਾ ਧੋਖਾ ਕਰਨ ਦੀ ਕੋਸ਼ਿਸ ਕੀਤੀ ਤਾਂ ਅਸੀਂ ਕਿਸਾਨ ਯੂਨੀਅਨ ਦੇ ਸਹਿਯੋਗ ਨਾਲ ਅਗਲੀ ਕਾਰਵਾਈ ਸ਼ੁਰੂ ਕਰ ਦਿਆਂਗੇ। ਇਸ ਸਮੇਂ ਸਰਪੰਚ ਚਿਮਨ ਲਾਲ ਰਸੌਲੀ, ਰਣਜੀਤ ਸਿੰਘ, ਗੁਰਮੁਖ ਸਿੰਘ,ਅਮਰੀਕ ਸਿੰਘ, ਕੁਲਦੀਪ ਲਾਡੀ, ਮੇਜਰ ਰਸੌਲੀ, ਆਦਿ ਹਾਜ਼ਰ ਸਨ।

# ਕੁਦਰਤਵਾਦੀ ਸਰਬ-ਸਾਂਝਾ ਮੰਚ ਵੱਲੋਂ ਨਾਵਲਕਾਰ ਹਰੀ ਸਿੰਘ ਢੁੱਡੀਕੇ ਸਨਮਾਨਤ

**ਮੋਗਾ, (ਅਮਰਜੀਤ ਬੱਬਰੀ)**-ਕੁਦਰਤਵਾਦੀ ਸਰਬ ਸਾਂਝਾ ਮੰਚ ਮੋਗਾ ਵੱਲੋਂ ਉੱਘੇ ਨਾਵਲਕਾਰ ਹਰੀ ਸਿੰਘ ਢੁੱਡੀਕੇ ਨੂੰ ਸਾਹਿਤ ਦੇ ਖੇਤਰ ਵਿੱਚ ਪਾਏ ਵਡਮੁੱਲੇ ਯੋਗਦਾਨ ਲਈ ਸਨਮਾਨਤ ਕੀਤਾ ਗਿਆ । ਪ੍ਰਧਾਨਗੀ ਮੰਡਲ ਵਿਚ ਅਸ਼ੋਕ ਚਟਾਨੀ, ਬਲਦੇਵ ਸੜਕਨਾਮਾ, ਹਰੀ ਸਿੰਘ ਢੁੱਡੀਕੇ, ਡਾ. ਸੁਰਜੀਤ ਬਰਾੜ ਅਤੇ ਕਹਾਣੀਕਾਰ ਜਸਵੀਰ ਕਲਸੀ ਧਰਮਕੋਟ ਸੁਸ਼ੋਭਿਤ ਸਨ । ਸਮਾਗਮ ਦੇ ਸ਼ੁਰੂ 'ਚ ਮਾਸਟਰ ਪ੍ਰੇਮ ਕੁਮਾਰ ਨੇ ਗੀਤ ਅਤੇ ਨਰਿੰਦਰ ਰੋਹੀ ਤੇ ਆਤਮਾ ਸਿੰਘ ਚੜਿੱਕ ਵੱਲੋਂ ਗ਼ਜ਼ਲਾਂ ਪੇਸ਼ ਕੀਤੀਆਂ ਗਈਆਂ । ਹਰੀ ਸਿੰਘ ਢੁੱਡੀਕੇ ਦੀ ਸਾਹਿਤ ਸਿਰਜਣਾ ਬਾਰੇ ਜਸਬੀਰ ਕਲਸੀ ਨੇ ਵਿਸਥਾਰਪੂਰਕ ਪਰਚਾ ਪੜ੍ਹਦਿਆਂ ਉਸ ਨੂੰ ਸਮਾਜਿਕ ਅਤੇ ਇਤਿਹਾਸਕ ਨਾਵਲਾਂ ਦਾ ਸਿਰਮੌਰ ਨਾਵਲਕਾਰ ਕਿਹਾ । ਕਲਸੀ ਨੇ ਕਿਹਾ ਕਿ ਹਰੀ ਸਿੰਘ ਨੇ ਗ਼ਦਰੀ ਬਾਬਿਆਂ ਅਤੇ ਲਾਲਾ ਲਾਜਪਤ ਰਾਏ ਵਰਗੇ ਦੇਸ਼ ਭਗਤਾਂ ਨੂੰ ਖੂਬਸੂਰਤ ਜੁਗਤਾਂ ਰਾਹੀਂ ਆਪਣੇ ਨਾਵਲਾਂ 'ਚ ਉਭਾਰਿਆ ਹੈ ਅਤੇ ਤਕਨੀਕੀ ਪੱਖੋਂ ਉਨ੍ਹਾ ਢੁੱਡੀਕੇ ਦੇ ਸਮੁੱਚੇ ਸਾਹਿਤ ਦੀ ਪ੍ਰਸੰਸਾ ਕੀਤੀ। ਡਾ. ਸੁਰਜੀਤ ਬਰਾੜ, ਬਲਦੇਵ ਸੜਕਨਾਮਾ ਅਤੇ ਗੁਰਚਰਨ ਢੁੱਡੀਕੇ ਨੇ ਕਿਹਾ ਕਿ ਹਰੀ ਸਿੰਘ ਦੇ ਨਾਵਲ ਪਾਠਕਾਂ ਨੂੰ ਚੰਗੀ ਸੇਧ ਦਿੰਦੇ ਹਨ ਅਤੇ ਉਸ ਦੀ ਨਾਵਲ ਵਿਧਾ ਦੀ ਖੂਬ ਤਾਰੀਫ ਕੀਤੀ । ਡਾ. ਸਰਬਜੀਤ ਬਰਾੜ , ਤਰਸੇਮ ਗਗੜਾ ,ਭੁਪਿੰਦਰ ਜੋਗੇਵਾਲਾ , ਸਰਬਜੀਤ ਮੱਲਾਂ ਅਤੇ ਜੈਕਬ ਢੁੱਡੀਕੇ ਨੇ ਵੀ ਹਰੀ ਸਿੰਘ ਦੀ ਸਾਹਿਤ ਸਿਰਜਣਾ ਬਾਰੇ ਆਪਣੇ ਆਪਣੇ ਵਿਚਾਰ ਰੱਖੇ । ਉਪਰੰਤ ਮੰਚ ਵੱਲੋਂ ਹਰੀ ਸਿੰਘ ਢੁੱਡੀਕੇ ਨੂੰ ਸਨਮਾਨ ਪੱਤਰ ਕਿਤਾਬਾਂ ਦਾ ਸੈੱਟ ਅਤੇ ਨਕਦ ਰਾਸ਼ੀ ਨਾਲ ਸਨਮਾਨਿਤ ਕੀਤਾ ਗਿਆ । ਸਮਾਗਮ ਦੇ ਦੂਜੇ ਸੈਸ਼ਨ ਚ ਕਵੀ ਦਰਬਾਰ ਹੋਇਆ ਜਿਸ ਵਿੱਚ ਹਰਪ੍ਰੀਤ ਸਿੰਘ ਹੈਪੀ, ਰਮਨਪ੍ਰੀਤ ਕੌਰ, ਰਤਨਜੋਤ ਕੌਰ ,ਕਰਮਜੀਤ ਕੌਰ, ਅਰੁਣ ਸ਼ਰਮਾ , ਰੁਪਿੰਦਰਪਾਲ ਸਿੰਘ ,ਹਰਮੀਤ ਸਿੰਘ ,ਬਲਦੇਵ ਸਿੰਘ, ਦਿਲਬਾਗ ਬੁੱਕਣਵਾਲਾ ਅਤੇ ਚਰਨਜੀਤ ਮੋਗਾ ਨੇ ਆਪਣੇ ਆਪਣੇ ਕਲਾਮ ਪੇਸ਼ ਕੀਤੇ ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Fatehpuri**
ਸੰਪਾਦਕ : **ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।
**ਫੋਨ ਨੰਬਰ ਪ੍ਰਬੰਧਕੀ ਵਿਭਾਗ** : 0181-5097300, **ਸਮਾਚਾਰ ਵਿਭਾਗ** : 0181-5097310, **ਈ-ਮੇਲ** : nawanzamana@gmail.com * **Web** : www.nawanzamana.in

# ਸੀ ਪੀ ਆਈ ਐੱਮ ਨੇ ਲੋਕ ਮਸਲਿਆਂ ਨੂੰ ਲੈ ਕੇ ਮੁੱਖ ਮੰਤਰੀ ਨੂੰ ਭੇਜਿਆ ਮੰਗ ਪੱਤਰ

**ਪਠਾਨਕੋਟ (ਦਵਿੰਦਰ ਸਿੰਘ)**

ਸੀ ਪੀ ਆਈ (ਐੱਮ) ਜ਼ਿਲ੍ਹਾ ਪਠਾਨਕੋਟ ਵਲੋਂ ਪ੍ਰਬੰਧਕੀ ਕੰਪਲੈਕਸ ਪਠਾਨਕੋਟ ਵਿਖੇ ਜ਼ਿਲ੍ਹਾ ਸਕੱਤਰ ਕਾਮਰੇਡ ਕੇਵਲ ਕਾਲੀਆ ਦੀ ਅਗਵਾਈ ਹੇਠ ਰੈਲੀ ਕੀਤੀ ਗਈ। ਉਪਰੰਤ ਐੱਸਡੀਐੱਮ ਪਠਾਨਕੋਟ ਰਾਹੀਂ ਮੁੱਖ ਮੰਤਰੀ ਪੰਜਾਬ ਨੂੰ ਮੰਗ ਪੱਤਰ ਦਿੱਤਾ ਗਿਆ। ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਕਾਮਰੇਡ ਕੇਵਲ ਕਾਲੀਆ ਨੇ ਦੱਸਿਆ ਕਿ ਚੌਵੀ ਅਗਸਤ ਨੂੰ ਜਲੰਧਰ ਰੈਲੀ ਵਿਚ ਇੱਕ ਮਤਾ ਪਾਸ ਕੀਤਾ ਗਿਆ ਸੀ ਕਿ ਪੰਜਾਬ ਦੇ ਲੋਕਾਂ ਨਾਲ ਸਬੰਧਤ ਮਸਲੇ ਅਤੇ ਮੰਗਾਂ ਨੂੰ ਲੈ ਕੇ ਸਾਰੇ ਜ਼ਿਲ੍ਹਿਆਂ ਵਿੱਚ ਰੈਲੀਆਂ ਕਰਕੇ ਐੱਸਡੀਐੱਮ ਰਾਹੀਂ ਮੰਗ ਪੱਤਰ ਮੁੱਖ ਮੰਤਰੀ ਪੰਜਾਬ ਨੂੰ ਭੇਜੇ ਜਾਣਗੇ। ਇਸੇ ਲੜੀ ਤਹਿਤ ਪਠਾਨਕੋਟ ਵਿਖੇ ਰੈਲੀ ਉਪਰੰਤ ਮੰਗ ਪੱਤਰ ਦਿੱਤਾ ਗਿਆ।

ਉਨ੍ਹਾਂ ਦੱਸਿਆ ਕਿ ਇਸ ਰੈਲੀ ਨੂੰ ਕਾਮਰੇਡ ਹਰਬੰਸ ਲਾਲ, ਕਾਮਰੇਡ ਬਿਕਰਮਜੀਤ, ਕਾਮਰੇਡ ਰਾਜ ਕੁਮਾਰ, ਕਾਮਰੇਡ ਪਰਸ਼ੋਤਮ ਕੁਮਾਰ, ਕਾਮਰੇਡ ਪ੍ਰੇਮ ਸਿੰਘ, ਕਾਮਰੇਡ ਸੁਰਿੰਦਰ ਸਹਿਗਲ ਆਦਿ ਬੁਲਾਰਿਆਂ ਨੇ ਸੰਬੋਧਨ ਕੀਤਾ ਅਤੇ ਮੰਗ ਕੀਤੀ ਕਿ ਅਮਨ-ਕਾਨੂੰਨ ਦੀ ਹਾਲਤ ਨਿੱਘਰ ਗਈ ਹੈ ਇਸ ਤੇ ਕੰਟਰੋਲ ਕਰਕੇ ਸੁਧਾਰ ਕੀਤਾ ਜਾਵੇ। ਖਰਾਬ ਹੋਈਆਂ ਫਸਲਾਂ ਦਾ ਵਾਜਬ ਮੁਆਵਜ਼ਾ ਤੁਰੰਤ ਦਿੱਤਾ ਜਾਵੇ। ਕੱਚੇ ਮੁਲਾਜ਼ਮ ਪੱਕੇ ਕੀਤੇ ਜਾਣ ਤੇ ਨੌਜੁਆਨਾਂ ਨੂੰ ਰੁਜ਼ਗਰ ਦਿੱਤਾ ਜਾਵੇ। ਆਬਾਦਕਾਰਾਂ, ਕਿਸਾਨੀ ਅਤੇ ਮਜ਼ਦੂਰਾਂ ਨੂੰ ਹੱਕ ਮਾਲਕੀ ਦਿੱਤਾ ਜਾਵੇ। ਬੇਘਰੇ ਮਜ਼ਦੂਰਾਂ ਨੂੰ 10-10 ਮਰਲੇ ਦੇ ਪਲਾਟ ਮੁਫਤ ਦਿੱਤੇ ਜਾਣ। ਮਨਰੇਗਾ ਮਜ਼ਦੂਰਾਂ ਨੂੰ 200 ਦਿਨ ਕੰਮ ਅਤੇ 700 ਰੁਪਏ ਦਿਹਾੜੀ ਦਿੱਤੀ ਜਾਵੇ। ਨਸ਼ਾ ਅਤੇ ਰੇਤਾ/ਬਜਰੀ ਮਾਫੀਆ ਨੂੰ ਨੱਥ ਪਾਈ ਜਾਵੇ।




# ਭਾਰਤ-ਪਾਕਿ ਸਰਹੱਦ ’ਤੇ ਫਿਰ ਦਿਸਿਆ ਪਾਕਿ ਡਰੋਨ

**ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)**-ਪਾਕਿਸਤਾਨ ਆਪਣੀਆਂ ਨਾਪਾਕ ਹਰਕਤਾਂ ਤੋਂ ਬਾਜ਼ ਨਹੀ ਆ ਰਿਹਾ ਹੈ ਅਤੇ ਆਏ ਦਿਨ ਹੀ ਪਾਕਿਸਤਾਨ ਵੱਲੋਂ ਭਾਰਤ ਅੰਦਰ ਡਰੋਨ ਦੀ ਗਤੀਵਿਧੀਆਂ ਨੂੰ ਹੋਰ ਤੇਜ਼ ਕਰ ਦਿੱਤਾ ਗਿਆ ਹੈ ਜਿਸ ਦੇ ਚਲਦਿਆ ਪਾਕਿਸਤਾਨ ਵੱਲੋਂ ਬੀ.ਐੱਸ.ਐੱਫ ਦੀ 103 ਬਟਾਲੀਅਨ ਅਮਰਕੋਟ ਦੀ ਬੀ. ਓ. ਪੀ. ਪਲੋਪੱਤੀ ਦੇ ਬੀ. ਪੀ. ਨੰਬਰ 145/08ਦੀ ਅਲਾਈਨਮੈਂਟ ’ਤੇ ਬੀਤੀ ਰਾਤ ਕਰੀਬ 8.26 ਵਜੇ ਤੋਂ ਲੈ ਕੇ 8.28 ਮਿੰਟ ਤੱਕ ਪਾਕਿ ਡਰੋਨ ਦੀ ਹਲਚਲ ਸੁਣਾਈ ਦਿੱਤੀ, ਜੋ ਕਿ ਪਾਕਿ ਡਰੋਨ ਦੀ ਆਵਾਜ਼ ਲਗਭਗ ਦੋ ਮਿੰਟ ਤਕ ਅਸਮਾਨ ’ਚ ਗੂੰਜਦੀ ਰਹੀ । ਇਸ ਦੌਰਾਨ ਆ ਰਹੀ ਆਵਾਜ਼ ਵੱਲ ਬੀ. ਐੱਸ. ਐੱਫ. ਦੇ ਜਵਾਨਾਂ ਨੇ ਪੰਜ ਰਾਊਂਡ ਫਾਇਰ ਅਤੇ ਦੋ ਈਲੂ ਬੰਬ ਦਾਗੇ ਜਿਸ ਤੋਂ ਠੀਕ 2 ਮਿੰਟ ਬਾਅਦ ਸਰਹੱਦ ’ਤੇ ਆ ਰਹੀ ਡਰੋਨ ਦੀ ਆਵਾਜ਼ ਪਾਕਿਸਤਾਨ ਵੱਲ ਮੁੜ ਗਈ ਜਿਸ ’ਤੇ ਸਵੇਰੇ ਤੜਕਸਾਰ ਬੀ.ਐੱਸ.ਐੱਫ. ਤੇ ਖਾਲੜਾ ਪੁਲਸ ਵੱਲੋਂ ਸਾਂਝਾ ਸਰਚ ਆਪਰੇਸ਼ਨ ਚਲਾਇਆ ਗਿਆ ਜਿਸ ਵਿੱਚ ਕੋਈ ਵੀ ਸ਼ੱਕੀ ਵਸਤੂ ਬਰਾਮਦ ਨਹੀਂ ਹੋਈ।



# ਆਲਟੋ ਕਾਰ ਸਵਾਰਾਂ ਨੇ ਮੋਟਰਸਾਈਕਲ ਸਵਾਰ ਨੂੰ ਲੁੱਟਿਆ

**ਪੱਟੀ, (ਬਲਦੇਵ ਸਿੰਘ ਸੰਧੂ/ ਸ਼ਮਸ਼ੇਰ ਸਿੰਘ ਯੋਧਾ)**

ਸਰਹਾਲੀ ਇਲਾਕੇ ਅੰਦਰ ਰੋਜ਼ਾਨਾ ਹੋ ਰਹੀਆਂ ਲੁੱਟ-ਖੋਹ ਅਤੇ ਚੋਰੀ ਦੀਆਂ ਵਾਰਦਾਤਾਂ ਨਾਲ ਲੋਕਾਂ ਵਿਚ ਡਰ ਦਾ ਮਾਹੌਲ ਪੈਦਾ ਹੋ ਗਿਆ ਅਤੇ ਪੁਲਸ ਗਹਿਰੀ ਨੀਂਦ ਵਿੱਚ ਸੁੱਤੀ ਹੋਈ ਹੈ। ਦੂਸਰੇ ਪਾਸੇ ਇਸ ਇਲਾਕੇ ਅੰਦਰ ਨਸ਼ੇ ਦਾ ਬੋਲਬਾਲਾ ਹੋਣ ਕਾਰਨ ਅਤੇ ਨਸ਼ਈ ਲੋਕਾਂ ਵੱਲੋਂ ਅਜਿਹੀ ਘਟਨਾ ਨੂੰ ਅੰਜਾਮ ਦੇਣਾ ਰੋਜ਼ ਦੀ ਗੱਲ ਬਣ ਗਈ ਹੈ। ਪੁਲਸ ਵੀ ਨਸ਼ਈ ਲੋਕਾਂ ਖਿਲਾਫ ਸਖਤ ਕਾਰਵਾਈ ਕਰਨ ਤੋਂ ਡਰਨ ਲੱਗ ਪਈ ਹੈ। ਇਸੇ ਤਰ੍ਹਾਂ ਦੀ ਤਾਜ਼ਾ ਘਟਨਾ ਬੀਤੇ ਦਿਨੀਂ ਪਿੰਡ ਠੱਠੀਆਂ ਮਹੰਤ ਮੋੜ ਵਿਖੇ ਮੋਟਰਸਾਈਕਲ ’ਤੇ ਜਾ ਰਹੇ ਇਕ ਆਦਮੀ ਨਾਲ ਵਾਪਰ ਗਈ। ਇਸ ਮੌਕੇ ਪੀੜਿਤ ਤਾਰਾ ਸਿੰਘ ਵਾਸੀ ਮੁੰਡਾ ਪਿੰਡ ਨੇ ਦੱਸਿਆ ਕਿ ਆਪਣੇ ਮੋਟਰਸਾਈਕਲ ’ਤੇ ਸਵਾਰ ਹੋ ਕੇ ਪੱਟੀ ਕਿਸੇ ਕੰਮ ਜਾ ਰਿਹਾ ਸੀ ਅਤੇ ਪਿੱਛੋਂ ਆ ਆਲਟੋ ਕਾਰ 4 ਅਣਪਛਾਤੇ ਲੋਕਾਂ ਨੇ ਮੈਨੂੰ ਘੇਰ ਲਿਆ ਅਤੇ ਮੇਰੇ ਕੋਲ 10 ਹਜ਼ਾਰ ਰੁਪਏ ਨਕਦ ਅਤੇ ਜੀਓ ਕੰਪਨੀ ਦਾ ਸਿੰਪਲ ਫੋਨ ਖੋਹ ਕੇ ਫਰਾਰ ਹੋ ਗਏ। ਘਟਨਾ ਦੀ ਸੂਚਨਾ ਮਿਲਦੇ ਸਰਹਾਲੀ ਪੁਲਸ ਮੌਕੇ ’ਤੇ ਆਈ ਅਤੇ ਅਣਪਛਾਤੇ ਲੋਕਾਂ ਖਿਲਾਫ ਧਾਰਾ 379 ਬੀ ਤਹਿਤ ਮਾਮਲਾ ਦਰਜ ਕਰ ਲਿਆ ਹੈ ਅਤੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।



# ਦਿਹਾਤੀ ਮਜ਼ਦੂਰ ਸਭਾ ਨੇ ਸੂਬਾ ਸਰਕਾਰ ਦਾ ਪੁਤਲਾ ਫੂਕਿਆ



**ਪੱਟੀ (ਬਲਦੇਵ ਸਿੰਘ ਸੰਧੂ /ਸ਼ਮਸ਼ੇਰ ਸਿੰਘ ਯੋਧਾ)**

ਦਿਹਾਤੀ ਮਜ਼ਦੂਰ ਸਭਾ ਵੱਲੋਂ ਪਿੰਡ ਤੂਤ ਵਿਖੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਪੁਤਲਾ ਫੂਕਿਆ ਗਿਆ। ਇਸ ਮੌਕੇ ਤੇ ਇੱਕਠੇ ਹੋਏ ਖੇਤ ਮਜਦੂਰਾਂ ਨੂੰ ਸੰਬੋਧਨ ਕਰਦਿਆਂ ਦਿਹਾਤੀ ਮਜ਼ਦੂਰ ਸਭਾ ਦੇ ਤਹਿਸੀਲ ਸਕੱਤਰ ਚੰਦ ਸਿੰਘ ਤੂਤ ਨੇ ਕਿਹਾ ਕਿ ਪੰਜਾਬ ਦੀ ਭਗਵੰਤ ਮਾਨ ਦੀ ਸਰਕਾਰ ਵੱਲੋਂ ਚੋਣਾਂ ਦੇ ਦੌਰਾਨ ਗਰੀਬ ਲੋਕਾਂ ਨਾਲ ਬੜੇ ਵੱਡੇ ਵੱਡੇ ਚੋਣ ਵਾਅਦੇ ਕੀਤੇ ਗਏ ਸਨ ਜਿਵੇਂ ਕਿ ਰਸੋਈ ਚਲਾਉਣ ਵਾਲੀ ਬੀਬੀ ਦੇ ਖਾਤੇ ਵਿੱਚ ਪ੍ਰਤੀ ਮਹੀਨਾ ਇਕ ਹਜ਼ਾਰ ਰੁਪਏ ਪਾਉਣਾ, ਬੁਢਾਪਾ ਵਿਧਵਾ, ਅੰਗਹੀਣ ਪੈਨਸ਼ਨ 2500 ਕਰਨਾ ਹਰ, ਪਰਿਵਾਰ ਦੇ ਮੈਂਬਰ ਨੂੰ ਯੋਗਤਾ ਅਨੁਸਾਰ ਨੌਕਰੀ ਦੇਣਾ, ਪੰਜਾਬ ਵਿੱਚੋ ਨਸ਼ਿਆਂ ਦਾ ਮੁਕੰਮਲ ਖਾਤਮਾ ਕਰਨ ਵਰਗੇ ਅਹਿਮ ਵਾਅਦੇ ਕੀਤੇ ਗਏ ਸਨ ਪਰ ਪੰਜਾਬ ਅੰਦਰ 6 ਮਹੀਨੇ ਬੀਤ ਗਏ ਹਨ ਆਮ ਆਦਮੀ ਪਾਰਟੀ ਦੀ ਸਰਕਾਰ ਬਣੀ ਨੂੰ ਇਹਨਾਂ ਵਾਅਦਿਆ ਵਿੱਚਾਂ ਇਕ ਵੀ ਵਾਅਦਾ ਪੂਰਾ ਨਹੀਂ ਕੀਤਾ ਗਿਆ। ਮਜ਼ਦੂਰ ਜਥੇਬੰਦੀਆਂ ਵੱਲੋਂ ਇਹਨਾਂ ਮੰਗਾਂ ਨੂੰ ਮਨਵਾਉਣ ਲਈ ਮੁੱਖ ਮੰਤਰੀ ਦੀ ਕੋਠੀ ਅੱਗੇ ਵਿਸ਼ਾਲ ਮੋਰਚਾ ਲੱਗਾ ਸੀ ਜਿਸ ਦੌਰਾਨ ਮੁੱਖ ਮੰਤਰੀ ਨੇ 3 ਅਕਤੂਬਰ ਨੂੰ ਜਥੇਬੰਦੀਆਂ ਨਾਲ ਚੰਡੀਗੜ੍ਹ ਵਿਖੇ ਮੀਟਿੰਗ ਕਰਕੇ ਇਹਨਾਂ ਮੰਗਾਂ ਦਾ ਨਿਪਟਾਰਾ ਕਰਨ ਦਾ ਭਰੋਸਾ ਦਿਵਾਇਆ ਸੀ ਪਰ ਐਨ ਮੌਕੇ ’ਤੇ ਆ ਕੇ ਮੀਟਿੰਗ ਕੈਂਸਲ ਕਰ ਦਿੱਤੀ ਗਈ ਜਿਸ ਤੋਂ ਸਪੱਸ਼ਟ ਹੁੰਦਾ ਹੈ ਕਿ ਭਗਵੰਤ ਮਾਨ ਦੀ ਸਰਕਾਰ ਮਜ਼ਦੂਰ ਵਿਰੋਧੀ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਮਲਕੀਤ ਸਿੰਘ ਤੂਤ, ਚਾਨਣ ਸਿੰਘ ਤੂਤ ਅਤੇ ਮੁੱਖਤਾਰ ਸਿੰਘ ਆਦਿ ਆਗੂ ਹਾਜ਼ਰ ਸਨ।

# ਨਗਰ ਕੀਰਤਨ ਦਾ ਭਰਵਾਂ ਸਵਾਗਤ ਕੀਤਾ ਜਾਵੇਗਾ: ਭਾਈ ਗੁਰਇਕਬਾਲ ਸਿੰਘ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਮਹਾਨ ਨਗਰ ਕੀਰਤਨ ਸਜਾਇਆ ਜਾ ਰਿਹਾ ਹੈ ਜੋ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਆਰੰਭ ਹੋ ਕੇ ਸ੍ਰੀ ਅੰਮ੍ਰਿਤਸਰ ਦੇ 12 ਦਰਵਾਜ਼ਿਆਂ ਤੋਂ ਹੁੰਦਾ ਹੋਇਆ ਸ਼ਾਮ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸਮਾਪਤ ਹੋਵੇਗਾ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਬੀਬੀ ਕੌਲਾਂ ਜੀ ਭਲਾਈ ਕੇਂਦਰ ਟਰੱਸਟ ਭਾਈ ਗੁਰਇਕਬਾਲ ਸਿੰਘ ਜੀ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਨਗਰ ਕੀਰਤਨ ਦਾ ਭਰਵਾਂ ਸਵਾਗਤ ਕੀਤਾ ਜਾਵੇਗਾ । ਇਸ ਸੰਬਧੀ ਭਲਾਈ ਕੇਂਦਰ ਟਰੱਸਟ ਵਿਖੇ ਭਾਈ ਸਾਹਿਬ ਜੀ ਦੀ ਰਹਿਨੁਮਾਈ ਹੇਠ ਮੀਟਿੰਗ ਹੋਈ ਭਾਈ ਸਾਹਿਬ ਜੀ ਨੇ ਨਗਰ ਕੀਰਤਨ ਦੇ ਸਵਾਗਤ ਲਈ ਮੈਂਬਰਾਂ ਦੀਆਂ ਵਿਸ਼ੇਸ਼ ਡਿਊਟੀਆਂ ਲਗਾਈਆਂ ਗਈਆਂ ਤਾਂ ਕਿ ਨਗਰ ਕੀਰਤਨ ਦਾ ਭਰਪੂਰ ਸਵਾਗਤ ਹੋ ਸਕੇ। ਇਸ ਮੌਕੇ ਭਾਈ ਸਾਹਿਬ ਨੇ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਨਗਰ ਕੀਰਤਨ ਦੇ ਸਵਾਗਤ ਲਈ ਹਾਲ ਗੇਟ ਤੋਂ ਲੈ ਕੇ ਲੋਹਗੜ੍ਹ ਦਰਵਾਜ਼ੇ ਤਕ 10 ਅਕਤੂਬਰ ਨੂੰ ਰਾਤ 8 ਵਜੇ ਸਾਰੀ ਰੋਡ ਦੀ ਸੰਗਤਾਂ ਵੱਲੋਂ ਸਾਫ਼ ਸਫ਼ਾਈ ਅਤੇ ਪਾਣੀ ਨਾਲ ਧੋਣ ਦੀ ਸੇਵਾ ਕੀਤੀ ਜਾਵੇਗੀ । ਭਾਈ ਸਾਹਿਬ ਨੇ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਹਾਥੀ ਗੇਟ ਦੇ ਨਜ਼ਦੀਕ ਨਗਰ ਕੀਰਤਨ ਦੇ ਸਵਾਗਤ ਲਈ ਧਾਰਮਿਕ ਸਟੇਜ ਲਗਾਈ ਜਾਵੇਗੀ ਜਿਥੇ ਕੀਰਤਨ ਦੇ ਦਿਵਾਨ ਸਜਣਗੇ ਅਤੇ ਨਗਰ ਕੀਰਤਨ ਨੂੰ ਜੀ ਆਇਆਂ ਕਿਹਾ ਜਾਵੇਗਾ। ਨਗਰ ਕੀਰਤਨ ਵਿੱਚ ਸ਼ਾਮਲ ਸੰਗਤਾਂ ਲਈ ਗੁਰੂ ਕੇ ਲੰਗਰ ਅਤੇ ਪ੍ਰਸ਼ਾਦ ਵਰਤਾਇਆ ਜਾਵੇਗਾ ।



# ਜੋੜ ਮੇਲੇ ’ਤੇ ਤਿੰਨੇ ਦਿਨ ਫ੍ਰੀ ਦਵਾਈਆਂ ਦੀ ਸੇਵਾ ਕੀਤੀ



**ਪੱਟੀ (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)**

ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਜਿਲ੍ਹਾ ਤਰਨਤਾਰਨ ਬਲਾਕ ਪੱਟੀ ਵੱਲੋਂ ਧੰਨ-ਧੰਨ ਬਾਬਾ ਬੁੱਢਾ ਸਾਹਿਬ ਜੀ ਦੇ ਸਾਲਾਨਾ ਜੋੜ ਮੇਲੇ ਮੌਕੇ ਪਿੰਡ ਬੰਗਲਾ ਰਾਏ ਵਿਖੇ ਜਿੱਥੇ ਗੁਰੂ ਦੇ ਲੰਗਰ ਲਗਾਏ ਗਏ ਹਨ। ਉਥੇ ਹੀ ਡਾਕਟਰ ਸੁਰਜੀਤ ਸਿੰਘ ਮਾਹਲਾ ਦੀ ਅਗਵਾਈ ਹੇਠ ਆਈਆਂ ਹੋਈਆਂ ਸੰਗਤਾਂ ਵਾਸਤੇ ਦਵਾਈਆਂ ਦੀ ਫ੍ਰੀ ਸੇਵਾ ਕੀਤੀ ਗਈ। ਇਸ ਮੌਕੇ ਡਾਕਟਰ ਸੁਰਜੀਤ ਸਿੰਘ ਮਾਹਲਾ ਨੇ ਦੱਸਿਆ ਕਿ ਜਦੋਂ ਤੱਕ ਗੁਰੂ ਦੇ ਲੰਗਰ ਚਲਦੇ ਰਹਿਣਗੇ ਉਦੋਂ ਤੱਕ ਆ ਰਹੀਆਂ ਸੰਗਤਾਂ ਨੂੰ ਫ੍ਰੀ ਦਵਾਈ ਦੀ ਸਹੂਲਤ ਜਾਰੀ ਰਹੇਗੀ।

# ਅਮਰੀਕਾ ’ਚ ਪੰਜਾਬੀ ਪਰਵਾਰ ਦੀ ਹੱਤਿਆ ਮੰਦਭਾਗੀ : ਧਾਮੀ

**ਅੰਮ੍ਰਿਤਸਰ (ਜਸਬੀਰ ਪੱਟੀ)**-ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਅਮਰੀਕਾ ’ਚ ਪੰਜਾਬੀ ਪਰਿਵਾਰ ਨੂੰ ਅਗਵਾਹ ਕਰਕੇ ਉਨ੍ਹਾਂ ਦੀ ਹੱਤਿਆ ਕਰਨ ਨੂੰ ਮੰਦਭਾਗਾ ਕਰਾਰ ਦਿੱਤਾ ਹੈ। ਉਨ੍ਹਾਂ ਆਖਿਆ ਕਿ ਵਿਦੇਸ਼ਾਂ ਅੰਦਰ ਪੰਜਾਬੀਆਂ ਨੇ ਆਪਣੇ ਮਿਹਨਤ ਨਾਲ ਸਫਲਤਾ ਤੇ ਬੁਲੰਦੀਆਂ ਹਾਸਲ ਕੀਤੀਆਂ ਹਨ, ਪਰੰਤੂ ਅਜਿਹੀਆਂ ਘਟਨਾਵਾਂ ਨਾਲ ਪੂਰੇ ਭਾਈਚਾਰੇ ਵਿਚ ਡਰ ਦਾ ਮਾਹੌਲ ਬਣ ਰਿਹਾ ਹੈ। ਉਨ੍ਹਾਂ ਭਾਰਤ ਸਰਕਾਰ ਦੇ ਵਿਦੇਸ਼ ਮੰਤਰਾਲੇ ਨੂੰ ਅਪੀਲ ਕੀਤੀ ਕਿ ਵਿਦੇਸ਼ਾਂ ਅੰਦਰ ਵੱਸਦੇ ਪੰਜਾਬੀਆਂ ਨਾਲ ਹੁੰਦੀਆਂ ਅਜਿਹੀਆਂ ਮੰਦਭਾਗੀਆਂ ਘਟਨਾਵਾਂ ਨੂੰ ਰੋਕਣ ਲਈ ਕੂਟਨੀਤਕ ਪੱਧਰ ’ਤੇ ਪਹੁੰਚ ਅਪਨਾਈ ਜਾਵੇ ਅਤੇ ਤਾਜ਼ਾ ਮਾਮਲੇ ’ਚ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਲਈ ਯੋਗ ਕਦਮ ਚੁੱਕੇ ਜਾਣ।

# ਮਿੱਤਰਪਾਲ ਬਾਜਵਾ ਚੇਅਰਮੈਨ ਨਿਯੁਕਤ



**ਨੌਸ਼ਹਿਰਾ ਪੰਨੂੰਆਂ (ਗੁਰਪ੍ਰੀਤ ਸਿੰਘ ਭਗਤ)**

ਸ਼ਹੀਦ ਭਗਤ ਸਿੰਘ ਪ੍ਰੈੱਸ ਐਸੋਸੀਏਸ਼ਨ ਦੀ ਪੰਜਾਬ ਪੱਧਰੀ ਮੀਟਿੰਗ ਜਲੰਧਰ ਦੇ ਸਰਕਟ ਹਾਊਸ ਵਿੱਚ ਕੀਤੀ ਗਈ ਜਿਸ ਵਿੱਚ ਪੱਤਰਕਾਰ ਭਾਈਚਾਰੇ ਨੂੰ ਆ ਰਹੀਆਂ ਮੁਸ਼ਕਿਲਾਂ ਦੇ ਹੱਲ ਬਾਰੇ ਗੱਲਬਾਤ ਕੀਤੀ ਗਈ। ਪੰਜਾਬ ਪ੍ਰਧਾਨ ਗੁਰਵਿੰਦਰ ਸਿੰਘ ਗੋਰਾ ਦੀ ਅਗਵਾਈ ਵਿੱਚ ਮਿੱਤਰਪਾਲ ਸਿੰਘ ਬਾਜਵਾ ਨੂੰ ਜ਼ਿਲਾ ਤਰਨਤਾਰਨ ਦਾ ਚੇਅਰਮੈਨ ਨਿਯੁਕਤ ਕੀਤਾ ਗਿਆ। ਮਿੱਤਰਪਾਲ ਸਿੰਘ ਵੱਲੋਂ ਐਸੋਸੀਏਸ਼ਨ ਨੂੰ ਵਿਸ਼ਵਾਸ ਦਿਵਾਇਆ ਗਿਆ ਕਿ ਐਸੋਸੀਏਸ਼ਨ ਦੀਆਂ ਉਮੀਦਾਂ ’ਤੇ ਖਰਾ ਉਤਰਨਗੇ ਅਤੇ ਦਿਨ-ਰਾਤ ਪੱਤਰਕਾਰ ਭਾਈਚਾਰੇ ਵਾਸਤੇ ਕੰਮ ਕਰਨਗੇ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਦਿਲਬਾਗ ਸਿੰਘ, ਇਕਬਾਲ ਸਿੰਘ ਕੰਗ, ਸਤਨਾਮ ਸਿੰਘ ਜੰਡ ਅਤੇ ਗੁਰਚੇਤ ਸਿੰਘ ਔਲਖ ਤੋਂ ਇਲਾਵਾ ਹੋਰ ਪੱਤਰਕਾਰ ਭਾਈਚਾਰਾ ਸ਼ਾਮਲ ਸੀ।

# ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਪੁੰਨਿਆ ਦਾ ਦਿਹਾੜਾ

**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**

ਪਹਿਲੀ ਪਾਤਸ਼ਾਹੀ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਚਰਨ ਛੋਹ ਪ੍ਰਾਪਤ ਇਤਿਹਾਸਕ ਕਸਬਾ ਡੇਰਾ ਬਾਬਾ ਨਾਨਕ ਦੇ ਮਹੱਲਾ ਚੋਲਾ ਸਾਹਿਬ ਸਥਿਤ ਗੁਰਦੁਆਰਾ ਸੱਚਖੰਡ ਸ੍ਰੀ ਗੁਰੂ ਨਾਨਕ ਅਸਥਾਨ ਵਿਖੇ ਬਾਬਾ ਅਵਤਾਰ ਸਿੰਘ ਬੇਦੀ ਗੱਦੀਨਸ਼ੀਨ ਸ੍ਰੀ ਚੋਲਾ ਸਾਹਿਬ ਵਾਲਿਆਂ ਦੀ ਅਗਵਾਈ ਹੇਠ ਪੁੰਨਿਆਂ ਦਾ ਦਿਹਾੜਾ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਦੇਸ਼ਾ ਵਿਦੇਸ਼ਾ ਤੋਂ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਹਾਜ਼ਰੀ ਭਰੀ । ਇਸ ਮੌਕੇ ਸਭ ਤੋਂ ਪਹਿਲਾਂ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ , ਉਪਰੰਤ ਬਾਬਾ ਅਵਤਾਰ ਸਿੰਘ ਬੇਦੀ ਗੱਦੀਨਸ਼ੀਨ ਸ੍ਰੀ ਚੋਲਾ ਸਾਹਿਬ ਵਾਲਿਆਂ ਵੱਲੋਂ ਬਾਬਾ ਸ੍ਰੀਚੰਦ ਜੀ ਦਾ ਆਰਤਾ ਗਾਇਨ ਕਰਕੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਗਈ। ਇਸ ਮੌਕੇ ਭਾਈ ਸ਼ਾਮ ਸਿੰਘ ਜੌੜੀਆਂ ਵਾਲਿਆਂ ਦੇ ਕੀਰਤਨੀ ਜਥੇ ਵੱਲੋਂ ਰਸਭਿੰਨਾ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਇਸ ਮੌਕੇ ਬਾਬਾ ਅਵਤਾਰ ਸਿੰਘ ਬੇਦੀ ਨੇ ਸੰਗਤਾਂ ਨੂੰ ਸੰਬੋਧਨ ਕਰਦੇ ਹੋਏ ਦੁਸਹਿਰੇ , ਮਹਾਂਰਿਸ਼ੀ ਬਾਲਮੀਕਿ ਜੀ ਅਤੇ ਸ੍ਰੀ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਦਿਹਾੜੇ ਦੀ ਵਧਾਈ ਦਿੱਤੀ । ਉਨ੍ਹਾਂ ਕਿਹਾ ਕਿ ਸਾਨੂੰ ਸਭ ਧਰਮਾਂ ਦਾ ਸਤਿਕਾਰ ਕਰਦੇ ਹੋਏ ਆਪਣੇ ਗੁਰੂਆਂ, ਪੀਰਾਂ ਅਤੇ ਮਹਾਪੁਰਖਾਂ ਦੇ ਜਨਮ ਦਿਹਾੜੇ ਸਾਂਝੇ ਤੌਰ ’ਤੇ ਮਨਾਉਣੇ ਚਾਹੀਦੇ ਹਨ । ਉਨ੍ਹਾਂ ਕਿਹਾ ਕਿ ਸਾਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਸਿੱਖਿਆਵਾਂ ’ਤੇ ਚੱਲਦਿਆਂ ਅਤੇ ਗੁਰਬਾਣੀ ਦੇ ਲੜ ਲੱਗ ਕੇ ਮਨੁੱਖਾ ਜੀਵਨ ਬਤੀਤ ਕਰਨਾ ਚਾਹੀਦਾ ਹੈ । ਉਨ੍ਹਾਂ ਕਿਹਾ ਕਿ ਸਾਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਆਪਣਾ ਗੁਰੂ ਮੰਨਣਾ ਚਾਹੀਦਾ ਹੈ । ਇਸ ਮੌਕੇ ਗੁਰੂ ਕਾ ਅਤੁੱਟ ਲੰਗਰ ਵਰਤਾਇਆ ਗਿਆ।



# 418 ਫੁੱਟ ਉੱਚੇ ਰਾਸ਼ਟਰੀ ਝੰਡੇ ਦਾ ਸਵਾਗਤ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਰਾਸੋ ਦੀ ਪ੍ਰਧਾਨ ਕਮਲਜੀਤ ਕੌਰ ਗਿੱਲ ਨੇ ਕੇਂਦਰ ਸਰਕਾਰ ਵੱਲੋਂ ਅਟਾਰੀ ਸਰਹੱਦ ’ਤੇ 418 ਫੁੱਟ ਉੱਚਾ ਝੰਡਾ ਲਹਿਰਾਉਣ ਦਾ ਸਵਾਗਤ ਕੀਤਾ ਹੈ। ਦੱਸਿਆ ਜਾਂਦਾ ਹੈ ਕਿ ਪਾਕਿਸਤਾਨ ਨੇ ਆਪਣੇ ਝੰਡੇ ਦੀ ਉਚਾਈ 400 ਫੁੱਟ ਕਰ ਦਿੱਤੀ ਹੈ, ਇਸ ਲਈ ਉੱਥੇ ਇਸ ਸਮੇਂ ਅਟਾਰੀ ਸਰਹੱਦ ’ਤੇ ਲੱਗੇ ਇਸ ਝੰਡੇ ਦੀ ਉਚਾਈ ਨੂੰ ਵਧਾਉਣ ਦੀ ਭਾਰਤ ਤੋਂ ਮੰਗ ਕੀਤੀ ਗਈ ਸੀ। ਇਸ ਝੰਡੇ ਦੀ ਹੁਣ ਉੱਚਾਈ 418 ਫੁੱਟ ਹੈ, ਰਾਸੋ ਦੇ ਮੁਖੀ ਨੇ ਆਸ ਪ੍ਰਗਟਾਈ ਹੈ ਕਿ ਇਸ ਨਾਲ ਦੇਸ਼ ਦਾ ਮਾਣ ਵਧੇਗਾ ਅਤੇ ਭਾਰਤ ਦੇ ਝੰਡੇ ਨੂੰ ਦੂਰ-ਦੂਰ ਤੱਕ ਲਹਿਰਾਉਂਦੇ ਦੇਖਿਆ ਜਾ ਸਕਦਾ ਹੈ।



# ਸਾਲਾਨਾ ਜੋੜ ਮੇਲੇ ’ਤੇ ਪੁਲਸ ਮੁਲਾਜ਼ਮਾਂ ਲਾਈ ਛਬੀਲ



**ਝਬਾਲ (ਹਰਜਿੰਦਰ ਸਿੰਘ ਸੋਨੀ/ਰੌਬਿਨ ਸਿੰਘ ਸੋਨੀ)**-ਪੁੱਤਰਾਂ ਦੇ ਦਾਨੀ ਧੰਨ-ਧੰਨ ਬਾਬਾ ਬੁੱਢਾ ਜੀ ਦੇ ਸਲਾਨਾ ਜੋੜ ਮੇਲੇ ਤੇ ਪੰਜਾਬ ਪੁਲਸ ਦੇ ਵੱਖ-ਵੱਖ ਥਾਣਿਆਂ ’ਚ ਤੈਨਾਤ ਪੁਲਸ ਮੁਲਾਜ਼ਮਾਂ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਮੇਲੇ ਤੇ ਤਿੰਨੇ ਦਿਨ ਠੰਡੇ ਮਿੱਠੇ ਜਲ ਛਬੀਲ ਲਗਾਈ ਗਈ। ਇਸ ਛਬੀਲ ਦੀ ਸੇਵਾ ਕਰਦੇ ਹੋਏ ਮੁਲਾਜ਼ਮਾਂ ਵਿੱਚ ਏਐਸਆਈ ਬਾਬਾ ਲਖਵਿੰਦਰ ਸਿੰਘ, ਏਐੱਸਆਈ ਬਲਜਿੰਦਰ ਸਿੰਘ, ਏਐੱਸਆਈ ਸੰਤੋਖ ਸਿੰਘ, ਏਐੱਸਆਈ ਇੰਦਰਜੀਤ ਸਿੰਘ, ਏਐੱਸਆਈ ਭੁਪਿੰਦਰ ਸਿੰਘ, ਏਐਸਆਈ ਪ੍ਰਮਜੀਤ ਸਿੰਘ, ਬਾਬਾ ਗੁਰਵਿੰਦਰ ਸਿੰਘ ਬਿੱਟੂ,ਹੈੱਡ ਕਾਂਸਟੇਬਲ ਭਗਵੰਤ ਸਿੰਘ, ਸਤਨਾਮ ਸਿੰਘ ਝਾਮਕਾ, ਲਖਬੀਰ ਸਿੰਘ, ਦਵਿੰਦਰ ਸਿੰਘ, ਮੁਨਸ਼ੀ ਸਿੰਗਾਰਾ ਸਿੰਘ ਪੰਜਵੜ, ਸਤਨਾਮ ਸਿੰਘ ਸੁਰਸਿੰਘ, ਜੋਗਾ ਸਿੰਘ ਐਮਾ ਆਦਿ ਹਾਜ਼ਰ ਸਨ।

# ਜਨਤਾ ਅੱਜ ਵੀ ਸੁਖਬਿੰਦਰ ਸਰਕਾਰੀਆ ਵੱਲੋਂ ਕਰਵਾਏ ਵਿਕਾਸ ਨੂੰ ਯਾਦ ਕਰਦੀ ਹੈ : ਕੱਕੜ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**

ਵਿਧਾਨ ਸਭਾ ਹਲਕਾ ਰਾਜਾਸਾਂਸੀ ਵਿੱਚ ਅੱਜ ਤੱਕ ਜੋ ਵੀ ਵਿਕਾਸ ਦੇ ਕੰਮ ਹੋਏ ਹਨ ਉਹ ਵਿਧਾਇਕ ਸੁਖਬਿੰਦਰ ਸਿੰਘ ਸਰਕਾਰੀਆ ਨੇ ਹੀ ਕਰਵਾਏ ਹਨ। ਆਪ ਦੀ ਸਰਕਾਰ ਨੇ ਅਜੇ ਤੱਕ ਕੋਈ ਵਿਕਾਸ ਦਾ ਕੰਮ ਨਹੀਂ ਕਰਵਾਇਆ, ਉਲਟਾ ਸਰਕਾਰੀਆ ਵੱਲੋਂ ਸ਼ੁਰੂ ਕੀਤੇ ਵਿਕਾਸ ਕਾਰਜ ਰੋਕੇ ਗਏ ਹਨ। ਹਲਕਾ ਰਾਜਾਸਾਂਸੀ ਦੀ ਜਨਤਾ ਅੱਜ ਵੀ ਸਰਕਾਰੀਆ ਵੱਲੋਂ ਕਰਵਾਏ ਵਿਕਾਸ ਕਾਰਜਾਂ ਨੂੰ ਯਾਦ ਕਰਦੀ ਹੈ। ਉਕਤ ਵਿਚਾਰਾਂ ਦਾ ਪ੍ਰਗਟਾਵਾ ਅਮਨਦੀਪ ਸਿੰਘ ਕੱਕੜ ਮੀਡੀਆ ਸਲਾਹਕਾਰ ਸਾਬਕਾ ਮੰਤਰੀ ਅਤੇ ਵਿਧਾਇਕ ਸੁਖਬਿੰਦਰ ਸਿੰਘ ਸਰਕਾਰੀਆ ਅਤੇ ਮੀਤ ਪ੍ਰਧਾਨ ਜ਼ਿਲ੍ਹਾ ਕਾਂਗਰਸ ਕਮੇਟੀ ਅੰਮ੍ਰਿਤਸਰ ਦਿਹਾਤੀ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਕਿਹਾ ਜਦੋਂ ਵਿਧਾਇਕ ਸਰਕਾਰੀਆ ਮੰਡੀ ਬੋਰਡ ਦੇ ਚੇਅਰਮੈਨ ਸਨ ਉਸ ਵਕਤ ਵੀ ਪੰਜਾਬ ਦੇ ਨਾਲ-ਨਾਲ ਹਲਕਾ ਰਾਜਾਸਾਂਸੀ ਵਿੱਚ ਸੜਕਾਂ ਦਾ ਜਾਲ ਵਿਛਾ ਦਿੱਤਾ ਸੀ। ਜਦੋਂ ਕਾਂਗਰਸ ਸਰਕਾਰ ਵਿੱਚ ਸਰਕਾਰੀਆ ਮੰਤਰੀ ਬਣੇ ਉਸ ਵਕਤ ਵੀ ਉਨ੍ਹਾਂ ਹਲਕੇ ਦੀ ਨੁਹਾਰ ਬਦਲ ਦਿੱਤੀ। ਸਭ ਸੂਇਆਂ ਨੂੰ ਪੱਕਾ ਕਰਵਾਇਆ, ਚਵਿੰਡਾ ਕਲਾਂ ਵਿੱਚ ਸਵੱਛ ਪਾਣੀ ਲਈ ਪਲਾਂਟ ਲਗਵਾਇਆ, ਲੋਪੋਕੇ ਨੂੰ ਸਬ ਤਹਿਸੀਲ ਦਾ ਦਰਜਾ ਦਵਾਇਆ, ਐੱਸਡੀਐੱਮ ਨੂੰ ਲੋਪੋਕੇ ਬਿਠਾਇਆ, ਲੋਪੋਕੇ ਦੇ ਸਰਕਾਰੀ ਹਸਪਤਾਲ ਨੂੰ ਅਪਗ੍ਰੇਡ ਕਰਵਾਇਆ, ਲੋਪੋਕੇ ਦੇ ਖੇਡ ਸਟੇਡੀਅਮ ਦੀ ਮੁਰੰਮਤ ਕਰਵਾ ਕੇ ਦੁਬਾਰਾਂ ਖੇਡਾਂ ਸ਼ੁਰੂ ਕਰਵਾਈਆਂ, ਪਿੰਡ- ਪਿੰਡ ਖੇਡ ਸਟੇਡੀਅਮ ਬਣਵਾਏ, ਪਿੰਡਾਂ ਦੇ ਛੱਪੜਾਂ ਨੂੰ ਪੱਕਿਆਂ ਕਰਵਾਇਆ, ਲਿੰਕ ਸੜਕਾਂ ਦੀ ਮੁਰੰਮਤ ਕਰਵਾਈ ਅਤੇ ਚੌੜਿਆਂ ਕਰਵਾਇਆ, ਡੇਰਿਆਂ ਨੂੰ ਜਾਂਦੇ ਰਸਤਿਆਂ ਨੂੰ ਪੱਕਾ ਕਰਵਾਇਆ।



ਕੱਕੜ ਨੇ ਕਿਹਾ ਕਿ ਸਰਕਾਰੀਆ ਨੇ ਕਦੇ ਵੀ ਕਿਸੇ ’ਤੇ ਨਜਾਇਜ਼ ਪਰਚਾ ਨਹੀਂ ਕਰਵਾਇਆ। ਬਿਨਾਂ ਕਿਸੇ ਵਿਤਕਰੇ ਦੇ ਪਿੰਡਾਂ ਵਿੱਚ ਵਿਕਾਸ ਕਰਵਾਇਆ। ਉਨ੍ਹਾਂ ਕਿਹਾ ਕਿ ਅਜਿਹਾ ਸਰਕਾਰੀਆ ਨੇ ਇਸ ਲਈ ਕਰਵਾਇਆ ਕਿਉਂਕਿ ਉਹ ਹਲਕਾ ਰਾਜਾਸਾਂਸੀ ਦੀ ਜਨਤਾ ਨੂੰ ਆਪਣਾ ਪਰਿਵਾਰ ਸਮਝਦੇ ਹਨ, ਉਹ ਨਹੀਂ ਚਾਹੁੰਦੇ ਸਨ ਕਿ ਉਨ੍ਹਾਂ ਦੇ ਹਲਕੇ ਦੀ ਜਨਤਾ ਨੂੰ ਕੋਈ ਮੁਸ਼ਕਲ ਆਵੇ। ਉਨ੍ਹਾਂ ਕਿਹਾ ਕਿ ਆਪ ਨੇ 7 ਮਹੀਨਿਆਂ ਵਿੱਚ ਵਿਕਾਸ ਦੇ ਕੰਮ ਤੇ ਇੱਕ ਧੇਲਾ ਨਹੀਂ ਲਗਾਇਆ। ਰੇਤਾ, ਬੱਜਰੀ ਪਹਿਲਾਂ ਨਾਲੋਂ ਜ਼ਿਆਦਾ ਮਹਿੰਗੀ ਹੋ ਗਈ, ਮਜ਼ਦੂਰ ਦੁਕਾਨਦਾਰ ਵੇਹਲੇ ਹੋਕੇ ਬੈਠ ਗਏ। ਉਨ੍ਹਾਂ ਕਿਹਾ ਕਿ ਪਿੰਡ ਬਹਿੜਵਾਲ ਦੀ ਸੜਕ ਅਤੇ ਪਿੰਡ ਨੱਥੂਪੁਰ, ਲੋਧੀਗੁੱਜਰ ਦੀਆਂ ਗਲੀਆਂ ਦਾ ਕੰਮ ਰੁਕਿਆ ਹੋਇਆ ਹੈ। ਅਜਿਹੇ ਹਲਕੇ ਵਿੱਚ ਹੋਰ ਬਹੁਤ ਕੰਮ ਹਨ ਜੋ ਨਹੀਂ ਹੋ ਰਹੇ। ਕੱਕੜ ਨੇ ਕਿਹਾ ਕਿ ਵਿਧਾਇਕ ਸਰਕਾਰੀਆ ਨਿੱਘੇ ਸੁਭਾਅ ਅਤੇ ਹਲਕੇ ਵਿੱਚ ਕਰਵਾਏ ਰਿਕਾਰਡ ਤੋੜ ਵਿਕਾਸ ਕਾਰਨ ਚੌਥੀ ਵਾਰ ਜਿੱਤੇ ਹਨ। ਇਸ ਮੌਕੇ ਉਨ੍ਹਾਂ ਨਾਲ ਬੂਆ ਸਿੰਘ ਸੰਧੂ ਓਐਸਡੀ ਸਰਕਾਰੀਆ, ਰਵੀ ਕੁਮਾਰ ਪੀ ਏ ਸਰਕਾਰੀਆ, ਐਡਵੋਕੇਟ ਮਨਦੀਪ ਸਿੰਘ ਮੁਹਾਰ, ਗੁਰਦੇਵ ਸਿੰਘ ਸ਼ੂਹਰਾ ਮੈਂਬਰ ਜਿਲ੍ਹਾ ਪ੍ਰੀਸ਼ਦ, ਬਲਜਿੰਦਰ ਸਿੰਘ ਧਾਰੀਵਾਲ ਜਨਰਲ ਸਕਤੱਰ, ਗੁਰਭੇਜ ਸਿੰਘ ਵਣੀਏਕੇ ਪ੍ਰਧਾਨ ਬਲਾਕ ਚੋਗਾਵਾਂ, ਸਰਪੰਚ ਲਖਵਿੰਦਰ ਸਿੰਘ ਝੰਜੋਟੀ ਪ੍ਰਧਾਨ ਹਰਸਾ ਛੀਨਾ, ਭੁਪਿੰਦਰ ਸਿੰਘ ਬਿੱਟੂ ਵਾਈਸ ਚੇਅਰਮੈਨ ਵੇਰਕਾ ਮਿਲਕ ਪਲਾਂਟ, ਦਿਲਬਾਗ ਸਿੰਘ ਖਿਆਲਾ ਮੈਂਬਰ ਬਲਾਕ ਸੰਮਤੀ, ਸਰਪੰਚ ਨਿਸ਼ਾਨ ਸਿੰਘ ਮੰਝ, ਬਲਦੇਵ ਸਿੰਘ ਮੰਝ ਮੈਂਬਰ ਬਲਾਕ ਸੰਮਤੀ, ਸਰਪੰਚ ਗੁਰਮੀਤ ਸਿੰਘ ਡਾਲਾ, ਸਰਪੰਚ ਨਿਰਵੈਲ ਸਿੰਘ ਚੋਗਾਵਾਂ, ਸਰਪੰਚ ਸ਼ਮਸ਼ੇਰ ਸਿੰਘ ਸਾਰੰਗੜਾ, ਸਰਪੰਚ ਸ਼ਮਸ਼ੇਰ ਸਿੰਘ ਭਿੱਟੇਵੱਢ, ਸਰਪੰਚ ਮਿੰਟੂ ਪੰਡੋਰੀ, ਸਰਪੰਚ ਲਖਬੀਰ ਸਿੰਘ ਕੋਹਾਲੀ, ਸਰਪੰਚ ਮੇਜਰ ਸਿੰਘ ਕੱਕੜ,ਰਿੰਕੂ ਚੋਗਾਵਾਂ, ਹਰਨੇਕ ਸਿੰਘ ਕੱਕੜ, ਸ਼ਮਸ਼ੇਰ ਸਿੰਘ ਕੋਹਰੀ, ਜਸਕਰਨ ਸਿੰਘ ਕੋਹਰੀ, ਡਾ. ਪ੍ਰਗਟ ਸਿੰਘ ਭੁੱਲਰ, ਸੁਖਦੇਵ ਸਿੰਘ ਨੱਥੂਪੁਰ, ਗੁਰਪ੍ਰੀਤ ਸਿੰਘ ਪੰਜੂ ਰਾਏ,ਕੁਲਦੀਪ ਸਿੰਘ ਔਲਖ ਚੋਗਾਵਾਂ, ਸ਼ਮਸ਼ੇਰ ਸਿੰਘ ਚੋਗਾਵਾਂ,ਮੇਜਰ ਸਿੰਘ ਚੋਗਾਵਾਂ ਅਤੇ ਬੰਟੀ ਚੋਗਾਵਾਂ ਆਦਿ ਹਾਜ਼ਰ ਸਨ।

# ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਵੱਲੋਂ ਜ਼ਿਲ੍ਹਾ ਪੱਧਰੀ ਕਿਸਾਨ ਮੇਲਾ

**ਪਠਾਨਕੋਟ (ਦਵਿੰਦਰ ਸਿੰਘ)**

ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵੱਲੋਂ ਹਾੜੀ ਦੀਆਂ ਫਸਲਾਂ ਦੀ ਕਾਸ਼ਤ ਸੰਬੰਧੀ ਤਕਨੀਕੀ ਜਾਣਕਾਰੀ ਦੇਣ ਲਈ ਦਾਣਾ ਮੰਡੀ ਕਾਨਵਾਂ ਵਿਖੇ ਜ਼ਿਲਾ ਪੱਧਰੀ ਕਿਸਾਨ ਮੇਲੇ ਦਾ ਆਯੋਜਨ ਕੀਤਾ ਗਿਆ ਅਤੇ ਆਤਮਾ ਤਹਿਤ ਖੇਤੀਬਾੜੀ ਅਤੇ ਹੋਰ ਸਬੰਧਤ ਵਿਭਾਗਾਂ ਵੱਲੋਂ ਪ੍ਰਦਰਸ਼ਨੀਆਂ ਲਗਾਈਆਂ ਗਈਆਂ। ਕਿਸਾਨ ਮੇਲੇ ਦਾ ਮੁੱਖ ਉਦੇਸ਼ ਝੋਨੇ ਦੀ ਪਰਾਲੀ ਨੂੰ ਨਾ ਜਲਾਈਏ, ਆਓ ਮਿਲ ਕੇ ਪਠਾਨਕੋਟ ਨੂੰ ਪ੍ਰਦੂਸ਼ਣ ਮੁਕਤ ਜ਼ਿਲ੍ਹਾ ਬਣਾਈਏ’ ਅਤੇ ਕਿਸਾਨਾਂ ਨੂੰ ਝੋਨੇ ਦੀ ਪਰਾਲੀ ਨਾ ਸਾੜਨ ਜਾਂ ਹਟਾਉਣ ਦੀ ਬਜਾਏ ਖੇਤਾਂ ਵਿੱਚ ਸੰਭਾਲ ਕੇ ਸੁਪਰ ਸੀਡਰ ਜਾਂ ਹੈਪੀ ਸੀਡਰ ਨਾਲ ਕਣਕ ਅਤੇ ਹੋਰ ਫਸਲਾਂ ਦੀ ਬਿਜਾਈ ਕਰਨ ਲਈ ਪ੍ਰੇਰਿਤ ਕੀਤਾ ਗਿਆ। ਕਿਸਾਨ ਮੇਲੇ ਵਿੱਚ ਲਾਲ ਚੰਦ ਕਟਾਰੂਚੱਕ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਅਤੇ ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਮੰਤਰੀ ਪੰਜਾਬ ਮੁੱਖ ਮਹਿਮਾਨ ਵੱਜੋਂ ਸ਼ਾਮਿਲ ਹੋਏ ਅਤੇ ਕੈਂਪ ਦਾ ਉਦਘਾਟਨ ਅਤੇ ਪ੍ਰਧਾਨਗੀ ਹਰਬੀਰ ਸਿੰਘ ਡਿਪਟੀ ਕਮਿਸ਼ਨਰ ਨੇ ਕੀਤੀ। ਇਸ ਮੌਕੇ ਖੇਤੀਬਾੜੀ, ਬਾਗਬਾਨੀ, ਡੇਅਰੀ ਵਿਭਾਗ, ਮੱਛੀ ਪਾਲਣ, ਨਿੱਜੀ ਅਦਾਰੇ ਅਤੇ ਅਗਾਂਹਵਧੂ ਕਿਸਾਨਾਂ ਵੱਲੋਂ ਪ੍ਰਦਰਸ਼ਨੀਆਂ ਵੀ ਲਗਾਈਆਂ ਗਈਆਂ। ਵੱਖ-ਵੱਖ ਅਦਾਰਿਆਂ ਵੱਲੋਂ ਲਗਾਈਆਂ ਪ੍ਰਦਰਸ਼ਨੀਆਂ ਵਿਸ਼ੇਸ਼ ਖਿੱਚ ਦਾ ਕੇਂਦਰ ਰਹੀਆਂ। ਇਸ ਮੌਕੇ ਹੋਰਨਾਂ ਤੋਂ ਇਲਾਵਾ ਡਾ. ਅਮਰੀਕ ਸਿੰਘ ਮੁੱਖ ਖੇਤੀਬਾੜੀ ਅਫਸਰ, ਸੁਨੀਲ ਕਾਟਲ ਸਹਾਇਕ ਰਜਿਸਟਰਾਰ, ਵਿਜੈ ਕੁਮਾਰ ਕਟਾਰੂਚੱਕ ਜ਼ਿਲ੍ਹਾ ਮੀਡੀਆ ਇੰਚਾਰਜ ਆਮ ਆਦਮੀ ਪਾਰਟੀ ਪਠਾਨਕੋਟ, ਡਾ. ਵਿਕਰਾਂਤ ਧਵਨ, ਡਾ. ਸੁਖਪ੍ਰੀਤ ਸਿੰਘ ਡਿਪਟੀ ਪੀਡੀ ਆਤਮਾ, ਮਨੋਹਰ ਲਾਲ ਚੇਅਰਮੈਨ ਨਗਰ ਸੁਧਾਰ ਟਰੱਸਟ, ਡਾ. ਪ੍ਰਿਤਪਾਲ ਸਿੰਘ, ਡਾ. ਅਰਜੁਨ ਸਿੰਘ ਖੇਤੀਬਾੜੀ ਵਿਕਾਸ ਅਫਸਰ, ਪਵਨ ਕੁਮਾਰ ਥਾਪਾ, ਅਨੁਪਮ ਡੋਗਰਾ,ਜਤਿੰਦਰ ਕੁਮਾਰ, ਵਿਸ਼ਾਲ ਸ਼ਰਮਾ, ਰਵਿੰਦਰ ਸਿੰਘ, ਬਨਵਾਰੀ ਲਾਲ, ਸੁਖਦੇਵ ਰਾਜ ਖੇਤੀ ਵਿਸਥਾਰ ਅਫਸਰ, ਬਲਵਿੰਦਰ ਕੁਮਾਰ, ਮਨਦੀਪ ਹੰਸ, ਅਮਨਦੀਪ ਸਿੰਘ ਸਹਾਇਕ ਤਕਨਾਲੋਜੀ ਪ੍ਰਬੰਧਕ ਸਮੇਤ ਵੱਡੀ ਗਿਣਤੀ ਵਿੱਚ ਕਿਸਾਨ ਹਾਜ਼ਰ ਸਨ।



ਕਿਸਾਨਾਂ ਦੇ ਵਿਸ਼ਾਲ ਇਕੱਠ ਨੂੰ ਸੰਬੋਧਨ ਕਰਦਿਆਂ ਲਾਲ ਚੰਦ ਕਟਾਰੂਚੱਕ ਨੇ ਕਿਹਾ ਕਿ ਪੰਜਾਬ ਵਿੱਚ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਕਿਸਾਨਾਂ ਦੀ ਬਿਹਤਰੀ ਲਈ ਹਰ ਸੰਭਵ ਕੋਸ਼ਿਸ਼ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਝੋਨੇ ਦੀ ਸੀਜ਼ਨ ਦੌਰਾਨ ਪਹਿਲੀ ਵਾਰ ਹੋਇਆ ਹੈ ਕਿ ਲਵਾਈ ਸਮੇਂ ਬਿਜਲੀ ਦੀ ਕੋਈ ਘਾਟ ਨਹੀਂ ਆਉਣ ਦਿੱਤੀ ਅਤੇ ਨਾ ਹੀ ਪਿੰਡਾਂ ਅਤੇ ਸ਼ਹਿਰਾਂ ਵਿੱਚ ਘਰੇਲੂ ਵਰਤੋਂ ਲਈ ਬਿਜਲੀ ਦੇ ਕੋਈ ਕੱਟ ਲੱਗੇ। ਉਨ੍ਹਾਂ ਕਿਹਾ ਕਿ ਜ਼ਿਲੇ ਪਠਾਨਕੋਟ ਵਿੱਚ ਗੰਨੇ ਦੀ ਕਾਸ਼ਤ ਵੱਡੀ ਪੱਧਰ ਤੇ ਕੀਤੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਗੰਨਾ ਕਾਸ਼ਤਕਾਰਾਂ ਦੀ ਕੋਈ ਪੇਮੈਂਟ ਇਸ ਵੇਲੇ ਖੰਡ ਮਿੱਲਾਂ ਵੱਲ ਬਕਾਇਆ ਨਹੀਂ ਹੈ। ਉਨਾਂ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਦੇ ਅਧਿਕਾਰੀਆਂ ਨੂੰ ਕਿਹਾ ਕਿ ਹਲਕਾ ਭੋਆ ਦੇ ਪੇਂਡੂ ਇਲਾਕਿਆਂ ਵਿੱਚ ਕਿਸਾਨ ਸਿਖਲਾਈ ਕੈਂਪ ਲਗਾਏ ਜਾਣ ਤਾਂ ਜੋ ਕਿਸਾਨਾਂ ਨੂੰ ਨਵੀਨਤਮ ਤਕਨੀਕਾਂ ਤੋਂ ਜਾਣੂ ਕਰਵਾਇਆ ਜਾ ਸਕੇ। ਖੇਤੀ ਮਾਹਿਰ ਡਾ. ਸੁਮੇਸ਼ ਚੋਪੜਾ ਨੇ ਹਾੜੀ ਦੀਆਂ ਫਸਲਾਂ ਦੀ ਕਾਸ਼ਤ ਸੰਬੰਧੀ, ਡਾ. ਰਜਿੰਦਰ ਸਿੰਘ ਬੱਲ ਨੇ ਫਸਲਾਂ ਦੀਆਂ ਬਿਮਾਰੀਆਂ, ਡਾ ਸੀਮਾ ਸ਼ਰਮਾ ਨੇ ਮਿੱਟੀ ਦੀ ਸਿਹਤ ਸੁਧਾਰ ਬਾਰੇ, ਡਾ. ਪੁਨੀਤ ਕੁਮਾਰ ਝੋਨੇ ਦੀ ਪਰਾਲੀ ਸੰਭਾਲਣ ਲਈ ਵੱਖ ਵੱਖ ਮਸ਼ੀਨਰੀ ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿੱਤੀ। ਇਸ ਮੌਕੇ ਦਸ ਅਗਾਂਹਵਧੂ ਕਿਸਾਨਾਂ ਅਤੇ ਬੇਹਤਰ ਕਾਰਗੁਜ਼ਾਰੀ ਦਿਖਾਉਣ ਵਾਲੇ ਅਧਿਕਾਰੀਆਂ/ਕਰਮਚਾਰੀਆਂ ਨੂੰ ਸਨਮਾਨ ਪੱਤਰ ਅਤੇ ਫਲਦਾਰ ਪੌਦੇ ਦੇ ਕੇ ਸਨਮਾਨਿਤ ਵੀ ਕੀਤਾ ਗਿਆ।

# ਆਦਰਸ਼ ਬਿਰਧ ਆਸ਼ਰਮ ’ਚ ਅੰਤਰਰਾਸ਼ਟਰੀ ਸੀਨੀਅਰ ਸਿਟੀਜ਼ਨ ਦਿਵਸ ਮਨਾਇਆ



**ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)**

ਆਦਰਸ਼ ਬ੍ਰਿਧ ਆਸ਼ਰਮ ਝਾਖੋਲਾੜੀ ਵਿੱਚ ਬਜ਼ੁਰਗਾਂ ਨਾਲ ਅੰਤਰਰਾਸ਼ਟਰੀ ਸੀਨੀਅਰ ਸਿਟੀਜ਼ਨ ਦਿਵਸ ਮਨਾਇਆ। ਇਸ ਮੌਕੇ ਸੀਜੀਐੱਮ ਜੱਜ ਸਾਹਿਬ ਰਾਜੀਵ ਪਾਲ ਸਿੰਘ ਚੀਮਾ ਤੇ ਵੱਖ- ਵੱਖ ਸੋਸਾਇਟੀਆ ਦੇ ਪ੍ਰਧਾਨ ਵੀ ਪਹੁੰਚੇ ਅਤੇ ਬਜ਼ੁਰਗਾਂ ਨਾਲ ਦੁਖ-ਸੁਖ ਸਾਂਝੇ ਕੀਤੇ। ਲਾਇਨਜ਼ ਕਲੱਬ ਸੁਸਾਇਟੀ ਦੇ ਪ੍ਰਧਾਨ ਸੁਰੇਸ਼ ਮਹਾਜਨ ਨੇ ਬਜ਼ੁਰਗਾਂ ਨੂੰ ਕੰਬਲ ਭੇਟ ਕੀਤੇ। ਇੰਦਰਾ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਜਸਵਾਲੀ ਦੇ ਬੱਚਿਆਂ ਨੇ ਬਜ਼ੁਰਗਾਂ ਨਾਲ ਸਾਂਝ ਪਾਈ। ਆਏ ਹੋਏ ਸਾਰੇ ਹੀ ਮਹਿਮਾਨਾਂ ਨੇ ਆਸ਼ਰਮ ਪ੍ਰਧਾਨ ਸਤਨਾਮ ਸਿੰਘ ਤੇ ਸੁਪਰਡੈਂਟ ਮੈਡਮ ਮਿਸ ਅੰਜਲੀ ਸ਼ਰਮਾ, ਚੇਅਰਪਰਸਨ ਮੈਡਮ ਗੀਨਾ ਵਲੋਂ ਕੀਤੇ ਜਾ ਰਹੇ ਸੇਵਾ ਕਾਰਜ਼ਾਂ ਦੀ ਸ਼ਲਾਘਾ ਕੀਤੀ । ਇਸ ਮੌਕੇ ਤੇ ਵੱਖ ਵੱਖ ਸੋਸਾਇਟੀ ਪ੍ਰਧਾਨ ਦਰਸ਼ਨ ਲਾਲ,ਸੁਰੇਸ਼ ਮਹਾਜਨ, ਐਡਵੋਕੇਟ ਮੈਡਮ ਸਪਨਾ ਚੌਧਰੀ, ਮੈਡਮ ਸੁਨੈਨਾ ਹਾਜ਼ਰ ਸਨ। ਇਸ ਮੌਕੇ ਕੋਆਰਡੀਨੇਟਰ ਮੈਡਮ ਮਿਸ ਇੰਦਰਜੀਤ ਕੌਰ, ਕੇਅਰ ਟੇਕਰ ਸਟਾਫ ਸਵਿਤਾ, ਕਾਜਲ, ਸੁਨੀਤਾ, ਅੰਜੂ ਬਾਲਾ, ਸ੍ਰਿਸ਼ਟਾ ਦੇਵੀ, ਸੁਖਵਿੰਦਰ ਕੌਰ, ਆਸ਼ਾ ਰਾਣੀ, ਤਰਸੇਮ ਲਾਲ ਤੇ ਰਾਜੇਸ਼ ਕੁਮਾਰ ਵੀ ਮਜੂਦ ਸਨ।

ਨਵਾਂ ਜ਼ਮਾਨਾ
ਸੋਮਵਾਰ, 10 ਅਕਤੂਬਰ 2022

# ਪੁਲਸ ਰਾਜ

*ਸਰਕਾਰ ਦੀਆਂ ਵਧੀਕੀਆਂ ਖਿਲਾਫ ਆਵਾਜ਼ ਬੁਲੰਦ ਕਰਨ ਵਾਲੇ ਮਨੁੱਖੀ ਅਧਿਕਾਰ ਤੇ ਸਮਾਜੀ ਕਾਰਕੁਨਾਂ ਨਾਲ ਜੋ ਬੀਤ ਰਹੀ ਸੋ ਤਾਂ ਬੀਤ ਹੀ ਰਹੀ ਹੈ, ਉਨ੍ਹਾਂ ਦੇ ਪਰਵਾਰਾਂ ਦੀ ਦਾਸਤਾਨ ਸ਼ਨੀਵਾਰ ਪ੍ਰੈੱਸ ਕਲੱਬ ਆਫ ਇੰਡੀਆ ਵਿਚ ਸੁਣਨ ਨੂੰ ਮਿਲੀ। ਪ੍ਰੈੱਸ ਕਾਨਫਰੰਸ ਵਿਚ ਉਨ੍ਹਾਂ ਦੇ ਹਮਦਰਦ ਸਿਆਸੀ ਆਗੂ ਵੀ ਮੌਜੂਦ ਸਨ। ਪਰਵਾਰਕ ਮੈਂਬਰਾਂ ਨੇ ਰਿਹਾਈ ਦੀ ਮੰਗ ਦੇ ਨਾਲ-ਨਾਲ ਇਹ ਮੰਗ ਵੀ ਕੀਤੀ ਕਿ ਗੈਰਕਾਨੂੰਨੀ ਸਰਗਰਮੀਆਂ ਰੋਕੂ ਕਾਨੂੰਨ (ਯੂ ਏ ਪੀ ਏ) ਨੂੰ ਖਤਮ ਕੀਤਾ ਜਾਵੇ, ਕਿਉਂਕਿ ਇਸ ਨੇ ਜ਼ਮਾਨਤ ਨੂੰ ਲੱਗਭੱਗ ਅਸੰਭਵ ਬਣਾ ਦਿੱਤਾ ਹੈ। ਅਣਐਲਾਨੀ ਐਮਰਜੈਂਸੀ ਨੇ ਦੇਸ਼ ਨੂੰ ਪੁਲਸ ਰਾਜ ਵਿਚ ਬਦਲ ਕੇ ਰੱਖ ਦਿੱਤਾ ਹੈ। 2020 ਦੇ ਦਿੱਲੀ ਦੰਗਿਆਂ ਦੀ ਕਥਿਤ ਸਾਜ਼ਿਸ਼ ਵਿਚ ਸ਼ਮੂਲੀਅਤ ਦੇ ਦੋਸ਼ ਵਿਚ ਬਿਨਾਂ ਮੁਕੱਦਮੇ ਦੇ ਜੇਲ੍ਹ ਵਿਚ ਸੜ ਰਹੇ ਮਨੁੱਖੀ ਅਧਿਕਾਰ ਕਾਰਕੁਨ ਖਾਲਿਦ ਸੈਫੀ ਦੀ ਪਤਨੀ ਨਰਗਿਸ ਤੇ ਉਨ੍ਹਾਂ ਦੇ ਬੱਚਿਆਂ ਦਾ ਬੁਰਾ ਹਾਲ ਹੈ। ਜਦੋਂ ਉਹ ਅਦਾਲਤ ਵਿਚ ਆਪਣੇ ਪਿਤਾ ਨੂੰ ਦੇਖਦੇ ਹਨ ਤਾਂ ਪਿਤਾ ਉਨ੍ਹਾਂ ਨੂੰ ਕਲਾਵੇ ਵਿਚ ਵੀ ਨਹੀਂ ਲੈ ਸਕਦਾ, ਕਿਉਂਕਿ ਇਕ ਹੱਥ ਪੁਲਸਮੈਨ ਨੇ ਕਰੜਾਈ ਨਾਲ ਫੜਿਆ ਹੁੰਦਾ ਹੈ। ਕਦੇ-ਕਦੇ ਪੁਲਸ ਵਾਲੇ ਬੱਚਿਆਂ ਨੂੰ ਪਰ੍ਹੇ ਧੱਕ ਦਿੰਦੇ ਹਨ। ਜਦੋਂ ਕੋਈ ਦੋਸਤ ਘਰ ਆਉਂਦਾ ਹੈ ਤਾਂ ਬੱਚੇ ਉਨ੍ਹਾਂ ਨਾਲ ਉਵੇਂ ਹੀ ਖੇਡਦੇ ਹਨ, ਜਿਵੇਂ ਪਿਤਾ ਨਾਲ ਖੇਡਦੇ ਸਨ। ਜਦੋਂ ਦੋਸਤ ਚਲੇ ਜਾਂਦੇ ਹਨ ਤਾਂ ਉਨ੍ਹਾਂ ਦਾ ਹਾਲ ਦੇਖ ਨਹੀਂ ਹੁੰਦਾ। ਸਰਕਾਰ ਉਨ੍ਹਾਂ ਨੂੰ ਗਿ੍ਫਤਾਰ ਕਰਦੀ ਹੈ, ਜਿਹੜੇ ਬੋਲਦੇ ਹਨ ਤੇ ਉਹ ਸਾਨੂੰ ਖਾਮੋਸ਼ ਕਰਨ ਵਿਚ ਸਫਲ ਵੀ ਹੋ ਰਹੀ ਹੈ। ਨਾਗਰਿਕਤਾ ਸੋਧ ਕਾਨੂੰਨ (ਸੀ ਏ ਏ) ਖਿਲਾਫ ਪ੍ਰੋਟੈੱਸਟ ਨਾਲ ਜੁੜੇ ਇਸ ਕੇਸ ਵਿਚ ਵਿਦਿਆਰਥੀਆਂ ਤੇ ਕਾਰਕੁਨਾਂ ਸਣੇ 18 ਲੋਕਾਂ ਨੂੰ ਫੜਿਆ ਗਿਆ ਹੈ। ਛੇ ਦੀ ਜ਼ਮਾਨਤ ਹੋ ਗਈ ਹੈ। ਬਾਕੀਆਂ ਖਿਲਾਫ 17 ਹਜ਼ਾਰ ਤੋਂ ਵੱਧ ਸਫਿਆਂ ਦੀਆਂ ਸਤੰਬਰ ਤੇ ਅਕਤੂਬਰ 2020 ਨੂੰ ਦੋ ਚਾਰਜਸ਼ੀਟਾਂ ਦਾਖਲ ਕੀਤੀਆਂ ਗਈਆਂ, ਪਰ ਮੁਕੱਦਮਾ ਅਜੇ ਤੱਕ ਸ਼ੁਰੂ ਨਹੀਂ ਹੋਇਆ। ਸੈਫੀ ਦੀਆਂ ਦੋਵੇਂ ਲੱਤਾਂ ਪੁਲਸ ਹਿਰਾਸਤ ਵਿਚ ਭੱਜ ਗਈਆਂ। ਵਕੀਲਾਂ ਮੁਤਾਬਕ ਇਹ ਜ਼ੁਲਮ ਪੁਲਸ ਨੇ ਤਸੀਹੇ ਦੇ ਕੇ ਕੀਤਾ। ਮਿਰਿੰਡਾ ਹਾਊਸ ਦੀ ਅਸਿਸਟੈਂਟ ਪ੍ਰੋਫੈਸਰ ਜੈਨੀ ਰੋਵੇਨਾ ਦਿੱਲੀ ਯੂਨੀਵਰਸਿਟੀ ਦੇ ਐਸੋਸੀਏਟ ਪ੍ਰੋਫੈਸਰ ਹੈਨੀ ਬਾਬੂ ਨਾਲ ਵਿਆਹੀ ਹੋਈ ਹੈ ਤੇ ਬਾਬੂ ਐਲਗਾਰ ਪ੍ਰੀਸ਼ਦ-ਮਾਓਵਾਦੀ ਲਿੰਕ ਕੇਸ ਵਿਚ ਮੁਕੱਦਮੇ ਦੀ ਉਡੀਕ ਵਿਚ ਨਵੀਂ ਮੁੰਬਈ ਦੀ ਜੇਲ੍ਹ ਵਿਚ ਬੰਦ ਹੈ। ਜੈਨੀ ਨੇ ਕਿਹਾ—ਯੂ ਏ ਪੀ ਏ ਮੁਤਾਬਕ ਜੇ ਕੋਈ ਪੁਲਸ ਨੂੰ ਕਹਿੰਦਾ ਹੈ ਕਿ ਬਾਬੂ ਨੇ ਇਕ ਦਹਿਸ਼ਤਗਰਦ ਨੂੰ ਈਮੇਲ ਕੀਤੀ ਤਾਂ ਇਹੀ ਉਸ ਨੂੰ ਜ਼ਮਾਨਤ ਤੋਂ ਇਨਕਾਰ ਕਰਨ ਲਈ ਕਾਫੀ ਹੈ। ਜੈਨੀ ਮੁਤਾਬਕ ਮਨੀਪੁਰ ਦੇ ਕਿਸੇ ਦਹਿਸ਼ਤਗਰਦ ਗਰੁੱਪ ਨੇ ਬਾਬੂ ਨੂੰ ਈਮੇਲ ਕੀਤੀ, ਜਿਹੜੀ ਕਿ ਉਸ ਨੇ ਅਗਾਂਹ ਕਿਸੇ ਨੂੰ ਨਹੀਂ ਭੇਜੀ, ਪਰ ਸਬੂਤਾਂ ਦੀ ਪਰਖ ਤਾਂ ਉਦੋਂ ਹੋਵੇਗੀ, ਜਦੋਂ ਮੁਕੱਦਮੇ ਦੀ ਸੁਣਵਾਈ ਸ਼ੁਰੂ ਹੋਵੇਗੀ, ਪਰ ਪਤਾ ਨਹੀਂ ਸੁਣਵਾਈ ਕਦੋਂ ਸ਼ੁਰੂ ਹੋਵੇਗੀ। ਯੂ ਏ ਪੀ ਏ ਬਿਨਾਂ ਸਬੂਤ ਹੀ ਕਿਸੇ ਨੂੰ ਸਜ਼ਾ ਦੇਣ ਦਾ ਜ਼ਰੀਆ ਬਣ ਗਿਆ ਹੈ। ਬਾਬੂ ਨੂੰ ਕੋਰੋਨਾ ਤੋਂ ਬਾਅਦ ਅੱਖਾਂ ਦੀ ਇਨਫੈਕਸ਼ਨ ਹੋ ਗਈ ਸੀ ਤੇ ਪਰਵਾਰ ਨੂੰ ਉਸ ਦੇ ਇਲਾਜ ਲਈ ਅਦਾਲਤਾਂ ਨੂੰ ਤਰਲੇ ਪਾਉਣੇ ਪਏ। ਦਿੱਲੀ ਦੇ ਰਾਮ ਲਾਲ ਆਨੰਦ ਕਾਲਜ ਦੇ ਸਾਬਕਾ ਪ੍ਰੋਫੈਸਰ (ਲਕਵੇ ਦੇ ਸ਼ਿਕਾਰ) ਜੀ ਐੱਨ ਸਾਈਬਾਬਾ ਪਾਬੰਦੀਸ਼ੁਦਾ ਮਾਓਵਾਦੀਆਂ ਨਾਲ ਸੰਬੰਧਾਂ ਦੇ ਦੋਸ਼ ਵਿਚ ਨਾਗਪੁਰ ਵਿਚ ਉਮਰ ਕੈਦ ਭੁਗਤ ਰਹੇ ਹਨ। ਉਨ੍ਹਾ ਦੀ ਪਤਨੀ ਏ ਐੱਸ ਵਸੰਤ ਕੁਮਾਰੀ ਨੇ ਸਾਈਬਾਬਾ ਦੀ ਤੁਲਨਾ ਹਿੰਦੁਤਵ ਦੇ ਕਾਰਕੁਨਾਂ ਨਾਲ ਕਰਦਿਆਂ ਕਿਹਾ ਕਿ ਉਨ੍ਹਾਂ ਦੀਆਂ ਤਿੰਨ ਪੈਰੋਲ ਅਰਜ਼ੀਆਂ, ਦੋ ਮੈਡੀਕਲ ਆਧਾਰ 'ਤੇ ਜ਼ਮਾਨਤ ਅਰਜ਼ੀਆਂ ਤੇ ਇਕ ਮਾਂ ਦੇ ਗੁਜ਼ਰਨ ਤੋਂ ਪਹਿਲਾਂ ਉਸ ਨੂੰ ਮਿਲਣ ਲਈ ਐਮਰਜੈਂਸੀ ਪੈਰੋਲ ਅਰਜ਼ੀ ਰੱਦ ਕਰ ਦਿੱਤੀਆਂ ਗਈਆਂ, ਜਦਕਿ ਗੁਜਰਾਤ ਦੀ ਸਾਬਕਾ ਮੰਤਰੀ ਮਾਯਾ ਕੋਡਨਾਨੀ, ਅਸੀਮਾਨੰਦ ਤੇ ਬਾਬੂ ਬਜਰੰਗੀ ਆਜ਼ਾਦ ਹਨ। ਕੋਡਨਾਨੀ ਨੂੰ 2012 ਵਿਚ 2002 ਦੇ ਗੁਜਰਾਤ ਦੰਗਿਆਂ ਵਿਚ 28 ਸਾਲ ਦੀ ਕੈਦ ਹੋਈ ਸੀ, ਪਰ ਉਹ 2018 ਵਿਚ ਕੀਤੀ ਅਪੀਲ ਤੋਂ ਬਾਅਦ ਬਰੀ ਹੋ ਗਈ। ਅਸੀਮਾਨੰਦ ਨੂੰ ਕਈ ਦਹਿਸ਼ਤੀ ਕੇਸਾਂ ਵਿਚ ਗਿ੍ਫਤਾਰ ਕੀਤਾ ਗਿਆ, ਪਰ ਉਹ ਅੱਜ ਆਜ਼ਾਦ ਹੈ। ਬਾਬੂ ਬਜਰੰਗੀ ਨੂੰ 2002 ਦੇ ਦੰਗਿਆਂ ਦੇ ਕੇਸ ਵਿਚ 2012 ਨੂੰ 21 ਸਾਲ ਦੀ ਸਜ਼ਾ ਹੋਈ ਸੀ ਤੇ ਉਸ ਨੂੰ ਉਸ ਦੇ ਅੰਨ੍ਹੇ ਹੋਣ ਬਾਰੇ ਮੈਡੀਕਲ ਰਿਪੋਰਟ ਤੋਂ ਬਾਅਦ 2019 ਵਿਚ ਜ਼ਮਾਨਤ ਮਿਲ ਗਈ। ਵਸੰਤ ਕੁਮਾਰੀ ਨੇ ਮੰਗ ਕੀਤੀ ਕਿ ਉਹ ਇਥੇ ਇਹ ਮੰਗ ਕਰਨ ਆਈ ਹੈ ਕਿ ਵਰਨੋਨ ਗੋਂਸਾਲਵੇਜ਼, ਸਾਈਬਾਬਾ, ਗੌਤਮ ਨਵਲੱਖਾ, ਅਤੀਕੁਰ ਰਹਿਮਾਨ ਤੇ ਹੋਰ ਸਾਰੇ ਲੋੜਵੰਦ ਨਜ਼ਰਬੰਦਾਂ ਨੂੰ ਢੁਕਵਾਂ ਇਲਾਜ ਮੁਹੱਈਆ ਕਰਵਾਇਆ ਜਾਵੇ। ਐਲਗਾਰ ਮਾਮਲੇ ਵਿਚ ਨਜ਼ਰਬੰਦ ਨਵਲੱਖਾ ਦੀ ਜੀਵਨ ਸਾਥਣ ਸਬਾ ਹੁਸੈਨ ਨੇ ਕਿਹਾ ਕਿ ਨਾ ਸਿਰਫ ਚਰਚਿਤ ਲੋਕਾਂ ਦੀ ਰਿਹਾਈ ਦੀ ਹੀ ਮੰਗ ਕਾਫੀ ਨਹੀਂ, ਉਨ੍ਹਾਂ ਲੋਕਾਂ ਲਈ ਵੀ ਆਵਾਜ਼ ਬੁਲੰਦ ਕੀਤੀ ਜਾਵੇ, ਜਿਹੜੇ ਯੂ ਏ ਪੀ ਏ ਤੇ ਹੋਰ ਕਠੋਰ ਕਾਨੂੰਨਾਂ ਤਹਿਤ ਜੇਲ੍ਹਾਂ ਵਿਚ ਸੜ ਰਹੇ ਹਨ ਤੇ ਉਨ੍ਹਾਂ ਨੂੰ ਕਿਸੇ ਪਾਸਿਓਂ ਹਮਾਇਤ ਨਹੀਂ ਮਿਲ ਰਹੀ। ਉਪਰੋਕਤ ਆਵਾਜ਼ਾਂ ਦੱਸਦੀਆਂ ਹਨ ਕਿ ਯੂ ਏ ਪੀ ਏ ਕਿੰਨਾ ਕਠੋਰ ਕਾਨੂੰਨ ਹੈ ਤੇ ਵਰਤਮਾਨ ਸਰਕਾਰ ਆਪਣੇ ਵਿਰੋਧੀਆਂ ਨੂੰ ਦਬਾਉਣ ਲਈ ਇਸ ਦੀ ਕਿੰਨੀ ਅੰਨ੍ਹੀ ਵਰਤੋਂ ਕਰ ਰਹੀ ਹੈ। ਹਾਲਾਂਕਿ ਇਸ ਵਿਰੁੱਧ ਆਵਾਜ਼ਾਂ ਤਾਂ ਉੱਠ ਰਹੀਆਂ ਹਨ, ਪਰ ਓਨੀਆਂ ਤਿੱਖੀਆਂ ਨਹੀਂ, ਜਿਹੜੀਆਂ ਹਾਕਮਾਂ ਦੇ ਕੰਨ ਪਾੜਨ।*

# 1968 ਦੀ ਸਿੱਖਿਆ ਨੀਤੀ ਹੀ ਮਿਆਰੀ ਸਿੱਖਿਆ ਦੀ ਜ਼ਾਮਨ ਹੋ ਸਕਦੀ ਹੈ

**ਚਰਨ ਸਿੰਘ ਸਰਾਭਾ**

ਭਾਰਤੀ ਬੱਚਿਆਂ ਦੀ ਮੁੱਢਲੀ ਸਿੱਖਿਆ ਸੰਬੰਧੀ ਸਾਡਾ ਦੇਸ਼ ਅੱਜ ਵੀ ਲਗਾਤਾਰ ਭੰਬਲ-ਭੂਸੇ ਵਾਲੀ ਅਵਸਥਾ ਵਿੱਚ ਹੈ। ਭਾਰਤੀ ਸਿੱਖਿਆ ਸੰਬੰਧੀ ਵਿਚਾਰਾਂ, ਸਿੱਖਿਆ ਕਮਿਸ਼ਨਾਂ, ਸਿੱਖਿਆ ਕਮੇਟੀਆਂ, ਪ੍ਰਸਿੱਧ ਸਿੱਖਿਆ ਸ਼ਾਸਤਰੀਆਂ, ਅਧਿਆਪਕ ਜਥੇਬੰਦੀਆ, ਵਿਦਿਆਰਥੀ ਜਥੇਬੰਦੀਆਂ ਵੱਲੋਂ ਘੱਟ-ਗਿਣਤੀ ਅਤੇ ਸਿਫ਼ਾਰਸ਼ਾਂ ਦੀਆਂ ਖ਼ਬਰਾਂ ਪ੍ਰੈੱਸ ਵਿੱਚ ਲਗਾਤਾਰ ਲੰਬੇ ਸਮੇਂ ਤੋਂ ਲੱਗਦੀਆਂ ਰਹੀਆਂ ਹਨ। 1968 ਤੋਂ ਲੈ ਕੇ 1986, 1992, 2001 ਅਤੇ ਹੁਣ 2020 ਤੱਕ ਦੀਆਂ ਸਿੱਖਿਆ ਨੀਤੀਆਂ ਸਾਡੇ ਸਾਹਮਣੇ ਹਨ। ਇਸ ਤੋਂ ਬਿਨਾਂ 1995 ਦਾ ਸੰਸਾਰ ਬੈਂਕ ਪਾਠਕਾਂ ਡਿਸਟ੍ਰਿਕਟ ਪ੍ਰਾਇਮਰੀ ਐਜੂਕੇਸ਼ਨ ਪ੍ਰੋਗਰਾਮ ਅਤੇ ਸਰਬ ਸਿੱਖਿਆ ਅਭਿਆਨ ਵੀ ਲਿਆਂਦੇ ਗਏ, ਜੋ ਅੱਜ ਵੀ ਵੱਖ-ਵੱਖ ਰੂਪਾਂ ਵਿੱਚ ਜਾਰੀ ਹਨ, ਪਰ ਧਿਆਨ ਮੰਗਦੀ ਗੱਲ ਇਹ ਹੈ ਕਿ ਭਾਰਤੀ ਆਜ਼ਾਦੀ ਪ੍ਰਾਪਤੀ ਦੇ 75 ਸਾਲਾਂ ਤੱਕ ਦੇਸ਼ ਦਾ ਮਨੁੱਖੀ ਵਿਕਾਸ ਨੂੰ ਅਧਾਰ ਬਣਾ ਕੇ ਸੰਜੀਦਗੀ ਨਾਲ ਕਿਸੇ ਵੀ ਪ੍ਰਣਾਲੀ ਦੇ ਪ੍ਰਭਾਵਾਂ ਨੂੰ ਵਿਚਾਰਿਆ ਨਹੀਂ ਗਿਆ।

8 ਸਤੰਬਰ 2022 ਦੀ ਇੱਕ ਅੰਗਰੇਜ਼ੀ ਅਖ਼ਬਾਰ ਵਿੱਚ ਕੇਂਦਰੀ ਸਿੱਖਿਆ ਮੰਤਰੀ ਦਾ ਬਿਆਨ ਛਪਿਆ ਕਿ ਕੇਂਦਰੀ ਮੰਤਰੀ ਮੰਡਲ ਨੇ ਨਵੀਂ ਸਿੱਖਿਆ ਨੀਤੀ-2020 ਅਧੀਨ ਪ੍ਰਧਾਨ ਮੰਤਰੀ ਸ੍ਰੀ ਮਾਡਲ ਸਕੂਲ ਪ੍ਰਣਾਲੀ ਲਾਗੂ ਕਰਨ ਲਈ ਮਨਜ਼ੂਰੀ ਦੇ ਦਿੱਤੀ ਹੈ। ਇਸ ਪ੍ਰਣਾਲੀ ਅਧੀਨ ਦੇਸ਼ ਭਰ ਵਿੱਚ 14500 ਸਕੂਲਾਂ ਨੂੰ ਪ੍ਰਧਾਨ ਮੰਤਰੀ ਸ੍ਰੀ ਸਕੂਲ ਵਿੱਚ ਬਦਲਿਆ ਜਾਵੇਗਾ। ਇਹ ਸਕੀਮ ਕੇਂਦਰੀ ਸਰਕਾਰ ਦੀ ਸਕੀਮ ਹੋਵੇਗੀ ਜੋ ਸਾਲ 2022-23 ਤੋਂ ਆਰੰਭ ਕਰਕੇ 2026-27 ਤੱਕ ਪੂਰੀ ਕੀਤੀ ਜਾਵੇਗੀ। ਅਜਿਹੇ ਸਕੂਲ ਉਸ ਸੂਬੇ ਵਿੱਚ ਹੀ ਸਥਾਪਤ ਕੀਤੇ ਜਾਣਗੇ, ਜਿਸ ਸੂਬੇ ਦੀ ਸਰਕਾਰ ਸਿੱਖਿਆ ਨੀਤੀ-2020 ਨੂੰ ਪੂਰੀ ਤਰ੍ਹਾਂ ਲਾਗੂ ਕਰਨ ਲਈ ਸਹਿਮਤ ਹੋਵੇਗੀ। ਇਨ੍ਹਾਂ ਸਕੂਲਾਂ ਦੀ ਦੇਖ-ਰੇਖ ਵੱਲ ਪੂਰਾ ਧਿਆਨ ਦਿੱਤਾ ਜਾਂਦਾ ਰਹੇਗਾ। ਅਜਿਹੇ ਇੱਕ ਸਕੂਲ ਨੂੰ ਦੋ ਕਰੋੜ ਰੁਪਏ ਦਿੱਤੇ ਜਾਣਗੇ, ਜੋ ਸਿੱਧੇ ਸਕੂਲ ਦੇ ਖਾਤੇ ਵਿੱਚ ਹੀ ਭੇਜ ਦਿੱਤੇ ਜਾਣਗੇ।

ਇਸ ਦੇ ਨਾਲ ਹੀ ਸਤੰਬਰ ਮਹੀਨੇ ਵਿੱਚ ਹੀ ਖ਼ਬਰਾਂ ਆਈਆਂ ਕਿ ਹਰਿਆਣਾ ਸਰਕਾਰ ਨੇ ਨਵੀਂ ਸਿੱਖਿਆ ਨੀਤੀ ਅਧੀਨ ਸਕੂਲਾਂ ਦੀ 'ਰੈਸ਼ਨੇਲਾਈਜ਼ੇਸ਼ਨ' ਕਰਨ ਅਧੀਨ ਇੱਕ ਸੌ ਪੰਜ (105) ਪ੍ਰਾਇਮਰੀ ਸਕੂਲ ਬੰਦ ਕਰਕੇ ਤਿੰਨ ਕਿਲੋਮੀਟਰ ਦੇ ਦਾਇਰੇ ਵਿੱਚ ਨੇੜੇ ਦੇ ਸਕੂਲਾਂ ਵਿੱਚ ਸ਼ਾਮਲ ਕਰ ਦਿੱਤੇ ਗਏ ਦੱਸੇ ਜਾਂਦੇ ਹਨ। ਪ੍ਰਸਿੱਧ ਅੰਗਰੇਜ਼ੀ ਅਖ਼ਬਾਰ 'ਦੀ ਟ੍ਰਿਬਿਊਨ' ਦੀ 29 ਸਤੰਬਰ 2022 ਦੀ ਸੰਪਾਦਕੀ ਅਨੁਸਾਰ ਹਰਿਆਣੇ ਦੇ ਬੱਚੇ, ਮਾਪੇ ਅਤੇ ਆਮ ਲੋਕ ਅਜਿਹਾ ਕਰਨ ਵਿਰੁੱਧ ਲਗਾਤਾਰ ਰੋਸ ਧਰਨੇ ਦੇ ਰਹੇ ਹਨ ਅਤੇ ਹਰਿਆਣਾ ਸਰਕਾਰ ਤੋਂ ਜ਼ਿੰਮੇਵਾਰੀ ਵਾਲਾ ਉੱਤਰ ਮੰਗ ਰਹੇ ਹਨ। ਇਹ ਵੀ ਦੱਸਿਆ ਗਿਆ ਹੈ ਕਿ ਕਈ ਜ਼ਿਲ੍ਹਿਆਂ ਦੇ ਸਕੂਲਾਂ ਵਿੱਚ ਲੋੜ ਤੋਂ ਘੱਟ ਅਧਿਆਪਕ ਰਹਿ ਗਏ ਹਨ ਜਾਂ ਕੋਈ ਵੀ ਅਧਿਆਪਕ ਨਹੀਂ ਰਿਹਾ। ਅਖ਼ਬਾਰ ਨੇ ਲਿਖਿਆ ਹੈ ਕਿ ਇਹ ਚੰਗੀ ਗੱਲ ਹੈ ਕਿ ਸਮੂਹ ਇਸ ਰੋਸ ਵਿੱਚ ਸ਼ਾਮਲ ਹੋ ਕੇ ਬੱਚਿਆ ਲਈ ਮਿਆਰੀ ਸਿੱਖਿਆਂ ਲਈ ਵਧੇਰੇ ਸਹੂਲਤ ਦੀ ਮੰਗ ਕਰ ਰਹੇ ਹਨ। ਇੱਥੇ ਇਹ ਵੀ ਦੱਸਿਆ ਜਾਂਦਾ ਹੈ ਕਿ ਇਸ ਤੋਂ ਪਹਿਲਾਂ 22 ਦਸੰਬਰ 2021 ਦੇ ਅੰਗਰੇਜ਼ੀ ਟ੍ਰਿਬਿਊਨ ਵਿੱਚ ਹੀ ਖ਼ਬਰ ਛਪੀ ਸੀ ਕਿ ਹਰਿਆਣਾ ਦੇ ਸਕੂਲਾਂ ਵਿੱਚ ਅਧਿਆਪਕਾਂ ਦੇ ਵੱਖ-ਵੱਖ ਵਰਗਾਂ ਦੀਆਂ ਚਾਲੀ ਹਜ਼ਾਰ ਅਸਾਮੀਆਂ ਖਾਲੀ ਹਨ। ਇਸੇ ਖ਼ਬਰ ਵਿੱਚ ਹੀ ਦੱਸਿਆ ਗਿਆ ਸੀ ਹਰਿਆਣੇ ਦੇ ਸਕੂਲਾਂ ਵਿੱਚ 12408 ਸਵੀਪਰਾਂ, ਪੀਅਨ ਅਤੇ ਚੌਕੀਦਾਰਾਂ ਦੀ ਲੋੜ ਹੈ, ਜਦੋਂ ਕਿ ਇਸ ਵੇਲੇ ਕੇਵਲ 5746 ਹੀ ਕੰਮ ਕਰਦੇ ਹਨ। ਅਜਿਹੀਆਂ ਖ਼ਬਰਾਂ ਤੋਂ ਹੀ ਜਨਤਕ ਸਿੱਖਿਆ ਪ੍ਰਤੀ ਸੰਜੀਦਗੀ ਸਪੱਸ਼ਟ ਹੋ ਜਾਂਦੀ ਹੈ। ਇਸੇ ਤਰ੍ਹਾਂ 8 ਮਾਰਚ 2022 ਦੇ ਅੰਗਰੇਜ਼ੀ ਅਖ਼ਬਾਰ 'ਦੀ ਹਿੰਦੂ' ਦੀ ਇੱਕ ਖ਼ਬਰ ਸੀ ਕਿ ਗੁਜਰਾਤ ਦੇ ਸਿੱਖਿਆ ਮੰਤਰੀ ਵੱਲੋਂ ਗੁਜਰਾਤ ਦੀ ਵਿਧਾਨ ਸਭਾ ਵਿੱਚ ਦਿੱਤੇ ਇੱਕ ਬਿਆਨ ਅਨੁਸਾਰ ਗੁਜਰਾਤ ਦੇ ਸਰਕਾਰੀ ਸਕੂਲਾਂ ਵਿੱਚ 21 ਦਸੰਬਰ 2021 ਤੱਕ 19000 ਜਮਾਤ ਕਮਰਿਆਂ ਦੀ ਘਾਟ ਸੀ। ਇਹ ਤਿੰਨ ਖ਼ਬਰਾਂ ਦੇਸ਼ ਦੇ ਸਿੱਖਿਆ ਖੇਤਰ ਦੀ ਹਾਲਤ ਦੱਸਦੀਆਂ ਹਨ। ਪ੍ਰੈੱਸ ਦੇ ਵੱਖ-ਵੱਖ ਹਿੱਸਿਆਂ ਵਿੱਚ ਛਪਦੀਆਂ ਰਹੀਆਂ ਵੱਖ-ਵੱਖ ਖ਼ਬਰਾਂ ਅਨੁਸਾਰ ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ ਕਲਰਕਾਂ, ਪੀਅਨ ਅਤੇ ਚੌਕੀਦਾਰਾਂ ਆਦਿ ਦੀਆਂ ਅਨੇਕਾਂ ਆਸਾਮੀਆਂ ਵੀ ਖਾਲੀ ਪਈਆਂ ਹਨ। ਵੱਡੀ ਗਿਣਤੀ ਵਿੱਚ ਅਧਿਆਪਕ ਅਤੇ ਸਹਾਇਕ ਕਰਮਚਾਰੀ ਠੇਕੇ 'ਤੇ ਕੰਮ ਕਰਦੇ ਹਨ। ਇਨ੍ਹਾਂ ਖ਼ਬਰਾਂ ਵਿੱਚੋਂ ਪ੍ਰਸ਼ਾਨ ਉਠਦਾ ਹੈ ਕਿ ਕੇਂਦਰ ਸਰਕਾਰ ਜੋ ਨਵੀਂ ਸਿੱਖਿਆ ਨੀਤੀ-2020 ਦਾ ਜ਼ੋਰਦਾਰ ਪ੍ਰਚਾਰ ਕਰ ਰਹੀ ਹੈ, ਉਸ ਦੀ ਯੋਜਨਾ ਅਧੀਨ ਦੇਸਾਂ ਵਿੱਚੋਂ ਕੇਵਲ 14500 'ਪ੍ਰਧਾਨ ਮੰਤਰੀ ਸੀ' ਸਕੂਲ ਹੀ ਹਨ, ਜਿਨ੍ਹਾਂ ਵਿੱਚ ਚੰਗੇਰੀਆਂ ਆਧੁਨਿਕ ਸਿੱਖਿਆ ਲਈ ਲੋੜੀਂਦੀਆਂ ਸਹੂਲਤਾਂ ਉਪਲਭਧ ਕਰਾਈਆਂ ਜਾਣਗੀਆਂ। ਭਾਰਤ ਦੇ ਬਾਕੀ ਲੱਖਾਂ ਸਕੂਲਾਂ ਇਨ੍ਹਾਂ ਤੋਂ ਵੱਖਰੇ ਹੋਣਗੇ। ਕੀ ਉਨ੍ਹਾਂ ਲੱਖਾਂ ਸਕੂਲਾ ਵਿੱਚ ਪੜ੍ਹਨ ਵਾਲੇ ਕਰੋੜਾਂ ਬੱਚੇ ਭਾਰਤ ਦੇ ਬੱਚੇ ਨਹੀਂ?? ਉਨ੍ਹਾਂ ਲਈ ਇਹ 'ਪ੍ਰਧਾਨ ਮੰਤਰੀ ਸ੍ਰੀ' ਸਕੂਲਾਂ ਵਾਲੀਆ ਸਹੂਲਤਾਂ ਕਿਉਂ ਸੀ? ਇਸੇ ਤਰ੍ਹਾਂ ਜਦੋਂ 1986 ਦੀ ਸਿੱਖਿਆ ਨੀਤੀ ਵਿੱਚ ਨਵੋਦਿਆ ਸਕੂਲ ਪ੍ਰਣਾਲੀ ਚਾਲੂ ਕੀਤੀ ਗਈ ਸੀ, ਅਸੀਂ ਓਦੋਂ ਵੀ ਕਿਹਾ ਸੀ ਕਿ ਇਹ ਸਿੱਖਿਆ ਖੇਤਰ ਵਿੱਚ ਵਖਰੇਵੇਂ ਪੈਦਾ ਕਰਨ ਵਾਲੀ ਪਹੁੰਚ ਹੈ। 2003 ਦੇ ਸਾਲ ਇੱਕ ਅੰਗਰੇਜ਼ੀ ਰਸਾਲੇ ਦੀ ਲੇਖ ਅਨੁਸਾਰ ਨਵੋਦਿਆ ਸਕੂਲ ਦੇ ਇੱਕ ਵਿਦਿਆਰਥੀ ਉੱਪਰ ਉਦੋਂ ਕੇਂਦਰੀ ਬੱਜਟ ਵਿੱਚੋਂ 39000 ਰੁਪਏ ਪ੍ਰਤੀ ਵਿਦਿਆਰਥੀ ਖ਼ਰਚੇ ਜਾਂਦੇ ਸਨ ਜਦੋਂ ਕਿ ਦੂਜੇ ਆਮ ਸਕੂਲਾਂ ਦੇ ਵਿਦਿਆਰਥੀ ਲਈ ਕੇਂਦਰ ਕੇਵਲ 241 ਰੁਪਏ ਦੇਂਦਾ ਸੀ ਅਤੇ ਸੂਬਾ ਸਰਕਾਰ ਦਾ ਹਿੱਸਾ ਪਾ ਕੇ ਇਨ੍ਹਾ ਵਿਦਿਆਰਥੀਆਂ ਉੱਪਰ ਪ੍ਰਤੀ ਵਿਦਿਆਰਥੀ ਕੇਵਲ 2000 ਰੁਪਏ ਖ਼ਰਚੇ ਜਾਂਦੇ ਸਨ। ਇਥੋਂ ਤੱਕ ਕਿ ਕੇਂਦਰੀ ਬੱਜਟ ਵਿੱਚੋਂ ਨਵੋਦਿਆ ਸਕੂਲਾਂ ਲਈ ਬੱਜਟ ਵੀ ਵੱਖਰਾ ਅਲਾਟ ਕੀਤਾ ਜਾਂਦਾ ਹੈ। ਇਸੇ ਤਰ੍ਹਾਂ ਪਿਛਲੇ ਸਾਲਾਂ ਵਿੱਚ ਆਈਆ ਕੇਂਦਰੀ ਅਤੇ ਕਈ ਸੂਬਾ ਸਰਕਾਰਾਂ ਨੇ ਵੀ ਵਿਸ਼ੇਸ਼ ਮਾਡਲਾ ਆਦਰਸ਼ ਮਾਡਲ ਸਕੂਲ ਖੋਲ੍ਹਣ ਦੀਆਂ ਵਿਤਕਰੇ ਅਧਾਰਤ ਸਕੀਮਾਂ ਚਾਲੂ ਕੀਤੀਆਂ ਸਨ। ਹੁਣ ਕੇਂਦਰ ਦੀ ਮੋਦੀ ਸਰਕਾਰ ਵੀ ਨਵੀਂ ਸਿੱਖਿਆ ਨੀਤੀ ਰਾਹੀਂ 14500 ਪ੍ਰਧਾਨ ਮੰਤਰੀ ਸ੍ਰੀ ਵਿਸ਼ੇਸ਼ ਸਕੂਲ ਚਲਾਏਗੀ, ਜਿਨ੍ਹਾਂ ਉੱਪਰ ਸਰਕਾਰੀ ਐਲਾਨਾਂ ਅਨੁਸਾਰ ਦੋ ਕਰੋੜ ਰੁਪਏ ਪ੍ਰਤੀ ਸਕੂਲ ਖ਼ਰਚ ਕੀਤਾ ਜਾਵੇਗਾ। ਜਦੋਂ ਕਿ ਭਾਰਤ ਭਰ ਵਿੱਚ ਬਾਕੀ ਲੱਖਾਂ ਪ੍ਰਾਇਮਰੀ/ਐਲੀਮੈਂਟਰੀ ਅਤੇ ਸੈਕੰਡਰੀ ਸਕੂਲਾਂ ਵਿੱਚ ਲੋੜੀਂਦੇ ਰੈਗੂਲਰ ਅਧਿਆਪਕ ਵੀ ਨਹੀਂ ਹਨ। ਇਸ ਲੇਖ ਰਾਹੀਂ ਅਸੀਂ ਟਾਹਰਾਂ ਮਾਰਨ ਵਾਲੀਆ ਇਨ੍ਹਾਂ ਕੇਂਦਰੀ, ਸੂਬਾਈ ਸਰਕਾਰਾਂ ਨਾਲ ਇੱਕ ਪ੍ਰਸ਼ਨ ਸਾਂਝਾ ਕਰਨਾ ਚਾਹੁੰਦੇ ਹਾਂ ਕਿ ਕੀ ਤੁਹਾਡੇ ਮੁਢਲੇ ਸਰਕਾਰੀ ਪ੍ਰਾਇਮਰੀ ਸਕੂਲਾਂ ਵਿੱਚ ਪੰਜ ਜਮਾਤਾਂ ਲਈ ਪੰਜ ਵੱਖਰੇ-ਵੱਖਰੇ ਸਕੂਲ ਕਮਰੇ ਅਤੇ ਪੰਜ ਜਮਾਤਾਂ ਲਈ ਰੈਗੂਲਰ ਸਿੱਖਿਅਤ ਪੰਜ ਅਧਿਆਪਕ ਅਤੇ ਪ੍ਰਬੰਧਕੀ ਲੋੜਾਂ ਵਾਲਾ ਸਹਾਇਕ ਅਮਲਾ ਨਿਯੁਕਤ ਹੈ। ਕੀ ਇਨ੍ਹਾਂ ਬੱਚਿਆਂ ਦੇ ਬੈਠਣ ਲਈ ਬੈਂਚ ਆਦਿ ਉਪਲੱਧਤ ਹਨ। ਰੋਜ਼ਾਨਾ ਅਖ਼ਬਾਰਾਂ ਦੀਆਂ ਖ਼ਬਰਾਂ ਦੱਸਦੀਆਂ ਹਨ ਕਿ ਅਜਿਹਾ ਨਹੀਂ ਹੈ। ਇਸ ਪਿਛੋਕੜ ਵਿੱਚ ਦਸਿਆ ਜਾਂਦਾ ਹੈ ਕਿ ਸਾਡੀਆਂ ਵੱਖ-ਵੱਖ ਸਰਕਾਰਾਂ ਦੀ ਉੱਪਰ ਦੱਸੀ 1986 ਤੋਂ ਲੈ ਕੇ ਕੁਝ ਚੋਣਵੇਂ ਚੰਗੇ ਸਕੂਲਾਂ ਅਤੇ ਬਾਕੀ ਲੱਖਾਂ ਮੁਢਲੀਆਂ ਲੋੜਾਂ ਤੋਂ ਵਾਂਝੇ ਸਕੂਲਾਂ ਵਾਲੀ ਸਿੱਖਿਆ ਨੀਤੀ ਅੰਗਰੇਜ਼ ਰਾਜ ਸਮੇਂ ਦੀ 1835 ਵਾਲੀ ਮੈਕਾਲੇ ਮਾਰਕਾ ਨੀਤੀ ਹੀ ਹੈ। ਅੱਜ ਜਦੋਂ ਸਾਡਾ ਦੇਸ ਆਜ਼ਾਦ ਲੋਕਤੰਤਰ ਦੇਸ਼ ਹੈ, ਪਰ ਫਿਰ ਵੀ ਅੱਜ ਵਾਲੇ ਸੰਸਾਰ ਬੈਂਕ ਮਾਰਕਾ ਸਾਮਰਾਜੀ ਪ੍ਰਭਾਵ ਹੇਠ ਨਵ-ਉਦਾਰਵਾਦੀ ਆਰਥਕ ਨੀਤੀਆਂ ਅਧੀਨ ਬਦਲ ਰਹੀ ਭਾਰਤੀ ਸਿੱਖਿਆ ਨੀਤੀ ਫਿਰ ਵੱਖ-ਵੱਖ ਵੰਨਗੀਆਂ ਚੰਗੇ ਸਕੂਲਾਂ ਮਾੜੇ-ਸਕੂਲਾਂ, ਵਾਲੀ ਪ੍ਰਣਾਲੀ ਧਾਰਨ ਕੀਤੀ ਜਾ ਰਹੀ ਹੈ, ਜੋ ਭਾਰਤੀ ਸੰਵਿਧਾਨ ਦੇ ਉਦੇਸ਼ ਅਤੇ ਵਿਵਸਥਾਵਾਂ ਅਨੁਸਾਰ ਨਹੀਂ ਹੈ। 4 ਅਕਤੂਬਰ 2022 ਦੇ ਇੱਕ ਅੰਗਰੇਜ਼ੀ ਅਖ਼ਬਾਰ ਵਿੱਚ ਛਪੇ ਇੱਕ ਲੇਖ ਵਿੱਚ ਦੱਸਿਆ ਗਿਆ ਹੈ ਕਿ ਸੰਸਾਰ ਪੱਧਰ ਦੀ ਮਨੁੱਖੀ ਵਿਕਾਸ ਸੂਚੀ ਦੇ 191 ਦੇਸ਼ਾਂ ਵਿੱਚੋਂ ਭਾਰਤ 132ਵੇਂ ਸਥਾਨ 'ਤੇ ਹੈ ਅਤੇ ਸਾਲ 2020-21 ਦੀ ਇੱਕ ਰਿਪੋਰਟ ਅਨੁਸਾਰ ਭਾਰਤ ਵਿੱਚ ਵਸੋਂ ਦੀ ਸਕੂਲੀ ਪੜ੍ਹਾਈ ਦੇ ਸਾਲਾਂ ਦੀ ਔਸਤ 6.7 ਸਾਲ ਹੈ ਅਤੇ ਭਾਰਤ ਦੀ ਸਿੱਖਿਆ ਵਿੱਚ ਅਸਮਾਨਤਾਵਾਂ ਸੰਸਾਰ ਭਰ ਦੇ ਸਭ ਤੋਂ ਵੱਧ ਵਿਤਕਰੇ ਵਾਲੀਆਂ ਅਸਮਾਨਤਾਵਾਂ ਵਿੱਚ ਗਿਣੀਆਂ ਜਾਂਦੀਆਂ ਹਨ ਅਤੇ ਹੁਣ ਜਦੋਂ ਭਾਰਤ ਭਰ ਵਿੱਚ 14500 ਪ੍ਰਧਾਨ ਮੰਤਰੀ ਸ੍ਰੀ ਵਾਲੇ ਸਕੂਲਾਂ ਤੋਂ ਬਿਨਾਂ ਭਾਰਤ ਦੇ ਲੱਖਾਂ ਸਕੂਲਾਂ ਵਿੱਚ ਕਰੋੜਾਂ ਵਿਦਿਆਰਥੀਆਂ ਨੂੰ ਲੋੜੀਂਦੀਆ ਸਹੂਲਤਾਂ ਪ੍ਰਾਪਤ ਨਹੀਂ ਹੋਣਗੀਆਂ ਤਾਂ ਭਾਰਤੀ ਮਨੁੱਖੀ ਵਿਕਾਸ ਕਿਵੇਂ ਅਤੇ ਕਦੋਂ ਸੰਸਾਰ ਪੱਧਰ 'ਤੇ ਪੁੱਜੇਗਾ? ਧਿਆਨ ਮੰਗਦਾ ਪ੍ਰਸ਼ਨ ਹੈ।




ਅੰਤ ਵਿੱਚ ਇਸ ਸੰਖੇਪ ਵਰਨਣ ਤੋਂ ਪਿਛੋਂ ਇਹ ਸਾਂਝਾ ਕੀਤਾ ਜਾਂਦਾ ਹੈ ਕਿ ਭਾਰਤ ਦੀ ਆਜ਼ਾਦੀ ਪ੍ਰਾਪਤੀ ਉਪਰੰਤ ਸਿੱਖਿਆ ਨੀਤੀ ਸੰਬੰਧੀ ਵੱਖ-ਵੱਖ ਸਿੱਖਿਆ ਕਮਿਸ਼ਨ ਬਣਾਏ ਗਏ। 1964-66 ਵਿੱਚ ਕੋਠਾਰੀ ਸਿੱਖਿਆ ਕਮਿਸ਼ਨ ਨਿਰਧਾਰਤ ਕੀਤਾ ਗਿਆ ਸੀ, ਜਿਸ ਨੇ ਸਕੂਲ ਪੱਧਰ ਤੋਂ ਲੈ ਕੇ ਉਚੇਰੀ ਸਿੱਖਿਆ ਤੱਕ ਆਪਣੀਆਂ ਸਿਫ਼ਾਰਸ਼ਾਂ ਕੀਤੀਆਂ ਸਨ। ਕੋਠਾਰੀ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਨੂੰ ਭਾਰਤੀ ਲੋਕ ਸਭਾ ਨੇ 1968 ਵਿੱਚ ਸਰਬਸੰਮਤੀ ਨਾਲ ਸਵੀਕਾਰ ਕਰਦਿਆਂ ਭਾਰਤ ਦੀ ਕੌਮੀ ਸਿੱਖਿਆ ਨੀਤੀ 1968 ਨਿਰਧਾਰਤ ਕੀਤੀ ਸੀ, ਜਿਸ ਅਨੁਸਾਰ ਭਾਰਤ ਦੇ ਸਾਰੇ ਬੱਚਿਆਂ ਨੂੰ ਸਰਕਾਰੀ ਜ਼ਿੰਮੇਵਾਰੀ ਅਧੀਨ ਮਿਆਰੀ ਸਿੱਖਿਆ ਦੇ ਅਵਸਰ ਪ੍ਰਦਾਨ ਕਰਨ ਲਈ 'ਕਾਮਨ ਸਕੂਲ ਪ੍ਰਣਾਲੀ' ਲਾਗੂ ਕੀਤੀ ਜਾਣੀ ਸੀ। ਇਸ ਵਿੱਚ ਇਹ ਵੀ ਜ਼ਰੂਰੀ ਸੀ ਕਿ ਕਿਸੇ ਵੀ ਬਸਤੀ ਜਾਂ ਪਿੰਡ ਦੇ ਹਰ ਇੱਕ ਬੱਚੇ ਦੀ ਮੁਢਲੀ ਸਿੱਖਿਆ ਲਈ ਉਸ ਦੇ ਘਰ ਤੋਂ ਇੱਕ ਕਿਲੋਮੀਟਰ ਦੇ ਅੰਦਰ ਸਕੂਲ ਪ੍ਰਦਾਨ ਕੀਤਾ ਜਾਵੇਗਾ ਅਤੇ ਉਸ ਆਬਾਦੀ ਦੇ ਸਾਰੇ ਬੱਚੇ ਇਕੱਠੇ ਇੱਕ ਹੀ ਸਕੂਲ ਵਿੱਚ ਪੜ੍ਹਨਗੇ। ਅੱਜ ਵੀ ਇਸ ਵਿਵਸਥਾ ਦੀ ਮਹੱਤਤਾ ਅਤੇ ਇਸ ਦੀ ਇਤਿਹਾਸਕ ਭੂਮਿਕਾ ਵੱਲ ਸਾਡਾ ਧਿਆਨ ਜਾਣਾ ਚਾਹੀਦਾ ਹੈ। ਇਸ ਪ੍ਰਸੰਗ ਵਿੱਚ ਇੱਕ ਵਾਰ ਫਿਰ ਕਿਹਾ ਜਾਂਦਾ ਹੈ ਕਿ 1968 ਤੋਂ ਪਿਛੋਂ ਲਿਆਂਦੀਆਂ ਗਈਆਂ ਸਾਰੀਆਂ ਹੀ ਸਿੱਖਿਆ ਨੀਤੀਆਂ 'ਕਾਮਨ ਸਕੂਲ ਪ੍ਰਣਾਲੀ' ਵਿੱਚ ਤੋੜ-ਫੋੜ ਕਰਨ ਵਾਲੀਆਂ ਸਨ, ਜੋ ਭਾਰਤੀ ਸਮਾਜ ਦੇ ਇਕਸਾਰਤਾ ਵਾਲੇ ਸਮਾਜਕ ਵਿਕਾਸ ਦੇ ਦ੍ਰਿਸ਼ਟੀਕੋਣ ਤੋਂ ਸੰਵੇਦਨਸ਼ੀਲ ਮਨੁੱਖੀ ਵਿਕਾਸ ਦੇ ਮੰਤਵ ਲਈ ਘਾਤਕ ਹਨ। ਭਾਰਤੀ ਸੰਵਿਧਾਨ ਦਾ ਮੁੱਖ ਬੰਦ ਅਤੇ ਲੋਕਤੰਤਰ ਦਾ ਮੁਢਲਾ ਸਿਧਾਂਤ ਮੰਗ ਕਰਦਾ ਹੈ ਕਿ ਭਾਰਤ ਦੇ ਸਾਰੇ ਭਾਰਤੀ ਬੱਚਿਆਂ ਨੂੰ ਸਿੱਖਿਆ ਪ੍ਰਾਪਤੀ ਦੇ ਸਮਾਨ ਅਵਸਰ ਪ੍ਰਦਾਨ ਕੀਤੇ ਜਾਣ ਲਈ 'ਕਾਮਨ ਸਕੂਲ ਪ੍ਰਣਾਲੀ' ਸੰਜੀਦਗੀ ਨਾਲ ਲਾਗੂ ਕੀਤੀ ਜਾਵੇ। ਸਾਡੀ ਸਮਝ ਅਨੁਸਾਰ 1968 ਦੀ ਸਿੱਖਿਆ ਨੀਤੀ ਹੀ ਭਾਰਤ ਦੇ ਸਾਰੇ ਬੱਚਿਆ ਨੂੰ ਮਿਆਰੀ ਸਿੱਖਿਆ ਦੇ ਇਕਸਾਰ ਅਵਸਰ ਪ੍ਰਦਾਨ ਕਰਨ ਦੀ ਜਾਮਨ ਹੋ ਸਕਦੀ ਹੈ। ਇਸ ਵਿੱਚ ਅੱਜ ਦੀਆਂ ਲੋੜਾਂ ਅਨੁਸਾਰ ਜਨਤਕ ਵਿਚਾਰ-ਵਟਾਂਦਰੇ ਰਾਹੀਂ ਵਾਧੇ ਕਰਕੇ ਹੋਰ ਸਾਰਥਕ ਬਣਾਇਆ ਜਾ ਸਕਦਾ ਹੈ। ਭਾਰਤ ਦੀ ਅਧਿਆਪਕ ਲਹਿਰ, ਵਿਦਿਆਰਥੀ ਲਹਿਰ, ਸਿੱਖਿਆ ਸ਼ਾਸਤਰੀ ਸਹਿਬਾਨ, ਲੋਕਤੰਤਰ ਨੂੰ ਪ੍ਰਣਾਏ ਮਾਣਯੋਗ ਭਾਰਤੀ ਜਨ ਸਮੂਹ ਅਤੇ ਸੰਵੇਦਨਸ਼ੀਲ ਰਾਜਸੀ ਆਗੂਆਂ ਨੂੰ ਪੁਰਜ਼ੋਰ ਅਪੀਲ ਹੈ ਕਿ ਇਸ ਮੁੱਦੇ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਵੇ, ਤਾਂ ਜੋ ਸਿੱਖਿਆ ਖੇਤਰ ਰਾਹੀਂ ਵਧਾਏ ਜਾ ਰਹੇ ਸਮਾਜਕ ਅਤੇ ਆਰਥਕ ਪਾੜਿਆ ਅਤੇ ਵਿਤਕਰਿਆਂ ਨੂੰ ਰੋਕਿਆ ਜਾ ਸਕੇ। ਸਾਨੂੰ ਇਸ ਤੋਂ ਅਗਾਂਹ ਵੀ ਦੇਖਣਾ ਹੋਵੇਗਾ ਕਿ ਸਿੱਖਿਆ ਰਾਹੀਂ ਬੱਚਿਆ ਨੂੰ ਕੀ ਪੜ੍ਹਾਇਆ ਜਾਂਦਾ ਹੈ।

*# ਸੰਪਰਕ : 94177-51888*

# ਵੱਖਰਾ-ਨਿਆਰਾ ਸ਼ਰਧਾਂਜਲੀ ਸਮਾਗਮ

**ਗਿਆਨ ਸੈਦਪੁਰੀ**



ਸਮਾਗਮ ਹੋਵੇ ਕਿਸੇ ਦੇ ਸਦਾ ਲਈ ਤੁਰ ਜਾਣ 'ਤੇ ਉਸ ਦੀ ਮਿੱਠੀ ਯਾਦ ਵਿੱਚ ਤੇ ਸ਼ਰਧਾ ਦੇ ਫੁੱਲ ਭੇਟ ਕਰਨ ਵਾਲਾ ਮੁੱਖ ਵਕਤਾ ਕਹਿ ਰਿਹਾ ਹੋਵੇ ਕਿ ਮਨੁੱਖ ਦੇ ਸਵਾਸਾਂ ਦੀ ਪੂੰਜੀ ਵਧਾਈ ਜਾ ਸਕਦੀ ਹੈ, ਉਸ ਰਵਾਇਤੀ ਧਾਰਨਾ ਦੇ ਉਲਟ ਕਿ 'ਵਿੱਧ ਮਾਤਾ ਵੱਲੋਂ ਲਿਖੇ ਗਏ ਸਵਾਸਾਂ ਨੂੰ ਨਾ ਤਾਂ ਘਟਾਇਆ ਜਾ ਸਕਦਾ ਹੈ ਤੇ ਨਾ ਹੀ ਵਧਾਇਆ', ਤਾਂ ਇਹ ਮੌਕਾ ਖਾਸ ਹੀ ਹੋ ਸਕਦਾ ਹੈ। ਇਸ ਖਾਸ ਮੌਕੇ ਦਾ ਹਿੱਸਾ ਬਣਨ ਦਾ ਸਬੱਬ ਬਣਿਆ ਸ੍ਰ: ਬਾਵਾ ਸਿੰਘ ਨਮਿਤ ਸਤਿਕਾਰ ਸਮਾਗਮ।

ਸ੍ਰ: ਬਾਵਾ ਸਿੰਘ ਡਾ. ਜਗਜੀਤ ਸਿੰਘ ਦੇ ਸਤਿਕਾਰਤ ਬਾਪ ਸਨ। ਡਾ. ਜਗਜੀਤ ਸਿੰਘ ਕਿੱਤੇ ਵਜੋਂ ਡਾਕਟਰ ਹਨ ਤੇ ਵਿਸ਼ਵਾਸਾਂ ਪੱਖੋਂ ਤਰਕਸ਼ੀਲ। ਉਹ ਬਤੌਰ ਸੀਨੀਅਰ ਮੈਡੀਕਲ ਅਫਸਰ ਮਾਲੇਰਕੋਟਲਾ ਵਿੱਚ ਆਪਣੀਆਂ ਸੇਵਾਵਾਂ ਨਿਭਾਅ ਰਹੇ ਹਨ। ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.) ਦੀ ਇਕਾਈ ਸ਼ਾਹਕੋਟ ਦੇ ਉਹ ਸਰਗਰਮ ਮੈਂਬਰ ਹਨ। ਉਨ੍ਹਾਂ ਦੀ ਪਤਨੀ ਡਾ. ਜਗਰੂਪ ਕੌਰ ਮੈਡੀਕਲ ਅਫਸਰ ਘਵੱਦੀ (ਲੁਧਿਆਣਾ) ਵਜੋਂ ਆਪਣੇ ਫਰਜ਼ ਨਿਭਾਅ ਰਹੇ ਹਨ। ਸ੍ਰ: ਬਾਵਾ ਸਿੰਘ ਦੇ ਪਰਵਾਰ ਬਾਰੇ ਇਹ ਸੰਖੇਪ ਜਾਣਕਾਰੀ ਦੇਣ ਦਾ ਮਕਸਦ ਇਹ ਹੈ ਕਿ ਉਕਤ ਜ਼ਿਕਰ ਕੀਤੇ 'ਸਤਿਕਾਰ ਸਮਾਗਮ' ਦੇ ਆਯੋਜਨ ਨੂੰ ਸਮਝਣ ਵਿੱਚ ਸੌਖ ਰਹੇ।

ਸ੍ਰ: ਬਾਵਾ ਸਿੰਘ ਅੱਠ ਦਹਾਕਿਆਂ ਦੀ ਜ਼ਿੰਦਗੀ ਜੀਉ ਕੇ ਪੂਰੇ ਹੋਏ ਤਾਂ ਪਰਵਾਰ ਨੇ ਫੈਸਲਾ ਕੀਤਾ ਕਿ ਉਨ੍ਹਾਂ ਦਾ ਮ੍ਰਿਤਕ ਸਰੀਰ ਡੀ.ਐੱਮ.ਸੀ. ਨੂੰ ਸੌਂਪਿਆ ਜਾਵੇਗਾ ਤਾਂ ਕਿ ਮੈਡੀਕਲ ਦੇ ਵਿਦਿਆਰਥੀ ਖੋਜ ਕਾਰਜ ਕਰ ਸਕਣ ਤੇ ਇਹ ਕਿਸੇ ਹੋਰ ਦੀ ਜ਼ਿੰਦਗੀ ਵਿੱਚ ਸਹਾਈ ਹੋ ਸਕੇ। ਫੈਸਲੇ ਅਨੁਸਾਰ ਤਰਕਸ਼ੀਲ ਸੁਸਾਇਟੀ ਪੰਜਾਬ ਦੇ ਆਗੂਆਂ ਦੀ ਅਗਵਾਈ ਵਿੱਚ ਬਾਵਾ ਸਿੰਘ ਦਾ ਮ੍ਰਿਤਕ ਸਰੀਰ ਡੀ.ਐੱਮ.ਸੀ. ਲੁਧਿਆਣਾ ਨੂੰ ਸੌਂਪ ਦਿੱਤਾ ਗਿਆ। ਬਾਵਾ ਸਿੰਘ ਜੀ ਦੇ ਪਰਵਾਰ ਵੱਲੋਂ ਕੀਤੇ ਸਾਹਸ ਪੂਰਨ ਕਾਰਜ ਦੇ ਪਿਰਤ ਦੀ ਸ਼ੁਰੂਆਤ ਤਰਕਸ਼ੀਲ ਸੁਸਾਇਟੀ ਵੱਲੋਂ 2002 ਵਿੱਚ ਕੀਤੀ ਗਈ ਸੀ। ਸਾਥੀ ਕ੍ਰਿਸ਼ਨ ਬਰਗਾੜੀ ਤਰਕਸੀਲ ਸੁਸਾਇਟੀ ਪੰਜਾਬ (ਰਜਿ.) ਦੇ ਪ੍ਰਧਾਨ ਸਨ। ਉਨ੍ਹਾਂ ਦੀ ਮੌਤ ਹੋ ਜਾਣ 'ਤੇ ਉਨ੍ਹਾਂ ਦਾ ਮ੍ਰਿਤਕ ਸਰੀਰ ਮੈਡੀਕਲ ਖੋਜ ਦੇ ਕਾਰਜਾਂ ਲਈ ਮੈਡੀਕਲ ਕਾਲਜ ਨੂੰ ਸੌਂਪ ਦਿੱਤਾ ਗਿਆ ਸੀ। ਸਵੈ ਇੱਛਤ ਤੌਰ 'ਤੇ ਮ੍ਰਿਤਕ ਸਰੀਰ ਨੂੰ ਖੋਜ ਕਾਰਜਾਂ ਲਈ ਮੈਡੀਕਲ ਕਾਲਜ ਨੂੰ ਸੌਂਪਣ ਦੀ ਪੰਜਾਬ ਵਿੱਚ ਸ਼ਾਇਦ ਇਹ ਪਹਿਲੀ ਘਟਨਾ ਸੀ।

ਵਿਗਿਆਨ ਦੀ ਰੌਸ਼ਨੀ ਵਿੱਚ ਮ੍ਰਿਤਕ ਸਰੀਰ ਨੂੰ ਮੈਡੀਕਲ ਕਾਲਜ ਦੇ ਹਵਾਲੇ ਕਰਨ ਦੀ ਸੁਲੱਖਣੀ ਪਿਰਤ ਨੂੰ ਬਾਗਪੁਰ (ਸ਼ਾਹਕੋਟ) ਦੇ ਤਰਕਸ਼ੀਲਾਂ ਨੇ 2004 ਵਿੱਚ ਅੱਗੇ ਤੋਰਿਆ ਸੀ। ਪਾਲ, ਸੁਖਵਿੰਦਰ ਤੇ ਜਿੰਦਰ ਭਰਾਵਾਂ ਦੇ ਪਿਤਾ ਨੰਦ ਸਿੰਘ ਦੀ 2004 ਵਿੱਚ ਮੌਤ ਹੋ ਗਈ ਸੀ। ਉਨ੍ਹਾਂ ਦੇ ਮ੍ਰਿਤਕ ਸਰੀਰ ਨੂੰ ਮੈਡੀਕਲ ਖੋਜ ਲਈ ਸੀ.ਐੱਮ.ਸੀ. ਨੂੰ ਦਾਨ ਕਰ ਦਿੱਤਾ ਗਿਆ ਸੀ। ਉਸ ਵੇਲੇ ਆਲੇ-ਦੁਆਲੇ, ਦੋਸਤਾਂ- ਮਿੱਤਰਾਂ ਤੇ ਸਾਕ-ਸੰਬੰਧੀਆਂ ਦੇ ਇੱਕ ਹਿੱਸੇ ਵਿੱਚ ਇਸ ਘਟਨਾ ਦੀ ਅਚੰਭੇ ਦੇ ਤੌਰ 'ਤੇ ਚਰਚਾ ਹੋਈ ਸੀ। ਅਸਲ ਵਿੱਚ ਅਜਿਹਾ ਕਰਨਾ ਜਿੱਥੇ ਮੈਡੀਕਲ ਖੋਜ ਦੇ ਹਿੱਤ ਵਿੱਚ ਹੁੰਦਾ ਹੈ, ਉੱਥੇ ਸਾਹਾਂ ਦੀ ਤੰਦ ਤੋੜ ਗਏ ਕਿਸੇ ਆਪਣੇ ਨੂੰ ਸਨੇਹ ਤੇ ਸਤਿਕਾਰ ਦੇਣਾ ਵੀ ਹੁੰਦਾ ਹੈ। ਬਾਗਪੁਰ ਭਰਾਵਾਂ ਨੇ ਆਪਣੀ ਸਤਿਕਾਰਯੋਗ ਮਾਤਾ ਕੁਲਵੰਤ ਕੌਰ (ਜਿਸ ਨੂੰ ਅਸੀਂ ਸਾਰੇ ਅੰਮਾ ਕਹਿੰਦੇ ਸਾਂ) ਦੀ ਮੌਤ 'ਤੇ ਵੀ ਇਸ ਪਿਰਤ ਨੂੰ ਜਾਰੀ ਰੱਖਿਆ ਸੀ। ਉਸ ਵੇਲੇ ਅੰਮਾ ਦੇ ਮ੍ਰਿਤਕ ਸਰੀਰ ਨੂੰ ਮੈਡੀਕਲ ਖੋਜ ਕਾਰਜਾਂ ਲਈ ਆਦੇਸ਼ ਹਸਪਤਾਲ ਬਠਿੰਡਾ ਨੂੰ ਸੌਂਪਿਆ ਸੀ। ਬਾਗਪੁਰ ਦੇ ਤਰਕਸ਼ੀਲ ਭਰਾਵਾਂ ਨੇ ਆਪਣੇ ਮਾਤਾ-ਪਿਤਾ ਦੀਆਂ ਅੰਤਮ ਰਸਮਾਂ ਵੀ ਕਿਸੇ ਧਾਰਮਿਕ ਰੀਤ ਤੋਂ ਬਿਨਾਂ ਕੀਤੀਆਂ ਸਨ। ਉਸ ਤੋਂ ਬਾਅਦ ਵਿਗਿਆਨਕ ਸੋਚ ਰੱਖਣ ਵਾਲੇ ਅਤੇ ਤਰਕਸ਼ੀਲਤਾ ਦੇ ਧਾਰਨੀ ਲੋਕਾਂ ਵਿੱਚ ਇਸ ਵਰਤਾਰੇ ਦਾ ਕਾਫੀ ਪਾਸਾਰ ਹੋ ਗਿਆ ਹੈ। ਇੱਕ ਜਾਣਕਾਰੀ ਮੁਤਾਬਕ ਹੁਣ ਤੱਕ ਤਰਕਸ਼ੀਲ ਸੁਸਾਇਟੀ ਜਾਂ ਇਸ ਦੇ ਸਮਰਥਕਾਂ ਵੱਲੋਂ ਪੰਜ ਸੌ ਤੋਂ ਵੱਧ ਮ੍ਰਿਤਕ ਸਰੀਰ ਮੈਡੀਕਲ ਖੋਜ ਕਾਰਜਾਂ ਲਈ ਵੱਖ-ਵੱਖ ਕਾਲਜਾਂ ਜਾਂ ਹਸਪਤਾਲਾਂ ਨੂੰ ਸੌਂਪੇ ਜਾ ਚੁੱਕੇ ਹਨ।

ਇਸ ਛੋਟੀ ਜਿਹੀ ਹੱਥਲੀ ਲਿਖਤ ਦੀ ਸ਼ੁਰੂਆਤ 'ਸਤਿਕਾਰ ਸਮਾਗਮ' ਤੋਂ ਕੀਤੀ ਗਈ ਸੀ। ਸੋ ਇੰਡੀਅਨ ਮੈਡੀਕਲ ਐਸੋਸੀਏਸ਼ਨ ਲੁਧਿਆਣਾ ਦਫਤਰ ਦੇ ਇੱਕ ਹਾਲ ਵਿੱਚ ਹੋਏ ਸਮਾਗਮ ਵਿੱਚ ਕੋਈ ਵੀ ਧਾਰਮਿਕ ਰਸਮ ਨਹੀਂ ਕੀਤੀ ਗਈ। ਸਤਿਕਾਰ ਸਮਾਗਮ ਵਿੱਚ ਬੈਠਣ ਲਈ ਕੁਰਸੀਆਂ ਦਾ ਪ੍ਰਬੰਧ ਸੀ। ਸਮਾਗਮ ਦੇ ਸ਼ੁਰੂ ਵਿੱਚ ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.) ਇਕਾਈ ਸ਼ਾਹਕੋਟ ਦੇ ਜੱਥੇਬੰਦਕ ਮੁਖੀ ਜਿੰਦਰ ਬਾਗਪੁਰ ਨੇ ਇਸ ਵੱਖਰੇ ਨਿਆਰੇ ਸਮਾਗਮ ਦੀ ਪਿੱਠ ਭੂਮੀ ਬਾਰੇ ਜਾਣਕਾਰੀ ਸਾਂਝੀ ਕੀਤੀ। ਤਰਕਸ਼ੀਲ ਸੁਸਾਇਟੀ ਪੰਜਾਬ ਦੇ ਜੱਥੇਬੰਦਕ ਮੁਖੀ ਮਾਸਟਰ ਰਜਿੰਦਰ ਭਦੌੜ ਨੇ ਮਨੁੱਖੀ ਜ਼ਿੰਦਗੀ ਦੇ ਵਿਗਿਆਨਕ ਨਜ਼ਰੀਏ ਦੀ ਮਹੱਤਤਾ ਦੀ ਗੱਲ ਕੀਤੀ। ਸ਼ਾਇਰ ਅਤੇ ਨਾਟਕਕਾਰ ਜਗੀਰ ਜੋਸਨ ਨੇ ਸ੍ਰ: ਬਾਵਾ ਸਿੰਘ ਦੇ ਮ੍ਰਿਤਕ ਸਰੀਰ ਨੂੰ ਮੈਡੀਕਲ ਖੋਜ ਲਈ ਸੌਂਪਣ ਦੇ ਸੰਦਰਭ ਵਿੱਚ ਗੱਲ ਕਰਦਿਆਂ ਕਿਹਾ ਕਿ ਜੇਕਰ ਮੈਡੀਕਲ ਖੋਜ ਦੇ ਵਿਦਿਆਰਥੀਆਂ ਕੋਲ ਮ੍ਰਿਤਕ ਸਰੀਰ ਉਪਲੱਬਧ ਨਾ ਹੋਣ ਤਾਂ ਉਹ ਜਿਉਂਦੇ ਮਰੀਜ਼ਾਂ 'ਤੇ ਤਜਰਬੇ ਕਰਨਗੇ, ਜੋ ਘਾਤਕ ਹੋ ਸਕਦੇ ਹਨ। ਡਾ. ਪਰਮਿੰਦਰ ਸਿੰਘ ਨੇ ਬਾਬੇ ਨਾਨਕ ਵੱਲੋਂ ਜਨੇਊ ਦੀ ਕੀਤੀ ਪ੍ਰੀਭਾਸ਼ਾ ਦੇ ਹਵਾਲੇ ਨਾਲ ਕਈ ਕੰਮ ਦੀਆਂ ਗੱਲਾਂ ਕੀਤੀਆਂ। ਇਸੇ ਤਰ੍ਹਾਂ ਡੀ.ਐੱਮ.ਸੀ. ਲੁਧਿਆਣਾ ਦੇ ਡਾਕਟਰ ਅਨੂ ਸ਼ਰਮਾ ਅਤੇ ਅਜੇ ਕੁਮਾਰ ਨੇ ਬਾਵਾ ਸਿੰਘ ਦੇ ਪਰਵਾਰ ਦੇ ਸਾਹਸ ਦੀ ਸਰਾਹਨਾ ਕੀਤੀ। ਪ੍ਰਿੰਸੀਪਲ ਹਰਜਿੰਦਰ ਸਿੰਘ ਨੇ ਬਾਵਾ ਸਿੰਘ ਨੂੰ ਸਤਿਕਾਰ ਦਿੰਦਿਆਂ ਕਿਹਾ ਕਿ ਇਸ ਸਮਾਗਮ ਦੀ ਵਿਸ਼ੇਸ਼ਤਾ ਇਹ ਵੀ ਹੈ ਕਿ ਅਸੀਂ ਜੋ ਉਨ੍ਹਾਂ ਕੋਲੋਂ ਸਿੱਖਿਆ, ਉਸ ਬਾਰੇ ਗੱਲਾਂ ਕਰ ਰਹੇ ਹਾਂ। ਡਾ. ਰਸ਼ਪਾਲ ਅਤੇ ਸ੍ਰੀ ਜਗਦੀਪ ਵੱਲੋਂ ਵੀ ਬਾਵਾ ਸਿੰਘ ਦੇ ਸਤਿਕਾਰ ਸਮਾਗਮ ਦੇ ਸਬੱਬ ਨਾਲ ਉਨ੍ਹਾਂ ਦੀ ਸ਼ਖਸੀਅਤ ਦੀ ਬਾਤ ਪਾਈ ਗਈ। ਪੁਨਰਜੋਤ ਆਈ ਬੈਂਕ ਸੁਸਾਇਟੀ ਲੁਧਿਆਣਾ ਵੱਲੋਂ ਬਾਵਾ ਸਿੰਘ ਦੀ ਪਤਨੀ ਸੁਰਿੰਦਰ ਕੌਰ ਸੇਵਾ-ਮੁਕਤ ਅਧਿਆਪਕਾ, ਡਾ. ਜਗਜੀਤ ਸਿੰਘ, ਡਾ. ਜਗਰੂਪ ਕੌਰ, ਮਨਜੀਤ ਕੌਰ-ਰਜਵੰਤ ਕੌਰ (ਕੈਨੇਡਾ) ਅਤੇ ਕਿਰਨਜੀਤ ਕੌਰ (ਧੀ) ਨੂੰ ਸਨਮਾਨਤ ਕੀਤਾ ਗਿਆ। ਡਾ. ਜਗਜੀਤ ਸਿੰਘ ਨੇ ਸਮਾਗਮ ਦੀ ਸਮਾਪਤੀ ਤੋਂ ਪਹਿਲਾਂ ਧੰਨਵਾਦੀ ਸ਼ਬਦ ਬੋਲਦਿਆਂ ਅਪੀਲ ਵੀ ਕੀਤੀ ਕਿ ਹਾਲ ਦੇ ਬਾਹਰ ਪਏ ਬੂਟਿਆਂ ਵਿੱਚੋਂ ਹਰੇਕ ਵਿਅਕਤੀ ਬੂਟਾ ਲੈ ਕੇ ਜਾਵੇ ਤੇ ਆਪੋ-ਆਪਣੇ ਘਰਾਂ ਵਿੱਚ ਬੂਟਾ ਵੱਡਾ ਕਰਕੇ ਪਿਤਾ ਜੀ ਦੀ ਯਾਦ ਨੂੰ ਸਦੀਵੀ ਬਣਾਇਆ ਜਾਵੇ।

*# ਸੰਪਰਕ : 98725-40447*

# ਮਹਿੰਗਾਈ ਦੀ ਮਾਰ ਕਿਸ ਵਰਗ ਉੱਪਰ

**ਹਰਭਜਨ ਸਿੰਘ**

ਮਹਿੰਗਾਈ ਵਸਤੂਆਂ ਅਤੇ ਸੇਵਾਵਾਂ ਦੀਆਂ ਕੀਮਤਾਂ 'ਚ ਪ੍ਰਤੀਸ਼ਤ ਵਾਧੇ ਨੂੰ ਬਿਆਨ ਕਰਦੀ ਹੈ। ਮਹਿੰਗਾਈ ਕਾਰਨ ਖਰੀਦ ਸ਼ਕਤੀ ਘਟਦੀ ਹੈ। ਬੱਝਵੀਂ ਆਮਦਨ ਨਾਲ ਪਹਿਲਾਂ ਜਿੰਨੀਆਂ ਵਸਤੂਆਂ ਅਤੇ ਸੇਵਾਵਾਂ ਖਰੀਦੀਆਂ ਨਹੀਂ ਜਾ ਸਕਦੀਆਂ। ਜਿਹੜੇ ਵਰਗਾਂ ਦੀ ਕੀਮਤਾਂ ਦੇ ਵਾਧੇ ਬਰਾਬਰ ਆਮਦਨ 'ਚ ਵਾਧਾ ਨਹੀਂ ਹੁੰਦਾ, ਮਹਿੰਗਾਈ ਦੀ ਮਾਰ ਉਨ੍ਹਾਂ ਵਰਗਾਂ ਉੱਪਰ ਪੈਂਦੀ ਹੈ, ਜਿਹੜੇ ਵਰਗਾਂ ਦੀ ਆਮਦਨ ਮਹਿੰਗਾਈ ਸਮੇਂ ਵਧਦੀ ਹੈ, ਉਹ ਵਰਗ ਮਹਿੰਗਾਈ ਦੀ ਮਾਰ ਤੋਂ ਵੀ ਬਚ ਜਾਂਦੇ ਹਨ ਅਤੇ ਮਹਿੰਗਾਈ ਸਮੇਂ ਇਹ ਖ਼ੂਬ ਮੁਨਾਫਾ ਕਮਾਉਂਦੇ ਹਨ। ਉਹ ਵਰਗ ਜੋ ਮਹਿੰਗਾਈ ਦੀ ਮਾਰ ਹੇਠ ਹੁੰਦੇ ਹਨ, ਉਹ ਆਪਣੀਆਂ ਆਮਦਨਾਂ, ਉਜਰਤਾਂ 'ਚ ਵਾਧੇ ਲਈ ਸੰਘਰਸ਼ ਕਰਦੇ ਹਨ ਅਤੇ ਦੂਜੇ ਵਰਗ ਜੋ ਮਹਿੰਗਾਈ ਤੋਂ ਲਾਭ ਕਮਾਉਂਦੇ ਹਨ, ਉਹ ਆਪਣੇ ਲਾਭ ਦੀ ਸੁਰੱਖਿਆ ਲਈ ਅਤੇ ਉਸ ਵਿੱਚ ਹੋਰ ਵਾਧੇ ਲਈ ਸੰਘਰਸ਼ ਕਰਦੇ ਹਨ। ਮਹਿੰਗਾਈ ਦਾ ਅਸਰ ਜਿੱਥੇ ਲੋਕਾਂ ਉੱਪਰ ਪੈਂਦਾ ਹੈ, ਉੱਥੇ ਦੇਸ਼ ਦੀ ਆਰਥਿਕਤਾ ਉੱਪਰ ਵੀ ਮਾੜਾ ਅਸਰ ਪੈਂਦਾ ਹੈ, ਸਰਕਾਰ ਨੂੰ ਮਹਿੰਗਾਈ ਕੰਟਰੋਲ ਕਰਨ ਲਈ ਕਦਮ ਉਠਾਉਣੇ ਪੈਂਦੇ ਹਨ, ਕੀ ਉਨ੍ਹਾਂ ਕਦਮਾਂ ਰਾਹੀਂ ਮਹਿੰਗਾਈ ਦੀ ਮਾਰ ਹੇਠ ਆਏ ਲੋਕਾਂ ਨੂੰ ਕੋਈ ਰਾਹਤ ਮਿਲਦੀ ਹੈ। ਇਸ ਸਭ ਕੁੱਝ ਨੂੰ ਸਮਝਣ ਲਈ ਮਹਿੰਗਾਈ ਦੇ ਪੂਰੇ ਮੁੱਦੇ ਨੂੰ ਅਤੇ ਮਹਿੰਗਾਈ ਨੂੰ ਕਾਬੂ ਕਰਨ ਲਈ ਅਪਣਾਈ ਜਾਂਦੀ ਨੀਤੀ ਨੂੰ ਸਮਝਣਾ ਹੋਵੇਗਾ।

ਮਹਿੰਗਾਈ ਦੇ ਪਿੱਛੇ ਜਿੱਥੇ ਸਰਕਾਰ ਦੀਆਂ ਨੀਤੀਆਂ ਜ਼ਿੰਮੇਵਾਰ ਹੁੰਦੀਆਂ ਹਨ, ਜਿਵੇਂ ਅੱਜ-ਕੱਲ੍ਹ ਪੈਟਰੋਲ ਪਦਾਰਥਾਂ ਉੱਪਰ ਸਰਕਾਰ ਵੱਲੋਂ ਲਗਾਏ ਵੱਡੇ ਟੈਕਸਾਂ ਨੇ ਸਭ ਤਰ੍ਹਾਂ ਦੀਆਂ ਵਸਤਾਂ, ਸੇਵਾਵਾਂ ਦੀਆਂ ਕੀਮਤਾਂ 'ਚ ਵਾਧਾ ਕੀਤਾ ਹੋਇਆ ਹੈ, ਫਿਰ ਵੀ ਮੋਟੇ ਤੌਰ 'ਤੇ ਮਹਿੰਗਾਈ ਵਸਤਾਂ ਅਤੇ ਸੇਵਾਵਾਂ ਦੀ ਮੰਗ 'ਚ ਵਾਧੇ ਨਾਲ ਵਧਦੀ ਹੈ। ਦੂਜਾ, ਜੇ ਉਤਪਾਦਨ ਦੀਆਂ ਲਾਗਤਾਂ 'ਚ ਵਾਧਾ ਹੁੰਦਾ ਹੈ ਤਾਂ ਵੀ ਮਹਿੰਗਾਈ ਵਧਦੀ ਹੈ। ਅਰਥ ਸ਼ਾਸਤਰੀਆਂ ਨੇ ਮਹਿੰਗਾਈ ਦੇ ਇਨ੍ਹਾਂ ਦੋਵਾਂ ਕਾਰਨਾਂ ਨੂੰ ਮਹਿੰਗਾਈ ਦੀਆਂ ਦੋ ਸ਼੍ਰੇਣੀਆਂ ਵਿੱਚ ਵੰਡਿਆ ਹੈ। ਪਹਿਲੀ ਮੰਗ ਵਾਧੇ ਕਾਰਨ ਮਹਿੰਗਾਈ (Demand push inflation) ਇਹ ਉਦੋਂ ਵਾਪਰਦੀ ਹੈ, ਜਦੋਂ ਇੱਕ ਦੇਸ਼ ਦੀ ਆਰਥਿਕਤਾ 'ਚ ਅਜਿਹੀ ਸਥਿਤੀ ਹੁੰਦੀ ਹੈ, ਜਦੋਂ ਪੈਦਾਵਾਰ (Supply) 'ਚ ਵਾਧਾ ਨਹੀਂ ਹੋ ਸਕਦਾ ਅਤੇ ਮੰਗ ਸਪਲਾਈ ਤੋਂ ਵਧ ਜਾਂਦੀ ਹੈ। ਉਦਾਹਰਣ ਵਜੋਂ ਆਰਥਿਕਤਾ ਦੇ ਮੁੱਖ ਖੇਤਰਾਂ ਖੇਤੀਬਾੜੀ, ਸਨਅਤ, ਸੇਵਾ, ਨਿਰਮਾਣ, ਫੂਡ ਪ੍ਰੋਸੈਸਿੰਗ ਆਦਿ ਪੂਰੀ ਸਮਰੱਥਾ ਬਰਾਬਰ ਪੈਦਾਵਾਰ ਕਰਦੇ ਹਨ ਅਤੇ ਮੰਗ ਇਸ ਪੈਦਾਵਾਰ ਤੋਂ ਵੱਧ ਹੁੰਦੀ ਹੈ। ਸਿੱਟੇ ਵਜੋਂ ਕੀਮਤਾਂ ਵਧ ਜਾਂਦੀਆਂ ਹਨ। ਜੰਗ ਸਮੇਂ ਮਹਿੰਗਾਈ ਇਸ ਦੀ ਇੱਕ ਸ਼ਾਨਦਾਰ ਉਦਾਹਰਣ ਹੈ, ਜਦੋਂ ਜੰਗ ਨਾਲ ਸੰਬੰਧਤ ਸਨਅਤਾਂ ਦੇ ਪੈਦਾਵਾਰ ਲਈ ਦੂਜੇ ਖੇਤਰਾਂ ਤੋਂ ਸਾਧਨ ਤਬਦੀਲ ਕੀਤੇ ਜਾਂਦੇ ਹਨ ਅਤੇ ਉਨ੍ਹਾਂ ਖੇਤਰਾਂ 'ਚ ਸਪਲਾਈ ਮੰਗ ਨਾਲੋਂ ਘੱਟ ਹੋ ਜਾਂਦੀ ਹੈ ਤਾਂ ਕੀਮਤਾਂ ਵਧ ਜਾਂਦੀਆਂ ਹਨ। ਮਹਿੰਗਾਈ ਦੀ ਦੂਜੀ ਕਿਸਮ "ਲਾਗਤਾਂ ਦੇ ਵਾਧੇ ਕਾਰਨ ਮਹਿੰਗਾਈ (Cost push inflation) ਹੁੰਦੀ ਹੈ। ਇਹ ਉਦੋਂ ਵਾਪਰਦੀ ਹੈ, ਜਦੋਂ ਆਰਥਿਕਤਾ ਦੇ ਮੁੱਖ ਖੇਤਰਾਂ 'ਚ ਸਪਲਾਈ ਵਧ ਸਕਦੀ ਹੈ, ਕਿਉਂਕਿ ਆਰਥਿਕਤਾ ਦੇ ਇਨ੍ਹਾਂ ਖੇਤਰਾਂ ਦੀ ਸਮਰੱਥਾ ਪੈਦਾਵਾਰ ਨਾਲੋਂ ਵੱਧ ਹੁੰਦੀ ਹੈ। ਸਮਰੱਥਾ ਨੂੰ ਵਰਤ ਕੇ ਸਪਲਾਈ 'ਚ ਵਾਧਾ ਕੀਤਾ ਜਾ ਸਕਦਾ ਹੈ, ਪਰ ਪੈਦਾਵਾਰ ਦੀ ਪ੍ਰਕਿਰਿਆ 'ਚ ਸ਼ਾਮਲ ਵੱਖ-ਵੱਖ ਜਮਾਤਾਂ ਦੇ ਲੋਕ ਜੋ ਪੈਦਾਵਾਰ ਲਈ ਵਸਤਾਂ ਅਤੇ ਸੇਵਾਵਾਂ ਪ੍ਰਦਾਨ ਕਰਦੇ ਹਨ, ਪੈਦਾਵਾਰ ਵਿੱਚੋਂ ਆਪਣੇ ਵੱਧ ਹਿੱਸੇ ਦੀ ਮੰਗ ਕਰਦੇ ਹਨ। ਜਿਵੇਂ ਜ਼ਮੀਨ ਅਤੇ ਮਸ਼ੀਨਰੀ ਦੇ ਮਾਲਕ ਜ਼ਮੀਨ ਅਤੇ ਮਸ਼ੀਨਰੀ ਦੀ ਵਰਤੋਂ ਦਾ ਹਿੱਸਾ, ਮਜ਼ਦੂਰ ਆਪਣੀ ਮਜ਼ਦੂਰੀ ਦਾ ਹਿੱਸਾ, ਉਦਯੋਗਪਤੀ ਜਾਂ ਕਾਰੋਬਾਰ ਦਾ ਮਾਲਕ ਆਪਣੇ ਲਾਭ ਦਾ ਹਿੱਸਾ ਵੱਧ ਤੋਂ ਵੱਧ ਹੋਣ ਦੀ ਮੰਗ ਕਰਦਾ ਹੈ, ਇਨ੍ਹਾਂ ਨੂੰ ਪੈਦਾਵਾਰ ਸਾਧਨਾਂ ਦੀਆਂ ਪੈਦਾਵਾਰ ਲਾਗਤਾਂ ਕਿਹਾ ਜਾਂਦਾ ਹੈ, ਇਨ੍ਹਾਂ ਦੇ ਵਧਣ ਕਾਰਨ ਜੇ ਮਹਿੰਗਾਈ ਵਧਦੀ ਹੈ, ਉਸ ਨੂੰ ਲਾਗਤਾਂ ਦੇ ਵਾਧੇ ਵਾਲੀ ਮਹਿੰਗਾਈ ਕਿਹਾ ਜਾਂਦਾ ਹੈ।

ਮਹਿੰਗਾਈ ਦੀ ਕਿਸਮ ਨੂੰ ਦੇਖ ਕੇ ਮਹਿੰਗਾਈ ਉੱਪਰ ਕੰਟਰੋਲ ਕੀਤਾ ਜਾਂਦਾ ਹੈ, ਪਰ ਪੂੰਜੀਵਾਦ ਅਧੀਨ ਮਹਿੰਗਾਈ ਭਾਵੇਂ ਮੰਗ 'ਚ ਵਾਧੇ (Demand push inflation) ਵਾਲੀ ਹੋਵੇ, ਭਾਵੇਂ ਲਾਗਤ 'ਚ ਵਾਧੇ ਵਾਲੀ (Cost push inflation) ਹੋਵੇ, ਇਸ ਉੱਪਰ ਕੰਟਰੋਲ ਮਿਹਨਤਕਸ਼ ਜਮਾਤ ਦੀ ਕੀਮਤ ਉੱਪਰ ਹੀ ਕੀਤਾ ਜਾਂਦਾ ਹੈ। ਜੇਕਰ ਮਹਿੰਗਾਈ ਮੰਗ 'ਚ ਵਾਧੇ ਕਾਰਨ ਹੈ ਅਤੇ ਸਪਲਾਈ ਜੋ ਵਧਾਈ ਨਹੀਂ ਜਾ ਸਕਦੀ ਤਾਂ ਵਾਧੂ ਮੰਗ ਨੂੰ ਮਿਹਨਤਕਸ਼ ਜਮਾਤ ਦੀ ਖਪਤ ਮੰਗ ਨੂੰ ਘਟਾ ਕੇ ਖਤਮ ਕੀਤਾ ਜਾਂਦਾ ਹੈ। ਖਪਤ ਮੰਗ ਨੂੰ ਘਟਾਉਣ ਦਾ ਮਤਲਬ ਹੈ ਕੀਮਤਾਂ ਦੇ ਵਾਧੇ ਅਨੁਸਾਰ ਉਜਰਤਾਂ 'ਚ ਵਾਧਾ ਨਾ ਹੋਣਾ। ਜੇਕਰ ਮਹਿੰਗਾਈ ਲਾਗਤਾਂ 'ਚ ਵਾਧੇ ਕਾਰਨ ਹੈ ਤਾਂ ਉਜਰਤਾਂ ਦੇ ਹਿੱਸੇ ਨੂੰ ਘਟਾ ਕੇ ਮਹਿੰਗਾਈ ਉੱਪਰ ਕੰਟਰੋਲ ਕੀਤਾ ਜਾਂਦਾ ਹੈ, ਹਾਲਾਂਕਿ ਲਾਗਤਾਂ 'ਚ ਵਾਧੇ ਵਾਲੀ ਮਹਿੰਗਾਈ ਦੇ ਪਿੱਛੇ ਅਸਲ ਕਾਰਨ ਪੈਦਾਵਾਰ ਅਤੇ ਸੇਵਾਵਾਂ ਦੇ ਖੇਤਰ ਵਿੱਚ ਉਦਮੀਆਂ ਭਾਵ ਉਦਯੋਗਪਤੀਆਂ ਜਾਂ ਕਾਰੋਬਾਰ ਦੇ ਮਾਲਕਾਂ ਦੇ ਅਜ਼ਾਦਾਨਾ ਤੌਰ 'ਤੇ ਬਿਨਾਂ ਕਿਸੇ ਰੋਕ-ਟੋਕ ਦੇ ਲਾਭ ਹਿੱਸਿਆਂ 'ਚ ਲਗਾਤਾਰ ਵਾਧਾ ਹੁੰਦਾ ਹੈ, ਸਰਕਾਰ ਇਸ ਲਾਭ ਉੱਪਰ ਕੰਟਰੋਲ ਕਰਨ ਦੀ ਬਜਾਏ ਮਜ਼ਦੂਰ ਜਮਾਤ ਦੀ ਸੌਦੇਬਾਜ਼ੀ ਦੀ ਸ਼ਕਤੀ ਨੂੰ ਕਮਜ਼ੋਰ ਕਰਕੇ ਉਜਰਤਾਂ ਦੇ ਹਿੱਸੇ ਨੂੰ ਘਟਾ ਕੇ ਹੀ ਮਹਿੰਗਾਈ ਉੱਪਰ ਕੰਟਰੋਲ ਕਰਦੀ ਹੈ। ਸਾਲ 2021-22 ਵਿੱਚ ਮਹਿੰਗਾਈ ਦੀ ਦਰ 7 ਫੀਸਦੀ ਦੇ ਨੇੜੇ ਰਹੀ ਹੈ, ਜਦੋਂ ਕਿ ਉਜਰਤਾਂ 'ਚ ਵਾਧੇ ਦੀ ਦਰ 3 ਫੀਸਦੀ ਰਹੀ ਹੈ, ਭਾਵ ਅਸਲ ਉਜਰਤਾਂ 'ਚ ਕਮੀ ਆਈ ਹੈ।

ਕੀਮਤਾਂ ਉੱਪਰ ਕੰਟਰੋਲ ਕਰਨ ਦਾ ਅਜਿਹਾ ਵਰਤਾਰਾ ਪੈਦਾਵਾਰ, ਸੇਵਾਵਾਂ 'ਚ ਲੱਗੇ ਮਜ਼ਦੂਰਾਂ ਨਾਲ ਹੀ ਨਹੀਂ, ਬਲਕਿ ਖੇਤੀ ਫਸਲਾਂ, ਮੱਛੀ ਪਾਲਣ, ਫਲ, ਸਬਜ਼ੀਆਂ ਅਤੇ ਹੋਰ ਕੱਚਾ ਮਾਲ ਪੈਦਾ ਕਰਨ ਵਾਲੇ ਮੁੱਖ ਉਤਪਾਦਾਂ ਦੇ ਮਾਲਕ ਕਿਸਾਨਾਂ ਨਾਲ ਵੀ ਵਾਪਰਦਾ ਹੈ, ਮਹਿੰਗਾਈ ਉੱਪਰ ਕੰਟਰੋਲ ਕਰਨ ਲਈ ਕਿਸਾਨਾਂ ਨੂੰ ਉਨ੍ਹਾਂ ਦੀਆਂ ਜਿਨਸਾਂ ਦੇ ਭਾਅ ਵਧ ਰਹੀ ਮਹਿੰਗਾਈ ਦੇ ਹਿਸਾਬ ਨਾਲ ਨਹੀਂ ਦਿੱਤੇ ਜਾਂਦੇ ਅਤੇ ਕਿਸਾਨ ਦੀ ਕੀਮਤ ਉੱਪਰ ਹੀ ਭਾਵ ਕਿਸਾਨ ਦਾ ਨੁਕਸਾਨ ਕਰਕੇ ਹੀ ਮਹਿੰਗਾਈ ਉੱਪਰ ਕਾਬੂ ਪਾਉਣ ਦੀ ਨੀਤੀ ਅਪਣਾਈ ਜਾਂਦੀ ਹੈ। ਸਮੁੱਚੇ ਵਿਸ਼ਵ ਸਮੇਤ ਭਾਰਤ 'ਚ ਮੁੱਖ ਉਤਪਾਦਕਾਂ (Primary Producers) ਦੀ ਆਮਦਨ ਪਿਛਲੇ ਦੋ ਦਹਾਕਿਆਂ ਤੋਂ ਮਹਿੰਗਾਈ 'ਚ ਵਾਧੇ ਦੇ ਹਿਸਾਬ ਨਾਲ ਨਹੀਂ ਵਧ ਰਹੀ। ਭਾਰਤ ਵਿੱਚ ਇੱਕ ਕਿਸਾਨ ਪਰਵਾਰ ਦੀ ਔਸਤ ਮਹੀਨਾਵਾਰ ਆਮਦਨ ਸਾਲ 2019 ਵਿੱਚ 10,123 ਸੀ, ਜੋ ਪਰਵਾਰ ਦੇ 4-5 ਮੈਂਬਰਾਂ ਦੇ ਭੋਜਨ, ਰਹਿਣ-ਸਹਿਣ, ਪੜ੍ਹਾਈ, ਸਿਹਤ, ਕੱਪੜਿਆਂ, ਮਨੋਰੰਜਨ ਆਦਿ ਲਈ ਕਾਫੀ ਨਹੀਂ ਹੈ, ਇਸ ਆਮਦਨ ਵਿੱਚ ਉੱਚੀ ਚੱਲ ਰਹੀ ਮਹਿੰਗਾਈ ਦੀ ਦਰ ਦੇ ਮੁਕਾਬਲੇ ਮਾਮੂਲੀ ਜਿਹਾ ਵਾਧਾ ਨਜ਼ਰ ਆ ਰਿਹਾ ਹੈ, ਕਿਉਂਕਿ ਸਰਕਾਰ ਦੀਆਂ ਨੀਤੀਆਂ ਕਾਰਨ ਖੇਤੀ ਨਾਲ ਜੁੜੇ ਕਿਸਾਨਾਂ ਦੀ ਆਪਣੀਆਂ ਫਸਲਾਂ ਲਈ ਵੱਧ ਕੀਮਤਾਂ ਹਾਸਲ ਕਰਨ ਦੀ ਸੌਦੇਬਾਜ਼ੀ ਸ਼ਕਤੀ ਬਹੁਤ ਕਮਜ਼ੋਰ ਹੈ। ਕਿਸਾਨ ਦੀ ਅਸਲ ਆਮਦਨ ਵਿੱਚ ਵਾਧਾ ਨਹੀਂ ਹੋ ਰਿਹਾ।

ਬੱਝਵੀਂ ਤਨਖਾਹ ਵਾਲੇ ਤਨਖਾਹਦਾਰ, ਪੈਨਸ਼ਨਰ ਅਤੇ ਹੋਰ ਜੱਥੇਬੰਦਕ ਕਾਮੇ ਜਿਨ੍ਹਾਂ ਨੂੰ ਮਹਿੰਗਾਈ ਕਾਰਨ ਮਹਿੰਗਾਈ ਭੱਤਾ ਮਿਲਦਾ ਹੈ, ਪਰ ਇਹ ਭੱਤਾ ਮਹਿੰਗਾਈ ਕਾਰਨ ਤਨਖਾਹ ਨੂੰ ਲੱਗੇ ਖੋਰੇ ਦੀ 100 ਪ੍ਰਤੀਸ਼ਤ ਭਰਪਾਈ ਨਹੀਂ ਕਰਦਾ। ਇਸ ਵਰਗ ਦੀ ਆਮਦਨ ਵੀ ਖਪਤ ਮੰਗ ਨੂੰ ਘਟਾਉਣ ਅਤੇ ਲਾਗਤ 'ਚ ਕਮੀ ਕਰਨ ਦੇ ਤੌਰ 'ਤੇ ਘਟਾ ਕੇ ਮਹਿੰਗਾਈ ਨੂੰ ਕੰਟਰੋਲ ਕਰਨ ਦੇ ਉਦੇਸ਼ ਲਈ ਕੀਤੀ ਜਾਂਦੀ ਹੈ। ਗੈਰ ਜਥੇਬੰਦਕ ਕਾਮਿਆਂ ਉੱਪਰ ਮਹਿੰਗਾਈ ਦਾ ਅਸਰ ਸਭ ਤੋਂ ਵੱਧ ਪੈਂਦਾ ਹੈ, ਕਿਉਂਕਿ ਉਨ੍ਹਾਂ ਕੋਲ ਆਪਣਾ ਹਿੱਸਾ ਵਧਾਉਣ ਲਈ ਸੌਦੇਬਾਜ਼ੀ ਦੀ ਸ਼ਕਤੀ ਬਹੁਤ ਹੀ ਕਮਜ਼ੋਰ ਹੁੰਦੀ ਹੈ।

ਸਰਕਾਰ ਮਹਿੰਗਾਈ ਨੂੰ ਕੰਟਰੋਲ ਕਰਨ ਲਈ ਮੁਦਰਾ ਅਤੇ ਵਿੱਤੀ ਉਪਾਵਾਂ (Monetary and fiscal measures) ਦੀ ਵਰਤੋਂ ਕਰਦੀ ਹੈ। ਜੇ ਮਹਿੰਗਾਈ ਦੀ ਕਿਸਮ ਮੰਗ ਵਾਧੇ ਕਾਰਨ ਹੈ ਤਾਂ ਸਰਕਾਰ ਮੰਗ ਘਟਾਉਣ ਲਈ ਰਿਜ਼ਰਵ ਬੈਂਕ ਅਫ ਇੰਡੀਆ ਦੁਆਰਾ ਵਿਆਜ ਦਰਾਂ 'ਚ ਵਾਧੇ ਰਾਹੀਂ ਉਧਾਰ ਮਹਿੰਗਾ ਕਰਦੀ ਹੈ, ਜਿਸ ਨਾਲ ਮਨੀ ਸਪਲਾਈ 'ਚ ਕਮੀ ਕਰਦੀ ਹੈ ਤਾਂ ਜੋ ਮੰਗ ਘਟ ਸਕੇ। ਇਸ ਉਪਾਅ ਰਾਹੀਂ ਬੈਂਕਾਂ ਤੋਂ ਉਧਾਰ ਮਹਿੰਗਾ ਮਿਲਣ ਕਾਰਨ ਨਿਵੇਸ਼ 'ਚ ਕਮੀ ਹੋ ਜਾਣ ਕਾਰਨ ਆਰਥਿਕਤਾ ਪੂਰੀ ਸਮਰੱਥਾ ਦੀ ਵਰਤੋਂ ਨਹੀਂ ਕਰ ਸਕਦੀ ਅਤੇ ਰੁਜ਼ਗਾਰ 'ਚ ਕਮੀ ਆ ਜਾਂਦੀ ਹੈ। ਜ਼ਿਆਦਾ ਬੇਰੁਜ਼ਗਾਰੀ ਕਾਰਨ ਉਜਰਤਾਂ 'ਚ ਕਮੀ ਆਉਂਦੀ ਹੈ। ਇਸ ਤਰ੍ਹਾਂ ਸਰਕਾਰ ਵੱਲੋਂ ਮਹਿੰਗਾਈ ਨੂੰ ਕੰਟਰੋਲ ਕਰਨ ਲਈ ਅਪਣਾਈ ਮੁਦਰਾ ਨੀਤੀ ਦਾ ਬੋਝ ਕਾਮਿਆਂ ਉਪਰ ਹੀ ਪੈਂਦਾ ਹੈ। ਦੂਜਾ ਸਰਕਾਰ ਵਿੱਤੀ ਉਪਾਵਾਂ ਵਜੋਂ ਮਹਿੰਗਾਈ ਨੂੰ ਸਰਕਾਰੀ ਖਰਚੇ ਘਟਾਉਣ ਅਤੇ ਟੈਕਸਾਂ 'ਚ ਵਾਧੇ ਰਾਹੀਂ ਕੰਟਰੋਲ ਕਰਦੀ ਹੈ, ਇਸ ਦਾ ਬੋਝ ਵੀ ਆਮ ਲੋਕਾਂ ਉਪਰ ਪੈਂਦਾ ਹੈ।

ਜੇ ਮਹਿੰਗਾਈ ਲਾਗਤ ਵਾਧੇ ਕਾਰਨ ਹੈ। ਸਰਕਾਰ ਆਪਣੀ ਸਿੱਧੀ ਦਖਲ-ਅੰਦਾਜ਼ੀ ਰਾਹੀਂ ਜਾਂ ਠੋਸ ਨੀਤੀਆਂ ਰਾਹੀਂ ਮਜ਼ਦੂਰਾਂ ਦੀ ਉਜਰਤ ਦੇ ਵਾਧੇ ਉੱਪਰ ਰੋਕ ਲਗਾਉਂਦੀ ਹੈ। ਖੇਤੀ ਵਸਤਾਂ ਅਤੇ ਹੋਰ ਵਸਤਾਂ ਜੋ ਵਧੇਰੇ ਕਰਕੇ ਕਿਸਾਨ ਤੇ ਹੋਰ ਮਿਹਨਤਕਸ਼ ਲੋਕ ਕੱਚੇ ਮਾਲ ਵਜੋਂ ਪੈਦਾ ਕਰਦੇ ਹਨ, ਉਨ੍ਹਾਂ ਦੀਆਂ ਕੀਮਤਾਂ ਦੇ ਵਾਧੇ ਉੱਪਰ ਸੀਮਾ ਨਿਰਧਾਰਤ ਕਰ ਦਿੰਦੀ ਹੈ। ਇਸ ਤਰ੍ਹਾਂ ਕੀਮਤਾਂ ਨੂੰ ਕੰਟਰੋਲ ਕਰਨ ਦੇ ਇਹ ਉਪਾਅ ਮਿਹਨਤਕਸ਼ ਲੋਕਾਂ ਉੱਪਰ ਬੋਝ ਪਾਉਣ ਦੇ ਸਾਧਨ ਹੀ ਬਣਦੇ ਹਨ।

ਸਾਰ ਤੱਤ ਇਹ ਹੈ ਕਿ ਮਹਿੰਗਾਈ ਦਾ ਅਸਰ ਵੀ ਮਿਹਨਤ ਕਰਨ ਵਾਲੇ ਲੋਕਾਂ ਉੱਪਰ ਵਧੇਰੇ ਪੈਂਦਾ ਹੈ ਅਤੇ ਮਹਿੰਗਾਈ ਨੂੰ ਕੰਟਰੋਲ ਕਰਨ ਲਈ ਅਪਣਾਈ ਨੀਤੀ ਵੀ ਇੱਕ ਅਜਿਹਾ ਤਰੀਕਾ ਹੈ, ਜਿਸ ਰਾਹੀਂ ਮਜ਼ਦੂਰ, ਕਿਸਾਨ, ਮੁਲਾਜ਼ਮ, ਪੈਨਸ਼ਨਰ ਅਤੇ ਹੋਰ ਮਿਹਨਤਕਸ਼ ਤਬਕਿਆਂ ਦੀ ਮਜ਼ਦੂਰੀ, ਆਮਦਨ ਦੇ ਹਿੱਸੇ ਨੂੰ ਘਟਾਉਣਾ ਯਕੀਨੀ ਬਣਾਇਆ ਜਾਂਦਾ ਹੈ। ਇਸ ਸੰਦਰਭ ਵਿੱਚ ਭਾਰਤ ਵਿੱਚ ਬੇਰੁਜ਼ਗਾਰੀ ਅਤੇ ਹੋਰ ਸਮੱਸਿਆਵਾਂ ਦੇ ਨਾਲ ਮਹਿੰਗਾਈ ਵਿਰੁੱਧ ਸੰਘਰਸ਼ ਵੀ ਇੱਕ ਵੱਡਾ ਮੁੱਦਾ ਬਣਦਾ ਨਜ਼ਰ ਆ ਰਿਹਾ ਹੈ।

**# ਸੰਪਰਕ : 96460-01023**

# ਪਾਠਕ-ਸੱਥ

## ਆਪਸੀ ਤਾਲਮੇਲ ਦੀ ਲੋੜ

ਪਿਛਲੇ ਕੁਝ ਦਿਨਾਂ ਤੋਂ ਪੰਜਾਬ ਦੇ ਰਾਜਪਾਲ ਅਤੇ ਪੰਜਾਬ ਸਰਕਾਰ ਦਰਮਿਆਨ ਤਲਖੀ ਦੇਖਣ ਨੂੰ ਮਿਲ ਰਹੀ ਹੈ। ਇਸ ਦੀ ਝਲਕ ਚੰਡੀਗੜ੍ਹ ਵਿਖੇ ਏਅਰ ਫੋਰਸ ਡੇ 'ਤੇ 8 ਅਕਤੂਬਰ ਨੂੰ ਵੀ ਦੇਖਣ ਨੂੰ ਮਿਲੀ। ਇਸ ਦਿਵਸ ਉੱਤੇ ਦੇਸ਼ ਦੇ ਰਾਸ਼ਟਰਪਤੀ ਦਰੋਪਤੀ ਮੁਰਮੂ ਮੁੱਖ ਮਹਿਮਾਨ ਦੇ ਤੌਰ 'ਤੇ ਪਧਾਰੇ ਸਨ, ਪ੍ਰੰਤੂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਗੁਜਰਾਤ ਚੋਣਾਂ ਵਿੱਚ ਰੁੱਝੇ ਹੋਣ ਕਾਰਨ ਇਸ ਸਮਾਗਮ ਵਿੱਚੋਂ ਗੈਰ-ਹਾਜ਼ਰ ਪਾਏ ਗਏ। ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨੇ ਸਮਾਗਮ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਦੀ ਗੈਰ-ਹਾਜ਼ਰੀ ਦਾ ਬੁਰਾ ਮਨਾਇਆ। ਮੁੱਖ ਮੰਤਰੀ ਦਾ ਅਜਿਹੇ ਸਮਾਗਮ ਵਿੱਚੋਂ ਜਿਸ ਵਿਚ ਦੇਸ਼ ਦੀ ਰਾਸ਼ਟਰਪਤੀ ਨੇ ਪੰਜਾਬ ਦੀ ਰਾਜਧਾਨੀ ਵਿਖੇ ਸ਼ਮੂਲੀਅਤ ਕਰਨੀ ਹੋਵੇ, ਗੈਰ ਹਾਜ਼ਰ ਹੋਣਾ ਆਪਣੀ ਸੰਵਿਧਨਿਕ ਜ਼ਿੰਮੇਵਾਰੀ ਪ੍ਰਤੀ ਅਣਗਹਿਲੀ ਦਰਸਾਉਂਦਾ ਹੈ। ਭਗਵੰਤ ਮਾਨ ਨੂੰ ਅਜਿਹੇ ਮਾਮਲਿਆਂ ਵਿਚ ਜ਼ਿਆਦਾ ਸੁਹਿਰਦ ਹੋਣ ਦੀ ਜ਼ਰੂਰਤ ਹੈ। ਦੂਜੇ ਬੰਨ੍ਹੇ ਰਾਜ ਦੇ ਰਾਜਪਾਲ ਨੂੰ ਵੀ ਆਪਣੇ ਅਹੁਦੇ ਦੀ ਗਰਿਮਾ ਬਣਾਈ ਰੱਖਣੀ ਚਾਹੀਦੀ ਹੈ ਅਤੇ ਰਾਜਨੀਤੀ ਕਰਨ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਰਾਜ ਦੀ ਸਮੁੱਚੀ ਭਲਾਈ ਲਈ ਰਾਜਪਾਲ ਅਤੇ ਮੁੱਖ ਮੰਤਰੀ ਦਾ ਆਪਸੀ ਸੂਝਬੂਝ ਨਾਲ ਤਾਲਮੇਲ ਬਣਾਈ ਰੱਖਣਾ ਅਤੀ ਜ਼ਰੂਰੀ ਹੈ।

**-ਜਗਦੇਵ ਸ਼ਰਮਾ ਬੁਗਰਾ**, 98727-87243

## ਪੰਜਾਬੀ ਮਾਧਿਅਮ ਦੀਆਂ ਕਿਤਾਬਾਂ ਦੀ ਘਾਟ

ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਫਗਵਾੜਾ ਤੋਂ ਪੱਤਰ ਵਿਹਾਰ (ਡਿਸਟੈਂਸ ਐਜੂਕੇਸਨ ) ਰਾਹੀਂ ਬੀ.ਏ. ਕਰ ਰਹੇ ਚੌਥੇ ਸਮੈਸਟਰ ਦੇ ਵਿਦਿਆਰਥੀਆਂ ਨੂੰ ਪੰਜਾਬੀ ਮਾਧਿਅਮ ਦੀਆਂ ਕਿਤਾਬਾਂ ਨਾ ਮਿਲਣ ਕਾਰਨ ਉਨ੍ਹਾਂ ਨੂੰ ਪੜ੍ਹਾਈ ਕਰਨ ਲਈ ਡਾਹਢੀ ਦਿੱਕਤ/ਮੁਸ਼ਕਲ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਕਿਉਂਕਿ ਪੇਪਰਾਂ ਵਿੱਚ ਬਹੁਤ ਘੱਟ ਸਮਾਂ ਰਹਿ ਗਿਆ ਹੈ, ਪ੍ਰੰਤੂ ਪੰਜਾਬੀ ਮਾਧਿਅਮ ਦੀਆਂ ਕਿਤਾਬਾਂ ਨਾ ਮਿਲਣ ਕਰਕੇ ਉਨ੍ਹਾਂ ਨੂੰ ਆਪਣਾ ਭਵਿੱਖ ਧੁੰਦਲਾ ਜਾਪ ਰਿਹਾ ਹੈ। ਵਿਦਿਆਰਥੀਆਂ ਦੇ ਭਵਿੱਖ ਨੂੰ ਵੇਖਦੇ ਹੋਏ ਯੂਨੀਵਰਸਿਟੀ ਨੂੰ ਬਿਨਾਂ ਕਿਸੇ ਹੋਰ ਦੇਰੀ ਕੀਤੇ ਪੰਜਾਬੀ ਮਾਧਿਅਮ ਦੀਆਂ ਕਿਤਾਬਾਂ ਦਾ ਤੁਰੰਤ ਮਸਲਾ ਹੱਲ ਕਰਨਾ ਚਾਹੀਦਾ ਹੈ ਅਤੇ ਦਸੰਬਰ ਦੀ ਬਜਾਏ ਇਮਤਿਹਾਨ ਜਨਵਰੀ ਮਹੀਨੇ 'ਚ ਲੈਣੇ ਚਾਹੀਦੇ ਹਨ, ਤਾਂ ਜੋ ਵਿਦਿਆਰਥੀਆਂ ਦੇ ਸਮੇਂ ਦੇ ਹੋਏ ਨੁਕਸਾਨ ਦੀ ਭਰਪਾਈ ਹੋ ਸਕੇ।

**-ਅੰਗਰੇਜ ਸਿੰਘ ਵਿੱਕੀ**, 98888-70822

# ਮਾਰਕਸਵਾਦ ਹਰ ਸਮੱਸਿਆ ਦਾ ਹੱਲ : ਜਗਰੂਪ, ਚਾਹਲ

## ਖਜਿਆਰ ਵਿਖੇ ਮਾਰਕਸਵਾਦੀ ਵਿਚਾਰਧਾਰਾ 'ਤੇ ਸਕੂਲ ਲਾਇਆ



ਮਾਰਕਸਵਾਦੀ ਵਿਚਾਰਧਾਰਾ 'ਤੇ ਆਪਣੇ ਵਿਚਾਰ ਪੇਸ਼ ਕਰਦੇ ਹੋਏ ਜਗਦੀਸ਼ ਸਿੰਘ ਚਾਹਲ ਤੇ ਹਾਜ਼ਰ ਪੰਜਾਬ ਰੋਡਵੇਜ਼ ਦੇ 18 ਡਿੱਪੂਆਂ ਦੇ ਆਗੂ ਤੇ ਹੋਰ ਪਤਵੰਤੇ।

**ਮੋਗਾ (ਅਮਰਜੀਤ ਬੱਬਰੀ)**-ਸਾਥੀ ਗੁਰਮੇਲ ਮੋਗਾ ਦੀ ਯਾਦ ਵਿੱਚ ਉਨ੍ਹਾਂ ਦੇ ਜਨਮ ਦਿਨ ਨੂੰ ਸਮਰਪਤ ਕਰਦੇ ਹੋਏ ਹਿਮਾਚਲ ਪ੍ਰਦੇਸ਼ ਵਿੱਚ ਮਾਰਕਸਵਾਦੀ ਵਿਚਾਰਧਾਰਾ 'ਤੇ 18ਵਾਂ ਸਕੂਲ ਲਾਇਆ ਗਿਆ। ਗੁਰਮੇਲ ਸਿੰਘ ਮੋਗਾ ਦੀ ਇੱਛਾ ਸੀ ਕਿ ਆਗੂਆਂ ਨੂੰ ਮਾਰਕਸਵਾਦੀ ਵਿਚਾਰਧਾਰਾ ਵਿੱਚ ਪ੍ਰਪੱਕ ਬਣਾਉਣ ਲਈ ਲਗਾਤਾਰ ਸਕੂਲ ਲਾਏ ਜਾਣੇ ਚਾਹੀਦੇ ਹਨ। ਉਹ ਸਮਝਦੇ ਸਨ ਕਿ ਹਰ ਸਮੱਸਿਆ ਦਾ ਮਾਰਕਸਵਾਦੀ ਹੱਲ ਹੈ। ਲੋੜ ਤਾਂ ਸਿਰਫ਼ ਲੋਕਾਂ ਨੂੰ ਮਾਰਕਸਵਾਦੀ ਵਿਚਾਰਧਾਰਾ ਵਿੱਚ ਸੇਧ ਦੇਣ ਦੀ ਹੈ। ਇਸੇ ਗੱਲ ਨੂੰ ਮੁੱਖ ਰਖਦੇ ਹੋਏ ਉਨ੍ਹਾਂ ਦੇ ਜਨਮ ਦਿਨ ਨੂੰ ਸਮਰਪਤ ਇਹ ਸਕੂਲ ਲਾਇਆ ਗਿਆ, ਜਿਸ ਵਿੱਚ ਪੰਜਾਬ ਰੋਡਵੇਜ਼ ਦੇ 18 ਡਿੱਪੂਆਂ ਵਿੱਚ ਲਗਭਗ 100 ਆਦਮੀ, 10 ਟੀਚਰ ਤੇ 10 ਨੌਜਵਾਨ ਵਿਦਿਆਰਥੀ ਸ਼ਾਮਲ ਹੋਏ। ਇਸ ਸਕੂਲ ਵਿੱਚ ਰੋਜ਼ਗਾਰ ਪ੍ਰਾਪਤੀ ਮੁਹਿੰਮ ਦੇ ਮੁੱਖ ਸਲਾਹਕਾਰ ਕਾਮਰੇਡ ਜਗਰੂਪ, ਬਲਕਾਰ ਵਲਟੋਹਾ, ਪ੍ਰਿਥੀਪਾਲ ਮਾੜੀਮੇਘਾ ਆਦਿ ਨੇ ਅਧਿਆਪਕਾਂ ਦਾ ਰੋਲ ਨਿਭਾਇਆ। ਯਾਦ ਰਹੇ ਕਿ ਇਹ ਸਕੂਲ 2003 ਤੋਂ, ਕਰੋਨਾ ਦੇ ਦੋ ਸਾਲਾਂ ਨੂੰ ਛੱਡ ਕੇ ਹਰ ਸਾਲ ਲਗਾਤਾਰ ਲਾਇਆ ਜਾ ਰਿਹਾ। ਇਸ ਸਕੂਲ ਵਿੱਚ ਹਰ ਸਮੱਸਿਆ ਦੇ ਵਿਗਿਆਨਕ ਹੱਲ 'ਤੇ ਜ਼ੋਰ ਦਿੰਦੇ ਹੋਏ ਮਾਰਕਸਵਾਦ ਦੀ ਸਿੱਖਿਆ ਦਿੱਤੀ ਜਾਂਦੀ ਹੈ, ਕਿਉਂਕਿ ਮਾਰਕਸਵਾਦ ਹੀ ਆਮ ਲੋਕਾਂ ਦੀ ਬੰਦਖਲਾਸੀ ਕਰਾ ਸਕਦਾ ਹੈ। ਇਸ ਸਮੇਂ ਕੁੱਲ ਦੁਨੀਆ ਦੀ ਅਬਾਦੀ ਤਕਰੀਬਨ 8 ਅਰਬ ਹੈ, ਜਿਸ ਨੂੰ ਖਾਣ, ਪੀਣ, ਪਹਿਨਣ ਲਈ ਕੱਪੜੇ ਤੋਂ ਇਲਾਵਾ ਸਿੱਖਿਆ ਤੇ ਸਿਹਤ ਸਹੂਲਤਾਂ ਦੀ ਅਤਿਅੰਤ ਲੋੜ ਹੈ। ਇੱਕ ਪਾਸੇ ਸਰਮਾਏਦਾਰੀ ਪ੍ਰਬੰਧ ਜੋ ਸਿਰਫ਼ ਤੇ ਸਿਰਫ਼ ਮੁਨਾਫ਼ੇ ਦੀ ਗੱਲ ਕਰਦਾ ਹੈ, ਜਿਸ ਵਿੱਚ ਆਮ ਲੋਕਾਂ ਦੇ ਹਿਤਾਂ ਦੀ ਰਾਖੀ ਨਹੀਂ ਕੀਤੀ ਜਾਂਦੀ, ਸਗੋਂ ਸੱਤਾ 'ਤੇ ਕਾਬਜ਼ ਲੋਕਾਂ ਤੇ ਕੁੱਝ ਉਨ੍ਹਾਂ ਦੇ ਪਿਛਲੱਗਾਂ ਦੀਆਂ ਤਿਜੌਰੀਆਂ ਹੀ ਭਰੀਆਂ ਜਾਂਦੀਆਂ ਹਨ। ਜਿਉਂ ਜਿਉਂ ਸਰਮਾਏਦਾਰੀ ਵਿਕਾਸ ਕਰਦੀ ਜਾਂਦੀ ਹੈ, ਆਮ ਲੋਕਾਂ ਦਾ ਰੋਜ਼ਗਾਰ ਖੁੱਸ ਰਿਹਾ ਹੈ, ਉਨ੍ਹਾਂ ਨੂੰ ਰੋਟੀ ਕੱਪੜੇ ਦੀ ਲਾਲੇ ਪਏ ਹੋਏ ਹਨ, ਪਰ ਸਰਮਾਏਦਾਰਾਂ ਦੀਆਂ ਸਰਕਾਰਾਂ ਵਿਕਾਸ ਦੀਆਂ ਗੱਲਾਂ ਕਰਦੀਆਂ ਹਨ। ਕਰੋਨਾ ਕਾਲ ਵਿੱਚ ਵੀ ਸਰਮਾਏਦਾਰਾਂ ਦੀ ਪੂੰਜੀ ਕਈ ਕਈ ਗੁਣਾਂ ਵਧੀ ਹੈ, ਜਦਕਿ ਆਮ ਲੋਕਾਂ ਦਾ ਰੋਜ਼ਗਾਰ ਖੁੱਸਿਆ ਹੈ, ਲੋਕਾਂ ਨੂੰ ਨੌਕਰੀਆਂ ਤੋਂ ਜਵਾਬ ਮਿਲਿਆ ਹੈ। ਸਾਰੀ ਦੁਨੀਆ ਵਿੱਚ ਹੀ ਠੇਕੇਦਾਰੀ ਪ੍ਰਬੰਧ ਰਾਹੀਂ ਆਮ ਮੁਲਾਜ਼ਮਾਂ ਨੂੰ ਨਿਗੂਣੀਆਂ ਤਨਖਾਹਾਂ ਦੇ ਕੇ ਕੰਮ ਕਰਵਾਇਆ ਜਾ ਰਿਹਾ ਹੈ। ਕਾਰਪੋਰੇਟਰਾਂ ਵੱਲੋਂ ਹੁਣ ਜ਼ਮੀਨਾਂ 'ਤੇ ਵੀ ਕਬਜ਼ਾ ਕੀਤਾ ਜਾ ਰਿਹਾ ਹੈ, ਜਿਸ ਨਾਲ ਆਮ ਲੋਕਾਂ ਲਈ ਰੋਟੀ ਖਾਣੀ ਵੀ ਔਖੀ ਹੋ ਜਾਵੇਗੀ। ਵੱਖ ਵੱਖ ਤਰੀਕਿਆਂ ਰਾਹੀਂ ਕਿਸਾਨਾਂ ਨੂੰ ਵੀ ਜ਼ਮੀਨਾਂ ਤੋਂ ਬਾਹਰ ਕੀਤਾ ਜਾ ਰਿਹਾ ਹੈ। ਸੋ ਮਾਰਕਸਵਾਦ ਹੀ ਹੈ ਜੋ ਸਾਰੇ ਲੋਕਾਂ ਦੀ ਬਰਾਬਰੀ ਦੀ ਗੱਲ ਕਰਦਾ ਹੈ, ਹਰ ਇੱਕ ਲਈ ਰੋਜ਼ਗਾਰ, ਹਰ ਇੱਕ ਲਈ ਭੋਜਨ ਤੇ ਹਰ ਇੱਕ ਲਈ ਸਿੱਖਿਆ ਦੀ ਗੱਲ ਕਰਦਾ ਹੈ। ਮਾਰਕਸਵਾਦ ਦੇ ਗਿਆਨ ਨਾਲ ਆਦਮੀ ਹਰ ਸਮੱਸਿਆ ਦਾ ਹੱਲ ਕਰਨ ਦੇ ਸਮਰੱਥ ਹੋ ਜਾਂਦਾ ਹੈ, ਸੋ ਇਸ ਸਮੇਂ ਇਸ ਸਕੂਲ ਦੀ ਮਹੱਤਤਾ ਹੋਰ ਵੀ ਵਧ ਜਾਂਦੀ ਹੈ।

# ਗਊਸ਼ਾਲਾ 'ਚ ਕੰਮ ਕਰਦੇ ਪਰਵਾਸੀ ਮਜ਼ਦੂਰ ਦਾ ਕਤਲ

## ਪਸ਼ੂਆਂ ਦੀ ਸੰਭਾਲ ਨੂੰ ਲੈ ਕੇ ਹੋਇਆ ਸੀ ਤਕਰਾਰ

**ਮਾਨਸਾ (ਰੀਤਵਾਲ)**-ਬੀਤੀ ਰਾਤ ਕਸਬਾ ਬੋਹਾ ਦੀ ਗਊਸ਼ਾਲਾ ਵਿੱਚ ਕੰਮ ਕਰਦੇ ਇੱਕ ਪਰਵਾਸੀ ਮਜ਼ਦੂਰ ਸ਼ਿਵਾ ਦਾ ਉੱਥੇ ਹੀ ਕੰਮ ਕਰਦੇ ਇਕ ਹੋਰ ਮਜ਼ਦੂਰ ਵੱਲੋਂ ਸਿਰ ਵਿੱਚ ਬਾਲਾ ਮਾਰ ਕੇ ਕਤਲ ਕਰ ਦਿੱਤਾ ਗਿਆ। ਗਊਸ਼ਾਲਾ ਦੇ ਪ੍ਰਧਾਨ ਪਿਰਥੀ ਸਿੰਘ ਵੱਲੋਂ ਬੋਹਾ ਪੁਲਸ ਨੂੰ ਦਿੱਤੇ ਬਿਆਨ ਵਿੱਚ ਦੱਸਿਆ ਗਿਆ ਹੈ ਕਿ ਮ੍ਰਿਤਕ ਸ਼ਿਵਾ ਦਾ ਇੱਥੇ ਕੰਮ ਕਰਦੇ ਮਜ਼ਦੂਰ ਅੰਗਰੇਜ ਸਿੰਘ ਵਾਸੀ ਸੇਰੋਂ ਵਿਚਕਾਰ ਪਸ਼ੂਆਂ ਦੀ ਸੰਭਾਲ ਨੂੰ ਲੈ ਕੇ ਅਕਸਰ ਤਕਰਾਰ ਚਲਦਾ ਰਹਿੰਦਾ ਸੀ। ਗਊਸ਼ਾਲਾ ਕਮੇਟੀ ਨੇ ਦੋਹਾਂ ਨੂੰ ਕਈ ਵਾਰ ਸਮਝਾਉਣ ਦੀ ਕੋਸ਼ਿਸ਼ ਕੀਤੀ ਸੀ। ਬੀਤੀ ਰਾਤ ਉਨ੍ਹਾਂ ਦਾ ਝਗੜਾ ਵਧ ਗਿਆ ਤਾਂ ਅੰਗਰੇਜ ਸਿੰਘ ਨੇ ਉਸ ਦੇ ਸਿਰ ਵਿੱਚ ਲੱਕੜੀ ਦਾ ਬਾਲਾ ਮਾਰ ਕੇ ਕਤਲ ਕਰ ਦਿੱਤਾ ਤੇ ਕਤਲ ਕਰਨ ਤੋਂ ਬਾਅਦ ਉਹ ਫਰਾਰ ਹੋਣ ਵਿੱਚ ਸਫਲ ਹੋ ਗਿਆ। ਮੌਕੇ 'ਤੇ ਥਾਣਾ ਬੋਹਾ ਦੇ ਐੱਸ. ਐੱਚ. ਓ. ਜਸਪ੍ਰੀਤ ਸਿੰਘ ਦੀ ਅਗਵਾਈ ਹੇਠ ਪੁਲਸ ਪਾਰਟੀ ਨੇ ਮ੍ਰਿਤਕ ਸ਼ਿਵਾ ਦੀ ਲਾਸ਼ ਨੂੰ ਪੋਸਟਮ ਮਾਰਟਮ ਲਈ ਸਿਵਲ ਹਸਪਤਾਲ ਬੁਢਲਾਡਾ ਵਿੱਚ ਭੇਜ ਦਿੱਤਾ ਗਿਆ। ਇਸ ਮੌਕੇ ਉਨ੍ਹਾਂ ਦੱਸਿਆ ਕਿ ਕਾਤਲ ਦੇ ਦੋਸ਼ੀ ਦੀ ਭਾਲ ਵਿੱਚ ਪੁਲਸ ਪਾਰਟੀ ਰਵਾਨਾ ਕਰ ਦਿੱਤੀ ਗਈ ਹੈ ਤੇ ਛੇਤੀ ਹੀ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਜਾਵੇਗਾ। ਉਨ੍ਹਾਂ ਦੱਸਿਆ ਕਿ ਮ੍ਰਿਤਕ ਦਾ ਪਤਾ ਠਿਕਾਣਾ ਪਤਾ ਨਾ ਲੱਗਣ ਕਾਰਨ ਉਸ ਦੀ ਲਾਸ਼ ਪਛਾਣ ਲਈ 72 ਘੰਟੇ ਲਈ ਮੁਰਦਾ ਘਰ ਵਿੱਚ ਰੱਖੀ ਜਾਵੇਗੀ।

# ਡਿੱਪੂ ਤੋਂ ਮਿਲਣ ਵਾਲੀ ਕਣਕ 'ਚ ਵਜ਼ਨ ਘੱਟ ਹੋਣ 'ਤੇ ਡੀ ਸੀ ਦਫਤਰ ਅੱਗੇ ਧਰਨਾ



**ਫਾਜ਼ਿਲਕਾ (ਕ੍ਰਿਸ਼ਨ ਸਿੰਘ)**-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਵੱਲੋਂ ਡਿੱਪੂਆਂ ਦੀ ਸਰਕਾਰੀ ਕਣਕ ਦੀਆਂ ਬੋਰੀਆਂ 'ਚ ਘੱਟ ਵਜਨ ਦੇ ਦੋਸ਼ ਲਗਾਉਂਦਿਆਂ ਡੀ ਸੀ ਦਫਤਰ ਫਾਜ਼ਿਲਕਾ ਦੇ ਗੇਟ ਸਾਹਮਣੇ ਸਰਕਾਰੀ ਕਣਕ ਦੀਆਂ ਬੋਰੀਆਂ ਦੀ ਭਾਰੀ ਹੋਈ ਟ੍ਰੈਕਟਰ ਟਰਾਲੀ ਨੂੰ ਖੜਾ ਕਰਕੇ ਧਰਨਾ ਪ੍ਰਦਰਸ਼ਨ ਕੀਤਾ ਗਿਆ। ਇਸ ਮੌਕੇ ਆਗੂਆਂ ਵੱਲੋਂ ਮਹਿਕਮੇ ਦੇ ਸਬੰਧਿਤ ਅਧਿਕਾਰੀਆਂ 'ਤੇ ਕਈ ਤਰ੍ਹਾਂ ਦੇ ਦੋਸ਼ ਲਗਾਏ ਗਏ। ਜਾਣਕਾਰੀ ਮੁਤਾਬਿਕ ਇਸ ਦੌਰਾਨ ਕਣਕ ਦੀਆਂ ਬੋਰੀਆਂ ਦੀ ਭਰੀ ਟਰਾਲੀ 'ਚ ਬੋਰੀਆਂ ਦੇ ਵਜਨ ਨੂੰ ਤੁਲਾ ਕੇ ਵੀ ਦੇਖਿਆ ਗਿਆ, ਜਿਸ 'ਚ ਕੁੱਝ ਬੋਰੀਆਂ 'ਚ ਮਾਮੂਲੀ ਵਜਨ ਘੱਟ ਪਾਇਆ ਗਿਆ ਤੇ ਕੁੱਝ ਵਿੱਚ ਜ਼ਿਆਦਾ ਵਜਨ ਵੀ ਪਾਇਆ ਗਿਆ। ਹਾਲਾਂਕਿ ਇਸ ਮੌਕੇ ਧਰਨਾਕਾਰੀ ਖੁੱਲ੍ਹ ਕੇ ਕੁੱਝ ਵੀ ਨਹੀਂ ਬੋਲੇ ਤੇ ਉਨ੍ਹਾਂ ਨੇ ਫੂਡ ਸਪਲਾਈ ਵਿਭਾਗ ਦੇ ਅਧਿਕਾਰੀਆਂ ਨਾਲ ਆਪਸੀ ਗੱਲਬਾਤ ਚੱਲਣ ਦੀ ਗੱਲ ਕਹੀ। ਉੱਥੇ ਹੀ ਮੌਕੇ 'ਤੇ ਮੌਜੂਦ ਮਹਿਕਮੇ ਦੇ ਅਧਿਕਾਰੀਆਂ ਤੋਂ ਮਿਲੀ ਗੁਪਤ ਜਾਣਕਾਰੀ ਦੇ ਅਧਾਰ 'ਤੇ ਇਸ ਗੱਲ ਦਾ ਪਤਾ ਚਲਿਆ ਹੈ ਕਿ ਜਦੋਂ ਬੋਰੀਆਂ ਦਾ ਵਜਨ ਕੀਤਾ ਜਾ ਰਿਹਾ ਸੀ ਤਾਂ ਇੱਕ ਦੋ ਬੋਰੀਆਂ ਚ ਤਿੰਨ ਸੌ ਜਾਂ ਚਾਰ ਸੌ ਗ੍ਰਾਮ ਹੀ ਵਜਨ ਘੱਟ ਨਿਕਲਿਆ ਤੇ ਜਦੋਂ ਪੂਰੇ ਵਜਨ ਵਾਲੀਆਂ ਬਾਕੀ ਬੋਰੀਆਂ ਤੋਲੀਆਂ ਜਾ ਰਹੀਆਂ ਸਨ ਤਾਂ ਧਰਨਾਕਾਰੀਆਂ ਨੇ ਉਨ੍ਹਾਂ ਦਾ ਵਜਨ ਪੂਰਾ ਜਾਂ ਵੱਧ ਹੋਣ ਕਰਕੇ ਤੋਲਣਾ ਬੰਦ ਕਰਵਾ ਦਿੱਤਾ, ਜਿਸ ਤੋਂ ਬਾਅਦ ਉਹ ਕਾਰਵਾਈ ਦੀ ਮੰਗ 'ਤੇ ਅੜੇ ਰਹੇ। ਇੱਥੇ ਹੀ ਇਹ ਗੱਲ ਵੀ ਸਾਹਮਣੇ ਆਈ ਹੈ ਕਿ ਧਰਨਾਕਾਰੀਆਂ ਤੇ ਮਹਿਕਮੇ ਦੇ ਅਧਿਕਾਰੀਆਂ ਵਿਚਕਾਰ ਸਮਝੌਤੇ ਦੀ ਗੱਲ ਵੀ ਚੱਲ ਰਹੀ ਸੀ। ਕੁੱਝ ਵਿਅਕਤੀ ਧਰਨਾਕਾਰੀਆਂ ਤੇ ਸਬੰਧਤ ਫੂਡ ਇੰਸਪੈਕਟਰ ਵਿਚਕਾਰ ਆਪਸੀ ਕਥਿਤ ਸੈਟਿੰਗ ਕਰਵਾਉਣ ਦੀ ਵਿਚੋਲਗੀ ਕਰ ਰਹੇ ਸਨ। ਜਦੋਂ ਇਸ ਮਾਮਲੇ ਬਾਰੇ ਜਾਣਕਾਰੀ ਹਾਸਲ ਕਰਨ ਲਈ ਸਬੰਧਤ ਫੂਡ ਇੰਸਪੈਕਟਰ ਨਾਲ ਸੰਪਰਕ ਕੀਤਾ ਗਿਆ ਤਾਂ ਉਨ੍ਹਾਂ ਫੋਨ ਨਹੀਂ ਚੁੱਕਿਆ।

## ਕਾਤਰਾਂ

### 180 ਲੀਟਰ ਲਾਹਣ ਬਰਾਮਦ

**ਜਲਾਲਾਬਾਦ, (ਦਹੂਜਾ, ਜੀਤ ਕੁਮਾਰ)**-ਥਾਣਾ ਵੈਰੋਕੇ ਦੀ ਪੁਲਸ ਨੇ 180 ਲੀਟਰ ਲਾਹਣ ਬਰਾਮਦ ਕੀਤੀ ਹੈ।ਜਾਂਚ ਅਧਿਕਾਰੀ ਸਤਨਾਮ ਦਾਸ ਨੇ ਦੱਸਿਆ ਕਿ ਉਨ੍ਹਾਂ ਨੂੰ ਮੁਖਬਰ ਖਾਸ ਨੇ ਇਤਲਾਹ ਦਿੱਤੀ ਸੀ ਕਿ ਸੁਰਿੰਦਰ ਸਿੰਘ ਉਰਫ ਸ਼ੀਲਾ ਪੁੱਤਰ ਜਸਵੰਤ ਸਿੰਘ ਹਲਵਾਈ ਤੇ ਮਨਜੀਤ ਸਿੰਘ ਪੁੱਤਰ ਕਾਲਾ ਸਿੰਘ ਵਾਸੀ ਮਹਾਲਮ ਨਜਾਇਜ਼ ਸ਼ਰਾਬ ਕੱਢਣ ਤੇ ਵੇਚਣ ਦੇ ਆਦੀ ਹਨ, ਜੇਕਰ ਮੌਕੇ 'ਤੇ ਛਾਪੇਮਾਰੀ ਕੀਤੀ ਜਾਵੇ ਤਾਂ ਗੈਰ-ਕਾਨੂੰਨੀ ਸ਼ਰਾਬ/ਲਾਹਣ ਬਰਾਮਦ ਕੀਤੀ ਜਾ ਸਕਦੀ ਹੈ।ਪੁਲਸ ਪਾਰਟੀ ਨੇ ਮੌਕੇ 'ਤੇ ਛਾਪਾ ਮਾਰ ਕੇ ਉਨ੍ਹਾਂ ਦੇ ਘਰੋਂ 180 ਲੀਟਰ ਲਾਹਣ ਬਰਾਮਦ ਕੀਤੀ, ਪਰ ਦੋਵੇਂ ਫਰਾਰ ਹੋ ਗਏ। ਪੁਲਸ ਨੇ ਆਰੋਪੀਆਂ ਖ਼ਿਲਾਫ਼ ਪਰਚਾ ਦਰਜ ਕਰ ਲਿਆ ਹੈ।

### ਮੈਡੀਕਲ ਚੈੱਕਅੱਪ ਕੈਂਪ 'ਚ 80 ਮਰੀਜ਼ਾਂ ਦੀ ਜਾਂਚ

**ਜਲਾਲਾਬਾਦ (ਦਹੂਜਾ)**-ਪਰਸਵਾਰਥ ਸਭਾ ਵੱਲੋਂ ਗਾਂਧੀ ਨਗਰ ਵਿੱਚ ਚੱਲ ਰਹੀ ਡਿਸਪੈਂਸਰੀ 'ਚ ਅੱਜ ਮੈਡੀਕਲ ਚੈੱਕਅਪ ਕੈਂਪ ਦਾ ਆਯੋਜਨ ਕੀਤਾ। ਇਸ ਮੌਕੇ ਡਾ. ਰਾਜੀਵ ਮਿੱਢਾ ਨੇ ਮਰੀਜ਼ਾ ਦਾ ਚੈੱਕਅਪ ਕੀਤਾ। ਸਭਾ ਦੇ ਅਹੁਦੇਦਾਰ ਸੁਰੇਸ਼ ਚੌਹਾਨ ਨੇ ਦੱਸਿਆ ਕਿ ਅੱਜ 80 ਦੇ ਕਰੀਬ ਮਰੀਜ਼ਾਂ ਦਾ ਚੈੱਕਅਪ ਕਰਕੇ ਉਨ੍ਹਾਂ ਨੂੰ ਮੁਫ਼ਤ ਦਵਾਈਆਂ ਦਿੱਤੀਆਂ ਗਈਆਂ। ਇਸ ਮੌਕੇ ਪਰਸਵਾਰਥ ਸਭਾ ਦੇ ਅਹੁਦੇਦਾਰ ਵਿਜੇ ਬਾਘਲਾ, ਗੁਰਚਰਨ ਕਮੀਰਿਆ, ਮੋਹਨ ਲਾਲ ਕੁੱਕੜ, ਸੁਰੇਸ਼ ਚੌਹਾਨ, ਜਸਰਾਜ ਭਠੇਜਾ, ਕੀਰਤੀ ਵਾਟਸ ਆਦਿ ਹਾਜ਼ਰ ਸਨ ।

### ਘਰ ਦੇ ਬਾਹਰ ਬੈਠੀ ਔਰਤ ਦੇ ਕੰਨ ਦੀ ਵਾਲੀ ਲੁੱਟੀ

**ਬੁਢਲਾਡਾ, (ਰੀਤਵਾਲ)**-ਸਥਾਨਕ ਸ਼ਹਿਰ ਅੰਦਰ 2 ਅਣਪਛਾਤੇ ਮੋਟਰਸਾਈਕਲ ਸਵਾਰਾਂ ਵੱਲੋਂ ਪੁਰਾਣੀ ਟੈਲੀਫੋਨ ਐਕਸਚੇਂਜ ਦੇ ਨਜ਼ਦੀਕ ਘਰ ਦੇ ਬਾਹਰ ਬੈਠੀ ਔਰਤ ਦੀਆਂ ਕੰਨਾਂ ਦੀ ਬਾਲੀਆਂ ਖੋਹਣ ਦਾ ਸਮਾਚਾਰ ਮਿਲਿਆ ਹੈ। ਇਕੱਤਰ ਕੀਤੀ ਜਾਣਕਾਰੀ ਅਨੁਸਾਰ ਬਿਮਲਾ ਦੇਵੀ (75) ਪਤਨੀ ਮੀਰ ਚੰਦ ਵਾਰਡ ਨੰ. 16 ਡਾ. ਨਰੇਸ਼ ਵਾਲੀ ਗਲੀ ਵਿੱਚ ਆਪਣੇ ਘਰ ਦੇ ਬਾਹਰ ਬੈਠੀ ਸੀ ਤਾਂ ਇੱਕ ਨੌਜਵਾਨ ਨੇ ਮੇਰੇ ਕੰਨਾਂ ਦੀ ਬਾਲੀ ਪੁੱਟ ਲਈ। ਮੇਰੇ ਵੱਲੋਂ ਰੌਲਾ ਪਾਇਆ ਤਾਂ ਉਪਰੋਕਤ ਨੌਜਵਾਨ ਦੂਰ ਖੜੇ ਇੱਕ ਮੋਟਰਸਾਈਕਲ ਸਵਾਰ ਨਾਲ ਫਰਾਰ ਹੋ ਗਿਆ। ਪੁਲਸ ਨੇ ਮੌਕੇ 'ਤੇ ਪਹੁੰਚ ਕੇ ਘਟਨਾ ਦਾ ਜਾਇਜ਼ਾ ਲਿਆ ਤੇ ਸੀ.ਸੀ.ਟੀ.ਵੀ. ਕੈਮਰੇ ਖੰਘਾਲਣੇ ਸ਼ੁਰੂ ਕਰ ਦਿੱਤੇ ਹਨ। ਐੱਸ.ਐੱਚ.ਓ. ਸਿਟੀ ਬੂਟਾ ਸਿੰਘ ਨੇ ਦੱਸਿਆ ਕਿ ਅਣਪਛਾਤੇ ਝਪਟਮਾਰਾਂ ਨੂੰ ਜਲਦ ਹੀ ਕਾਬੂ ਕਰ ਲਿਆ ਜਾਵੇਗਾ।

### 63 ਕਿੱਲੋ ਚੂਰਾ ਪੋਸਤ ਬਰਾਮਦ

**ਜਲਾਲਾਬਾਦ (ਦਹੂਜਾ, ਜੀਤ ਕੁਮਾਰ)**-ਥਾਣਾ ਵੈਰੋਕੇ ਦੀ ਪੁਲਸ ਨੇ 63 ਕਿੱਲੋ ਚੂਰਾ ਪੋਸਤ ਬਰਾਮਦ ਕੀਤਾ ਹੈ।ਜਾਂਚ ਅਧਿਕਾਰੀ ਇੰਸਪੈਕਟਰ ਗੁਰਚਰਨ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਮੁਖਬਰ ਖਾਸ ਨੇ ਇਤਲਾਹ ਦਿੱਤੀ ਸੀ ਕਿ ਨਾਗਰ ਸਿੰਘ ਪੁੱਤਰ ਅਮਰੀਕ ਸਿੰਘ ਵਾਸੀ ਮਹਾਲਮ ਡੋਡੇ ਚੂਰਾ ਪੋਸਤ ਵੇਚਣ ਦਾ ਆਦੀ ਹੈ, ਜਿਸ ਦੇ ਘਰੋਂ ਵੱਡੀ ਮਾਤਰਾ 'ਚ ਚੂਰਾ ਪੋਸਤ ਬਰਾਮਦ ਕੀਤਾ ਜਾ ਸਕਦਾ ਹੈ, ਜਿਸ 'ਤੇ ਪੁਲਸ ਨੇ ਸਾਥੀ ਕਰਮਚਾਰੀਆਂ ਸਮੇਤ ਮੌਕੇ 'ਤੇ ਪਹੁੰਚ ਕੇ ਛਾਪੇਮਾਰੀ ਕਰਕੇ ਉਸ ਦੇ ਘਰੋਂ 63 ਕਿਲੋ ਚੂਰਾ ਪੋਸਤ ਬਰਾਮਦ ਕੀਤਾ।ਪੁਲਸ ਨੇ ਆਰੋਪੀ 'ਤੇ ਪਰਚਾ ਦਰਜ ਕਰ ਲਿਆ ਹੈ।

# ਹੱਕੀ ਮੰਗਾਂ ਲਈ ਸੰਘਰਸ਼ ਕਰਨ 'ਤੇ ਮੁਲਾਜ਼ਮ ਆਗੂ ਦੀ 200 ਕਿਲੋਮੀਟਰ ਦੂਰ ਬਦਲੀ

## ☛ ਪ.ਸ.ਸ.ਫ. ਆਗੂਆਂ ਵੱਲੋਂ ਟਰੇਡ ਯੂਨੀਅਨ ਅਧਿਕਾਰਾਂ 'ਤੇ ਛਾਪਾ ਕਰਾਰ, ਇਨਸਾਫ ਪ੍ਰਾਪਤੀ ਲਈ ਸੰਘਰਸ਼ ਹੋਵੇਗਾ ਤੇਜ਼ : ਢਿੱਲੋਂ, ਰਾਣਵਾਂ

**ਸੰਗਰੂਰ (ਪ੍ਰਵੀਨ ਸਿੰਘ)** : ਡਾਇਰੈਕਟਰ ਸਿਹਤ ਤੇ ਪਰਿਵਾਰ ਕਲਿਆਣ ਵਿਭਾਗ ਪੰਜਾਬ ਵੱਲੋਂ ਸਿਵਲ ਸਰਜਨ ਸੰਗਰੂਰ ਵੱਲੋਂ ਕੀਤੀ ਝੂਠੀ ਸ਼ਿਕਾਇਤ ਦੇ ਅਧਾਰਤ ਸੀਨੀਅਰ ਸਹਾਇਕ ਕਨਵਰਜੀਤ ਸਿੰਘ, ਜੋ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਦੇ ਜ਼ਿਲ੍ਹਾ ਸੰਗਰੂਰ ਦੇ ਜਨਰਲ ਸਕੱਤਰ ਤੇ ਸੂਬਾ ਕਾਰਜਕਾਰਨੀ ਦੇ ਮੈਂਬਰ ਹਨ, ਦੀ ਬਦਲੀ ਬਿਨਾਂ ਕੋਈ ਪੜਤਾਲ ਜਾਂ ਕਰਮਚਾਰੀ ਦਾ ਪੱਖ ਸੁਣਨ 'ਤੇ ਸੰਘਰਸ਼ ਤੋਂ ਫਾਜ਼ਿਲਕਾ ਜ਼ਿਲ੍ਹੇ ਦੀ ਕਰ ਦਿੱਤੀ ਹੈ, ਜੋ ਰੂਲਾਂ, ਅਸੂਲਾਂ ਦੀ ਘੋਰ ਉਲੰਘਣਾ ਹੈ। ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਦੇ ਸੂਬਾ ਪ੍ਰਧਾਨ ਰਣਜੀਤ ਸਿੰਘ ਰਾਣਵਾਂ, ਚੇਅਰਮੈਨ ਰਣਬੀਰ ਢਿੱਲੋਂ, ਐਕ: ਚੇਅਰਮੈਨ ਦਰਸ਼ਨ ਸਿੰਘ ਲੁਬਾਣਾ, ਜਨਰਲ ਸਕੱਤਰ ਸੁਰਿੰਦਰ ਪੁਆਰੀ, ਸੀਨੀ: ਮੀਤ ਪ੍ਰਧਾਨ ਗੁਰਪ੍ਰੀਤ ਸਿੰਘ ਮੰਗਵਾਲ, ਵਾਈਸ ਪ੍ਰਧਾਨ ਮੇਲਾ ਸਿੰਘ ਪੁੰਨਾਂਵਾਲ ਤੇ ਜ਼ਿਲ੍ਹਾ ਫੈਡਰੇਸ਼ਨ ਦੇ ਜਨਰਲ ਸਕੱਤਰ ਸੀਤਾ ਰਾਮ ਸ਼ਰਮਾ ਨੇ ਸਾਂਝੇ ਬਿਆਨ ਰਾਹੀਂ ਕਿਹਾ ਕਿ ਕਨਵਰਜੀਤ ਸਿੰਘ ਸੀਨੀ: ਸਹਾਇਕ ਅਪਣੀ ਡਿਊਟੀ ਦਾ ਪਾਬੰਦ ਤੇ ਇਮਾਨਦਾਰ ਮੁਲਾਜ਼ਮ ਹੈ। ਅੱਜ ਤੱਕ ਸਰਵਿਸ ਦੌਰਾਨ ਇਸ ਦੀ ਕੋਈ ਸ਼ਿਕਾਇਤ ਨਹੀਂ ਹੈ, ਇਸ ਦਾ ਦਫਤਰੀ ਰਿਕਾਰਡ ਵੀ ਚੈੱਕ ਕੀਤਾ ਜਾ ਸਕਦਾ ਹੈ। ਆਗੂਆਂ ਕਿਹਾ ਕਿ ਜ਼ਿਲ੍ਹਾ ਫੈਡਰੇਸ਼ਨ ਤੇ ਜ਼ਿਲ੍ਹਾ ਕਲਾਸ ਫੋਰ ਯੂਨੀਅਨ ਵੱਲੋਂ ਬੀਤੇ ਦਿਨੀਂ ਵਿਭਾਗ ਦੇ ਦਰਜਾ-3 ਤੇ ਦਰਜਾਚਾਰ ਮੁਲਾਜ਼ਮਾਂ ਸਮੇਤ ਆਊਟ ਸੋਰਸ ਮੁਲਾਜ਼ਮ ਦੀਆਂ ਲੰਮੇਂ ਸਮੇਂ ਤੋਂ ਲਟਕ ਅਵਸਥਾ 'ਚ ਪਈਆਂ ਸਿਵਲ ਸਰਜਨ ਪੱਧਰ ਦੀਆਂ ਮੰਗਾਂ ਦਾ ਨਿਪਟਾਰਾ ਗੱਲਬਾਤ ਰਾਹੀਂ ਨਾ ਹੋਣ ਕਾਰਨ ਪੁਰਜ਼ੋਰ ਸੰਘਰਸ਼ ਸ਼ੁਰੂ ਕੀਤਾ ਸੀ, ਜਿਸ ਤੋਂ ਖਫਾ ਹੋ ਕੇ ਸਿਵਲ ਸਰਜਨ ਵੱਲੋਂ ਇਸ ਆਗੂ ਨੂੰ ਸਿੱਧੀ ਸਜ਼ਾ ਦੇਣ ਦੀ ਨੀਅਤ ਨਾਲ ਝੂਠੀ ਸ਼ਿਕਾਇਤ ਦਾ ਸਹਾਰਾ ਲਿਆ ਗਿਆ, ਜੋ ਬਹੁਤ ਹੀ ਨਿੰਦਣਯੋਗ ਕਾਰਵਾਈ ਹੈ ਅਤੇ ਸੰਵਿਧਾਨ ਵੱਲੋਂ ਦਿੱਤੇ ਟਰੇਡ ਯੂਨੀਅਨ ਹੱਕਾਂ ਨੂੰ ਕੁਚਲਣ ਦੀ ਕੋਝੀ ਚਾਲ ਹੈ, ਜੋ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਇਸ ਆਗੂ ਦੀ ਨਜਾਇਜ਼ ਬਦਲੀ ਕਾਰਨ ਸਮੂਹ ਮੁਲਾਜ਼ਮਾਂ ਵਿੱਚ ਸਖਤ ਰੋਸ ਫੈਲ ਗਿਆ ਹੈ। ਆਗੂਆਂ ਕਿਹਾ ਕਿ ਸਿਵਲ ਸਰਜਨ ਵੱਲੋਂ ਜਿੱਥੇ ਰੈਗੂਲਰ ਦਰਜਾ-3 ਤੇ 4 ਮੁਲਾਜ਼ਮਾਂ ਦੀਆਂ ਮੰਗਾਂ, ਮੁਸ਼ਕਲਾਂ ਦਾ ਨਿਪਟਾਰਾ ਨਹੀਂ ਕੀਤਾ ਗਿਆ, ਓਥੇ ਸ: ਭਗਵੰਤ ਸਿੰਘ ਮਾਨ ਦੀ ਸਰਕਾਰ ਬਣਨ 'ਤੇ ਪੰਜਾਬ ਸਰਕਾਰ ਦੇ ਕਿਰਤ ਵਿਭਾਗ (ਕਿਰਤ ਸ਼ਾਖਾ) ਵੱਲੋਂ ਕਿਰਤ ਕਾਨੂੰਨਾਂ ਦੀ ਪਾਲਣਾ ਸਬੰਧੀ ਸਮੂਹ ਪ੍ਰਬੰਧਕੀ ਸਕੱਤਰ ਪੰਜਾਬ ਸਰਕਾਰ ਨੂੰ ਅਪਣੇ ਅੰ.ਵਿ.ਪੱ.ਨੰ:-/3/2019-41/124ਮਿਤੀ:ਚੰਡੀਗੜ੍ਹ 01/07/2022 ਰਾਹੀਂ ਕੀਤੀਆਂ ਹਦਾਇਤਾਂ ਨੂੰ ਵੀ ਅਣਗੌਲਿਆ ਕੀਤਾ ਗਿਆ ਹੈ। ਲੰਮੇਂ ਅਰਸੇ ਤੋਂ ਆਊਟ ਸੋਰਸ ਅਧੀਨ ਡਿਊਟੀ ਕਰਦੇ ਸਫਾਈ ਸੇਵਕਾਂ ਦਾ ਠੇਕੇਦਾਰਾਂ ਵੱਲੋਂ ਤੁੱਛ ਤਨਖਾਹਾਂ ਦੇ ਕੇ ਆਰਥਿਕ ਸ਼ੋਸ਼ਣ ਜਾਰੀ ਹੈ। ਇਸ ਸਬੰਧੀ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਵੱਲੋਂ ਸਿਹਤ ਤੇ ਪਰਿਵਾਰ ਕਲਿਆਣ ਮੰਤਰੀ ਸ: ਚੇਤਨ ਸਿੰਘ ਜੌੜੇਮਾਜਰਾ ਨੂੰ ਲਿਖੇ ਪੱਤਰ ਰਾਹੀਂ ਮੰਗ ਕੀਤੀ ਗਈ ਹੈ ਕਿ ਅਧਿਕਾਰੀਆਂ ਵੱਲੋਂ ਮੁਲਾਜ਼ਮਾਂ ਨਾਲ ਕੀਤੀਆਂ ਜਾ ਰਹੀਆਂ ਧੱਕੇਸ਼ਾਹੀਆਂ ਨੂੰ ਤੁਰੰਤ ਰੋਕਿਆ ਜਾਵੇ ਤੇ ਨਜਾਇਜ਼ ਬਦਲੀ ਰੱਦ ਕਰਕੇ ਹੱਕੀ ਮੰਗਾਂ ਦਾ ਨਿਪਟਾਰਾ ਕੀਤਾ ਜਾਵੇ, ਜੇਕਰ ਜਲਦੀ ਇਨਸਾਫ ਨਾ ਕੀਤਾ ਤਾਂ ਸੰਘਰਸ਼ ਤੇਜ਼ ਕੀਤਾ ਜਾਵੇਗਾ।

# ਅਵਨੀਤ ਕੌਰ ਨੇ ਰਾਸ਼ਟਰੀ ਖੇਡਾਂ 'ਚ ਕਾਂਸੇ ਦਾ ਤਮਗਾ ਜਿੱਤਿਆ



**ਜ਼ੀਰਾ (ਪਰਮਜੀਤ ਸਿੰਘ ਧੰਜੂ)**-ਜ਼ੀਰਾ ਤਹਿਸੀਲ ਦੇ ਕਸਬਾ ਮੱਖੂ ਵਾਰਡ ਨੰ. 13 ਬੁੱਲ੍ਹੋਕੇ ਦੇ ਨਿਵਾਸੀ ਸਾਬਕਾ ਪ੍ਰਿੰਸੀਪਲ ਸ਼ਬੇਗ ਸਿੰਘ ਦੀ ਪੋਤੀ ਤੇ ਇੰਜੀਨੀਅਰ ਜਤਿੰਦਰ ਸਿੰਘ ਦੀ ਪਲੇਠੀ ਧੀ 17 ਸਾਲਾ ਅਵਨੀਤ ਕੌਰ ਨੇ 28 ਤੋਂ 30 ਸਤੰਬਰ 2022 ਤੱਕ ਬੈਂਗਲੋਰ ਵਿੱਚ ਹੋਈਆਂ ਕੌਂਸਿਲ ਫਾਰ ਇੰਡੀਅਨ ਸਕੂਲ ਸਰਟੀਫਿਕੇਟ ਐਗਜ਼ਾਮੀਨੇਸ਼ਨ ਦੀਆਂ ਰਾਸ਼ਟਰੀ ਖੇਡਾਂ ਵਿੱਚ ਅੰਡਰ 19 ਦੇ ਸ਼ੂਟਿੰਗ ਮੁਕਾਬਲੇ ਵਿੱਚ ਕਾਂਸੇ ਦਾ ਤਮਗਾ ਜਿੱਤ ਕੇ ਆਪਣੇ ਪ੍ਰਵਾਰ, ਇਲਾਕੇ ਦਾ ਨਾਂ ਰੌਸ਼ਨ ਕੀਤਾ ਤੇ ਧੀਆਂ ਲਈ ਪ੍ਰੇਰਣਾ ਬਣੀ ਅਵਨੀਤ ਨੇ ਬੀਤੇ ਸਾਲ ਸੀ ਆਈ ਐੱਸ ਸੀ ਈ ਦੀਆਂ ਖੇਤਰੀ ਖੇਡਾਂ ਵਿੱਚ ਸੋਨ ਤਮਗਾ ਜਿੱਤ ਕੇ ਰਾਸ਼ਟਰੀ ਖੇਡਾਂ ਵਿੱਚ ਆਪਣਾ ਸਥਾਨ ਪੱਕਾ ਕੀਤਾ।

ਅਵਨੀਤ ਕੌਰ ਫਰੈਂਕ ਐਂਥਨੀ ਪਬਲਿਕ ਸਕੂਲ ਬੈਂਗਲੋਰ ਵਿੱਚ ਬਾਰਵੀਂ ਕਲਾਸ ਦੀ ਵਿਦਿਆਰਥੀ ਹੈ, ਜੋ ਆਪਣੇ ਮਾਤਾ ਪਿਤਾ ਤੇ ਛੋਟੇ ਭਰਾ ਨਾਲ ਰਹਿ ਰਹੀ ਹੈ। 2016 ਵਿੱਚ ਗਿਆਰਾਂ ਸਾਲ ਦੀ ਉਮਰ ਵਿੱਚ ਉਸ ਨੇ ਸ਼ੂਟਿੰਗ ਵਿੱਚ ਆਪਣੇ ਕੈਰੀਅਰ ਦੀ ਸ਼ੁਰੂਆਤ ਕੀਤੀ ਸੀ ਤੇ ਤੇਜ਼ੀ ਨਾਲ ਮੰਜ਼ਲ ਵੱਲ ਵੱਧ ਰਹੀ ਅਵਨੀਤ ਦਾ ਸੁਪਨਾ ਉਲੰਪਿਕ ਤੱਕ ਪਹੁੰਚਣ ਹੈ। ਹਲਕਾ ਵਿਧਾਇਕ ਸ੍ਰੀ ਨਰੇਸ਼ ਕਟਾਰੀਆ ਪ੍ਰਵਾਰ ਨੂੰ ਵਧਾਈ ਦੇਣ ਉਚੇਚੇ ਤੌਰ 'ਤੇ ਬੁੱਲ੍ਹੋਕੇ ਪਹੁੰਚੇ। ਘਰ ਵਿੱਚ ਵਧਾਈਆਂ ਦੇਣ ਵਾਲਿਆਂ ਦਾ ਤਾਂਤਾ ਲੱਗਿਆ ਹੋਇਆ ਹੈ।

# 'ਸਟਾਰ ਨਾਈਟ' 'ਚ ਕੁਲਵਿੰਦਰ ਬਿੱਲਾ ਨੇ ਸਰੋਤੇ ਕੀਲੇ



**ਸੰਗਰੂਰ, (ਪ੍ਰਵੀਨ ਸਿੰਘ)** : ਖੇਤਰੀ ਸਰਸ ਮੇਲੇ ਦੇ ਪਹਿਲੇ ਹੀ ਦਿਨ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਕਰਵਾਈ ਗਈ 'ਸਟਾਰ ਨਾਈਟ' ਦਾ ਹਜ਼ਾਰਾਂ ਦਰਸ਼ਕਾਂ ਨੇ ਉਤਸ਼ਾਹ ਨਾਲ ਆਨੰਦ ਮਾਣਿਆ। ਪ੍ਰਸਿੱਧ ਗਾਇਕ ਕੁਲਵਿੰਦਰ ਬਿੱਲਾ ਨੇ ਆਪਣੇ ਗੀਤਾਂ ਨਾਲ ਲਗਭਗ ਦੋ ਘੰਟੇ ਸਰੋਤਿਆਂ ਨੂੰ ਕੀਲੀ ਰੱਖਿਆ। ਉਸ ਦੇ ਚਰਚਿਤ ਗੀਤਾਂ 'ਟਿੱਚ ਬਟਨਾਂ ਦੀ ਜੋੜੀ', 'ਰੱਖ ਹੌਸਲਾ ਵੇ ਜੱਟਾ' ਤੇ 'ਸੁੱਚਾ ਸੂਰਮਾ' ਨੂੰ ਲੋਕਾਂ ਨੇ ਭਰਵਾਂ ਹੁੰਗਾਰਾ ਦਿੱਤਾ ਤੇ ਵਾਰ ਵਾਰ ਇਨ੍ਹਾਂ ਗੀਤਾਂ ਨੂੰ ਗਾਉਣ ਦੀ ਮੰਗ ਆਉਣ 'ਤੇ ਉਸ ਨੇ ਵੀ ਸੰਗੀਤ ਪ੍ਰੇਮੀਆਂ ਦਾ ਮਾਣ ਰੱਖਿਆ ਤੇ ਖੂਬ ਮਨਪ੍ਰਚਾਵਾ ਕੀਤਾ। ਪਹਿਲੇ ਹੀ ਸ਼ੋਅ ਨੇ ਲੋਕਾਂ ਦੀ ਭਰਵੀਂ ਹਾਜ਼ਰੀ ਨਾਲ ਕਾਮਯਾਬੀ ਦੀ ਇਬਾਰਤ ਲਿਖ ਦਿੱਤੀ ਤੇ ਆਉਣ ਵਾਲੇ ਸ਼ੋਅ ਦੌਰਾਨ ਦਰਸ਼ਕਾਂ ਦੀ ਗਿਣਤੀ ਵਿੱਚ ਭਾਰੀ ਵਾਧਾ ਹੋਣ ਦੀ ਉਮੀਦ ਪ੍ਰਗਟਾਈ ਜਾ ਰਹੀ ਹੈ।

ਕੁਲਵਿੰਦਰ ਬਿੱਲਾ ਨੇ ਆਪਣੇ ਵਿਲੱਖਣ ਅੰਦਾਜ਼ ਵਿੱਚ ਦਰਸ਼ਕਾਂ 'ਚ ਲਗਾਤਾਰ ਜੋਸ਼ ਭਰਿਆ, ਜਿਸ ਕਾਰਨ ਸਟੇਜ ਦੇ ਸਾਹਮਣੇ ਸਥਾਪਤ ਕੀਤੇ ਗਏ ਬਲਾਕ ਤੇ ਖੁੱਲ੍ਹੀ ਜਗ੍ਹਾ ਹਜ਼ਾਰਾਂ ਦਰਸ਼ਕਾਂ ਨਾਲ ਭਰ ਗਈ। ਸਟਾਰ ਨਾਈਟ ਵਿੱਚ ਪੁੱਜੇ ਹਜ਼ਾਰਾਂ ਦਰਸ਼ਕਾਂ ਤੋਂ ਪ੍ਰਭਾਵਿਤ ਗਾਇਕ ਕੁਲਵਿੰਦਰ ਬਿੱਲਾ ਨੇ ਸਟੇਜ ਤੋਂ ਉੱਤਰ ਕੇ ਮੇਲੇ ਦਾ ਆਨੰਦ ਮਾਨਣ ਲਈ ਪੁੱਜੇ ਡਿਪਟੀ ਕਮਿਸ਼ਨਰ ਜਤਿੰਦਰ ਜੋਰਵਾਲ, ਐੱਸ.ਐੱਸ.ਪੀ. ਮਨਦੀਪ ਸਿੰਘ ਸਿੱਧੂ, ਏ.ਡੀ.ਸੀ. ਵਰਜੀਤ ਵਾਲੀਆ, ਏ.ਡੀ.ਸੀ. ਅਨਮੋਲ ਸਿੰਘ ਧਾਲੀਵਾਲ ਸਮੇਤ ਹੋਰ ਪ੍ਰਸ਼ਾਸਨਕ ਅਧਿਕਾਰੀਆਂ ਨਾਲ ਭੰਗੜਾ ਪਾਇਆ ਤੇ ਜ਼ਿਲ੍ਹਾ ਪ੍ਰਸ਼ਾਸਨ ਨੂੰ ਖੇਤਰੀ ਸਰਸ ਮੇਲੇ ਦੇ ਸ਼ਾਨਦਾਰ ਆਯੋਜਨ ਲਈ ਮੁਬਾਰਕਬਾਦ ਦਿੱਤੀ।

ਜ਼ਿਕਰਯੋਗ ਹੈ ਕਿ ਬੀਤੇ ਦਿਨੀਂ ਇਸ ਮੇਲੇ ਦਾ ਆਗਾਜ਼ ਹੋਣ ਤੋਂ ਬਾਅਦ ਲੋਕਾਂ ਨੇ ਦਿਨ ਤੋਂ ਲੈ ਕੇ ਦੇਰ ਰਾਤ ਤੱਕ ਵੱਖ-ਵੱਖ ਰਾਜਾਂ ਦੇ ਸ਼ਿਲਪਕਾਰਾਂ ਤੇ ਦਸਤਕਾਰਾਂ ਵੱਲੋਂ ਲਗਾਈਆਂ ਗਈਆਂ ਸਟਾਲਾਂ 'ਤੇ ਖੂਬ ਖਰੀਦਦਾਰੀ ਕੀਤੀ। ਇਸ ਤੋਂ ਇਲਾਵਾ ਸੂਬਾਈ ਪਕਵਾਨਾਂ ਦਾ ਲੁਤਫ਼ ਵੀ ਲੋਕਾਂ ਨੇ ਪਰਵਾਰਾਂ ਸਮੇਤ ਉਠਾਇਆ। ਸਰਕਾਰੀ ਰਣਬੀਰ ਕਾਲਜ ਦੇ ਖੇਡ ਗਰਾਊਂਡ ਵਿਖੇ ਲੱਗਿਆ ਇਹ ਖੇਤਰੀ ਸਰਸ ਮੇਲਾ 17 ਅਕਤੂਬਰ ਤੱਕ ਜਾਰੀ ਰਹੇਗਾ ਤੇ 16 ਅਕਤੂਬਰ ਤੱਕ ਰੋਜ਼ਾਨਾ 'ਸਟਾਰ ਨਾਈਟ' ਦਾ ਆਯੋਜਨ ਕੀਤਾ ਜਾਵੇਗਾ।

# ਸ਼ਹੀਦ ਭਗਤ ਸਿੰਘ ਕਲੱਬ ਵੱਲੋਂ ਪਿਮਟ ਕਾਲਜ 'ਚ ਵਾਤਾਵਰਣ ਜਾਗਰੂਕਤਾ ਸਮਾਗਮ

## ਪਰਾਲੀ ਸਾੜ ਕੇ ਵਾਤਾਵਰਣ ਨੂੰ ਹੋਰ ਪ੍ਰਦੂਸ਼ਤ ਨਾ ਕੀਤਾ ਜਾਵੇ : ਸੀਚੇਵਾਲ, ਧਾਲੀਵਾਲ



**ਮੰਡੀ ਗੋਬਿੰਦਗੜ੍ਹ, (ਪ੍ਰਮੋਦ ਭਾਰਦਵਾਜ)**-ਸ਼ਹੀਦ ਭਗਤ ਸਿੰਘ ਯੂਥ ਸਪੋਰਟਸ ਤੇ ਸੱਭਿਆਚਾਰਕ ਕਲੱਬ ਕਪੂਰਗੜ੍ਹ (ਪੰਜਾਬ) ਵੱਲੋਂ ਪੰਜਾਬ ਇੰਸਟੀਚਿਊਟ ਆਫ ਮੈਨੇਜਮੈਂਟ ਟੈਕਨਾਲੋਜੀ ਮੰਡੀ ਗੋਬਿੰਦਗੜ੍ਹ ਦੇ ਸਹਿਯੋਗ ਨਾਲ ਕਾਲਜ ਵਿਖੇ ਕਲੱਬ ਦੇ ਪ੍ਰਧਾਨ ਤੇ ਵਾਤਾਵਰਣ ਪ੍ਰੇਮੀ ਤੀਰਥ ਸਿੰਘ ਕਪੂਰਗੜ੍ਹ ਦੀ ਅਗਵਾਈ ਤੇ ਪਿਮਟ ਕਾਲਜ ਮੰਡੀ ਗੋਬਿੰਦਗੜ੍ਹ ਦੀ ਡਾਇਰੈਕਟਰ ਮੈਡਮ ਮਨੀਸ਼ਾ ਗੁਪਤਾ ਦੀ ਦੇਖ-ਰੇਖ ਹੇਠ ਸੂਬਾ ਪੱਧਰੀ ਵਾਤਾਵਰਣ ਜਾਗਰੂਕਤਾ ਸਮਾਗਮ ਕਰਵਾਇਆ ਗਿਆ, ਜਿਸ ਮੌਕੇ ਵਾਤਾਵਰਣ ਪ੍ਰੇਮੀ ਤੇ ਪਦਮਸ੍ਰੀ ਸੰਤ ਬਾਬਾ ਬਲਵੀਰ ਸਿੰਘ ਸੀਚੇਵਾਲ ਮੁੱਖ ਮਹਿਮਾਨ ਤੇ ਨਾਟਕਕਾਰ ਨਿਰਭੈ ਸਿੰਘ ਧਾਲੀਵਾਲ, ਅਦਾਕਾਰ ਰਾਜ ਧਾਲੀਵਾਲ ਮੁੱਖ ਬੁਲਾਰੇ ਵਜੋਂ ਸ਼ਾਮਲ ਹੋਏ।

ਇਸ ਮੌਕੇ ਸੰਤ ਬਾਬਾ ਬਲਵੀਰ ਸਿੰਘ ਸੀਚੇਵਾਲ ਨੇ ਨੌਜਵਾਨਾਂ ਤੇ ਕਿਸਾਨਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਨ੍ਹਾਂ ਵੱਲੋਂ ਆਪਣੇ ਖੇਤਾਂ ਤੇ ਆਲੇ ਦੁਆਲੇ ਵਿੱਚ ਪਰਾਲੀ ਤੇ ਹੋਰ ਪਲਾਸਟਿਕ ਨੂੰ ਸਾੜ ਕੇ ਵਾਤਾਵਰਣ ਨੂੰ ਹੋਰ ਪ੍ਰਦੂਸ਼ਤ ਨਾ ਕੀਤਾ ਜਾਵੇ ਤਾਂ ਜੋ ਵਾਤਾਵਰਣ ਵਿੱਚੋਂ ਹਵਾ ਪ੍ਰਦੂਸ਼ਣ ਨੂੰ ਘੱਟ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਵਾਤਾਵਰਣ ਵਿੱਚ ਵਧ ਪ੍ਰਦੂਸ਼ਣ ਕਾਰਨ ਬਹੁਤ ਸਾਰੇ ਲੋਕਾਂ ਨੂੰ ਬਿਮਾਰੀਆਂ ਲੱਗ ਰਹੀਆਂ ਹਨ, ਜਦੋਂਕਿ ਸਾਫ ਸੁਥਰਾ ਵਾਤਾਵਰਣ ਧਰਤੀ ਉੱਪਰ ਰਹਿੰਦੇ ਹਰ ਇੱਕ ਪ੍ਰਾਣੀ ਤੇ ਜੀਵ-ਜੰਤੂ ਲਈ ਜ਼ਰੂਰੀ ਹੈ। ਇਸ ਮੌਕੇ ਪ੍ਰਸਿੱਧ ਨਾਟਕਕਾਰ ਤੇ ਪੰਜਾਬੀ ਫਿਲਮ ਐਕਟਰ ਨਿਰਭੈ ਸਿੰਘ ਧਾਲੀਵਾਲ ਨੇ ਕਿਹਾ ਕਿ ਸਮਾਜ ਦੇ ਵਾਤਾਵਰਣ ਦਾ ਸੁਧਾਰ ਹੋਣ ਨਾਲ ਹੀ ਅਸਲੀ ਵਾਤਾਵਰਣ ਦੀ ਸੰਭਾਲ ਹੋਵੇਗੀ ਤੇ ਧਰਤੀ ਉੱਪਰ ਰਹਿੰਦੇ ਹਰ ਇੱਕ ਵਿਅਕਤੀ ਦਾ ਨੈਤਿਕ ਫਰਜ਼ ਹੈ ਕਿ ਸਾਫ ਸੁਥਰੇ ਵਾਤਾਵਰਣ ਲਈ ਵੱਧ ਤੋਂ ਵੱਧ ਬੂਟੇ ਲਗਾਏ ਜਾਣ ਤੇ ਵਾਤਾਵਰਣ ਨੂੰ ਪ੍ਰਦੂਸ਼ਤ ਕਰਨ ਵਾਲੇ ਕਾਰਕਾਂ ਨੂੰ ਖਤਮ ਕੀਤਾ ਜਾਵੇ। ਇਸ ਮੌਕੇ ਸਰਪੰਚ ਗੁਰਪ੍ਰੀਤ ਸਿੰਘ ਗਰੇਵਾਲ ਕਲਾਲਮਾਜਰਾ, ਪੰਜਾਬੀ ਫਿਲਮ ਐਕਟਰ ਮੈਡਮ ਰਾਜ ਧਾਲੀਵਾਲ ਤੇ ਪ੍ਰਦੂਸ਼ਣ ਕੰਟਰੋਲ ਬੋਰਡ ਫਤਹਿਗੜ੍ਹ ਦੇ ਅਧਿਕਾਰੀ ਤੇ ਬਲਾਕ ਖੇਤੀਬਾੜੀ ਅਫਸਰ ਇਕਬਾਲਜੀਤ ਸਿੰਘ ਵੱਲੋਂ ਵੀ ਆਪਣੇ ਵਿਚਾਰ ਪੇਸ਼ ਕੀਤੇ ਗਏ। ਇਸ ਮੌਕੇ ਸੰਤ ਬਾਬਾ ਬਲਵੀਰ ਸਿੰਘ ਸੀਚੇਵਾਲ ਤੇ ਆਏ ਮਹਿਮਾਨਾਂ ਨੇ ਸ਼ਹੀਦ ਭਗਤ ਸਿੰਘ ਯੂਥ ਸਪੋਰਟਸ ਤੇ ਸੱਭਿਆਚਾਰਕ ਕਲੱਬ (ਰਜਿ.) ਕਪੂਰਗੜ੍ਹ (ਪੰਜਾਬ) ਵੱਲੋਂ ਫਤਹਿਗੜ੍ਹ ਸਾਹਿਬ ਜ਼ਿਲ੍ਹੇ ਦੇ ਵੱਖ ਵੱਖ ਪਿੰਡਾਂ 'ਚ ਪਰਾਲੀ ਨੂੰ ਨਾ ਸਾੜਨ ਬਾਰੇ ਵਿਸਥਾਰਪੂਰਵਕ ਜਾਗਰੂਕਤਾ ਸੈਮੀਨਾਰ ਕਰਵਾਉਣ ਦੀ ਮੁਹਿੰਮ ਦੀ ਸ਼ੁਰੂਆਤ ਕੀਤੀ।

ਇਸ ਮੌਕੇ ਪਿਮਟ ਕਾਲਜ ਡਾਇਰੈਕਟਰ ਮਨੀਸ਼ਾ ਗੁਪਤਾ ਤੇ ਕਲੱਬ ਪ੍ਰਧਾਨ ਤੇ ਵਾਤਾਵਰਣ ਪ੍ਰੇਮੀ ਤੀਰਥ ਸਿੰਘ ਕਪੂਰਗੜ੍ਹ ਨੇ ਆਈਆਂ ਸ਼ਖ਼ਸੀਅਤਾਂ ਦਾ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ।

# ਧੂਰੀ ਹਾਈਵੇ ਜਾਮ ਦੇ ਤੀਜੇ ਦਿਨ ਮੁੱਖ ਮੰਤਰੀ ਵੱਲੋਂ ਮੀਟਿੰਗ ਦਾ ਸਮਾਂ ਦੇਣ 'ਤੇ ਸੰਘਰਸ਼ ਮੁਲਤਵੀ

## ਸਰਕਾਰ ਦੀ ਪਾੜੋ ਤੇ ਰਾਜ ਕਰੋ ਦੀ ਨੀਤੀ ਵਿਰੁੱਧ ਪਿੰਡਾਂ 'ਚ ਝੰਡਾ ਮਾਰਚ ਕਰਕੇ ਲੋਕਾਂ ਦਾ ਘੋਲ ਲਈ ਸਮਰਥਨ ਜੁਟਾਇਆ



**ਜਲਾਲਾਬਾਦ, (ਸਤਨਾਮ ਸਿੰਘ/ਜੀਤ ਕੁਮਾਰ)**-ਵੱਖ-ਵੱਖ ਸਰਕਾਰੀ ਵਿਭਾਗਾਂ ਦੇ ਆਊਟਸੋਰਸ ਤੇ ਇੰਨਲਿਸਟਮੈਂਟ ਠੇਕਾ ਅਧਾਰਤ ਮੁਲਾਜ਼ਮਾਂ ਨੂੰ ਬਿਨਾਂ ਸ਼ਰਤ ਰੈਗੂਲਰ ਕਰਨ ਸਮੇਤ 'ਮੰਗ-ਪੱਤਰ' ਵਿੱਚ ਦਰਜ ਤਮਾਮ ਮੰਗਾਂ-ਮਸਲਿਆਂ ਦਾ ਹੱਲ ਕਰਵਾਉਣ ਦੀ ਮੰਗ ਲਈ ਠੇਕਾ ਮੁਲਜ਼ਮ ਸੰਘਰਸ਼ ਮੋਰਚਾ ਪੰਜਾਬ ਦੀ ਅਗਵਾਈ ਹੇਠ ਠੇਕਾ ਮੁਲਾਜ਼ਮਾਂ ਵੱਲੋਂ ਮੁੱਖ ਮੰਤਰੀ ਪੰਜਾਬ ਸਰਕਾਰ ਦੇ ਚੋਣ ਹਲਕੇ ਧੂਰੀ 'ਚ ਬੱਬਨਪੁਰ ਨਹਿਰ ਦੇ ਪੁਲ ਕੋਲ ਅੱਜ ਤੀਜੇ ਦਿਨ ਲੁਧਿਆਣਾ-ਧੂਰੀ ਸਟੇਟ ਹਾਈਵੇਅ ਸਫਲਤਾ ਪੂਰਵਕ ਮੁਕੰਮਲ ਜਾਮ ਦੌਰਾਨ ਮੁੱਖ ਮੰਤਰੀ ਪੰਜਾਬ ਵੱਲੋਂ 28 ਅਕਤੂਬਰ ਨੂੰ ਠੇਕਾ ਮੁਲਾਜ਼ਮਾਂ ਦੀਆਂ 'ਮੰਗਾਂ' ਦਾ ਹੱਲ ਕਰਨ ਲਈ ਪੈਨਲ ਮੀਟਿੰਗ ਦਾ ਸਮਾਂ ਦੇਣ 'ਤੇ ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪਜਾਬ ਵੱਲੋਂ ਸੰਘਰਸ਼ ਪ੍ਰੋਗਰਾਮ ਨੂੰ ਇਕ ਵਾਰ 28 ਅਕਤੂਬਰ ਤੱਕ ਮੁਲਤਵੀ ਕਰ ਦਿੱਤਾ ਗਿਆ ਹੈ।

ਇਥੇ ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ ਦੇ ਸੂਬਾ ਆਗੂਆਂ ਵਰਿੰਦਰ ਸਿੰਘ ਮੋਮੀ, ਜਗਰੂਪ ਸਿੰਘ, ਸ਼ੇਰ ਸਿੰਘ ਖੰਨਾ, ਗੁਰਵਿੰਦਰ ਸਿੰਘ ਪੰਨੂੰ, ਬਲਿਹਾਰ ਸਿੰਘ, ਸਿਮਰਨਜੀਤ ਸਿੰਘ ਨੀਲੋ, ਜਸਪ੍ਰੀਤ ਸਿੰਘ ਗਗਨ, ਸੁਰਿੰਦਰ ਕੁਮਾਰ, ਪਵਨਦੀਪ ਸਿੰਘ, ਰਮਨਪ੍ਰੀਤ ਕੌਰ ਮਾਨ ਨੇ ਪ੍ਰੈੱਸ ਬਿਆਨ ਜਾਰੀ ਕਰਦੇ ਹੋਏ ਕਿਹਾ ਕਿ ਅੱਜ ਜਾਮ ਦੇ ਦੌਰਾਨ ਬਿਨਾਂ ਸ਼ਰਤ ਮੁੱਖ ਮੰਤਰੀ ਪੰਜਾਬ ਸਰਕਾਰ ਵੱਲੋਂ ਮੀਟਿੰਗ ਦਾ ਸਮਾਂ ਦਿੱਤਾ ਗਿਆ ਹੈ, ਪਰ ਮੌਜੂਦਾ ਸੂਬਾ ਸਰਕਾਰ ਦੇ ਪਿਛਲੇ ਵਿਹਾਰ ਨੂੰ ਮੁੱਖ ਰੱਖ ਕੇ ਠੇਕਾ ਮੁਲਾਜ਼ਮਾਂ ਦੀਆਂ ਮੰਗਾਂ ਦੇ ਪ੍ਰਵਾਨ ਹੋਣ ਤੱਕ ਕਿਸੇ ਵੀ ਕੀਮਤ 'ਤੇ ਭਰੋਸਾ ਨਹੀਂ ਕੀਤਾ ਜਾ ਸਕਦਾ ਹੈ। ਇਸ ਲਈ ਸੰਘਰਸ਼ ਨੂੰ ਮੱਘਦਾ ਰੱਖਣ ਲਈ, ਫਿਰ ਤੋਂ ਜ਼ਮੀਨੀ ਪੱਧਰ 'ਤੇ ਤਿਆਰੀਆਂ ਕੀਤੀਆਂ ਜਾਣਗੀਆਂ।

ਅੰਤ ਵਿੱਚ ਲੀਡਰ ਸ਼ਿਪ ਵੱਲੋਂ ਇਲਾਕੇ ਦੇ ਲੋਕਾਂ, ਘੋਲ 'ਚ ਸ਼ਮੂਲੀਅਤ ਕਰਨ ਵਾਲੇ ਠੇਕਾ ਮੁਲਾਜ਼ਮਾਂ, ਪਰਿਵਾਰਾਂ, ਭਰਾਤਰੀ ਜਥੇਬੰਦੀਆਂ ਤੇ ਮੀਡੀਆਂ ਕਵਰੇਜ ਕਰਨ ਵਾਲੇ ਤਮਾਮ ਪੱਤਰਕਾਰ ਭਾਈਚਾਰੇ ਦਾ ਤੈਅ ਦਿਲੋਂ ਧੰਨਵਾਦ ਕੀਤਾ ਗਿਆ ਤੇ ਭਵਿੱਖ ਦੇ ਸੰਘਰਸ਼ ਦੀ ਤਿਆਰੀ ਲਈ ਠੇਕਾ ਮੁਲਾਜ਼ਮਾਂ ਨੂੰ ਜੁੱਟ ਜਾਣ ਦਾ ਸੱਦਾ ਦਿੱਤਾ ਗਿਆ।

ਇਸ ਲਈ ਮੁੱਖ ਮੰਤਰੀ ਪੰਜਾਬ ਦੇ ਨਾਲ ਤੈਅ ਹੋਈ ਪੈਨਲ ਮੀਟਿੰਗ 'ਚ ਆਊਟਸੋਰਸ/ਇੰਨਲਿਸਟਮੈਂਟ ਠੇਕਾ ਮੁਲਾਜ਼ਮਾਂ ਨੂੰ ਉਨ੍ਹਾਂ ਦੇ ਸਬੰਧਤ ਵਿਭਾਗਾਂ ਵਿਚ ਮਰਜ ਕਰਕੇ ਰੈਗੂਲ ਕਰਨਾ, ਸਰਕਾਰੀ ਅਦਾਰਿਆਂ ਦਾ ਨਿੱਜੀਕਰਨ ਕਰਨ ਦੀਆਂ ਨੀਤੀਆਂ ਨੂੰ ਰੱਦ ਕਰਨ, ਨਿੱਜੀ ਕੰਪਨੀਆਂ, ਕਾਰਪੋਰੇਟ ਘਰਾਣਿਆ ਅਤੇ ਧਨਾਢ ਠੇਕੇਦਾਰਾਂ ਨੂੰ ਸਰਕਾਰੀ ਵਿਭਾਗਾਂ 'ਚੋਂ ਬਾਹਰ ਕੱਢ ਕੇ ਪੱਕੇ ਕੰਮ ਖੇਤਰ 'ਚ ਪੱਕੇ ਰੁਜਗਾਰ ਦਾ ਪ੍ਰਬੰਧ ਕਰਨ, ਆਊਟਸੋਰਸ/ਇੰਨਲਿਸਟਮੈਂਟ ਠੇਕਾ ਮੁਲਾਜ਼ਮਾਂ ਲਈ ਘੱਟੋ-ਘੱਟ ਉਜਰਤ ਦੇ ਕਾਨੂੰਨ 1948 ਤਹਿਤ ਤਨਖਾਹ ਅਤੇ ਭੱਤੇ ਦੇਣਾ ਆਦਿ 'ਮੰਗ-ਪੱਤਰ' 'ਚ ਦਰਜ 'ਮੰਗਾਂ-ਮਸਲਿਆਂ' ਦਾ ਹੱਲ ਕਰਨ ਸਬੰਧੀ ਸਹਿਮਤੀ ਨਾ ਹੋਣ ਦੀ ਸੂਰਤ ਵਿੱਚ ਇਸੇ ਤਰ੍ਹਾਂ ਹੀ ਸੰਘਰਸ਼ ਪ੍ਰੋਗਰਾਮ ਠੇਕਾ ਮੁਲਾਜ਼ਮ ਆਪਣੇ ਪਰਿਵਾਰਾਂ ਸਮੇਤ ਕਰਨ ਲਈ ਮਜਬੂਰ ਹੋਣਗੇ, ਜਿਸ ਦੀ ਜ਼ਿੰਮੇਵਾਰ ਸਿੱਧੇ ਤੌਰ 'ਤੇ ਪੰਜਾਬ ਸਰਕਾਰ ਹੋਵੇਗੀ।

# ਕੋਟਨਿਸ ਆਕੂਪੰਕਚਰ ਹਸਪਤਾਲ ਵੱਲੋਂ ਮੈਡੀਕਲ ਕੈਂਪ



**ਲੁਧਿਆਣਾ (ਐੱਮ ਐੱਸ ਭਾਟੀਆ/ਰੈਕਟਰ ਕਥੂਰੀਆ)** : ਮਹਾਨ ਅੰਤਰਰਾਸ਼ਟਰੀ ਸੁਤੰਤਰਤਾ ਸੈਨਾਨੀ ਦਵਾਰਕਾ ਨਾਥ ਕੋਟਨਿਸ ਦੀ ਯਾਦ ਵਿੱਚ ਡਾਕਟਰ ਕੋਟਨੀਸ ਹਸਪਤਾਲ ਦੀ ਮੈਨੇਜਮੈਂਟ ਵੱਲੋਂ ਵਿਸ਼ੇਸ਼ ਮੈਡੀਕਲ ਕੈਂਪ ਲਾਇਆ ਗਿਆ, ਜਿਸ ਦਾ ਫਾਇਦਾ ਉਠਾਉਣ ਲਈ ਲੋੜਵੰਦ ਲੋਕ ਵੱਧ ਚੜ੍ਹ ਕੇ ਕੈਂਪ ਵਿੱਚ ਪੁੱਜੇ। ਪੀਰੂ ਬੰਦਾ ਸ੍ਰੀ ਗੁਰੂ ਰਵਿਦਾਸ ਧਰਮਸਾਲਾ ਵਿਖੇ ਮੁਫਤ ਦਵਾਈਆਂ ਤੇ ਦੰਦਾਂ ਦੇ ਇਸ ਮੁਫਤ ਚੈੱਕਅੱਪ ਕੈਂਪ ਵਿੱਚ ਮਾਹਰ ਡਾਕਟਰਾਂ ਨੇ ਸ਼ਮੂਲੀਅਤ ਕੀਤੀ ਤੇ ਲੋਕਾਂ ਦੀ ਸਿਹਤ ਦੀ ਜਾਂਚ ਪੜਤਾਲ ਕੀਤੀ। ਇਸ ਕੈਂਪ ਵਿੱਚ 135 ਮਰੀਜ਼ਾਂ ਦਾ ਚੈੱਕਅੱਪ ਕੀਤਾ ਗਿਆ ਤੇ ਲੋੜਵੰਦ ਲੋਕਾਂ ਨੂੰ ਮੁਫਤ ਦਵਾਈਆਂ ਵੀ ਵੰਡੀਆਂ ਗਈਆਂ। ਕੈਂਪ ਦਾ ਉਦਘਾਟਨ ਸ੍ਰੀ ਰਾਮ ਕ੍ਰਿਸ਼ਨ ਪ੍ਰਧਾਨ ਧਰਮਸ਼ਾਲਾ ਤੇ ਬਲਬੀਰ ਚੰਦ, ਚੇਅਰਮੈਨ ਅਸ਼ੋਕ ਮਾੜੀ, ਸੁਰਿੰਦਰ ਹੀਰੋ, ਸਤਪਾਲ ਮਹਿਮੀ ਨੇ ਕੀਤਾ। ਇਸ ਮੌਕੇ ਬੋਲਦਿਆਂ ਸ੍ਰੀ ਰਾਮ ਕ੍ਰਿਸ਼ਨ ਨੇ ਕਿਹਾ ਕਿ ਅਜਿਹੇ ਕੈਂਪ ਹਰ ਗਲੀ-ਮੁਹੱਲੇ ਲਾਉਣ ਦੀ ਲੋੜ ਹੈ। ਇਸ ਕੈਂਪ ਵਿੱਚ ਡਾਕਟਰ ਨੇਹਾ ਢੀਂਗਰਾ, ਡਾਕਟਰ ਰਘੁਵੀਰ ਸਿੰਘ, ਡਾ. ਦੰਦਾਂ ਦੇ ਡਾਕਟਰ ਰਿਤਿਕ ਚਾਵਲਾ ਨੇ ਮਰੀਜ਼ਾਂ ਦਾ ਚੈੱਕਅੱਪ ਕੀਤਾ ਤੇ ਇਲਾਜ ਕੀਤਾ। ਉਨ੍ਹਾਂ ਬਿਮਾਰੀਆਂ ਤੋਂ ਬਚਣ ਦੇ ਵੱਖ-ਵੱਖ ਤਰੀਕਿਆਂ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਦੰਦਾਂ ਦੀ ਬਿਮਾਰੀ ਕਾਰਨ ਕਈ ਤਰ੍ਹਾਂ ਦੀਆਂ ਬਿਮਾਰੀਆਂ ਜਨਮ ਲੈ ਸਕਦੀਆਂ ਹਨ, ਜਿਨ੍ਹਾਂ ਵਿੱਚ ਪੇਟ ਦੀ ਬਿਮਾਰੀ ਮਸੂੜਿਆਂ ਦੀ ਬਿਮਾਰੀ ਮਸ਼ਹੂਰ ਹੈ। ਇਸ ਕੈਂਪ ਵਿੱਚ ਮਨੀਸ਼ਾ ਨੇ ਲੋਕਾਂ ਨੂੰ ਨਸ਼ਿਆਂ ਵਰਗੀਆਂ ਬੀਮਾਰੀਆਂ ਤੋਂ ਦੂਰ ਰਹਿਣ ਤੇ ਨਸ਼ੇ ਦੇ ਆਦੀ ਹੋ ਚੁੱਕੇ ਲੋਕਾਂ ਨੂੰ ਜਾਗਰੂਕ ਕੀਤਾ। ਇਸ ਕੈਂਪ ਵਿੱਚ ਮੁੱਖ ਤੌਰ 'ਤੇ ਓ.ਡੀ.ਆਈ.ਸੀ. ਇੰਚਾਰਜ ਮਨੀਸ਼ਾ, ਗਗਨਦੀਪ ਕੁਮਾਰ, ਰੀਤੂ, ਅਮਨ, ਮੀਨੂੰ ਸ਼ਰਮਾ ਆਦਿ ਨੇ ਆਪਣਾ ਯੋਗਦਾਨ ਪਾਇਆ।

# ਪੰਚਾਇਤ ਸੰਮਤੀ ਮਖੂ ਦੇ ਚੇਅਰਪਰਸਨ ਤੇ ਵਾਈਸ ਚੇਅਰਪਰਸਨ ਦੀ ਚੋਣ



**ਮੱਖੂ (ਰਛਪਾਲ ਸਿੰਘ ਸੰਧੂ)** : ਬੀਤੇ ਦਿਨੀਂ ਪੰਚਾਇਤ ਸੰਮਤੀ ਮੱਖੂ ਦੀ ਮਾਨਯੋਗ ਸਬ ਡਵੀਜ਼ਨਲ ਮੈਜਿਸਟਰੇਟ ਜ਼ੀਰਾ ਦੀ ਅਗਵਾਈ ਹੇਠ ਹੋਈ ਮੀਟਿੰਗ ਦੌਰਾਨ ਚੇਅਰਪਰਸਨ ਤੇ ਵਾਇਸ ਚੇਅਰਪਰਸਨ ਪੰਚਾਇਤ ਸੰਮਤੀ ਮੱਖੂ ਖਿਲਾਫ ਬੇਵਿਸ਼ਵਾਸੀ ਮਤਾ ਪਾਸ ਹੋਣ ਕਾਰਨ ਦੋਵਾਂ ਦੀਆਂ ਸੀਟਾਂ ਖਾਲੀ ਹੋ ਗਈਆਂ ਸਨ। ਇਨ੍ਹਾਂ ਸੀਟਾਂ ਨੂੰ ਭਰਨ ਲਈ ਅੱਜ ਪੰਚਾਇਤ ਸੰਮਤੀ ਮੱਖੂ ਦੀ ਮੀਟਿੰਗ ਮਾਨਯੋਗ ਡਵੀਜ਼ਨਲ ਮੈਜਿਸਟਰੇਟ ਜ਼ੀਰਾ ਤੇ ਬੀ ਡੀ ਪੀ ਓ ਮੱਖੂ ਦੀ ਅਗਵਾਈ ਹੇਠ ਬੁਲਾਈ ਗਈ। ਪੰਚਾਇਤ ਸੰਮਤੀ ਮੱਖੂ ਵਿੱਚ ਕੁੱਲ 15 ਮੈਂਬਰ ਹਨ, ਜਿਨ੍ਹਾਂ ਵਿੱਚੋਂ ਦੋ ਮੈਂਬਰਾਂ ਦੀ ਮੌਤ ਹੋ ਚੁੱਕੀ ਹੈ, ਚਾਰ ਮੈਂਬਰ ਗੈਰ-ਹਾਜ਼ਰ ਪਾਏ ਗਏ ਤੇ 9 ਮੈਂਬਰ ਮਹਿੰਦਰ ਸਿੰਘ ਲਹਿਰਾ, ਮੇਜਰ ਸਿੰਘ ਮੌਜਗੜ੍ਹ, ਬਲਵਿੰਦਰ ਸਿੰਘ, ਪ੍ਰਤਾਪ ਸਿੰਘ ਜੌਨ ਆਸੀਏਕੇ, ਪ੍ਰਤਾਪ ਸਿੰਘ ਜੌਨ ਬਹਿਕ ਪਛਾੜੀਆਂ, ਸ੍ਰੀਮਤੀ ਬਲਵਿੰਦਰ ਕੌਰ, ਸ੍ਰੀਮਤੀ ਊਸ਼ਾ ਰਾਣੀ, ਸ੍ਰੀਮਤੀ ਜਸਵੀਰ ਕੌਰ, ਸ੍ਰੀਮਤੀ ਸੋਨੀਆ ਹਾਜ਼ਰ ਹੋਏ। ਵਿਧਾਨ ਸਭਾ ਹਲਕਾ ਜ਼ੀਰਾ ਤੋਂ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਨਰਿੰਦਰ ਕਟਾਰੀਆ ਤੇ ਯੂਥ ਆਗੂ ਸੰਕਰ ਕਟਾਰੀਆ ਦੀ ਅਗਵਾਈ ਹੇਠ ਪੰਚਾਇਤ ਸੰਮਤੀ ਮੱਖੂ ਦੇ ਚੇਅਪਰਸਨ ਤੇ ਵਾਈਸ ਚੇਅਪਰਸਨ ਦੀ ਚੋਣ ਕੀਤੀ ਗਈ। ਪੰਚਾਇਤ ਸੰਮਤੀ ਮੱਖੂ ਦੇ ਚੇਅਪਰਸਨ ਦੀ ਸੀਟ ਐੱਸ ਸੀ ਔਰਤ ਰਿਜ਼ਰਵ ਤੇ ਵਾਈਸ ਚੇਅਰਪਰਸਨ ਦੀ ਸੀਟ ਇਸਤਰੀ ਲਈ ਰਿਜ਼ਰਵ ਹੈ। ਪੰਚਾਇਤ ਸੰਮਤੀ ਮੱਖੂ ਦੇ ਚੇਅਰਪਰਸਨ ਦੀ ਸੀਟ ਭਰਨ ਲਈ ਮਹਿੰਦਰ ਸਿੰਘ ਲਹਿਰਾ ਨੇ ਸ੍ਰੀਮਤੀ ਸੋਨੀਆ ਸੰਮਤੀ ਮੈਂਬਰ ਸੰਮਤੀ ਦਾ ਨਾਮ ਪ੍ਰਪੋਜ਼ ਕੀਤਾ ਤੇ ਬਾਕੀ ਸਾਰੇ ਮੈਂਬਰਾਂ ਨੇ ਸਹਿਮਤੀ ਪ੍ਰਗਟ ਕੀਤੀ ਤੇ ਵਾਈਸ ਚੇਅਰਪਰਸਨ ਦੀ ਸੀਟ ਭਰਨ ਲਈ ਪ੍ਰਤਾਪ ਸਿੰਘ ਬਹਿਕ ਪਛਾੜੀਆਂ ਨੇ ਸ੍ਰੀਮਤੀ ਬਲਵਿੰਦਰ ਕੌਰ ਸੰਮਤੀ ਮੈਂਬਰ ਦਾ ਨਾਮ ਤਵਤੀਜ਼ ਕੀਤਾ ਤੇ ਬਾਕੀ ਮੈਂਬਰਾਂ ਨੇ ਸਹਿਮਤੀ ਪ੍ਰਗਟ ਕੀਤੀ। ਇਸ ਨਾਲ ਪੰਚਾਇਤ ਸੰਮਤੀ ਮੱਖੂ ਦੇ ਚੇਅਪਰਸਨ ਸ੍ਰੀਮਤੀ ਸੋਨੀਆ ਤੇ ਵਾਈਸ ਚੇਅਰਪਰਸਨ ਸ੍ਰੀਮਤੀ ਬਲਵਿੰਦਰ ਕੌਰ ਦੀ ਚੋਣ ਹੋਈ। ਇਸ ਮੌਕੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਨਰਿੰਦਰ ਕਟਾਰੀਆ ਤੇ ਯੂਥ ਆਗੂ ਸੰਕਰ ਕਟਾਰੀਆ ਵੱਲੋਂ ਬਲਾਕ ਮੱਖੂ ਦੇ ਪੰਚਾਇਤ ਸੰਮਤੀ ਮੱਖੂ ਦੇ ਨਵਨਿਯੁਕਤ ਚੇਅਰਪਰਸਨ ਤੇ ਵਾਇਸ ਚੇਅਰਪਰਸਨ ਨੂੰ ਹਾਰ ਪਾ ਕੇ ਕੁਰਸੀ 'ਤੇ ਬੈਠਾਇਆ ਤੇ ਲੱਡੂਆਂ ਨਾਲ ਮੂੰਹ ਮਿੱਠਾ ਕਰਵਾਇਆ।

ਇਸ ਮੌਕੇ ਜਰਨੈਲ ਸਿੰਘ ਸੰਧੂ, ਕਾਬਲ ਸਿੰਘ ਬੂਟੇਵਾਲਾ, ਹਰਜਿੰਦਰ ਸਿੰਘ ਸਰਪੰਚ ਹਸਮਤਵਾਲਾ, ਰਣਜੀਤ ਸਿੰਘ ਰਾਣਾ ਬਾਹਰ ਵਾਲੀ, ਬਲਵਿੰਦਰ ਠੁਕਰਾਲ, ਗੁਰਮਨਦੀਪ ਸਿੰਘ ਖਹਿਰਾ ਸਿਆਸੀ ਸਕੱਤਰ ਵਿਧਾਇਕ ਨਰੇਸ਼ ਕਟਾਰੀਆ, ਨਰਿੰਦਰ ਸਿੰਘ ਮੁਮਾਰੇ ਵਾਲਾ, ਕੁਲਦੀਪ ਸਿੰਘ ਅਮੀਰ ਸਾਹ, ਰੇਸ਼ਮ ਸਿੰਘ ਨੰਗਲ, ਸਤਨਾਮ ਸਿੰਘ ਨੰਬਰਦਾਰ, ਬਲਵਿੰਦਰ ਸਿੰਘ ਪੱਧਰੀ, ਗੁਰਪ੍ਰੀਤ ਸਿੰਘ ਅਮੀਰ ਸਾਹ, ਕਿੱਕਰ ਸਿੰਘ ਮਿੱਠੇ, ਨਿਸ਼ਾਨ ਸਿੰਘ, ਹੀਰਾ ਸਿੰਘ ਬੂਟੇਵਾਲਾ, ਪਵਨ ਖੰਨਾ, ਕੁਲਭੂਸ਼ਨ ਧਵਨ ਮੱਲਾਂਵਾਲਾ, ਨਰੇਸ਼ ਮੋਗਾ, ਗੌਰਵ ਮਦਾਨ, ਮਨਜੀਤ ਸਰਮਾ, ਤ੍ਰਿਲੋਕ ਚੰਦ ਬਿੱਲਾ ਪ੍ਰਧਾਨ ਟਰੱਕ ਯੂਨੀਅਨ ਮੱਖੂ, ਜੋਗਾ ਸਿੰਘ ਨੰਗਲ, ਸਰਬਜੀਤ ਸਿੰਘ ਆਦਿ ਹਾਜ਼ਰ ਸਨ।

# ਸ਼ਮਸ਼ੇਰ ਸੇਰੀ ਦਾ ਸ਼ਹੀਦੀ ਦਿਵਸ ਮਨਾਉਣ ਸੰਬੰਧੀ ਮੀਟਿੰਗ



**ਛਾਜਲੀ (ਜਸਵੀਰ ਲਾਡੀ)**-ਇੱਥੇ ਲਖਵੀਰ ਲੌਂਗੋਵਾਲ ਨੇ ਪ੍ਰੈੱਸ ਬਿਆਨ ਜਾਰੀ ਕਰਦੇ ਹੋਏ ਦੱਸਿਆ ਕਿ ਲੋਕ ਸੰਗਰਾਮ ਮੋਰਚਾ ਵੱਲੋਂ ਸ਼ਹੀਦ ਕਾਮਰੇਡ ਸ਼ਮਸ਼ੇਰ ਸੇਰੀ ਦਾ ਸ਼ਹੀਦੀ ਦਿਨ ਮਨਾਉਣ ਲਈ ਲਹਿਰਾਗਾਗਾ ਵਿਖੇ ਮੀਟਿੰਗ ਸੱਦੀ ਗਈ। ਲੋਕ ਸੰਗਰਾਮ ਮੋਰਚਾ ਦੇ ਸੂਬਾ ਪ੍ਰਧਾਨ ਤਾਰਾ ਸਿੰਘ ਮੋਗਾ ਵੀ ਮੀਟਿੰਗ ਵਿੱਚ ਹਾਜ਼ਰ ਹੋਏ। ਮੀਟਿੰਗ ਵਿੱਚ ਇਨਕਲਾਬੀ ਵਿਚਾਰਾਂ ਨਾਲ ਜੁੜੇ ਨਾਮਦੇਵ ਭੁਟਾਲ, ਜਗਜੀਤ ਭੁਟਾਲ, ਰਘਵੀਰ ਭੁਟਾਲ, ਜਗਦੀਸ਼ ਪਾਪੜਾ, ਸ਼ਮਿੰਦਰ ਸਿੰਘ, ਬਲਵਿੰਦਰ ਜਲੂਰ, ਬਲਵੀਰ ਜਲੂਰ, ਰਾਮ ਫਲ ਬਸਾਰਾਹ, ਰਾਜ ਖੋਖਰ, ਲਾਭ ਸਿੰਘ ਕਾਲਬਣਜਾਰਾ, ਪ੍ਰਗਟ ਸਿੰਘ ਕਾਲਾਝਾੜ ਮਜ਼ਦੂਰਾਂ, ਕਿਸਾਨਾਂ ਤੇ ਜਮਹੂਰੀ ਕਾਰਕੁਨ ਹਾਜ਼ਰ ਹੋਏ। ਮੀਟਿੰਗ ਨੂੰ ਸੰਬੋਧਨ ਕਰਦਿਆਂ ਤਾਰਾ ਸਿੰਘ ਮੋਗਾ ਨੇ ਕਿਹਾ ਕਿ ਕਾਮਰੇਡ ਸ਼ਮਸ਼ੇਰ ਸੇਰੀ ਨਕਸਲਬਾੜੀ ਲਹਿਰ ਤੋਂ ਪ੍ਰਭਾਵਤ ਹੋ ਕੇ ਕਰਾਂਤੀਕਾਰੀ ਰਾਹ 'ਤੇ ਤੁਰੇ ਸਨ। ਪਹਿਲਾਂ ਵਿਦਿਆਰਥੀ ਲਹਿਰ ਦੇ ਆਗੂ ਦੇ ਤੌਰ 'ਤੇ ਕੰਮ ਕੀਤਾ, ਫਿਰ ਨਕਸਲਬਾੜੀ ਲਹਿਰ ਵਿੱਚ ਕੁੱਦ ਪਏ ਸਨ। ਵਿਛੋੜੇ ਸਮੇਂ ਉਹ ਸੀ ਪੀ ਆਈ ਮਾਓਵਾਦੀ ਦੇ ਪੋਲਿਟ ਬਿਊਰੋ ਮੈਂਬਰ ਸਨ। ਮੀਟਿੰਗ ਨੇ ਫੈਸਲਾ ਕੀਤਾ ਕਿ ਕਾਮਰੇਡ ਸ਼ਮਸ਼ੇਰ ਸੇਰੀ ਦਾ ਸ਼ਹੀਦੀ ਦਿਨ ਉਨ੍ਹਾ ਦੇ ਜੱਦੀ ਪਿੰਡ ਖੋਖਰ ਕਲਾਂ ਵਿਖੇ 30 ਅਕਤੂਬਰ ਨੂੰ ਮਨਾਇਆ ਜਾਵੇਗਾ। ਸੇਰੀ ਦੀ ਯਾਦਗਾਰ 'ਤੇ ਸਿਜਦਾ ਕਰਕੇ ਅਧੂਰੇ ਸੁਪਨੇ ਪੂਰੇ ਕਰਨ ਦਾ ਪ੍ਰਣ ਕਰਨ ਪਿੱਛੋਂ ਗੀਤ ਸੰਗੀਤ ਤੇ ਸਿਆਸੀ ਕਾਨਫਰੰਸ ਕੀਤੀ ਜਾਵੇਗੀ। ਲੋਕਾਂ ਨੂੰ ਅਪੀਲ ਕੀਤੀ ਕਿ ਸਮਾਗਮ ਵਿੱਚ ਵੱਧ ਤੋਂ ਵੱਧ ਸ਼ਮੂਲੀਅਤ ਕੀਤੀ ਜਾਵੇ।

# ਸਆਦਤ ਹਸਨ ਮੰਟੋ ਦਾ ਲਿਖਿਆ ਨਾਟਕ 'ਲਾਇਸੰਸ' ਪੇਸ਼

**ਬਠਿੰਡਾ, (ਪਰਵਿੰਦਰ ਜੀਤ ਸਿੰਘ)**-ਨਾਟਿਅਮ ਪੰਜਾਬ ਵੱਲੋਂ ਚੇਅਰਮੈਨ ਕਸ਼ਿਸ਼ ਗੁਪਤਾ, ਪ੍ਰਧਾਨ ਸੁਦਰਸ਼ਨ ਗੁਪਤਾ ਤੇ ਨਿਰਦੇਸ਼ਕ ਕੀਰਤੀ ਕ੍ਰਿਪਾਲ ਦੀ ਅਗਵਾਈ ਹੇਠ ਬਠਿੰਡਾ ਦੇ ਐੱਮ.ਆਰ.ਐੱਸ.ਪੀ.ਟੀ.ਯੂ. ਕੈਂਪਸ ਵਿਖੇ ਕਰਵਾਏ ਜਾ ਰਹੇ 15 ਰੋਜ਼ਾ 11ਵੇਂ ਨੈਸ਼ਨਲ ਥੀਏਟਰ ਫੈਸਟੀਵਲ ਦੀ 8ਵੀਂ ਸ਼ਾਮ ਨੂੰ ਏ.ਵੀ.ਆਰ. ਸਕੂਲ ਆਫ ਡਰਾਮਾ, ਗੁਰੂਗ੍ਰਾਮ ਦੇ ਕਲਾਕਾਰ ਦਰਸ਼ਕਾਂ ਦੇ ਸਨਮੁੱਖ ਹੋਏ। ਇਸ ਟੀਮ ਵੱਲੋਂ ਸਿਆਦਤ ਹਸਨ ਮੰਟੋ ਦਾ ਲਿਖਿਆ ਨਾਟਕ ਲਾਈਸੈਂਸ ਨਿਰਦੇਸ਼ਕ ਅਸ਼ੋਕ ਭਾਖੜੀ ਦੀ ਨਿਰਦੇਸ਼ਨਾ ਹੇਠ ਹਿੰਦੁਸਤਾਨੀ ਭਾਸ਼ਾ ਵਿੱਚ ਪੇਸ਼ ਕੀਤਾ ਗਿਆ। ਹਰਿਆਣਾ ਕਲਾ ਪ੍ਰੀਸ਼ਦ ਦੇ ਸਹਿਯੋਗ ਨਾਲ ਪੇਸ਼ ਹੋਏ ਇਸ ਨਾਟਕ ਵਿੱਚ ਕਲਾਕਾਰਾਂ ਨੇ ਔਰਤਾਂ 'ਤੇ ਹੁੰਦੇ ਅੱਤਿਆਚਾਰਾਂ ਬਾਰੇ ਪੇਸਸ਼ਾਰੀ ਦਿੱਤੀ, ਜਿਸ ਵਿੱਚ ਇੱਕ ਅੰਨ੍ਹੀ ਔਰਤ ਨਾਲ ਇੱਕ ਟਾਂਗੇਵਾਲੇ ਨੂੰ ਪਿਆਰ ਹੋ ਜਾਂਦਾ ਹੈ ਅਤੇ ਉਹ ਵਿਆਹ ਕਰਵਾ ਲੈਂਦੇ ਹਨ, ਪਰ ਔਰਤ ਦੇ ਪਿਤਾ ਨੂੰ ਇਹ ਗੱਲ ਮਨਜ਼ੂਰ ਨਹੀਂ ਹੁੰਦੀ। ਨਾਰਥ ਜ਼ੋਨ ਕਲਚਰਲ ਸੈਂਟਰ ਪਟਿਆਲਾ, ਪੰਜਾਬ ਸੰਗੀਤ ਨਾਟਕ ਅਕਾਦਮੀ, ਹਰਿਆਣਾ ਕਲਾ ਪ੍ਰੀਸਦ ਤੇ ਸੰਗੀਤ ਨਾਟਕ ਅਕਾਦਮੀ ਦੇ ਸਹਿਯੋਗ ਨਾਲ ਕਰਵਾਏ ਜਾ ਰਹੇ ਇਸ ਨਾਟਕ ਮੇਲੇ ਦੀ ਇਸ ਸ਼ਾਮ ਦੌਰਾਨ ਵਿਸ਼ੇਸ਼ ਮਹਿਮਾਨ ਗਰਗ ਐਡਵਾਂਸਡ ਹੇਅਰ ਟਰਾਂਸਪਲਾਂਟ ਕਲੀਨਿਕ ਤੋਂ ਡਾ. ਦਿਵਾਕਰ ਗਰਗ ਤੇ ਡਾ. ਸਵੇਤਾ ਗਰਗ, ਡਾ. ਅਤਿਨ ਗੁਪਤਾ, ਇੰਦਰਾਣੀ ਹਸਪਤਾਲ, ਡਾ. ਗੁਰਸੇਵਕ ਸਿੰਘ, ਕੇਅਰ ਹਸਪਤਾਲ, ਡਾ. ਗੁਰਸੇਵਕ ਲੰਬੀ ਸਾਬਕਾ ਡੀ ਵਾਈ ਡਬਲਿਊ, ਹਰਜੀਤ ਕੈਂਥ, ਆਦਿ ਮੰਚ ਅਤੇ ਸਾਬਕਾ ਵਿਧਾਇਕ ਤੇ ਭਾਜਪਾ ਨੇਤਾ ਸਰੂਪ ਚੰਦ ਸਿੰਗਲਾ ਨੇ ਆਪਣੀ ਹਾਜ਼ਰੀ ਨਾਲ ਸ਼ਾਮ ਦੀ ਰੌਣਕ ਵਿੱਚ ਵਾਧਾ ਕੀਤਾ ਤੇ ਸ਼ਮ੍ਹਾਂ ਰੌਸ਼ਨ ਕੀਤੀ। ਮਹਿਮਾਨਾਂ ਤੇ ਪ੍ਰਬੰਧਕਾਂ ਨੇ ਨਾਟਕ ਦੇਖਣ ਆਏ ਦਰਸ਼ਕਾਂ ਦੀ ਦਿਲਚਸਪੀ ਤੇ ਭਾਰੀ ਗਿਣਤੀ 'ਤੇ ਖ਼ੁਸ਼ੀ ਦਾ ਪ੍ਰਗਟਾਵਾ ਕੀਤਾ।

# ਸਮਾਜ ਨੂੰ ਸਿੱਖਿਆ ਦੇ ਖੇਤਰ 'ਚ ਕਾਮਯਾਬ ਬਣਾਉਣਾ ਹੀ ਭਗਵਾਨ ਵਾਲਮੀਕਿ ਨੂੰ ਸੱਚੀ ਸ਼ਰਧਾਂਜਲੀ: ਹੇਅਰ

ਅੰਮ੍ਰਿਤਸਰ (ਨਰਿੰਦਰਜੀਤ ਸਿੰਘ)— ਭਗਵਾਨ ਵਾਲਮੀਕਿ ਜੀ ਦੇ ਪ੍ਰਗਟ ਦਿਵਸ ਮੌਕੇ ਹੋਏ ਸੂਬਾ ਪੱਧਰੀ ਸਮਾਗਮ ਦੌਰਾਨ ਇਕੱਠ ਨੂੰ ਸੰਬੋਧਨ ਕਰਦੇ ਹੋਏ ਕੈਬਨਿਟ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੇ ਲੋਕਾਂ ਨੂੰ ਕਰੁਣਾ ਸਾਗਰ ਭਗਵਾਨ ਵਾਲਮੀਕਿ ਜੀ ਦੇ ਪ੍ਰਗਟ ਦਿਵਸ ਦੇ ਸ਼ੁਭ ਮੌਕੇ ਵਧਾਈ ਦਿੰਦੇ ਕਿਹਾ ਕਿ ਆਪਣੀ ਪੀੜ੍ਹੀ ਨੂੰ ਸਿੱਖਿਆ ਦੇ ਖੇਤਰ ਵਿੱਚ ਕਾਮਯਾਬ ਕਰਨਾ ਹੀ ਉਨ੍ਹਾਂ ਮਹਾਪੁਰਖਾਂ ਨੂੰ ਸੱਚੀ ਸ਼ਰਧਾਂਜਲੀ ਹੈ।

ਕੈਬਨਿਟ ਮੰਤਰੀ ਨੇ ਅੱਗੇ ਕਿਹਾ ਕਿ ਭਗਵਾਨ ਵਾਲਮੀਕਿ ਜੀ ਸੰਸਕ੍ਰਿਤ ਭਾਸ਼ਾ ਦੇ ਪਿਤਾਮਾ ਸਨ ਅਤੇ ਦੁਨੀਆ ਦੇ ਪਹਿਲੇ ਕਵੀ ਜਾਂ ਆਦਿ ਕਵੀ ਸਨ ਜਿਨ੍ਹਾਂ ਨੇ ਆਪਣੀ ਅਮਰ ਰਚਨਾ ਰਾਮਾਇਣ ਰਾਹੀਂ ਬਦੀ 'ਤੇ ਨੇਕੀ ਦੀ ਜਿੱਤ ਦਾ ਸੁਨੇਹਾ ਦਿੱਤਾ। ਇਸ ਉਨ੍ਹਾਂ ਕਿਹਾ ਕਿ ਇਸ ਮਹਾਨ ਮਹਾਂਕਾਵਿ ਨੇ ਲੋਕਾਂ ਨੂੰ ਸਦੀਆਂ ਤੱਕ ਜੀਵਨ ਜਾਚ ਸਿਖਾਈ ਹੈ ਅਤੇ ਮੌਜੂਦਾ ਪਦਾਰਥਵਾਦੀ ਸਮਾਜ ਵਿਚ ਨੈਤਿਕ ਜ਼ਿੰਦਗੀ ਜਿਉਣ ਅਤੇ ਕਦਰਾਂ ਕੀਮਤਾਂ ਦਾ ਇਕ ਚਾਨਣ ਮੁਨਾਰਾ ਹੈ।

ਇਸ ਮੌਕੇ ਕੈਬਨਿਟ ਮੰਤਰੀ ਮੈਡਮ ਅਨਮੋਲ ਗਗਨ ਮਾਨ ਨੇ ਲੋਕਾਂ ਨੂੰ ਭਗਵਾਨ ਵਾਲਮੀਕਿ ਜੀ ਦੁਆਰਾ ਦਿਖਾਏ ਉੱਚ ਆਦਰਸ਼ਾਂ ਉੱਤੇ ਚੱਲਣ ਲਈ ਪ੍ਰੇਰਿਆ ਤਾਂ ਜੋ ਇੱਕ ਬਰਾਬਰੀ ਵਾਲੇ ਸਮਾਜ ਦੀ ਸਿਰਜਣਾ ਹੋ ਸਕੇ। ਉਨ੍ਹਾਂ ਨੇ ਲੋਕਾਂ ਨੂੰ ਕਿਹਾ ਕਿ ਸ਼ਾਂਤੀ, ਇਕਸੁਰਤਾ ਅਤੇ ਭਾਈਚਾਰੇ ਦੀ ਭਾਵਨਾ ਨੂੰ ਮਜ਼ਬੂਤ ਕਰਨਾ ਸਮੇਂ ਦੀ ਲੋੜ ਹੈ।

ਇਸ ਮੌਕੇ ਕੈਬਨਿਟ ਮੰਤਰੀ ਸ ਇੰਦਰਬੀਰ ਸਿੰਘ ਨਿੱਜਰ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਸਮਾਜ ਨੂੰ ਸਿੱਖਿਅਤ ਕਰਨ ਲਈ ਅੱਗੇ ਆਉਣ ਤਾਂ ਪੰਜਾਬ ਸਰਕਾਰ ਉਨ੍ਹਾਂ ਦੀ ਹਰ ਸੰਭਵ ਸਹਾਇਤਾ ਲਈ ਤਿਆਰ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ ਭਗਵੰਤ ਮਾਨ ਦੀ ਅਗਵਾਈ ਹੇਠ ਸਰਕਾਰ ਲਗਾਤਾਰ ਪੰਜਾਬ ਨੂੰ ਸਿੱਖਿਆ ਅਤੇ ਸਿਹਤ ਦੇ ਖੇਤਰ ਵਿੱਚ ਮਜਬੂਤ ਕਰ ਰਹੀ ਹੈ, ਪਰ ਇਨ੍ਹਾਂ ਦਾ ਲਾਭ ਲੈਣ ਲਈ ਸਮਾਜ ਨੂੰ ਅੱਗੇ ਆਉਣਾ ਪਵੇਗਾ। ਕੈਬਨਿਟ ਮੰਤਰੀ ਸ ਹਰਭਜਨ ਸਿੰਘ ਈ ਟੀ ਓ ਨੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕਰਦੇ ਕਿਹਾ ਕਿ ਪੰਜਾਬ ਸਰਕਾਰ ਹਰ ਪੱਖੋਂ ਤੁਹਾਡੇ ਨਾਲ ਹੈ ਅਤੇ ਸਮਾਜ ਦੇ ਹਰ ਵਰਗ ਦੀ ਬਹਿਤਰੀ ਲਈ ਯਤਨਸ਼ੀਲ ਹੈ। ਇਸ ਮੌਕੇ ਵਿਧਾਇਕ ਜਸਬੀਰ ਸਿੰਘ ਸੰਧੂ, ਵਿਧਾਇਕ ਜਸਵਿੰਦਰ ਸਿੰਘ ਰਮਦਾਸ, ਚੇਅਰਮੈਨ ਬਲਦੇਵ ਸਿੰਘ ਮਿਆਦੀਆਂ, ਡਿਪਟੀ ਕਮਿਸ਼ਨਰ ਹਰਪ੍ਰੀਤ ਸਿੰਘ ਸੂਦਨ, ਐੱਸਡੀਐੱਮ ਅਮਨਦੀਪ ਸਿੰਘ, ਸਤਪਾਲ ਸਿੰਘ ਸੋਖੀ ਵੀ ਹਾਜ਼ਰ ਸਨ। ਹੋਰਨਾਂ ਤੋਂ ਇਲਾਵਾ ਇਸ ਮੌਕੇ ਰਵਿੰਦਰ ਹੰਸ ਅਤੇ ਓਮ ਪ੍ਰਕਾਸ਼ ਗੱਬਰ ਨੇ ਵੀ ਸੰਬੋਧਨ ਕੀਤਾ। ਸੰਤ ਸਮਾਜ ਵੱਲੋਂ ਆਏ ਮਹਿਮਾਨਾਂ ਨੂੰ ਸਨਮਾਨਿਤ ਕੀਤਾ ਗਿਆ।

# ਡਾ: ਆਤਮਾ ਸਿੰਘ ਗਿੱਲ ਦਾ ਅੰਤਰਰਾਸ਼ਟਰੀ ਐਵਾਰਡ ਨਾਲ ਸਨਮਾਨ



ਧਾਰੀਵਾਲ, (ਮਨਦੀਪ ਵਿੱਕੀ)-ਓਂਟਾਰੀਓ ਫਰੈਂਡਜ਼ ਕਲੱਬ ਕਨੇਡਾ ਅਤੇ ਇੰਟਰਨੈਸ਼ਨਲ ਪੀਸ ਹੈਰੀਟੇਜ ਐਂਡ ਇਨਵਾਇਰਮੈਂਟ ਵੈੱਲਫੇਅਰ ਆਰਗੇਨਾਈਜ਼ੇਸ਼ਨ ਕੈਨੇਡਾ ਵੱਲੋਂ ਅੰਤਰਰਾਸ਼ਟਰੀ ਅਧਿਆਪਕ ਦਿਵਸ ਨੂੰ ਸਮਰਪਿਤ ਕਰਵਾਏ ਦੋ ਰੋਜ਼ਾ ਸਨਮਾਨ ਸਮਾਰੋਹ ਵਿੱਚ ਡਾ: ਆਤਮਾ ਸਿੰਘ ਗਿੱਲ ਨੂੰ ਅੰਤਰਰਾਸ਼ਟਰੀ ਐਵਾਰਡ ਆਫ ਆਨਰ ਨਾਲ ਸਨਮਾਨਿਤ ਕੀਤਾ ਗਿਆ। ਇਹ ਐਵਾਰਡ ਉਨਾਂ ਦੇ ਅਧਿਆਪਨ ਕਾਰਜ ਲਈ ਸਮਰਪਣ ਤੋਂ ਇਲਾਵਾ ਲੋਕ-ਭਲਾਈ, ਸਾਹਿਤਕ ਅਤੇ ਸਭਿਆਚਾਰਕ ਕਾਰਜਾਂ ਲਈ ਕੀਤੇ ਯੋਗਦਾਨ ਲਈ ਪ੍ਰਦਾਨ ਕੀਤਾ ਗਿਆ। ਇਫੈਵੋ ਅਤੇ ਓ. ਐਫ. ਸੀ., ਕੈਨੇਡਾ ਦੇ ਚੇਅਰਮੈਨ ਰਵਿੰਦਰ ਸਿੰਘ ਕੰਗ ਨੇ ਦੱਸਿਆ ਕਿ 5 ਅਕਤੂਬਰ 2022 ਅੰਤਰਰਾਸ਼ਟਰੀ ਅਧਿਆਪਕ ਦਿਵਸ ਮੌਕੇ ਇਸ ਐਵਾਰਡ ਲਈ ਵੱਖ-ਵੱਖ ਵਿਸ਼ਿਆਂ ਦੇ ਵਿਸ਼ਵ ਭਰ ਦੇ 51 ਬਿਹਤਰੀਨ ਅਧਿਆਪਕਾਂ ਦੀ ਚੋਣ ਕੀਤੀ ਗਈ ਹੈ, ਜੋ ਉਨਾਂ ਦੇ ਅਧਿਆਪਨ ਅਤੇ ਲੋਕ ਭਾਲਾਈ ਕਾਰਜਾਂ ਵਿੱਚ ਪਾਏ ਯੋਗਦਾਨ ਤੇ ਆਧਾਰਿਤ ਹੈ। ਇਥੇ ਦੱਸਣਯੋਗ ਹੈ ਕਿ ਡਾ: ਆਤਮਾ ਸਿੰਘ ਗਿੱਲ ਪਿਛਲੇ ਦੋ ਦਹਾਕਿਆਂ ਤੋਂ ਵੱਖ-ਵੱਖ ਕਾਲਜਾਂ ਵਿੱਚ ਅਧਿਆਪਨ ਕਾਰਜ ਦੇ ਨਾਲ-ਨਾਲ ਸਾਹਿਤ, ਆਲੋਚਨਾ, ਲੋਕਧਾਰਾ ਤੇ ਸੱਭਿਆਚਾਰ, ਰੰਗਮੰਚ, ਫਿਲਮਾਂ, ਟੀਵੀ, ਰੇਡੀਓ, ਲੋਕ-ਭਲਾਈ, ਵਾਤਾਵਰਨ ਪ੍ਰੇਮੀ ਆਦਿ ਖੇਤਰਾਂ ਨਾਲ ਜੁੜੇ ਹੋਏ ਹਨ। ਮੌਜੂਦਾ ਸਮੇਂ ਉਹ ਬਾਬਾ ਅਜੈ ਸਿੰਘ ਖਾਲਸਾ ਕਾਲਜ ਗੁਰਦਾਸ ਨੰਗਲ ਗੁਰਦਾਸਪੁਰ ਵਿਖੇ ਬਤੌਰ ਸਹਾਇਕ ਪ੍ਰੋਫੈਸਰ ਸੇਵਾ ਨਿਭਾ ਰਹੇ ਹਨ। ਓ. ਐੱਫ. ਸੀ. ਅਤੇ ਇਫੈਵੋ ਦੇ ਚੇਅਰਮੈਨ ਰਵਿੰਦਰ ਸਿੰਘ ਕੰਗ, ਕਨਵੀਨਰ ਨਾਇਬ ਸਿੰਘ ਮੰਡੇਰ ਅਤੇ ਪੰਜਾਬ ਪ੍ਰਧਾਨ ਦੀਪ ਰੱਤੀ ਨੇ ਉਨਾਂ ਦੀ ਇਸ ਪ੍ਰਾਪਤੀ 'ਤੇ ਮੁਬਾਰਕਾਂ ਤੇ ਸ਼ੁਭਕਾਮਨਾਵਾਂ ਦਿੱਤੀਆਂ। ਬਾਬਾ ਅਜੈ ਸਿੰਘ ਖਾਲਸਾ ਕਾਲਜ ਗੁਰਦਾਸ ਨੰਗਲ ਦੇ ਪਿੰਸੀਪਲ ਡਾ: ਗੁਰਜੀਤ ਸਿੰਘ ਅਤੇ ਸਮੂਹ ਸਟਾਫ ਵਲੋਂ ਡਾ: ਆਤਮਾ ਸਿੰਘ ਗਿੱਲ ਨੂੰ ਅੰਤਰਰਾਸ਼ਟਰੀ ਅਧਿਆਪਕ ਅਵਾਰਡ ਮਿਲਣ ਤੇ ਵਧਾਈ ਦਿੱਤੀ ਅਤੇ ਸਨਮਾਨਿਤ ਕੀਤਾ। ਪ੍ਰਿੰਸੀਪਲ ਡਾ: ਗੁਰਜੀਤ ਸਿੰਘ ਨੇ ਕਿਹਾ ਕਿ ਚੰਗੇ ਅਧਿਆਪਕ ਜਿਥੇ ਸਮਾਜ ਨੂੰ ਸੇਧ ਦਿੰਦੇ ਹਨ ਉਥੇ ਸੰਸਥਾਵਾਂ ਦਾ ਕੱਦ ਉੱਚਾ ਕਰਨ ਵਿੱਚ ਵੀ ਅਹਿਮ ਭੂਮਿਕਾ ਨਿਭਾਉਂਦੇ ਹਨ। ਇਸ ਮੌਕੇ ਪ੍ਰੋ. ਮਲਕੀਤ ਸਿੰਘ, ਪ੍ਰੋ. ਮਨਦੀਪ ਕੌਰ, ਪ੍ਰੋ. ਮਨਜੀਤ ਕੌਰ, ਪ੍ਰੋ. ਪਵਨਜੀਤ ਕੌਰ, ਪ੍ਰੋ. ਹਰਜੀਤ ਕੌਰ, ਪ੍ਰੋ. ਕਵਲਜੀਤ ਕੌਰ, ਪ੍ਰੋ. ਅਮਨਜੀਤ ਕੌਰ, ਯਾਦਵਿੰਦਰ ਸਿੰਘ ਅਤੇ ਸਮੂਹ ਸਟਾਫ ਮੈਂਬਰ ਹਾਜ਼ਰ ਸਨ।

## 'ਕਰਵਾ ਚੌਥ 'ਤੇ ਪਿਆਰ ਦੀਆਂ ਰਸਮਾਂ ਨੂੰ ਨਾਈਕਾਂ ਨਾਲ ਮਨਾਓ'

ਚੰਡੀਗੜ੍ਹ : ਇਤਿਹਾਸਕ ਤੌਰ 'ਤੇ ਭਾਰਤੀ ਸੰਦਰਭ ਵਿੱਚ ਪਿਆਰ ਦੀ ਰਸਮ ਹਮੇਸ਼ਾ ਕਰਵਾਚੌਥ ਰਹੀ ਹੈ। ਨਵੇਂ ਵਿਆਹੇ ਹਜ਼ਾਰਾਂ ਸਾਲਾਂ ਦੇ ਜੋੜੇ ਕਰਵਾ ਪਰੰਪਰਾਵਾਂ ਨੂੰ ਇਸ ਦੇ ਭਾਵਨਾਤਮਕ ਮੂਲ ਨਾਲ ਬਿਹਤਰ ਢੰਗ ਨਾਲ ਗੂੰਜਣ ਲਈ ਪੁਨਰ-ਨਿਰਮਾਣ ਕਰ ਰਹੇ ਹਨ ਜਦੋਂਕਿ ਦੂਸਰੇ ਅਜੇ ਵੀ ਪੁਰਾਣੀਆਂ ਕਰਵਾ ਪਰੰਪਰਾਵਾਂ ਅਤੇ ਰੀਤੀ-ਰਿਵਾਜਾਂ ਦੇ ਤਿਉਹਾਰਾਂ ਅਤੇ ਸੱਭਿਆਚਾਰਕ ਮਹੱਤਤਾ ਦਾ ਆਨੰਦ ਮਾਣਦੇ ਹਨ। ਆਖਰਕਾਰ, ਪਰੰਪਰਾਵਾਂ ਕੇਵਲ ਕਦਰਾਂ-ਕੀਮਤਾਂ ਨਾਲ ਹੀ ਨਹੀਂ ਸਗੋਂ ਪਿਆਰ ਨਾਲ ਵੀ ਬੱਝੀਆਂ ਹੁੰਦੀਆਂ ਹਨ।

ਇਸ ਸਾਲ ਨਾਈਕਾ ਦੇ ਨਾਲ ਸੁੰਦਰ ਪਿਆਰ ਦੀਆਂ ਰਸਮਾਂ ਦਾ ਜਸ਼ਨ ਮਨਾਓ । ਸਿਰਫ 13 ਅਕਤੂਬਰ, 2022 ਨੂੰ ਸ਼ਾਨਦਾਰ ਸੌਦਿਆਂ ਲਈ ਕਰਵਾਚੌਥ ਟੇਕਓਵਰ ਸੇਲ ਨੂੰ ਦੇਖਣਾ ਨਾ ਭੁੱਲੋ। ਨਾਈਕਾ ਕਾਸਮੈਟਿਕਸ ਆਪਣੇ ਉਤਪਾਦਾਂ ਦੀ ਰੇਂਜ 'ਤੇ 50% ਤੱਕ ਦੀ ਛੋਟ ਅਤੇ ਰੁਪਏ ਦੀ ਮੁਫਤ ਕਾਜਲ ਦੀ ਪੇਸ਼ਕਸ਼ ਕਰ ਰਿਹਾ ਹੈ। 170 ਰੁਪਏ ਤੇ 649 ਅਤੇ 899 ਰੁਪਏ ਦੀ 899 ਰੁਪਏ ਦੀ ਮੁਫਤ ਲਿਕਵਿਡ ਲਿਪਸਟਿਕ। ਨਾਈਕਾ ਦੇ ਇਨ੍ਹਾਂ ਸ਼ਾਨਦਾਰ ਉਤਪਾਦਾਂ ਦੇ ਨਾਲ ਇੱਕ ਸ਼ਾਨਦਾਰ ਦਿੱਖ ਦਿੱਤੀ ਗਈ ਹੈ।

# ਸ੍ਰੀ ਗੁਰੂ ਹਰਿਕ੍ਰਿਸ਼ਨ ਸਕੂਲ ਪੱਟੀ ਦੇ ਅਠਾਰਾਂ ਬੱਚੇ ਗੁਰੂ ਵਾਲੇ ਬਣੇ



ਪੱਟੀ (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)-ਚੀਫ ਖਾਲਸਾ ਦੀਵਾਨ ਸੁਸਾਇਟੀ ਦੀ ਧਰਮ ਪ੍ਰਚਾਰ ਕਮੇਟੀ ਵੱਲੋਂ ਸਿੱਖੀ ਦੇ ਪ੍ਰਚਾਰ ਤੇ ਪ੍ਰਸਾਰ ਲਈ ਸਮੇਂ ਸਮੇਂ ਯਤਨ ਕੀਤੇ ਜਾਂਦੇ ਹਨ। ਇਨ੍ਹਾਂ ਯਤਨਾਂ ਤਹਿਤ ਗੁਰਦੁਆਰਾ ਕਲਗੀਧਰ ਸਿੰਘ ਜੀ ਟੀ ਰੋਡ ਅੰਮ੍ਰਿਤਸਰ ਵਿਖੇ ਚੀਫ ਖਾਲਸਾ ਦੀਵਾਨ ਦੇ ਵੱਖ-ਵੱਖ ਸਕੂਲਾਂ ਦੇ ਬੱਚਿਆਂ ਨੂੰ "ਖੰਡੇ ਬਾਟੇ ਦੀ ਪਾਹੁਲ" ਦੇਣ ਦੀ ਮੁਹਿੰਮ ਤਹਿਤ 450 ਬੱਚਿਆਂ, ਮਾਤਾ-ਪਿਤਾ, ਅਧਿਆਪਕ ਸਾਹਿਬਾਨ ਅਤੇ ਸੰਗਤਾਂ ਨੂੰ ਅੰਮ੍ਰਿਤ ਛਕਾਇਆ ਗਿਆ ਜਿਨ੍ਹਾਂ ਵਿੱਚ ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਪੱਟੀ ਦੇ 18 ਬੱਚੇ ਅਤੇ ਬੱਚੀਆਂ ਗੁਰੂ ਵਾਲੇ ਬਣੇ। ਇਸ ਸਮੇਂ ਸਕੂਲ ਦੇ ਪ੍ਰਿੰਸੀਪਲ ਮੈਡਮ ਨੀਰੂ ਸ਼ਰਮਾ ਵੱਲੋਂ ਵਿਦਿਆਰਥੀਆਂ ਨੂੰ ਇਸ ਸ਼ੁਭ ਕਾਰਜ ਲਈ ਵਧਾਈ ਦਿੰਦਿਆਂ ਉਨ੍ਹਾਂ ਨੂੰ ਸਿੱਖੀ ਕੇਸਾਂ ਸੁਆਸਾਂ ਨਾਲ ਨਿਭਾਉਣ ਲਈ ਪ੍ਰੇਰਿਤ ਕੀਤਾ । ਸਕੂਲ ਦੇ ਮੈਨੇਜਰ ਪਰਮਜੀਤ ਸਿੰਘ ਆਹੂਜਾ, ਸਰਬਜੀਤ ਸਿੰਘ, ਗੁਰਬੀਰ ਸਿੰਘ ਦਿੱਲੋਂ ਵੀ ਬੱਚਿਆਂ ਨੂੰ ਗੁਰੂ ਵਾਲੇ ਬਣਨ ਤੇ ਮੁਬਾਰਕ ਵਾਦ ਦਿੰਦਿਆਂ ਕਿਹਾ ਕਿ ਧਰਮ ਪ੍ਰਚਾਰ ਕਮੇਟੀ ਦਾ ਬਹੁਤ ਹੀ ਸ਼ਲਾਘਾਯੋਗ ਉਪਰਾਲਾ ਹੈ ਬੱਚਿਆਂ ਨੂੰ ਸਿੱਖੀ ਨਾਲ ਜੋੜਨ ਦਾ। ਉਨ੍ਹਾਂ ਨੇ ਬੱਚਿਆਂ ਨੂੰ ਪੰਜ ਕਕਾਰੀ ਵਰਦੀ ਦੀ ਮਹਾਨਤਾ ਤੋਂ ਜਾਣੂ ਕਰਵਾਉਂਦਿਆਂ ਕਿਹਾ ਕਿ ਇਹ ਸਿੱਖ ਦੀ ਪਹਿਚਾਣ ਹੈ ਤੇ ਇਸ ਪਹਿਚਾਣ ਨੂੰ ਸਦਾ ਕਾਇਮ ਰੱਖਣਾ ਸਾਡਾ ਮੁੱਢਲਾ ਫਰਜ਼ ਹੈ। ਇਸ ਮੌਕੇ ਧਾਰਮਿਕ ਅਧਿਆਪਕ ਜਗਜੀਤ ਸਿੰਘ ਅਹਿਮਦਪੁਰ, ਸੰਗੀਤ ਅਧਿਆਪਕ ਮੈਡਮ ਹਰਪ੍ਰੀਤ ਕੌਰ, ਵੀਰ ਗੁਰਜੰਟ ਸਿੰਘ, ਸ਼ਿਵਾ ਅਤੇ ਬੱਚਿਆਂ ਦੇ ਮਾਤਾ-ਪਿਤਾ ਹਾਜ਼ਰ ਸਨ।

## ਪੌਪ-ਅੱਪ ਸ਼ਾਪ ਵੱਲੋਂ ਮਾਧੁਰੀ ਦੀਕਸ਼ਿਤ ਦੁਆਰਾ ਛੇ ਯਾਰਡਸ ਦੀ ਸ਼ੁਰੂਆਤ

ਚੰਡੀਗੜ੍ਹ : ਪਰਪਲ ਸਟਾਈਲ ਲੈਬਜ਼ ਦੀ ਮਲਕੀਅਤ ਵਾਲੇ ਭਾਰਤ ਦੇ ਸਭ ਤੋਂ ਵੱਡੇ ਲਗਜ਼ਰੀ ਫੈਸ਼ਨ ਈ-ਕਾਮਰਸ ਪਲੇਟਫਾਰਮ, ਪਰਨੀਆ ਦੀ ਪੌਪ-ਅਪ ਸ਼ਾਪ ਨੇ ਮਾਧੁਰੀ ਦੀਕਸ਼ਿਤ ਦੁਆਰਾ ਛੇ ਯਾਰਡਸ ਲਾਂਚ ਕੀਤਾ ਹੈ, ਜੋ ਇੱਕ ਉਤਸਾਹੀ ਸਹਿਯੋਗ ਹੈ ਜੋ ਬਾਲੀਵੁੱਡ ਮੈਗਾਸਟਾਰ ਦੇ ਸਾੜ੍ਹੀ ਲਈ ਪਿਆਰ ਨੂੰ ਉਜਾਗਰ ਕਰਦਾ ਹੈ। ਉਸਦੀ ਪ੍ਰਤੀਕ ਸਾੜ੍ਹੀ ਸ਼ੈਲੀ ਤੋਂ ਪ੍ਰੇਰਨਾ ਲੈਂਦਿਆਂ ਇਹ ਨਵੇਂ-ਯੁੱਗ ਦੇ ਨਾਲ-ਨਾਲ ਸੱਭਿਆਚਾਰਕ ਤੌਰ 'ਤੇ ਜੜ੍ਹਾਂ ਵਾਲੇ ਡਿਜ਼ਾਈਨਾਂ ਦੀ ਵਿਸ਼ੇਸ਼ਤਾ ਵਾਲੇ ਇੱਕ ਲੋੜੀਂਦੇ ਕਿਊਰੇਸ਼ਨ ਦਾ ਪ੍ਰਦਰਸ਼ਨ ਕਰਦਾ ਹੈ। ਸੈਲੂਲੋਇਡ ਡ੍ਰੀਮ ਲੇਡੀ, ਮਸ਼ਹੂਰ ਅਦਾਕਾਰਾ ਅਤੇ ਡਾਂਸਿੰਗ ਕਵੀਨ, ਮਾਧੁਰੀ ਦੀਕਸ਼ਿਤ ਸਾੜ੍ਹੀ ਨੂੰ ਇੱਕ ਮਨਮੋਹਕ ਸਟਾਈਲ ਸਟੇਟਮੈਂਟ ਬਣਾਉਣ ਲਈ ਜਾਣੀ ਜਾਂਦੀ ਹੈ। ਸਕਰੀਨ 'ਤੇ ਅਤੇ ਬਾਹਰ ਉਸ ਦੁਆਰਾ ਪਹਿਨੇ ਜਾਣ ਵਾਲੇ ਪਰਦੇ ਨੇ ਭਾਰਤੀ ਫੈਸ਼ਨ ਨੂੰ ਆਕਾਰ ਦਿੱਤਾ ਹੈ, ਜਿਸ ਨਾਲ ਦੁਨੀਆ ਭਰ ਦੇ ਲੱਖਾਂ ਲੋਕਾਂ ਦੁਆਰਾ ਕੱਟੜਪੰਥੀ ਪ੍ਰਤੀਕ੍ਰਿਤੀ ਕੀਤੀ ਗਈ ਹੈ। ਪਿਛਲੇ ਸਾਲਾਂ ਦੌਰਾਨ ਇਸ ਨੂੰ ਚੈਂਪੀਅਨ ਬਣਾਉਂਦੇ ਹੋਏ ਮਾਧੁਰੀ ਦੀਕਸ਼ਿਤ ਨੇ ਤਰੁਣ ਤਾਹਿਲਿਆਨੀ, ਸੀਮਾ ਗੁਜਰਾਲ, ਅਮਿਤ ਅਗਰਵਾਲ, ਅਨੀਤਾ ਡੋਂਗਰੇ, ਸਿਆਮਲ ਅਤੇ ਭੂਮਿਕਾ, ਜਯੰਤੀ ਰੈਡੀ, ਨਕੁਲ ਸੇਨ, ਅਨੁਸ੍ਰੀ ਰੈਡੀ ਅਤੇ ਪੁਨੀਤ ਬਲਾਨਾ ਵਰਗੇ ਪ੍ਰਮੁੱਖ ਡਿਜ਼ਾਈਨਰਾਂ ਦੁਆਰਾ ਛੇ ਗਜ਼ ਦਾ ਸਭ ਤੋਂ ਵਧੀਆ ਪ੍ਰਦਰਸ਼ਨ ਕੀਤਾ ਗਿਆ ਹੈ।

## ਭਗਵਾਨ ਵਾਲਮੀਕਿ ਦੇ ਪ੍ਰਕਾਸ਼ ਪੁਰਬ ਦੀ ਖੁਸ਼ੀ 'ਚ ਪੌਦੇ ਲਗਾਏ



ਕਰਤਾਰਪੁਰ (ਹਰਮੇਸ਼ ਦੱਤ) ਭਗਵਾਨ ਵਾਲਮੀਕਿ ਮਹਾਰਾਜ ਦੇ ਪਾਵਨ ਪ੍ਰਕਾਸ਼ ਪੁਰਬ ਦੀ ਖੁਸ਼ੀ ਵਿੱਚ ਸਮਾਜਸੇਵੀ ਸੰਸਥਾ ਨੇਕੀ ਦੀ ਦੁਕਾਨ ਕਰਤਾਰਪੁਰ ਵੱਲੋਂ ਪਿੰਡ ਦਿਆਲਪੁਰ ਵਿਖੇ ਪੌਦੇ ਲਗਾਏ ਗਏ। ਇਸ ਮੌਕੇ ਮਾਸਟਰ ਅਮਰੀਕ ਸਿੰਘ, ਇੰਟਰਨੈਸ਼ਨਲ ਲੋਕ ਗਾਇਕ ਦਲਵਿੰਦਰ ਦਿਆਲਪੁਰੀ, ਕਰਤਾਰਪੁਰ ਪ੍ਰੈਸ ਕਲੱਬ ਦੇ ਪ੍ਰਧਾਨ ਰਕੇਸ਼ ਪੁੰਜ ਨੇ ਭਗਵਾਨ ਵਾਲਮੀਕਿ ਮਹਾਰਾਜ ਦੇ ਪ੍ਰਕਾਸ਼ ਪੁਰਬ ਦੀ ਦੇਸ਼ ਵਿਦੇਸ਼ ਦੀਆਂ ਸਾਰੀਆਂ ਸੰਗਤਾਂ ਨੂੰ ਵਧਾਈ ਦਿੱਤੀ। ਇਸ ਮੌਕੇ ਸੰਸਥਾ ਦੇ ਮਾਸਟਰ ਅਮਰੀਕ ਸਿੰਘ, ਇੰਟਰਨੈਸ਼ਨਲ ਲੋਕ ਗਾਇਕ ਦਲਵਿੰਦਰ ਦਿਆਲਪੁਰੀ, ਕਰਤਾਰਪੁਰ ਪ੍ਰੈਸ ਕਲੱਬ ਦੇ ਪ੍ਰਧਾਨ ਰਕੇਸ਼ ਪੁੰਜ, ਤਜਿੰਦਰ ਸਿੰਘ, ਹਰਮੇਸ਼ ਦੱਤ, ਸੁਰਿੰਦਰ ਸਿੰਘ ਪੱਡਾ, ਸੁਖਵਿੰਦਰ ਸਿੰਘ ਸੋਹੀ ਅਤੇ ਹੋਰ ਹਾਜ਼ਰ ਸਨ।

## 23 ਪਿੰਡਾਂ 'ਚ ਲਗਾਏ ਜਾਣਗੇ ਊਰਜਾ ਦੀ ਬੱਚਤ ਕਰਨ ਵਾਲੇ ਵਾਟਰ ਪੰਪ ਸੈੱਟ: ਅਮਨ ਅਰੋੜਾ

ਚੰਡੀਗੜ੍ਹ ( ਗੁਰਜੀਤ ਬਿੱਲਾ)-ਊਰਜਾ ਦੀ ਬੱਚਤ ਅਤੇ ਵਾਤਾਵਰਨ ਵਿਗਾੜ ਦੀ ਸਮੱਸਿਆ ਨਾਲ ਨਜਿੱਠਣ ਲਈ ਊਰਜਾ ਕੁਸ਼ਲਤਾ ਨੂੰ ਉਤਸ਼ਾਹਿਤ ਕਰਨ ਲਈ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡਾਂ ਵਿੱਚ ਜਲ ਸਪਲਾਈ ਸਕੀਮਾਂ ਲਈ ਊਰਜਾ ਦੀ ਸੁਚੱਜੀ ਵਰਤੋਂ ਵਾਲੇ ਪੰਪ ਸੈੱਟ ਲਗਾਉਣ ਦਾ ਫੈਸਲਾ ਕੀਤਾ ਹੈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਪੰਜਾਬ ਦੇ ਨਵੀਂ ਅਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ ਅਮਨ ਅਰੋੜਾ ਨੇ ਦੱਸਿਆ ਕਿ ਅੰਮ੍ਰਿਤਸਰ ਜ਼ਿਲ੍ਹੇ ਦੇ ਵੇਰਕਾ ਅਤੇ ਅਟਾਰੀ ਬਲਾਕ ਦੇ 23 ਪਿੰਡਾਂ ਵਿੱਚ ਪੀਣ ਵਾਲੇ ਪਾਣੀ ਦੀਆਂ ਸਕੀਮਾਂ ਲਈ ਬੀ.ਈ.ਈ. ਸਟਾਰ ਲੇਬਲ ਵਾਲੇ ਊਰਜਾ ਕੁਸ਼ਲ ਪੰਪ ਸੈੱਟ ਲਗਾਏ ਜਾਣਗੇ। ਅਮਨ ਅਰੋੜਾ ਨੇ ਕਿਹਾ ਕਿ ਇਸ ਪ੍ਰਾਜੈਕਟ ਦਾ ਉਦੇਸ਼ ਊਰਜਾ ਬਚਾਉਣ ਵਾਲੇ ਸਾਧਨਾਂ ਦੀ ਵਰਤੋਂ ਕਰਨਾ ਅਤੇ ਚੁਣੇ ਗਏ ਪਿੰਡਾਂ ਦੇ ਵਾਟਰ ਸਪਲਾਈ ਪੰਪਿੰਗ ਸਿਸਟਮ ਦੀ ਕਾਰਗੁਜ਼ਾਰੀ ਦਾ ਮੁਲਾਂਕਣ ਕਰਨਾ ਹੈ। ਉਨ੍ਹਾਂ ਕਿਹਾ ਕਿ ਵੱਖ-ਵੱਖ ਅਧਿਐਨਾਂ ਅਨੁਸਾਰ ਪੇਂਡੂ ਖੇਤਰਾਂ ਵਿੱਚ ਪੀਣ ਵਾਲੇ ਪਾਣੀ ਦੀ ਸਪਲਾਈ ਲਈ ਮੌਜੂਦਾ ਪੁਰਾਣੇ ਪੰਪ ਸੈਟਾਂ ਨੂੰ ਊਰਜਾ ਬਚਾਉਣ ਵਾਲੇ ਪੰਪ ਸੈੱਟਾਂ ਨਾਲ ਬਦਲ ਕੇ 20-25 ਫੀਸਦੀ ਊਰਜਾ ਦੀ ਬੱਚਤ ਹੋ ਸਕਦੀ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਊਰਜਾ ਵਿਕਾਸ ਏਜੰਸੀ (ਪੇਡਾ), ਜੋ ਕਿ ਸੂਬੇ ਵਿੱਚ ਨਵਿਆਉਣਯੋਗ ਊਰਜਾ ਪ੍ਰੋਗਰਾਮਾਂ/ਪ੍ਰਾਜੈਕਟਾਂ ਅਤੇ ਊਰਜਾ ਸੰਭਾਲ ਪ੍ਰੋਗਰਾਮਾਂ ਦੇ ਪ੍ਰਚਾਰ ਅਤੇ ਵਿਕਾਸ ਲਈ ਨੋਡਲ ਏਜੰਸੀ ਹੈ, ਵੱਲੋਂ ਅੰਮ੍ਰਿਤਸਰ ਦੇ ਪਿੰਡਾਂ ਦੀਆਂ ਜਲ ਸਪਲਾਈ ਸਕੀਮਾਂ ਦੇ ਪੰਪਿੰਗ ਸਿਸਟਮ ਲਈ ਬੀ.ਈ.ਈ. ਸਟਾਰ ਲੇਬਲ ਵਾਲੇ ਊਰਜਾ ਕੁਸ਼ਲ ਪੰਪਸੈੱਟਾਂ ਦੀ ਸਪਲਾਈ, ਸਥਾਪਨਾ, ਟੈਸਟਿੰਗ ਅਤੇ ਕਾਰਜਸ਼ੀਲਤਾ ਲਈ ਈ-ਟੈਂਡਰ ਕੱਢੇ ਗਏ ਹਨ।

ਉਨ੍ਹਾਂ ਕਿਹਾ ਕਿ ਇਛੁੱਕ ਕੰਪਨੀਆਂ ਹੋਰ ਜਾਣਕਾਰੀ ਲਈ ਵੈੱਬਸਾਈਟ 'ਤੇ ਲਾਗਇਨ ਕਰ ਸਕਦੀਆਂ ਹਨ। ਇਸ ਈ-ਟੈਂਡਰ ਦੀ ਆਖਰੀ ਮਿਤੀ 20 ਅਕਤੂਬਰ, 2022 (ਸ਼ਾਮ 3 ਵਜੇ ਤੱਕ) ਹੈ।

# ਸ਼੍ਰੋਮਣੀ ਅਕਾਲੀ ਦਲ ਕੇਜਰੀਵਾਲ ਵੱਲੋਂ ਕੀਤੇ ਵਾਅਦੇ ਨੂੰ ਚੇਤੇ ਕਰਵਾਉਣ ਲਈ ਮੁੱਖ ਮੰਤਰੀ ਰਿਹਾਇਸ਼ ਤੱਕ ਕਰੇਗਾ ਰੋਸ ਮਾਰਚ

ਮੁਹਾਲੀ ( ਗੁਰਜੀਤ ਬਿੱਲਾ ) ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਨੇ ਅੱਜ ਕਿਹਾ ਕਿ ਅਕਾਲੀ ਦਲ ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਵੱਲੋਂ ਆਪਣੀ ਭੈਣ ਸਿੱਪੀ ਸ਼ਰਮਾ ਨਾਲ ਇਕ ਸਾਲ ਪਹਿਲਾਂ ਕੀਤਾ ਵਾਅਦਾ ਕਿ ਸੱਤਾ ਵਿਚ ਆਉਣ 'ਤੇ ਆਪ ਸਰਕਾਰ 646 ਪੀ ਟੀ ਆਈ ਅਧਿਆਪਕਾਂ ਨੂੰ ਰੈਗੂਲਰ ਕਰੇਗੀ, ਆਪ ਸਰਕਾਰ ਨੂੰ ਚੇਤੇ ਕਰਵਾਉਣ ਵਾਸਤੇ ਮੁੱਖ ਮੰਤਰੀ ਭਗਵੰਤ ਮਾਨ ਦੀ ਰਿਹਾਇਸ਼ ਤੱਕ ਰੋਸ ਮਾਰਚ ਕੱਢੇਗਾ । ਮਜੀਠੀਆ ਨੇ ਭੈਣ ਅਤੇ ਭਰਾ ਦਰਮਿਆਨ ਪਵਿੱਤਰ ਰਿਸ਼ਤੇ ਦਾ ਦਿੱਲੀ ਦੇ ਮੁੱਖ ਮੰਤਰੀ ਵੱਲੋਂ ਮਖੌਲ ਉਡਾਉਣ ਦੇ ਤਰੀਕੇ 'ਤੇ ਹੈਰਾਨੀ ਪ੍ਰਗਟ ਕੀਤੀ ਅਤੇ ਕਿਹਾ ਕਿ ਕੇਜਰੀਵਾਲ 23 ਅਕਤੂਬਰ ਨੂੰ ਇਸ ਥਾਂ 'ਤੇ ਆਏ ਸਨ ਤੇ ਸਿੱਪੀ ਸ਼ਰਮਾ ਨੂੰ ਇਕ ਭਰਾ ਵਜੋਂ ਵਾਅਦਾ ਕੀਤਾ ਸੀ ਕਿ ਸੂਬੇ ਵਿਚ ਆਪ ਸਰਕਾਰ ਬਣਨ 'ਤੇ ਪੀ ਟੀ ਆਈ ਅਧਿਆਪਕ ਰੈਗੂਲਰ ਕੀਤੇ ਜਾਣਗੇ। ਉਹਨਾਂ ਕਿਹਾ ਕਿ ਇਹ ਬਹੁਤ ਤ੍ਰਾਸਦੀ ਵਾਲੀ ਗੱਲ ਹੈ ਕਿ ਸਿੱਪੀ ਸ਼ਰਮਾ ਨੂੰ ਇਕ ਵਾਰ ਫਿਰ ਤੋਂ ਪਾਣੀ ਦੀ ਟੈਂਕੀ 'ਤੇ ਚੜ੍ਹਨਾ ਪਿਆ ਹੈ ਜਿਥੇ ਉਹਨਾਂ ਦੇ ਭਰਾ ਨੇ 27 ਨਵੰਬਰ 2021 ਨੂੰ ਉਹਨਾਂ ਨਾਲ ਵਾਅਦਾ ਕੀਤਾ ਸੀ । ਬਿਕਰਮ ਸਿੰਘ ਮਜੀਠੀਆ ਜਿਹਨਾਂ ਨੇ ਸਿੱਪੀ ਸ਼ਰਮਾ ਨਾਲ ਵਿਸਥਾਰ ਵਿਚ ਗੱਲਬਾਤ ਕੀਤੀ ਤੇ ਉਹਨਾਂ ਨੂੰ ਇਹ ਵੀ ਅਪੀਲ ਕੀਤੀ ਕਿ ਟੈਂਕੀ ਦੇ ਉਪਰ ਮਾੜੇ ਹਾਲਾਤ ਨੂੰ ਵੇਖਦਿਆਂ ਉਹ ਹੇਠਾਂ ਉਤਰ ਆਉਣ। ਇਹ ਬਹੁਤ ਹੀ ਹੈਰਾਨੀ ਵਾਲੀ ਗੱਲ ਹੈ ਕਿ ਆਪ ਸਰਕਾਰ ਨੇ ਇਹ ਕਹਿ ਕੇ ਆਪਣਾ ਪੱਲਾ ਝਾੜ ਲਿਆ ਹੈ ਕਿ ਉਸ ਨੂੰ 646 ਪੀ ਟੀ ਆਈ ਇੰਸਟ੍ਰਕਟਰਾਂ ਦੀ ਲੋੜ ਨਹੀਂ ਹੈ। ਉਹਨਾਂ ਨੇ ਸੰਘਰਸ਼ ਕਰ ਰਹੇ ਮੁਲਾਜ਼ਮਾਂ ਨੂੰ ਭਰੋਸਾ ਦੁਆਇਆ ਕਿ ਅਕਾਲੀ ਦਲ ਕੇਜਰੀਵਾਲ ਨੂੰ ਭੱਜਣ ਨਹੀਂ ਦੇਵੇਗਾ। ਉਹਨਾਂ ਕਿਹਾ ਕਿ ਕੇਜਰੀਵਾਲ ਵੱਲੋਂ ਕੀਤੇ ਪਵਿੱਤਰ ਵਾਅਦੇ ਦੇ ਮੁੱਦੇ ਕਾਰਨ ਇਹ ਭਗਵੰਤ ਮਾਨ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਆਪ ਦੇ ਕਨਵੀਨਰ ਵੱਲੋਂ ਕੀਤਾ ਵਾਅਦਾ ਪੂਰਾ ਕਰਨ। ਉਹਨਾਂ ਕਿਹਾ ਕਿ ਸ੍ਰੀ ਕੇਜਰੀਵਾਲ ਨੇ ਕਿਹਾ ਸੀ ਕਿ ਪੰਜਾਬ ਸਰਕਾਰ ਅਧਿਆਪਕਾਂ ਨੂੰ ਪਾਣੀ ਦੀਆਂ ਟੈਂਕੀਆਂ 'ਤੇ ਚੜ੍ਹਨ ਵਾਸਤੇ ਮਜਬੂਰ ਕਰਦੀ ਹੈ ਜਦੋਂ ਕਿ ਦਿੱਲੀ ਸਰਕਾਰ ਉਹਨਾਂ ਨੂੰ ਸਵੀਡਨ, ਇੰਗਲੈਂਡ ਤੇ ਨਿਊਜ਼ੀਲੈਂਡ ਭੇਜਦੀ ਹੈ। ਉਹਨਾਂ ਕਿਹਾ ਕਿ ਅਸੀਂ ਕੇਜਰੀਵਾਲ ਨੂੰ ਆਪਣੇ ਭੈਣ ਨਾਲ ਕੀਤਾ ਵਾਅਦਾ ਪੂਰਾ ਕਰਨ ਅਤੇ ਪੀ ਟੀ ਆਈ ਅਧਿਆਪਕਾਂ ਨੂੰ ਰੈਗੂਲਰ ਕਰਨ ਲਈ ਮਜਬੂਰ ਕਰਾਂਗੇ। ਇਸ ਦੌਰਾਨ ਸਿੱਪੀ ਸ਼ਰਮਾ ਨੇ ਸਰਦਾਰ ਮਜੀਠੀਆ ਨੂੰ ਦੱਸਿਆ ਕਿ ਕੁਝ ਪੀ ਟੀ ਆਈ ਅਧਿਆਪਕ ਤਾਂ ਮੁੱਖ ਮੰਤਰੀ ਦੇ ਪਿੰਡ ਸਤੋਜ ਤੋਂ ਹਨ ਜੋ ਨਿਆਂ ਵਾਸਤੇ ਸੰਘਰਸ਼ ਕਰ ਰਹੇ ਹਨ। ਉਹਨਾਂ ਕਿਹਾ ਕਿ ਮੁੱਖ ਮੰਤਰੀ ਦੀ ਪਤਨੀ ਡਾ. ਗੁਰਪ੍ਰੀਤ ਕੌਰ ਨੇ ਉਹਨਾਂ ਨੂੰ ਭਰੋਸਾ ਦੁਆਇਆ ਸੀ ਕਿ ਉਹਨਾਂ ਨੂੰ ਇਨਸਾਫ ਦਿੱਤਾ ਜਾਵੇਗਾ ਪਰ ਉਸ ਦਾ ਵੀ ਕੁਝ ਨਹੀਂ ਬਣਿਆ। ਮਜੀਠੀਆ ਨੇ ਜ਼ੋਰ ਦੇ ਕੇ ਕਿਹਾ ਕਿ ਜੇਕਰ ਡਾ. ਗੁਰਪ੍ਰੀਤ ਕੌਰ ਸੱਚਮੁੱਚ ਪੀ ਟੀ ਆਈ ਮੁਲਾਜ਼ਮਾਂ ਲਈ ਨਿਆਂ ਚਾਹੁੰਦੇ ਹਨ ਤਾਂ ਫਿਰ ਉਹਨਾਂ ਨੂੰ ਪੀ ਟੀ ਆਈ ਮੁਲਾਜ਼ਮਾਂ ਦੇ ਸੰਘਰਸ਼ ਵਿਚ ਸ਼ਾਮਲ ਹੋ ਜਾਣਾ ਚਾਹੀਦਾ ਹੈ। ਉਹਨਾਂ ਕਿਹਾ ਕਿ ਇਹਨਾਂ ਅਧਿਆਪਕਾਂ ਨਾਲ ਵਾਅਦਾ ਕੀਤਾ ਗਿਆ ਸੀ ਕਿ ਆਉਂਦੇ ਕਰਵਾ ਚੌਥ ਤੋਂ ਪਹਿਲਾਂ ਇਹਨਾਂ ਦੀਆਂ ਸੇਵਾਵਾਂ ਰੈਗੂਲਰ ਕਰ ਦਿੱਤੀਆਂ ਜਾਣਗੀਆਂ। ਡਾ. ਗੁਰਪ੍ਰੀਤ ਕੌਰ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਅਜਿਹਾ ਹੋਵੇ ਨਹੀਂ ਤਾਂ ਫਿਰ ਉਹਨਾਂ ਨੂੰ ਅਧਿਆਪਕਾਂ ਨਾਲ ਇਕਜੁੱਟਤਾ ਵਿਖਾਉਂਦਿਆਂ ਇਹਨਾਂ ਨਾਲ ਬੈਠਣਾ ਚਾਹੀਦਾ ਹੈ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਰਦਾਰ ਮਜੀਠੀਆ ਨੇ ਕਿਹਾ ਕਿ ਆਪ ਨੇ ਪਹਿਲਾਂ ਪੰਜਾਬੀਆਂ ਨੂੰ ਮੂਰਖ ਬਣਾਇਆ ਤੇ ਹੁਣ ਗੁਜਰਾਤ ਤੇ ਹਿਮਾਚਲ ਪ੍ਰਦੇਸ਼ ਵਿਚ ਲੋਕਾਂ ਨੂੰ ਮੂਰਖ ਬਣਾਉਣ 'ਤੇ ਲੱਗੀ ਹੈ। ਉਹਨਾਂ ਕਿਹਾ ਕਿ ਗੁਜਰਾਤ ਅਤੇ ਹਿਮਾਚਲ ਪ੍ਰਦੇਸ਼ ਦੇ ਵੋਟਰਾਂ ਨੂੰ ਆਖਿਆ ਜਾ ਰਿਹਾ ਹੈ ਕਿ ਪੰਜਾਬੀਆਂ ਨਾਲ ਕੀਤੇ ਸਾਰੇ ਵਾਅਦੇ ਪੂਰੇ ਕਰ ਦਿੱਤੇ ਗਏ ਹਨ ਜਦੋਂ ਕਿ ਸਚਾਈ ਲੋਕਾਂ ਦੇ ਸਾਹਮਣੇ ਹੈ। ਉਹਨਾਂ ਕਿਹਾ ਕਿ ਹਾਲਾਤ ਇਹ ਹੈ ਕਿ ਜੋ ਕੋਈ ਮੁੱਖ ਮੰਤਰੀ ਕੋਲ ਨਿਆਂ ਲਈ ਪਹੁੰਚ ਕਰਦਾ ਹੈ, ਉਸ ਨੂੰ ਬੇਰਹਿਮੀ ਨਾਲ ਕੁੱਟਿਆ ਮਾਰਿਆ ਜਾਂਦਾ ਹੈ।

## ਲੋੜਵੰਦ ਮਰੀਜ਼ ਦੇ ਇਲਾਜ ਲਈ ਦਿੱਤੀ ਆਰਥਕ ਸਹਾਇਤਾ



ਪੱਟੀ, (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ) :ਮਾਨਵਤਾ ਦੀ ਸੇਵਾ 'ਚ ਵਿਲੱਖਣ ਪਹਿਚਾਣ ਬਣਾਉਣ ਵਾਲੀ ਸ਼ਹੀਦ ਕਰਤਾਰ ਸਿੰਘ ਸਰਾਭਾ ਹੈਲਪਿੰਗ ਹੈਂਡ ਸੁਸਾਇਟੀ ਪੱਟੀ ਵੱਲੋਂ ਪਿਛਲੇ ਲੰਮੇ ਸਮੇਂ ਤੋਂ ਮਿਸਾਲੀ ਕਾਰਜ ਕੀਤੇ ਜਾ ਰਹੇ ਹਨ ਜਿਸਨੂੰ ਅੱਗੇ ਤੋਰਦਿਆਂ ਪਿੰਡ ਕੋਟ ਬੁੱਢਾ ਦੇ ਅਮਰੀਕ ਸਿੰਘ ਜੋ ਕਿ ਸੜਕ ਹਾਦਸੇ ਦੌਰਾਨ ਜ਼ਖਮੀ ਹੋ ਗਏ ਸਨ, ਦਾ ਇਲਾਜ ਸਰਕਾਰੀ ਹਸਪਤਾਲ ਪੱਟੀ ਤੋਂ ਇਲਾਜ ਕਰਵਾ ਰਿਹਾ ਹੈ ਸੁਸਾਇਟੀ ਵੱਲੋਂ ਇਲਾਜ ਲਈ 5 ਹਜ਼ਾਰ ਰੁਪਏ ਦੀ ਇਮਦਾਦ ਕੀਤੀ ਗਈ। ਇਸ ਮੌਕੇ ਸੁਸਾਇਟੀ ਜਰਨਲ ਸਕੱਤਰ ਸਰਬਪ੍ਰੀਤ ਸਿੰਘ ਪਨਗੋਟਾ ਨੇ ਕਿਹਾ ਕਿ ਸਮਾਜ ਦੀ ਅਜੋਕੀ ਤ੍ਰਾਸਦੀ ਹੈ ਕਿ ਜੋ ਲੋਕ ਆਰਥਿਕ ਪੱਖੋਂ ਸੇਵਾ ਕਰਨ ਦੇ ਸਮਰੱਥ ਹਨ ਉਹਨਾਂ ਆਪਣਾ ਦਾਇਰਾ ਛੋਟਾ ਕਰ ਲਿਆ ਹੈ, ਉਹ ਆਪਣੇ ਦਾਇਰੇ ਤੋਂ ਬਾਹਰ ਲੋੜਾਂ, ਥੋੜਾਂ ਦੇ ਮਾਰੇ ਲੋੜਵੰਦਾਂ ਪ੍ਰਤੀ ਸੰਵੇਦਨਹੀਣ ਹੋ ਗਏ ਹਨ। ਕੁਦਰਤ ਨੇ ਜੇ ਸਾਨੂੰ ਸਮਰੱਥ ਬਣਾਇਆ ਹੈ ਕਿ ਅਸੀਂ ਕਿਸੇ ਲੋੜਵੰਦ ਦੀ ਇਮਦਾਦ ਕਰ ਸਕਦੇ ਹਾਂ ਤਾਂ ਸਾਨੂੰ ਲੋੜਵੰਦ ਦੀ ਸਹਾਇਤਾ ਕਰਕੇ ਕੁਦਰਤ ਦਾ ਸ਼ੁਕਰਾਨਾ ਕਰਨਾ ਚਾਹੀਦਾ ਹੈ। ਇਸ ਮੌਕੇ ਅਮਿਤ ਜੈਨ, ਡਾਕਟਰ ਸਰਬਪ੍ਰੀਤ ਸਿੰਘ ਜਰਨਲ ਸਕੱਤਰ, ਡਾਕਟਰ ਇੰਦਰਪ੍ਰੀਤ ਸਿੰਘ ਧਾਮੀ, ਸੰਜੀਵ ਸੂਦ, ਰਾਜਦੀਪ ਸਿੰਘ ਸਰਾਫ, ਹਰਜਿੰਦਰ ਸਿੰਘ ਪੱਪੂ ਸਰਾਫ, ਵਿਸ਼ਾਲ ਸੂਦ, ਹਰੀਸ਼ ਧਵਨ, ਸ਼ੋਭਾ ਸਿੰਘ, ਮਾਸਟਰ ਗੇਜਾ ਸਿੰਘ, ਵਿਕਰਮਜੀਤ ਸਿੰਘ ਸਰਾਫ, ਆਸਥਾ ਸ਼ਰਮਾ ਅਤੇ ਸਤਨਾਮ ਸਿੰਘ ਹਾਜ਼ਰ ਸਨ ।

## ਅੱਜ ਮਨਾਇਆ ਜਾਵੇਗਾ ਨੈਸ਼ਨਲ ਡੀ ਵਾਰਮਿੰਗ ਦਿਵਸ

ਹੁਸ਼ਿਆਰਪੁਰ ( ਬਲਵੀਰ ਸਿੰਘ ਸੈਣੀ) ਪੰਜਾਬ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਿਹਤ ਵਿਭਾਗ ਹੁਸ਼ਿਆਰਪੁਰ ਅਤੇ ਆਈ.ਸੀ.ਡੀ.ਐਸ. ਵਿਭਾਗ ਦੇ ਸਾਂਝੇ ਉੱਦਮਾਂ ਰਾਹੀਂ ਕੱਲ੍ਹ 10 ਅਕਤੂਬਰ 2022 ਨੂੰ ਨੈਸ਼ਨਲ ਡੀ ਵਾਰਮਿੰਗ ਪ੍ਰੋਗਰਾਮ ਦੇ ਮਨਾਇਆ ਜਾ ਰਿਹਾ ਹੈ। ਇਸ ਤਹਿਤ 1 ਤੋਂ 2 ਸਾਲ ਦੇ ਬੱਚਿਆਂ ਨੂੰ ਆਸ਼ਾ ਵਰਕਰਾਂ ਅਤੇ ਆਂਗਨਵਾੜੀ ਵਰਕਰਾਂ ਦੁਆਰਾ ਪੇਟ ਦੇ ਕੀੜਿਆਂ ਲਈ ਅਲਬੈਂਡਾਜ਼ੋਲ ਦਵਾਈ ਪਿਲਾਈ ਜਾਵੇਗੀ। ਇਸ ਸੰਬੰਧੀ ਜਾਣਕਾਰੀ ਸਾਂਝੀ ਕਰਦਿਆਂ ਸਿਵਲ ਸਰਜਨ ਪ੍ਰੀਤ ਮੋਹਿੰਦਰ ਸਿੰਘ ਨੇ ਦੱਸਿਆ ਕਿ ਜ਼ਿਲ੍ਹੇ ਵਿੱਚ ਕਰੀਬ 20,000 ਬੱਚਿਆਂ ਨੂੰ ਇਹ ਦਵਾਈ ਪਿਲਾਈ ਜਾਵੇਗੀ। ਲੋੜੀਂਦੀਆਂ ਖੁਰਾਕਾਂ ਸਾਰੇ ਆਂਗਣਵਾੜੀ ਕੇਂਦਰਾਂ ਵਿੱਚ ਪਹੁੰਚ ਚੁੱਕੀਆਂ ਹਨ। ਉਹਨਾਂ ਕਿਹਾ ਕਿ ਸਿਹਤ ਵਿਭਾਗ ਵੱਲੋਂ ਕਿਸੇ ਵੀ ਤਰ੍ਹਾਂ ਦੀ ਐਮਰਜੰਸੀ ਨਾਲ ਨਜਿੱਠਣ ਲਈ ਜ਼ਿਲ੍ਹੇ ਭਰ ਵਿੱਚ 13 ਰੈਪਿਡ ਰਿਸਪਾਂਸ ਟੀਮਾਂ ਦਾ ਗਠਨ ਕੀਤਾ ਗਿਆ ਹੈ। ਇਸ ਬਾਰੇ ਹੋਰ ਜਾਣਕਾਰੀ ਸਾਂਝੀ ਕਰਦਿਆਂ ਜ਼ਿਲ੍ਹਾ ਟੀਕਾਕਰਨ ਅਧਿਕਾਰੀ ਡਾ. ਸੀਮਾ ਗਰਗ ਨੇ ਦੱਸਿਆ ਕਿ ਜ਼ਿਲ੍ਹੇ ਦੀਆਂ ਸਾਰੀਆਂ ਆਸ਼ਾ ਵਰਕਰਾਂ ਅਤੇ ਏ.ਐਨ.ਐਮਜ਼. ਨੂੰ ਹਿਦਾਇਤ ਕੀਤੀ ਗਈ ਹੈ ਕਿ ਗੁਰਦਵਾਰੇ , ਮੰਦਰ ਵਿੱਚ ਅਨਾਊਂਸਮੈਂਟ ਕਰਵਾ ਕੇ ਇਸ ਪ੍ਰੋਗਰਾਮ ਸੰਬੰਧੀ ਜਾਣਕਾਰੀ ਨੂੰ ਆਮ ਲੋਕਾਂ ਤੱਕ ਪਹੁੰਚਾਇਆ ਜਾਵੇ। ਉਹਨਾਂ ਆਮ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਆਪਣੇ 1 ਤੋਂ 2 ਸਾਲ ਤੱਕ ਦੇ ਬੱਚਿਆਂ ਨੂੰ ਇਹ ਦਵਾਈ ਜ਼ਰੂਰ ਪਿਲਾਉਣ।

## ਮਹਿੰਦਵਾਨੀ ਧਰਨੇ ਦੇ 65ਵੇਂ ਦਿਨ ਲੋਕਾਂ ਵਲੋਂ ਕੈਂਡਲ ਮਾਰਚ ਤੇ ਲਲਕਾਰ ਰੈਲੀ

ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ) ਤਹਿਸੀਲ ਗੜ੍ਹਸ਼ੰਕਰ ਅਧੀਨ ਪੈਂਦੇ ਇਲਾਕਾ ਬੀਤ ਦੇ ਪਿੰਡ ਮਹਿੰਦਵਾਨੀ ਵਿਖੇ ਲੋਕ ਬਚਾਓ ਪਿੰਡ ਬਚਾਓ ਸੰਘਰਸ਼ ਕਮੇਟੀ ਪੰਜਾਬ ਤੇ ਹਿਮਾਚਲ ਪ੍ਰਦੇਸ਼ ਵੱਲੋਂ ਸਾਬਣ ਫੈਕਟਰੀ ਦੇ ਪ੍ਰਦੂਸ਼ਣ ਅਤੇ ਭਾਰੀ ਵਾਹਨਾਂ/ਟਿੱਪਰਾਂ ਦੇ ਖਿਲਾਫ ਲਗਾਏ ਗਏ ਪੱਕੇ ਮੋਰਚੇ ਦੀ ਲਗਾਤਾਰਤਾ ਵਿੱਚ ਚਲਦਿਆਂ ਧਰਨੇ ਦੇ 65ਵੇਂ ਦਿਨ ਸਮੂਹ ਕਮੇਟੀ ਮੈਂਬਰਾਨ, ਇਲਾਕਾ ਬੀਤ ਦੀਆਂ ਮੁੱਖ ਸ਼ਖਸੀਅਤਾਂ,ਜੁਝਾਰੂ,ਸੂਝਵਾਨ, ਵਾਤਾਵਰਣ ਪ੍ਰੇਮੀਆਂ, ਬੁੱਧੀਜੀਵੀ ਤੇ ਜਨਤਕ ਜਥੇਬੰਦੀਆਂ ਦੇ ਮੈਂਬਰਾਂ,ਨੌਜਵਾਨ, ਬੱਚੇ,ਬਜ਼ੁਰਗ,ਔਰਤਾਂ ਤੇ ਮਰਦਾਂ ਦੁਆਰਾ ਲੋਕ ਬਚਾਓ ਪਿੰਡ ਬਚਾਓ ਸੰਘਰਸ਼ ਕਮੇਟੀ ਪੰਜਾਬ ਤੇ ਹਿਮਾਚਲ ਪ੍ਰਦੇਸ਼ ਦੇ ਸੱਦੇ 'ਤੇ ਆਯੋਜਿਤ ਸੰਗ੍ਰਾਮੀ ਕੈਂਡਲ ਮਾਰਚ ਤੇ ਲਲਕਾਰ ਰੈਲੀ ਵਿੱਚ ਭਰਮੀ ਸ਼ਮੂਲੀਅਤ ਕੀਤੀ ਗਈ ਅਤੇ ਮਾਰਚ ਪਿੰਡ ਮਹਿੰਦਵਾਨੀ ਤੋਂ ਸ਼ੁਰੂ ਹੋ ਕੇ ਪਿੰਡ ਮਹਿੰਦਵਾਨੀ ਗੁੱਜਰਾਂ ਤੋਂ ਹੁੰਦਾ ਹੋਇਆ ਵਾਪਸ ਧਰਨਾ ਸਥਲ 'ਤੇ ਪੁੱਜਾ ਜਿਸ ਦਾ ਦੋਹਾਂ ਪਿੰਡਾਂ ਵਲੋਂ ਮਨੁੱਖਤਾ ਨਾਲ ਹੋ ਰਹੀਆਂ ਵਧੀਕੀਆਂ ਖਿਲਾਫ ਮਾਰਚ ਕੱਢਿਆ ਗਿਆ । ਸਾਰੇ ਸਾਥੀਆਂ ਨੇ ਆਪਣੇ ਸੰਬੋਧਨ ਦੌਰਾਨ ਦੇਸ਼ ਅੰਦਰ ਹਾਕਮ ਜਮਾਤਾਂ ਅਤੇ ਪੂੰਜੀਪਤੀਆਂ ਵੱਲੋਂ ਲੋਕਾਂ ਦੀ ਸਿਹਤ ਨਾਲ ਖਿਲਵਾੜ ਕਰਨ, ਕੁਦਰਤੀ ਸਾਧਨਾਂ ਹਵਾ ਪਾਣੀ ਦੂਸ਼ਿਤ ਕਰਨ ਵਿਰੁੱਧ ਅਵਾਜ਼ ਬੁਲੰਦ ਕੀਤੀ। ਇਸ ਮੌਕੇ ਮੁੱਖ ਬੁਲਾਰੇ ਪਿਆਰਾ ਸਿੰਘ ਬੇਹਲੀ,ਪੰਡਿਤ ਸੁਰਿੰਦਰ ਕੁਮਾਰ,ਰਮੇਸ਼ ਲਾਲ ਸਰਪੰਚ, ਗੁਰਚੈਨ ਸਿੰਘ ਚੈਨੀ,ਸਾਥੀ ਕੁਲਭੂਸ਼ਨ ਕੁਮਾਰ, ਕੈਪਟਨ ਪ੍ਰਕਾਸ਼ ਚੰਦ ਲਾਦੀ, ਲੰਬਰਦਾਰ ਦਰਸ਼ਨ ਕੁਮਾਰ,ਰਮਨ ਰਾਣਾ, ਰਾਧੇ ਸ਼ਾਮ ,ਦਵਿੰਦਰ ਸਿੰਘ ਬੂਟਾ , ਸੂਬੇਦਾਰ ਅਸ਼ੋਕ ਕੁਮਾਰ, ਸ਼ਾਮ ਲਾਲ ਧੀਮਾਨ, ਚੌਧਰੀ ਸੇਠੀ, ਬਿਕਰਮ ਰਾਣਾ, ਤਰਲੋਚਨ ਚੇਚੀ ਆਦਿ ਨੇ ਹਿਮਾਚਲ ਅਤੇ ਪੰਜਾਬ ਦੇ ਪ੍ਰਸ਼ਾਸਨ ਤੇ ਗੋਂਦਪੁਰ ਹਿਮਾਚਲ ਸਥਿਤ ਪ੍ਰਦੂਸ਼ਣ ਫੈਲਾਉਣ ਵਾਲੇ ਫੈਕਟਰੀ ਮਾਲਕ ਨੂੰ ਲਲਕਾਰ ਕੇ ਕਿਹਾ ਕਿ ਜਦ ਤੱਕ ਮਨੁੱਖਤਾ ਦਾ ਘਾਣ ਬੰਦ ਨਹੀਂ ਹੁੰਦਾ ਤਦ ਤੱਕ ਸ਼ਾਂਤਮਈ ਢੰਗ ਨਾਲ ਪ੍ਰਦਰਸ਼ਨ ਨਿਰੰਤਰ ਜਾਰੀ ਰਹੇਗਾ।

**36ਵੀਆਂ ਕੌਮੀ ਖੇਡਾਂ**

# ਪੰਜਾਬ ਦੇ ਨਾਂਅ 66 ਤਮਗੇ, ਖੇਡ ਮੰਤਰੀ ਹੇਅਰ ਨੇ ਜੇਤੂਆਂ ਨੂੰ ਦਿੱਤੀ ਮੁਬਾਰਕਬਾਦ

ਚੰਡੀਗੜ੍ਹ, (ਗੁਰਜੀਤ ਬਿੱਲਾ)- ਗੁਜਰਾਤ ਵਿਖੇ ਚੱਲ ਰਹੀਆਂ 36ਵੀਆਂ ਕੌਮੀ ਖੇਡਾਂ ਵਿੱਚ ਪੰਜਾਬ ਦੀ ਤੈਰਾਕ ਚਾਹਤ ਅਰੋੜਾ ਨੇ ਦੋ ਨਵੇਂ ਨੈਸ਼ਨਲ ਰਿਕਾਰਡਾਂ ਨਾਲ ਦੋ ਸੋਨੇ ਤੇ ਇਕ ਚਾਂਦੀ ਦਾ ਤਮਗਾ ਜਿੱਤ ਕੇ ਤੈਰਾਕੀ ਖੇਡ ਵਿੱਚ ਪੰਜਾਬ ਨੂੰ ਕੌਮੀ ਖੇਡ ਨਕਸ਼ੇ ਉੱਤੇ ਉਭਾਰਿਆ ਹੈ।

ਜੂਡੋ ਤੇ ਸਾਈਕਲਿੰਗ ਵਿੱਚ 1-1 ਸੋਨ ਤਮਗੇ ਦੇ ਨਾਲ ਜੂਡੋ ਵਿੱਚ ਪੰਜ ਚਾਂਦੀ ਦੇ ਤਮਗੇ ਜਿੱਤੇ ਹਨ। ਕੌਮੀ ਖੇਡਾਂ ਵਿੱਚ ਪੰਜਾਬ ਨੇ ਹੁਣ ਤੱਕ 17 ਸੋਨੇ, 27 ਚਾਂਦੀ ਤੇ 22 ਕਾਂਸੀ ਦੇ ਤਮਗਿਆਂ ਨਾਲ ਕੁੱਲ 66 ਤਮਗੇ ਜਿੱਤੇ ਹਨ। ਖੇਡ ਮੰਤਰੀ ਗੁਰਮੀਤ ਹੇਅਰ ਨੇ ਚਾਹਤ ਅਰੋੜਾ ਨੂੰ ਵਧਾਈ ਦਿੰਦਿਆਂ ਕਿਹਾ ਕਿ ਚਾਹਤ ਅਰੋੜਾ ਦੀ ਸੁਨਹਿਰੀ ਪ੍ਰਾਪਤੀ ਨਾਲ ਪੰਜਾਬ ਵਿੱਚ ਤੈਰਾਕੀ ਖੇਡ ਨੂੰ ਬਹੁਤ ਪ੍ਰਫੁੱਲਤਾ ਮਿਲੇਗੀ। ਇਸ ਨਾਲ ਨਵੀਂ ਉਮਰ ਦੇ ਤੈਰਾਕਾਂ ਨੂੰ ਪ੍ਰੇਰਨਾ ਮਿਲੇਗੀ।

ਖੇਡ ਮੰਤਰੀ ਨੇ ਦੂਜੇ ਜੇਤੂਆਂ ਨੂੰ ਵੀ ਮੁਬਾਰਕਬਾਦ ਦਿੱਤੀ। ਚਾਹਤ ਨੇ 50 ਮੀਟਰ ਬਰੈਸਟ ਸਟਰੋਕ ਤੇ 100 ਮੀਟਰ ਬਰੈਸਟ ਸਟਰੋਕ ਦੋਵੇਂ ਵਰਗਾਂ ਵਿੱਚ ਨਵੇਂ ਨੈਸ਼ਨਲ ਰਿਕਾਰਡ ਬਣਾਉਂਦਿਆਂ ਦੋ ਸੋਨੇ ਦੇ ਤਮਗੇ ਜਿੱਤੇ ਹਨ।

ਇਸ ਤੋਂ ਇਲਾਵਾ 200 ਮੀਟਰ ਬਰੈਸਟ ਸਟਰੋਕ ਵਿੱਚ ਚਾਂਦੀ ਦਾ ਤਮਗਾ ਜਿੱਤਿਆ। ਇਸ ਦੇ ਨਾਲ ਹੀ ਚਾਹਤ ਦੀ ਦਸੰਬਰ ਮਹੀਨੇ ਮੈਲਬੋਰਨ ਵਿਖੇ ਹੋਣ ਵਾਲੀ ਵਿਸ਼ਵ ਤੈਰਾਕੀ ਚੈਂਪੀਅਨਸ਼ਿਪ ਲਈ ਵੀ ਚੋਣ ਹੋਈ ਹੈ।

ਇਸ ਤੋਂ ਇਲਾਵਾ ਜੂਡੋ ਵਿੱਚ ਪੰਜਾਬ ਨੇ ਇਕ ਸੋਨੇ ਤੇ ਪੰਜ ਚਾਂਦੀ ਦੇ ਤਮਗੇ ਜਿੱਤੇ। ਅਵਤਾਰ ਸਿੰਘ ਨੇ 100 ਕਿੱਲੋ ਤੋਂ ਘੱਟ ਵਰਗ ਵਿੱਚ ਸੋਨੇ ਅਤੇ ਰਣਜੀਤਾ, ਕੰਵਰਪ੍ਰੀਤ ਕੌਰ, ਰਵਨੀਤ ਕੌਰ, ਸੋਨਮ ਤੇ ਹਰਸਪ੍ਰੀਤ ਸਿੰਘ ਨੇ ਚਾਂਦੀ ਦੇ ਤਮਗੇ ਜਿੱਤੇ। ਇਸੇ ਤਰ੍ਹਾਂ ਸਾਈਕਲਿੰਗ ਵਿੱਚ ਪੰਜਾਬ ਦੇ ਹਰਸ਼ਵੀਰ ਸਿੰਘ ਨੇ 120 ਕਿੱਲੋਮੀਟਰ ਰੋਡ ਰੇਸ ਵਿੱਚ ਸੋਨੇ ਦਾ ਤਮਗਾ ਜਿੱਤਿਆ।

# ਸ਼੍ਰੀ ਰਾਮਲੀਲ੍ਹਾ ਕਮੇਟੀ ਨੇ ਕੀਤਾ ਸ਼ਹਿਰ ਵਾਸੀਆਂ ਦਾ ਧੰਨਵਾਦ

ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ) ਸ਼੍ਰੀ ਰਾਮਲੀਲ੍ਹਾ ਕਮੇਟੀ ਹੁਸ਼ਿਆਰਪੁਰ ਵਲੋਂ ਮਹੰਤ ਰਮਿੰਦਰ ਦਾਸ ਦੇ ਅਸ਼ੀਰਵਾਦ ਅਤੇ ਪ੍ਰਧਾਨ ਗੋਪੀ ਚੰਦ ਕਪੂਰ ਦੀ ਅਗਵਾਈ ਵਿਚ ਕਰਵਾਏ ਜਾ ਰਹੇ ਦੁਸਹਿਰਾ ਉਤਸਵ ਦੇ ਆਖਰੀ ਦਿਨ ਸ਼੍ਰੀ ਰਾਮ ਤਾਜਪੋਸ਼ੀ ਦਾ ਸ਼ਾਨਦਾਰ ਸਮਾਗਮ ਕਰਵਾਇਆ ਗਿਆ। ਇਸ ਮੌਕੇ ਸ਼੍ਰੀ ਸਨਾਤਨ ਧਰਮ ਸਕੂਲ ਕਨਕ ਮੰਡੀ ਤੋਂ ਭਗਵਾਨ ਰਾਮ, ਮਾਤਾ ਸੀਤਾ, ਲਕਸ਼ਮਣ, ਭਰਤ, ਸ਼ਤਰੂਘਨ ਰੱਥ 'ਤੇ ਸਵਾਰ ਹੋ ਕੇ ਵੱਖ-ਵੱਖ ਬਾਜ਼ਾਰਾਂ ਤੋਂ ਹੁੰਦੇ ਹੋਏ ਸ਼੍ਰੀ ਰਾਮਲੀਲ੍ਹਾ ਗਰਾਊਂਡ ਪਹੁੰਚੇ। ਸ਼੍ਰੀ ਹਨੂੰਮਾਨ ਪ੍ਰਭੂ ਦੇ ਰੱਥ ਅੱਗੇ ਚੱਲ ਰਹੇ ਸਨ। ਇਸ ਦੌਰਾਨ ਬਣੀਆਂ ਵੱਖ-ਵੱਖ ਝਾਕੀਆਂ ਵੀ ਖਿੱਚ ਦਾ ਕੇਂਦਰ ਰਹੀਆਂ। ਸ਼੍ਰੀ ਰਾਮਲੀਲ੍ਹਾ ਗਰਾਊਂਡ 'ਚ ਮੌਜੂਦ ਭਗਵਾਨ ਸ਼੍ਰੀ ਰਾਮ ਦੀ ਝਾਕੀ ਦੀ ਉਡੀਕ ਕਰ ਰਹੇ ਹਜ਼ਾਰਾਂ ਸ਼ਰਧਾਲੂਆਂ ਨੇ ਉਨ੍ਹਾਂ ਦਾ ਫੁੱਲਾਂ ਨਾਲ ਸਵਾਗਤ ਕੀਤਾ। ਇਸ ਮੌਕੇ ਗੁਰੂ ਵਸ਼ਿਸ਼ਠ ਨੇ ਮੰਤਰਾਂ ਦਾ ਜਾਪ ਕਰਦੇ ਹੋਏ ਭਗਵਾਨ ਦੀ ਤਾਜਪੋਸ਼ੀ ਕੀਤੀ ਤੇ ਸਾਰਿਆਂ ਨੇ ਭਗਵਾਨ ਰਾਮ ਦੀ ਜੈ ਜੈ ਕਾਰ ਕੀਤੀ। ਇਸ ਮੌਕੇ ਪ੍ਰਿਯਵਰਤ ਸ਼ਾਸਤਰੀ ਅਤੇ ਪੰਡਿਤ ਸੁਰਜੀਤ ਸ਼ਾਸਤਰੀ ਤੋਂ ਇਲਾਵਾ ਭਜਨ ਗਾਇਕ ਮੋਹਨਦਾਸ (ਟੀਨੂੰ ਸਿੰਘ) ਫਗਵਾੜਾ ਪਾਰਟੀ ਨੇ ਭਗਵਾਨ ਰਾਮ ਦੇ ਭਜਨਾਂ ਨਾਲ ਸੰਗਤ ਨੂੰ ਮੰਤਰ-ਮੁਗਧ ਕਰ ਦਿੱਤਾ ਅਤੇ ਬੈਂਡ ਬਾਜ਼ਿਆਂ ਨਾਲ ਸਲਾਮੀ ਦੇ ਕੇ ਤਾਜਪੋਸ਼ੀ ਕੀਤੀ ਅਤੇ ਸ਼ਰਧਾਲੂਆਂ ਨੇ ਨੱਚ-ਨੱਚ ਕੇ ਖੁਸ਼ੀ ਦਾ ਇਜ਼ਹਾਰ ਕੀਤਾ। ਇਸ ਮੌਕੇ ਸ਼੍ਰੀ ਰਾਮਲੀਲ੍ਹਾ ਕਮੇਟੀ ਵੱਲੋਂ ਦੁਸਹਿਰਾ ਉਤਸਵ ਅਤੇ ਸ਼੍ਰੀ ਰਾਮਲੀਲ੍ਹਾ ਨੂੰ ਸਫਲ ਬਣਾਉਣ ਵਿਚ ਸਹਿਯੋਗ ਦੇਣ ਵਾਲੀਆਂ ਸੰਸਥਾਵਾਂ ਅਤੇ ਪਤਵੰਤੇ ਸੱਜਣਾਂ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਕਮੇਟੀ ਪ੍ਰਧਾਨ ਗੋਪੀ ਚੰਦ ਕਪੂਰ ਨੇ ਦੁਸਹਿਰਾ ਉਤਸਵ ਦੀ ਸਫਲਤਾ ਲਈ ਸਾਰੇ ਕਮੇਟੀ ਮੈਂਬਰਾਂ, ਜ਼ਿਲ੍ਹਾ ਪ੍ਰਸ਼ਾਸਨ, ਸ਼ਹਿਰ ਨਿਵਾਸੀਆਂ ਅਤੇ ਰਾਜਨੀਤਿਕ ਪਾਰਟੀਆਂ ਨੂੰ ਵਧਾਈ ਦਿੱਤੀ ਅਤੇ ਸਹਿਯੋਗ ਲਈ ਸਾਰਿਆਂ ਦਾ ਧੰਨਵਾਦ ਕੀਤਾ। ਉਨ੍ਹਾਂ ਨੇ ਇਲੈਕਟ੍ਰੋਨਿਕ ਮੀਡੀਆ, ਪ੍ਰਿੰਟ ਮੀਡੀਆ, ਸੋਸ਼ਲ ਮੀਡੀਆ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ। ਇਸ ਮੌਕੇ ਪ੍ਰਧਾਨ ਗੋਪੀ ਚੰਦ ਕਪੂਰ, ਚੇਅਰਮੈਨ ਸ਼ਿਵ ਸੂਦ, ਪ੍ਰਦੀਪ ਹਾਂਡਾ, ਡਾ. ਬਿੰਦੂ ਸਾਰ ਸ਼ੁਕਲਾ, ਸੰਜੀਵ ਐਰੀ, ਕਮਲ ਵਰਮਾ, ਰਾਕੇਸ਼ ਸੂਰੀ, ਰਾਕੇਸ਼ ਡੋਗਰਾ, ਰਜਿੰਦਰ ਮੌਦਗਿਲ, ਤਰਸੇਮ ਮੌਦਗਿਲ, ਹਰੀਸ਼ ਆਨੰਦ, ਸ਼ੰਮੀ ਵਾਲੀਆ, ਨਰੋਤਮ ਸ਼ਰਮਾ, ਮਨੋਹਰ ਲਾਲ ਜੈਰਥ, ਮਨੋਜ ਦੱਤਾ, ਕ੍ਰਿਸ਼ਨ ਗੋਪਾਲ ਮੌਦਗਿਲ, ਸ਼ਿਵ ਜੈਨ, ਅਜੇ ਜੈਨ, ਰਘੁਵੀਰ ਬੰਟੀ, ਆਮ ਆਦਮੀ ਪਾਰਟੀ ਦੇ ਸੂਬਾ ਸੰਯੁਕਤ ਸਕੱਤਰ ਸੰਦੀਪ ਸੈਣੀ, ਮਿੰਟੂ ਡਾਬਰ, ਦੀਪਕ ਸ਼ਾਰਦਾ, ਰਮੇਸ਼ ਮਹਿਤਾ, ਵਿਜੇ ਅਗਰਵਾਲ, ਕਪਿਲ ਹਾਂਡਾ, ਅਜੇ ਸ਼ਰਮਾ, ਅਸ਼ੀਸ਼ ਵਰਮਾ, ਨਰੋਤਮ ਸ਼ਰਮਾ, ਸੰਜੀਵ ਸ਼ਰਮਾ, ਅਨੁਰਾਗ ਕਾਲੀਆ, ਸੁਸ਼ੀਲ ਪਡਿਆਲ, ਕੁਨਾਲ ਚਤਰਥ, ਵਰੁਣ ਕੈਂਥ, ਵਿਪੁਲ ਵਾਲੀਆ, ਅਸ਼ਵਨੀ ਛੋਟਾ, ਪਵਨ ਸ਼ਰਮਾ, ਅਸ਼ਵਨੀ ਸ਼ਰਮਾ, ਭਾਰਤ ਭੂਸ਼ਣ ਵਰਮਾ, ਮਨੋਜ ਤਨੇਜਾ ਸਮੇਤ ਵੱਡੀ ਗਿਣਤੀ ਚ ਸ਼ਰਧਾਲੂ ਹਾਜ਼ਰ ਸਨ।


## ਪਬਲਿਕ ਨੋਟਿਸ

ICICI Bank
ICICI Bank Limited

ਰਜਿਸਟਰਡ ਦਫਤਰ : ਲੈਂਡਮਾਰਕ, ਰੇਸ ਕੋਰਸ ਸਰਕਲ, ਵਡੋਦਰਾ 390007
ਕਾਰਪੋਰੇਟ ਦਫਤਰ : ਆਈ ਸੀ ਆਈ ਸੀ ਆਈ ਬੈਂਕ ਟਾਵਰਜ਼, ਬਾਂਦਰਾ-ਕੁਰਲਾ ਕੰਪਲੈਕਸ, ਮੁੰਬਈ-400051

**ਸੋਨਾ ਈ-ਨਿਲਾਮੀ ਕਮ ਸੱਦਾ ਨੋਟਿਸ**

ਹੇਠਾਂ ਲਿਖੇ ਕਰਜ਼ਦਾਰਾਂ ਨੂੰ ਸੋਨੇ ਦੇ ਗਹਿਣਿਆਂ ਬਦਲੇ ਆਈ ਸੀ ਆਈ ਸੀ ਆਈ ਬੈਂਕ ਲਿਮ: ('ਆਈ ਸੀ ਆਈ ਸੀ ਆਈ ਬੈਂਕ') ਤੋਂ ਲਈ ਸਹੂਲਤ ('ਸਹੂਲਤ') ਪ੍ਰਤੀ ਬਕਾਇਆ ਰਕਮ ਦੇ ਭੁਗਤਾਨ ਲਈ ਨੋਟਿਸ ਜਾਰੀ ਕੀਤਾ ਗਿਆ ਹੈ। ਕਿਉਂਕਿ ਇਹ ਬਕਾਇਆ ਰਕਮ ਦਾ ਭੁਗਤਾਨ ਕਰਨ 'ਚ ਅਸਫਲ ਰਹੇ ਹਨ। ਇਸ ਲਈ ਅਸੀਂ ਗਿਰਵੀ ਰੱਖੇ ਸੋਨੇ ਦੇ ਗਹਿਣਿਆਂ ਦੀ 20 ਅਕਤੂਬਰ 2022 ਨੂੰ ਈ-ਨਿਲਾਮੀ ਕਰਨ ਦੇ ਪਾਬੰਦ ਹਾਂ। ਆਈ ਸੀ ਆਈ ਸੀ ਆਈ ਬੈਂਕ ਨੂੰ ਬਿਨਾਂ ਅਗਾਊਂ ਨੋਟਿਸ ਖਾਤਾ ਹਟਾਉਣ/ਈ-ਨਿਲਾਮੀ ਦੀ ਤਰੀਕ ਬਦਲਣ ਦਾ ਅਧਿਕਾਰ ਹੈ। ਨਿਲਾਮੀ ਦੁਪਹਿਰ 12.30 ਤੋਂ 3.30 ਵਜੇ ਤੱਕ https://jewel-auction.procuretiger.com 'ਤੇ ਆਨਲਾਈਨ ਕੀਤੀ ਜਾਵੇਗੀ। ਸ਼ਰਤਾਂ ਅਤੇ ਨਿਯਮਾਂ ਦੇ ਵੇਰਵੇ ਲਈ ਕ੍ਰਿਪਾ ਕਰਕੇ ਦਿੱਤੀ ਗਈ ਵੈੱਬਸਾਈਟ 'ਤੇ ਲਾਗ ਕਰੋ। ਮ੍ਰਿਤਕ ਕਰਜ਼ਦਾਰਾਂ ਦੇ ਮਾਮਲੇ 'ਚ ਸਾਰੀਆਂ ਸ਼ਰਤਾਂ ਉਹਨਾਂ ਦੇ ਕਾਨੂੰਨੀ ਵਾਰਸਾਂ 'ਤੇ ਲਾਗੂ ਹੋਣਗੀਆਂ।

| ਕਰਜ਼ਾ ਖਾਤਾ ਨੰ. | ਗਾਹਕ ਦਾ ਨਾਮ |
|---|---|
| ਬਰਾਂਚ ਦਾ ਨਾਮ : ਅਬੋਹਰ | |
| 189405003531 | ਲਾਜਵੰਤੀ ਲਾਜਵੰਤੀ |
| ਬਰਾਂਚ ਦਾ ਨਾਮ : ਅਹਿਮਦਗੜ੍ਹ | |
| 096805003968 | ਜਸਵੀਰ ਕੌਰ |
| ਬਰਾਂਚ ਦਾ ਨਾਮ : ਅਜਨਾਲਾ | |
| 108305005979 | ਜਗਜੀਤ ਸਿੰਘ |
| 108305007925 | ਗੁਰਲਾਲ ਸਿੰਘ |
| ਬਰਾਂਚ ਦਾ ਨਾਮ : ਅਰਨੀਵਾਲਾ ਸ਼ੇਖਾਂ ਸੁਭਾਨ | |
| 411905001404 | ਪਰਮਜੀਤ ਸਿੰਘ |
| ਬਰਾਂਚ ਦਾ ਨਾਮ : ਬਾਘਾਪੁਰਾਣਾ | |
| 278805001792 | ਅਕਾਸ਼ਦੀਪ ਸਿੰਘ |
| ਬਰਾਂਚ ਦਾ ਨਾਮ : ਬਲਾਚੌਰ, ਪੰਜਾਬ | |
| 357205001148 | ਮਨਜੀਤ ਸਿੰਘ |
| ਬਰਾਂਚ ਦਾ ਨਾਮ : ਬੱਸੀ ਪਠਾਣਾਂ | |
| 383405000728 | ਗੁਰਪ੍ਰੀਤ ਸਿੰਘ |
| ਬਰਾਂਚ ਦਾ ਨਾਮ : ਬਟਾਲਾ | |
| 129805001944 | ਪਵਨਦੀਪ ਸਿੰਘ ਢਿੱਲੋਂ |
| ਬਰਾਂਚ ਦਾ ਨਾਮ : ਬਟਾਲਾ-ਅਰਬਨ ਅਸਟੇਟ | |
| 241505000393 | ਕ੍ਰਿਪਾਲ ਸਿੰਘ |
| ਬਰਾਂਚ ਦਾ ਨਾਮ : ਬਠਿੰਡਾ | |
| 016305004899 | ਜਸਪ੍ਰੀਤ ਸਿੰਘ |
| ਬਰਾਂਚ ਦਾ ਨਾਮ : ਬੇਗੋਵਾਲ | |
| 152205001230 | ਪਰਵਿੰਦਰ ਕੌਰ |
| ਬਰਾਂਚ ਦਾ ਨਾਮ : ਭਾਦਸੋਂ | |
| 400505000241 | ਰਣਜੀਤ ਸਿੰਘ |
| ਬਰਾਂਚ ਦਾ ਨਾਮ : ਬੁੱਚੋ ਮੰਡੀ, ਪੰਜਾਬ | |
| 357905001459 | ਕ੍ਰਿਸ਼ਨ ਰਾਮ |
| 357905001461 | ਅੰਗਰੇਜ਼ ਸਿੰਘ |
| ਬਰਾਂਚ ਦਾ ਨਾਮ : ਬੋਹਾ | |
| 394905001057 | ਸੰਦੀਪ ਸਿੰਘ |
| ਬਰਾਂਚ ਦਾ ਨਾਮ : ਚੰਡੀਗੜ੍ਹ-ਸੈਕਟਰ 34-ਏ | |
| 134105000978 | ਕਿਸ਼ਨ ਰਾਮ |
| ਬਰਾਂਚ ਦਾ ਨਾਮ : ਡੇਰਾ ਬੱਸੀ | |
| 096705002154 | ਰਿਸ਼ੀ ਪਾਲ |
| 096705003306 | ਸੰਨੀ ਢੀਂਗਰਾ |
| 096705003294 | ਹਰਪ੍ਰੀਤ ਸਿੰਘ |
| ਬਰਾਂਚ ਦਾ ਨਾਮ : ਧਾਰੀਵਾਲ, ਪੰਜਾਬ | |
| 356005001352 | ਰਾਮਾ ਰਾਮਾ |
| ਬਰਾਂਚ ਦਾ ਨਾਮ : ਦੀਨਾਨਗਰ, ਪੰਜਾਬ | |
| 355905001624 | ਸੀਮਾ ਦੇਵੀ |
| 355905001808 | ਸੁਨੀਤਾ ਕੁਮਾਰੀ |
| ਬਰਾਂਚ ਦਾ ਨਾਮ : ਦੋਰਾਹਾ | |
| 078705002159 | ਪਰਮਜੀਤ ਕੌਰ |
| ਬਰਾਂਚ ਦਾ ਨਾਮ : ਗੋਨਿਆਣਾ ਮੰਡੀ | |
| 380305001661 | ਸੇਵਕ ਸਿੰਘ |
| ਬਰਾਂਚ ਦਾ ਨਾਮ : ਗੁਰਾਇਆ | |
| 210305000707 | ਅਵਤਾਰ ਸਿੰਘ |
| ਬਰਾਂਚ ਦਾ ਨਾਮ : ਗੁਰੂ ਹਰਸਹਾਏ | |
| 199305006892 | ਜਸ਼ਨਪ੍ਰੀਤ ਸਿੰਘ |
| ਬਰਾਂਚ ਦਾ ਨਾਮ : ਜਲਾਲਾਬਾਦ | |
| 211805005029 | ਜਤਿੰਦਰ ਸਿੰਘ |
| 211805005305 | ਰਾਜਨੀਕ ਕੌਰ |
| ਬਰਾਂਚ ਦਾ ਨਾਮ : ਜਲੰਧਰ-ਨਕੋਦਰ | |
| 008005002779 | ਜੋਤੀ ਗਿੱਲ |
| ਬਰਾਂਚ ਦਾ ਨਾਮ : ਕਲਾਨੌਰ, ਪੰਜਾਬ | |
| 357405002899 | ਸਲੋਮੀ * |
| ਬਰਾਂਚ ਦਾ ਨਾਮ : ਖਨੌਰੀ, ਪੰਜਾਬ | |
| 356105001434 | ਦਿਲਬਾਗ ਸਿੰਘ |
| 356105001442 | ਦਿਲਬਾਗ ਸਿੰਘ |
| ਬਰਾਂਚ ਦਾ ਨਾਮ : ਖਰੜ | |
| 079105002888 | ਰਾਜਿੰਦਰ ਪਾਲ |
| ਬਰਾਂਚ ਦਾ ਨਾਮ : ਲਾਂਡਰਾ | |
| 325605000455 | ਪ੍ਰਗਟ ਸਿੰਘ |
| ਬਰਾਂਚ ਦਾ ਨਾਮ : ਲਹਿਰਾਗਾਗਾ, ਪੰਜਾਬ | |
| 358405001604 | ਸਤਵੀਰ ਸਿੰਘ |
| ਬਰਾਂਚ ਦਾ ਨਾਮ : ਲੌਂਗੋਵਾਲ | |
| 178105002620 | ਗੁਰਲਾਲ ਸਿੰਘ |
| ਬਰਾਂਚ ਦਾ ਨਾਮ : ਲੁਧਿਆਣਾ, ਢੰਡਾਰੀ ਕਲਾਂ | |
| 366305000438 | ਕ੍ਰਿਸ਼ਨ ਗੋਪਾਲ |
| 366305000453 | ਰਣਜੀਤ ਸਿੰਘ |
| ਬਰਾਂਚ ਦਾ ਨਾਮ : ਲੁਧਿਆਣਾ-ਇੰਡਸਟਰੀਅਲ ਏਰੀਆ-ਏ | |
| 336705000454 | ਰਾਜਨ ਚੋਪੜਾ |
| ਬਰਾਂਚ ਦਾ ਨਾਮ : ਲੁਧਿਆਣਾ-ਦੁੱਗਰੀ | |
| 151505001288 | ਮਹਿੰਦਰ ਸਿੰਘ |
| ਬਰਾਂਚ ਦਾ ਨਾਮ : ਲੁਧਿਆਣਾ-ਜਮਾਲਪੁਰ | |
| 057805003009 | ਬਰਜੇਸ਼ ਕੁਮਾਰ |
| ਬਰਾਂਚ ਦਾ ਨਾਮ : ਮਾਛੀਵਾੜਾ | |
| 178205002137 | ਜਸਵੀਰ ਸਿੰਘ |
| ਬਰਾਂਚ ਦਾ ਨਾਮ : ਮਾਲੇਰਕੋਟਲਾ | |
| 249605001907 | ਸਮੀਨੂ ਦੇਵੀ |
| ਬਰਾਂਚ ਦਾ ਨਾਮ : ਮੁਹਾਲੀ-ਫੇਜ਼ 3ਬੀ2 | |
| 403005000125 | ਕਿਸ਼ੋਰ ਕੁਮਾਰ |
| ਬਰਾਂਚ ਦਾ ਨਾਮ : ਨਾਭਾ | |
| 078905002982 | ਬਿੱਟੂ ਰਾਮ |
| ਬਰਾਂਚ ਦਾ ਨਾਮ : ਨੰਗਲ | |
| 152305001444 | ਜਸਵੀਰ ਕੌਰ |
| ਬਰਾਂਚ ਦਾ ਨਾਮ : ਪਾਤੜਾਂ | |
| 283105003046 | ਅਜੀਤ ਸਿੰਘ |
| 283105002459 | ਸਿਮਰਨਜੀਤ ਕੌਰ |
| 283105003605 | ਪੱਪੀ * |
| ਬਰਾਂਚ ਦਾ ਨਾਮ : ਪੱਟੀ | |
| 150505006773 | ਨਵਾਬ ਅਲੀ |
| ਬਰਾਂਚ ਦਾ ਨਾਮ : ਫਗਵਾੜਾ | |
| 632105002843 | ਮਿਥੁਨ ਕੁਮਾਰ |
| 632105002845 | ਤੂਫਾਨੀ ਮਾਝੀ |
| ਬਰਾਂਚ ਦਾ ਨਾਮ : ਰਾਜਪੁਰਾ | |
| 047705005683 | ਮਨਪ੍ਰੀਤ ਸਿੰਘ |
| 047705005865 | ਪ੍ਰਵੀਨ ਕੁਮਾਰ |
| ਬਰਾਂਚ ਦਾ ਨਾਮ : ਸੁਲਤਾਨਪੁਰ ਲੋਧੀ | |
| 272405000429 | ਸਤਨਾਮ ਸਿੰਘ |
| 272405001005 | ਅਨਮੋਲ ਦੀਪ ਸਿੰਘ |
| 272405001003 | ਪ੍ਰਮਾਤਮਾ ਸਿੰਘ |
| ਬਰਾਂਚ ਦਾ ਨਾਮ : ਤਪਾ | |
| 417405000589 | ਰਾਜਵਿੰਦਰ ਸਿੰਘ |
| ਬਰਾਂਚ ਦਾ ਨਾਮ : ਤਰਨ ਤਾਰਨ | |
| 050505003756 | ਹਰਦੇਵ ਸਿੰਘ |
| ਬਰਾਂਚ ਦਾ ਨਾਮ : ਜ਼ੀਰਾ | |
| 199705001364 | ਸੁਖਵਿੰਦਰ ਕੌਰ |

ਮਿਤੀ : 10.10.2022
ਸਥਾਨ : ਚੰਡੀਗੜ੍ਹ, ਜਲੰਧਰ, ਪਟਿਆਲਾ, ਸਾਹਿਬਜ਼ਾਦਾ ਅਜੀਤ ਸਿੰਘ ਨਗਰ, ਅੰਮ੍ਰਿਤਸਰ, ਬਠਿੰਡਾ, ਫਿਰੋਜ਼ਪੁਰ, ਮਾਨਸਾ, ਫਾਜ਼ਿਲਕਾ, ਲੁਧਿਆਣਾ, ਕਪੂਰਥਲਾ, ਰੂਪਨਗਰ, ਫਤਿਹਗੜ੍ਹ ਸਾਹਿਬ, ਗੁਰਦਾਸਪੁਰ, ਤਰਨ ਤਾਰਨ, ਬਰਨਾਲਾ, ਕਪੂਰਥਲਾ, ਮਾਲੇਰਕੋਟਲਾ, ਮੋਗਾ, ਸੰਗਰੂਰ, ਸ਼ਹੀਦ ਭਗਤ ਸਿੰਘ ਨਗਰ

ਸਹੀ/-
ਅਧਿਕਾਰਤ ਅਫਸਰ,
ਵਾਸਤੇ ਆਈ ਸੀ ਆਈ ਸੀ ਆਈ ਬੈਂਕ, ਲਿਮ:



## ਕਲਾਸੀਫਾਈਡ ਇਸ਼ਤਿਹਾਰ

### Public Notice

We, Gurcharan Singh Arora & Surinder Pal Kaur both R/o 905, Urban Estate, Phase-II, Jalandhar declare that our son Navdeep Singh Arora alongwith his wife Gurwinder Kaur are out of our control. We disinherit them from our moveable and immovable properties. We and our family shall not be held responsible for any of their acts, deeds and things.

### ਆਮ ਸੂਚਨਾ

ਮੈਂ, ਸੁਰਿੰਦਰ ਵਾਲੀਆ ਪਤਨੀ ਜੋਗਿੰਦਰ ਸਿੰਘ ਵਾਸੀ ਮਕਾਨ ਨੰ. 34-35, ਰੋਹਿਨੀ ਕਲੋਨੀ, ਲੈਦਰ ਕੰਪਲੈਕਸ ਰੋਡ, ਬਸਤੀ ਪੀਰ ਦਾਦ, ਜਲੰਧਰ ਬਿਆਨ ਕਰਦੀ ਹਾਂ ਕਿ ਮੈਂ ਆਪਣੇ ਲੜਕੇ ਸੁਖਵਿੰਦਰ ਸਿੰਘ ਵਾਲੀਆ ਅਤੇ ਉਸਦੀ ਪਤਨੀ ਅਵਨੀ ਵਾਲੀਆ ਅਤੇ ਪੋਤਾ ਪ੍ਰਿਯੰਸ਼ੂ ਸਿੰਘ ਵਾਲੀਆ ਨੂੰ ਮੇਰੇ ਕਹਿਣੇ ਵਿੱਚ ਨਾ ਹੋਣ ਕਰਕੇ ਅਖ਼ਬਾਰ ਰਾਹੀਂ ਬੇਦਖਲ ਕੀਤਾ ਸੀ। ਹੁਣ ਮੇਰਾ ਲੜਕਾ ਸੁਖਵਿੰਦਰ ਸਿੰਘ ਅਤੇ ਪੋਤਾ ਪ੍ਰਿਯੰਸ਼ੂ ਸਿੰਘ ਵਾਲੀਆ ਮੇਰੇ ਕਹਿਣੇ ਵਿੱਚ ਹਨ। ਮੈਂ ਇਹਨਾਂ ਦੋਨਾਂ ਦੀ ਬੇਦਖਲੀ ਵਾਪਿਸ ਲੈਂਦੀ ਹਾਂ। ਹੁਣ ਇਹ ਮੇਰੀ ਚੱਲ-ਅਚੱਲ ਜਾਇਦਾਦ ਦੇ ਵਾਰਿਸ ਹੋਣਗੇ। ਸੰਬੰਧਿਤ ਨੋਟ ਕਰਨ।

ਮੈਂ, ਪ੍ਰਕਾਸ਼ ਕੌਰ ਵਿਧਵਾ ਪੂਰਨ ਸਿੰਘ ਪੁੱਤਰ ਸੁੰਦਰ ਸਿੰਘ ਵਾਸੀ ਰਾਮਗੜ੍ਹ, ਤਹਿਸੀਲ ਭੁਲੱਥ, ਜ਼ਿਲ੍ਹਾ ਕਪੂਰਥਲਾ ਬਿਆਨ ਕਰਦੀ ਹਾਂ ਕਿ ਮੈਂ ਆਪਣੀ ਜ਼ਮੀਨ 29 ਕਨਾਲ 1 ਮਰਲਾ 5 ਸਰਸਾਹੀ ਪਿੰਡ ਰਾਮਗੜ੍ਹ ਅਤੇ ਇਕ ਪਲਾਟ 0-10 ਮਰਲੇ ਵਾਕਿਆ ਰਕਬਾ ਭੁਲੱਥ ਵੇਚਿਆ ਹੈ ਜਿਸ ਦੀ ਬਣਦੀ ਰਕਮ ਆਪਣੇ ਲੜਕੇ ਸੂਰਤ ਸਿੰਘ ਪੁੱਤਰ ਪੂਰਨ ਸਿੰਘ ਵਾਸੀ ਰਾਮਗੜ੍ਹ, ਤਹਿਸੀਲ ਭੁਲੱਥ, ਜ਼ਿਲ੍ਹਾ ਕਪੂਰਥਲਾ ਨੂੰ ਦੇ ਦਿੱਤੀ ਹੈ ਕਿਉਂਕਿ ਮੇਰਾ ਲੜਕਾ ਸੂਰਤ ਸਿੰਘ ਹੀ ਮੇਰੀ ਸੇਵਾ ਅਤੇ ਦੇਖਭਾਲ ਕਰਦਾ ਹੈ ਮੇਰੇ ਲੜਕੇ ਸੂਰਤ ਸਿੰਘ ਮੇਰੇ ਕਿਸੇ ਹੋਰ ਵਾਰਸ ਲੜਕੇ ਜਾਂ ਲੜਕੀਆਂ ਨੂੰ ਉਕਤ ਵੇਚੀ ਜਮੀਨ ਦੀ ਰਕਮ ਵਿਚੋਂ ਉਹਨਾਂ ਦਾ ਬਣਦਾ ਹਿਸਾ ਦੀ ਰਕਮ ਦੇਵੇ ਜਾਂ ਨਾ ਦੇਵੇ ਮੈਨੂੰ ਕੋਈ ਇਤਰਾਜ ਨਹੀ ਹੋਵੇਗਾ।

ਮੈਂ ਪਰਮਜੀਤ ਕੌਰ ਪਤਨੀ ਦਵਿੰਦਰ ਸਿੰਘ ਵਾਸੀ ਪਿੰਡ ਤੇ ਡਾਕਖਾਨਾ ਲੋਹਾਰਕਾ ਬਾਈ ਪਾਸ ਫਤਿਹਗੜ੍ਹ ਚੂੜੀਆ ਰੋਡ,ਨੇੜੇ ਪੈਟ੍ਰੋਲ ਪੰਪ,ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰੀ ਜਮੀਨ ਐਸ.ਸੀ.ਓ ਦਾ ਮੁਖਤਾਰਨਾਮਾ 20.09.22 ਨੂੰ ਕਿੱਧਰੇ ਗੁੰਮ ਹੋ ਗਿਆ ਹੈ। ਇਸਦੀ ਡੀ ਡੀ ਆਰ ਥਾਣਾ ਸੁਵਿਧਾ ਸੈਂਟਰ ਫਤਿਹਗੜ੍ਹ ਵਿਖੇ 07.10.22 ਨੂੰ ਦਰਜ ਕਰਵਾ ਦਿੱਤੀ ਹੈ। ਜਿਸਦਾ ਯੂਨੀਕ ਆਈ ਡੀ ਨੰ.2676172 ਹੈ। ਅਗਰ ਇਹ ਕਿਸੇ ਨੂੰ ਮਿਲਦੀ ਹੈ ਤਾਂ ਸਾਨੂੰ ਸੰਪਰਕ ਕਰੇ- 9814636728

### ਬੇਦਖਲੀ ਨੋਟਿਸ

ਮੈ ਨੀਲਮ ਮਹਾਜਨ ਪਤਨੀ ਲੇਟ ਸ਼੍ਰੀ ਲਲਿਤ ਮਹਾਜਨ ਵਾਸੀ 16 ਪ੍ਰਿਤਪਾਲ ਵਾਲੀ ਗਲੀ ਨਜਦੀਕ ਢਿਲੋ ਮੈਡਿਕਲ ਸਟੋਰ (ਭਾਰਤ ਨਗਰ) ਪਵਨ ਨਗਰ ਬਟਾਲਾ ਰੋਡ ਅਮ੍ਰਿਤਸਰ ਇਹ ਬਿਆਨ ਕਰਦੀ ਹਾਂ ਕਿ ਮੇਰੇ ਲੜਕਾ ਸਾਹਿਲ ਮਹਾਜਨ ਉਸਦੀ ਪਤਨੀ ਪ੍ਰਿਅੰਕਾ ਮਲਹੋਤਰਾ ਅਤੇ ਉਸਦੀ ਲੜਕੀ ਸੁਦਿਕਸ਼ਾ ਮਹਾਜਨ ਜੋਕੀ ਮੇਰੇ ਕਹਿਣੇ ਤੋ ਬਾਹਰ ਹਨ । ਇਹਨਾਂ ਨੂੰ ਮੈ ਆਪਣੀ ਚੱਲ-ਅਚੱਲ ਜਾਇਦਾਦ ਤੋ ਬੇਦਖਲ ਕਰਦੀ ਹਾਂ। ਇਹਨਾਂ ਨਾਲ ਮੇਰਾ ਅਤੇ ਮੇਰੇ ਪਰਿਵਾਰ ਨਾਲ ਕੋਈ ਤਲਕ ਵਾਸਤਾ ਨਹੀ ਹੋਵੇਗਾ। ਇਹਨਾਂ ਨਾਲ ਲੇਣ-ਦੇਣ ਕਰਨ ਵਾਲਾ ਖੁੱਦ ਜਿੰਮੇਵਾਰ ਹੋਵੇਗਾ ।

ਮੈ ਅਮਰਜੀਤ ਕੌਰ ਪਤਨੀ ਪਵਿੱਤਰ ਸਿੰਘ ਵਾਸੀ ਪਿੰਡ ਸਾਦੀਪੁਰ ਨੇੜੇ ਨੂਰਮਹਿਲ, ਤਹਿਸੀਲ ਫਿਲੌਰ ਜਿਲ੍ਹਾ ਜਲੰਧਰ ਆਪਣੀ ਸੁੱਧ ਬੁੱਧ ਨਾਲ ਬਿਆਨ ਕਰਦੀ ਹਾਂ ਕਿ ਮੇਰੀ ਪੁੱਤਰੀ ਗੁਰਦੀਪ ਕੌਰ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਰਜੀ ਕਰਦੀ ਹੈ ਅਤੇ ਬਾਕੀ ਪਰਿਵਾਰ ਨਾਲ ਲੜਾਈ ਝਗੜਾ ਕਰਦੀ ਹੈ ਤੇ ਹਰ ਵੇਲੇ ਘਰ ਵਿਚ ਕਲੇਸ ਕਰਦੀ ਹੈ । ਮੈ ਇਸ ਨੂੰ ਆਪਣੀ ਚੱਲ ਅਤੇ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹੈ । ਜੋ ਵੀ ਮੇਰੀ ਲੜਕੀ ਨਾਲ ਕਿਸੇ ਕਿਸਮ ਦਾ ਲੈਣ ਦੇਣ ਕਰੇਗਾ ਉਹ ਆਪ ਜੁਮੇਵਾਰ ਹੋਵੇਗਾ । ਹੁਣ ਮੇਰਾ ਗੁਰਦੀਪ ਕੌਰ ਨਾਲ ਕੋਈ ਸੰਬੰਧ ਨਹੀਂ ਹੈ । ਸਾਰੇ ਨੋਟ ਕਰਨ ।

### ਬੇਦਖਲੀ ਨੋਟਿਸ

I, Kulwant Singh Pahwa s/o Jagat Singh r/o W.No.7, Mohalla Rajputan Rahon, Distt.SBS Nagar, Punjab changed my name to Kulwant Singh. All Please Note.

I, Vikky s/o Surjit Ram r/o H.No.199, Shanti Bihar, Maqsudan, Jalandhar have changed my name from Vikky to Vikky Heer. All Please Note.

I, Jasvir Singh s/o Mangal Singh r/o Mohalla Tibba, VPO.Jamsher Khas, Jalandhar-II, Jalandhar-144020, Punjab have changed my name to Jimmy Gill for all future purpose.

I, Gurmukh S/o Satnam Kumar R/o V.P.O. Kalyanpur, Kalianpur, Jalandhar, Punjab-144026, have changed my name as Gurmukh Kumar. All Please Note.

I, Santokh Kumari W/o Rakesh Kumar R/o Dakghar Babri Nangal, Gurdaspur, Punjab-143529 have changed my name as Santosh Devi. All Please Note.

I, Boota Singh S/o Puran Singh R/o Ramdasia Patti, Samadhbhai, Moga, Punjab-142057 have changed my name as Sandeep Singh. All Please Note.

I, Chanchal D/o Hanuman Parsad R/o H.No. 2-B, Link Colony, Jalandhar Have Changed My Name From Chanchal To Chanchal Jangir. All Please Note.

I Army no. JC-733350y Sub Harnam Singh s/o Roshan Lal R/o 223 ABOD Suranussi, Jalandhar C/O 56 APO have changed name of my wife from Sarla Debi (05/07/1979) to Sarla Devi (DOB 20/03/1980).

I, Jit Singh S/o Puran Singh R/o Vill. Mehmadpur, Po. Sher Singh Wala, Distt. Kapurthala, Punjab have changed my name from Jit Singh to Ajit Singh. All Please Note.

I, Mandeep Singh s/o Harvinder Singh R/o 316, Guru Teg Bahadur Nagar, Jalandhar have changed my minor son name from Agamveer Singh to Agamveer Singh Juneja. All Please Note. (R)

I, Jaskiranpreet Kaur Manak W/o Rajwinder Singh R/o Vill. Mala, P.O. Talwandi Madho, Tehsil Shahkot, Distt. Jalandhar have changed my name from Jaskiranpreet Kaur Manak to Jaskiranpreet Kaur

I, Hitherto known as Sudha Rani W/o Harinder Pal Sharma Residing at H.No. 29, Babbar Akali Market, Phagwara, Distt. Kapurthala-144401 Punjab, India, have changed my name and shall hereafter be known as Sudha Sharma.



### ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

## ਨਹਿਰੀ ਪਾਣੀ ਨੂੰ ਲੈ ਕੇ ਕਿਸਾਨਾਂ ਵੱਲੋਂ ਮੁੱਖ ਮੰਤਰੀ ਦੇ ਦਫ਼ਤਰ ਅੱਗੇ ਧਰਨਾ



ਮੁੱਖ ਮੰਤਰੀ ਦੇ ਧੂਰੀ ਦਫ਼ਤਰ ਅੱਗੇ ਲਾਏ ਧਰਨੇ ਦਾ ਦ੍ਰਿਸ਼।

**ਧੂਰੀ (ਸੁਖਦੇਵ ਧੂਰੀ)**-ਕਿਰਤੀ ਕਿਸਾਨ ਯੂਨੀਅਨ ਦੀ ਅਗਵਾਈ ਹੇਠ ਵੱਖ ਵੱਖ ਪਿੰਡਾਂ ਵਿੱਚ ਨਹਿਰੀ ਪਾਣੀ ਦੀ ਸਿੰਚਾਈ ਨੂੰ ਲੈ ਕੇ ਵੱਖ-ਵੱਖ ਪਿੰਡਾਂ ਵਿੱਚੋਂ ਦੀ ਹੁੰਦੇ ਹੋਏ ਕਾਤਰੋਂ ਦਾਣਾ ਮੰਡੀ ਤੋਂ ਮੁੱਖ ਮੰਤਰੀ ਦਫਤਰ ਧੂਰੀ ਤੱਕ ਟ੍ਰੈਕਟਰਾਂ, ਗੱਡੀਆਂ ਤੇ ਮੋਟਰਸਾਈਕਲਾਂ 'ਤੇ ਸਵਾਰ ਹੋ ਕੇ ਰੋਸ ਮਾਰਚ ਕੱਢਿਆ ਗਿਆ ਤੇ ਮੁੱਖ ਮੰਤਰੀ ਦੇ ਨਾਂਅ ਮੰਗ ਪੱਤਰ ਸੌਂਪ ਕੇ ਇਨ੍ਹਾਂ ਪਿੰਡਾਂ ਲਈ ਨਹਿਰੀ ਪਾਣੀ ਦੀ ਮੰਗ ਕੀਤੀ ਗਈ। ਮੁੱਖ ਮੰਤਰੀ ਦਫਤਰ ਅੱਗੇ ਇਕੱਠ ਨੂੰ ਸੰਬੋਧਨ ਕਰਦਿਆਂ ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਮੀਤ ਪ੍ਰਧਾਨ ਰਾਜਿੰਦਰ ਸਿੰਘ ਦੀਪ ਸਿੰਘ ਵਾਲਾ, ਯੂਥ ਵਿੰਗ ਦੇ ਸੂਬਾ ਕਨਵੀਨਰ ਭੁਪਿੰਦਰ ਲੌਂਗੋਵਾਲ, ਜ਼ਿਲ੍ਹਾ ਪ੍ਰਧਾਨ ਜਰਨੈਲ ਸਿੰਘ ਜਹਾਂਗੀਰ ਨੇ ਦੱਸਿਆ ਕਿ ਪੰਜਾਬ ਦੇ ਕਿਸਾਨ ਆਪਣੀਆਂ ਖੇਤੀ ਲੋੜਾਂ ਦੀ ਪੂਰਤੀ ਲਈ 70 ਫੀਸਦੀ ਪਾਣੀ ਡੂੰਘੇ ਬੋਰਾਂ ਰਾਹੀਂ ਧਰਤੀ ਹੇਠੋਂ ਕੱਢਦੇ ਹਨ, ਜਦੋਂਕਿ ਕੌਮਾਂਤਰੀ ਪੱਧਰ 'ਤੇ ਲਾਗੂ ਰਿਪੇਰੀਅਨ ਸਿਧਾਂਤ ਨੂੰ ਅੱਖੋਂ ਪਰੋਖੇ ਕਰਕੇ ਪੰਜਾਬ ਦੇ ਦਰਿਆਵਾਂ ਦਾ ਕਰੀਬ 75 ਫੀਸਦੀ ਪਾਣੀ ਗੈਰ ਰਿਪੇਰੀਅਨ ਸੂਬਿਆਂ ਨੂੰ ਦਿੱਤਾ ਜਾ ਰਿਹਾ ਹੈ। ਇਲਾਕਾ ਮਾਲੇਰਕੋਟਲਾ, ਧੂਰੀ ਤੇ ਸ਼ੇਰਪੁਰ ਦੇ ਪਿੰਡਾਂ ਦੇ ਲੋਕਾਂ ਕੋਲ ਇੱਕ ਬੂੰਦ ਵੀ ਨਹਿਰੀ ਪਾਣੀ ਨਹੀਂ ਹੈ, ਦੇਸ਼ ਵੰਡ ਤੋਂ ਪਹਿਲਾਂ ਅੰਗਰੇਜ਼ਾਂ ਤੇ ਨਵਾਬ ਮਾਲੇਰਕੋਟਲਾ ਨੇ ਇਨ੍ਹਾਂ ਲੋਕਾਂ ਨੂੰ ਨਹਿਰੀ ਪਾਣੀ ਤੋਂ ਵਾਂਝੇ ਰੱਖਿਆ ਤੇ ਹੁਣ ਦੀਆਂ ਸਰਕਾਰਾਂ ਨੇ ਵੀ ਇਨ੍ਹਾਂ ਇਲਾਕਿਆਂ ਦੇ ਲੋਕਾਂ ਲਈ ਨਹਿਰੀ ਪਾਣੀ ਦਾ ਪ੍ਰਬੰਧ ਨਹੀਂ ਕੀਤਾ। ਮੌਜੂਦਾ ਸਮੇਂ ਇਹ ਇਲਾਕਾ ਗੰਭੀਰ ਪਾਣੀ ਸੰਕਟ ਦਾ ਸਾਹਮਣਾ ਕਰ ਰਿਹਾ ਹੈ ਤੇ ਆਉਣ ਵਾਲੇ ਸਮੇਂ ਵਿੱਚ ਪੀਣ ਵਾਲੇ ਪਾਣੀ ਦਾ ਸੰਕਟ ਗਹਿਰਾ ਜਾਵੇਗਾ। ਉਨ੍ਹਾ ਕਿਹਾ ਕਿ 2 ਮਹੀਨਿਆਂ ਤੋਂ ਪਾਣੀ ਦੀ ਪ੍ਰਾਪਤੀ ਲਈ ਇਲਾਕੇ ਦੇ ਲੋਕ ਲਾਮਬੰਦੀ ਕਰ ਰਹੇ ਹਨ, ਪ੍ਰੰਤੂ ਕਿਸੇ ਵੀ ਨੁਮਾਇੰਦੇ ਜਾਂ ਅਧਿਕਾਰੀ ਨੇ ਲੋਕਾਂ ਦੀ ਸਾਰ ਨਹੀਂ ਲਈ। ਆਗੂਆਂ ਨੇ ਮੰਗ ਕੀਤੀ ਕਿ ਨਹਿਰੀ ਪਾਣੀ ਤੋਂ ਵਾਂਝੇ ਪਿੰਡਾਂ ਦੇ ਕਿਸਾਨਾਂ ਦੇ ਖੇਤਾਂ ਤੱਕ ਪਾਣੀ ਪਹੁੰਚਦਾ ਕੀਤਾ ਜਾਵੇ। ਡੈਮ ਸੇਫਟੀ ਐਕਟ 2021 ਰੱਦ ਕੀਤਾ ਜਾਵੇ, ਦਰਿਆਈ ਪਾਣੀਆਂ ਤੇ ਧਰਤੀ ਹੇਠਾਂ ਬੋਰ ਕਰਕੇ ਸਨਅਤਾਂ ਦੇ ਜ਼ਹਿਰੀਲੇ ਰਸਾਇਣ ਤੇ ਸ਼ਹਿਰਾਂ ਦਾ ਸੀਵਰੇਜ ਪਾਇਪ ਬੰਦ ਕੀਤੇ ਜਾਣ। ਇਸ ਰੋਸ ਮਾਰਚ ਦੀ ਅਗਵਾਈ ਮਾਲੇਰਕੋਟਲਾ ਜ਼ੋਨ ਦੇ ਆਗੂ ਸੁਖਵਿੰਦਰ ਸਿੰਘ ਚੂੰਘਾ, ਬਹਾਦਰ ਸਿੰਘ ਫਰੀਦਪੁਰ, ਮੱਘਰ ਸਿੰਘ ਭੂਦਨ ਤੇ ਕੁਲਵਿੰਦਰ ਸਿੰਘ ਤੇ ਧੂਰੀ ਜ਼ੋਨ ਨੇ ਆਗੂ ਭਜਨ ਸਿੰਘ ਕਲੇਰਾਂ, ਲਛਮਣ ਸਿੰਘ ਰੁੜਗੜ੍ਹ, ਹਰਪ੍ਰੀਤ ਸਿੰਘ ਫਰਵਾਹੀ, ਸ਼ੇਰਪੁਰ ਜ਼ੋਨ ਦੇ ਆਗੂ ਹਰਦਿਆਲ ਸਿੰਘ ਕਾਤਰੋਂ, ਹਰਦੇਵ ਸਿੰਘ ਬੜੀ, ਮੇਹਰ ਸਿੰਘ ਲੰਡੇ, ਜਸਮੇਲ ਸਿੰਘ, ਭਾਰਤੀ ਕਿਸਾਨ ਯੂਨੀਅਨ ਏਕਤਾ (ਉਗਰਾਹਾਂ) ਦੇ ਬਲਾਕ ਆਗੂ ਹਰਜੀਤ ਸਿੰਘ ਬਦੇਸ਼ਾ, ਹਰੀ ਸਿੰਘ ਬਮਾਲ, ਨਿਰਮਲ ਸਿੰਘ ਕੁਠਾਲਾ, ਸਰਪੰਚ ਅਮਨਦੀਪ ਸਿੰਘ ਕਲੇਰਾਂ, ਕੁੱਲ ਹਿੰਦ ਕਿਸਾਨ ਸਭਾ ਦੇ ਸੂਬਾ ਸਕੱਤਰ ਮੇਜਰ ਸਿੰਘ ਪੁੰਨਾਵਾਲ, ਅਮਰੀਕ ਸਿੰਘ ਤੋਂ ਇਲਾਵਾ ਕਿਸਾਨਾਂ ਦਾ ਮੰਗ ਪੱਤਰ ਲੈਣ ਲਈ ਤਹਿਸੀਲਦਾਰ ਕੁਲਦੀਪ ਸਿੰਘ ਦੇ ਨਾਲ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਡਾ. ਅਨਵਰ ਭਸੌੜ, ਆਪ ਆਗੂ ਸਤਿੰਦਰ ਸਿੰਘ ਚੱਠਾ, ਪ੍ਰੀਤ ਧੂਰੀ, ਆਮ ਆਦਮੀ ਪਾਰਟੀ ਦੇ ਬਲਾਕ ਪ੍ਰਧਾਨ ਹਰਪ੍ਰੀਤ ਸਿੰਘ ਗਿੱਲ ਤੋਂ ਇਲਾਵਾ ਹੋਰ ਹਾਜ਼ਰ ਸਨ।

## ਕਿਸਾਨਾਂ ਦੇ ਦਬਾਅ ਅੱਗੇ ਝੁਕਿਆ ਮਾਈਨਿੰਗ ਵਿਭਾਗ

### ਨਹੀਂ ਹੋਵੇਗੀ ਕਿਸਾਨ 'ਤੇ ਕਾਰਵਾਈ, ਪਹਿਲਾਂ ਦਰਜ ਹੋਏ ਮਾਮਲੇ ਹੋਣਗੇ ਖਾਰਜ



**ਪਾਤੜਾਂ (ਭੁਪਿੰਦਰਜੀਤ ਮੌਲਵੀਵਾਲਾ) :** ਸਬ-ਡਵੀਜ਼ਨ ਪਾਤੜਾਂ ਅਧੀਨ ਆਉਂਦੇ ਕਸਬਾ ਘੱਗਾ ਨੇੜਲੇ ਪਿੰਡ ਕਲਵਾਨੂੰ ਵਿਖੇ ਕਿਸਾਨ ਵੱਲੋਂ ਖੇਤਾਂ ਵਿੱਚੋਂ ਚੁੱਕੀ ਜਾ ਰਹੀ ਮਿੱਟੀ ਨੂੰ ਲੈ ਕੇ ਪਹੁੰਚੀ ਮਾਇਨਿੰਗ ਵਿਭਾਗ ਦੀ ਟੀਮ ਨੂੰ ਮੌਕੇ ਉਤੇ ਹੀ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੀ ਅਗਵਾਈ ਵਿੱਚ ਕਿਸਾਨਾਂ ਨੇ ਘੇਰ ਲਿਆ। ਸ਼ੁੱਕਰਵਾਰ ਸ਼ਾਮ ਸਮੇਂ ਕਾਰਵਾਈ ਕਰਨ ਪਹੁੰਚੀ ਟੀਮ ਦੇ ਵਿਰੋਧ ਵਿੱਚ ਵੱਡੀ ਗਿਣਤੀ 'ਚ ਇਕੱਤਰ ਹੋਏ ਕਿਸਾਨਾਂ ਨੇ ਖੇਤ ਵਿੱਚ ਹੀ ਧਰਨਾ ਦੇ ਕੇ ਮਾਈਨਿੰਗ ਵਿਭਾਗ ਦੇ ਅਧਿਕਾਰੀਆਂ ਖਿਲਾਫ ਜੰਮ ਕੇ ਨਾਅਰੇਬਾਜ਼ੀ ਕੀਤੀ। ਮਾਮਲੇ ਦਾ ਪਤਾ ਲੱਗਦਿਆਂ ਹੀ ਵੱਡੀ ਗਿਣਤੀ ਵਿੱਚ ਪੁਲਸ ਫੋਰਸ ਨੇ ਮੌਕੇ ਉੱਤੇ ਪਹੁੰਚ ਕੇ ਕਿਸਾਨਾਂ ਨੂੰ ਸ਼ਾਂਤ ਕਰਨ ਦੀ ਕੋਸ਼ਿਸ਼ ਕੀਤੀ, ਪਰ ਜਥੇਬੰਦੀ ਦੇ ਆਗੂ ਆਪਣੀਆਂ ਮੰਗਾਂ ਉੱਤੇ ਅੜੇ ਰਹੇ। ਉਪਰੰਤ ਦੇਰ ਰਾਤ ਮਾਈਨਿੰਗ ਵਿਭਾਗ ਦੇ ਅਧਿਕਾਰੀਆਂ ਨੇ ਕਿਸਾਨਾਂ ਦੇ ਦਬਾ ਅੱਗੇ ਝੁਕਦਿਆਂ ਮੰਗਾਂ ਮੰਨਣ ਦਾ ਭਰੋਸਾ ਦੇਣ ਮਗਰੋਂ ਧਰਨਾ ਚੁੱਕਿਆ ਲਿਆ।

ਜਾਣਕਾਰੀ ਦਿੰਦੇ ਹੋਏ ਧਰਨੇ ਦੀ ਅਗਵਾਈ ਕਰ ਰਹੇ ਭਾਰਤੀ ਕਿਸਾਨ ਯੂਨੀਅਨ ਏਕਤਾ (ਉਗਰਾਹਾਂ) ਦੇ ਬਲਾਕ ਪ੍ਰਧਾਨ ਅਮਰੀਕ ਸਿੰਘ ਨੇ ਦੱਸਿਆ ਕਿ ਪਿੰਡ ਕਲਵਾਨੂੰ ਵਿੱਚ ਮਾਈਨਿੰਗ ਵਿਭਾਗ ਵੱਲੋਂ ਕਿਸਾਨ ਉੱਤੇ ਕਾਰਵਾਈ ਕਰਨ ਲਈ ਰੇਡ ਕੀਤੀ ਗਈ ਸੀ, ਪਰ ਜਥੇਬੰਦੀ ਨੇ ਮਾਈਨਿੰਗ ਵਿਭਾਗ ਦੇ ਅਧਿਕਾਰੀਆਂ ਦੀ ਧੱਕੇਸ਼ਾਹੀ ਖ਼ਿਲਾਫ਼ ਖੇਤ ਵਿੱਚ ਧਰਨਾ ਲਾ ਕੇ ਕਾਰਵਾਈ ਰੋਕਣ ਦੀ ਮੰਗ ਕੀਤੀ ਸੀ, ਜਿਸ 'ਤੇ ਦੇਰ ਰਾਤ ਤਿੰਨ ਗੱਲਾਂ ਉਤੇ ਸਮਝੌਤਾ ਹੋਇਆ, ਜਿਸ ਵਿੱਚ ਤੈਅ ਹੋਇਆ ਕਿ ਵਿਭਾਗ ਵੱਲੋਂ ਕੋਈ ਵੀ ਕਾਰਵਾਈ ਨਹੀਂ ਕੀਤੀ ਜਾਵੇਗੀ। ਇਸ ਤੋਂ ਇਲਾਵਾ ਪਹਿਲਾਂ ਹੋਰਨਾਂ ਥਾਵਾਂ 'ਤੇ ਜਿਹੜੇ ਮਾਮਲੇ ਦਰਜ ਕਰਕੇ ਜੁਰਮਾਨੇ ਕੀਤੇ ਹੋਏ ਹਨ, ਉਨ੍ਹਾਂ ਕੇਸਾਂ ਨੂੰ ਰੱਦ ਕੀਤਾ ਜਾਵੇਗਾ। ਇਸ ਲਈ ਉਹ ਮੁਕੱਦਮੇ ਵਿਭਾਗ ਵੱਲੋਂ ਵਾਪਸ ਲਏ ਜਾਣਗੇ ਤੇ ਤੀਜੀ ਗੱਲ ਇਹ ਤਹਿ ਹੋਈ ਕਿ ਜੇਕਰ ਕਿਸਾਨਾਂ ਵੱਲੋਂ ਆਪਣੇ ਖੇਤਾਂ ਵਿੱਚੋਂ ਚੁੱਕੀ ਜਾ ਰਹੀ ਮਿੱਟੀ ਹੇਠੋਂ ਰੇਤ ਨਿਕਲਦੀ ਹੈ ਤਾਂ ਉਸ ਨੂੰ ਮਾਈਨਿੰਗ ਦੇ ਅਧੀਨ ਮੰਨਦਿਆਂ ਫਿਰ ਵਿਭਾਗ ਕਾਰਵਾਈ ਕਰ ਸਕਦਾ ਹੈ। ਉਨ੍ਹਾਂ ਕਿਹਾ ਕਿ ਜਥੇਬੰਦੀ ਕਿਸਾਨਾਂ ਦੀਆਂ ਹੱਕੀ ਮੰਗਾਂ ਖਿਲਾਫ ਸੰਘਰਸ਼ ਜਾਰੀ ਰੱਖੇਗੀ। ਮਾਮਲੇ ਸਬੰਧੀ ਮਾਈਨਿੰਗ ਵਿਭਾਗ ਦੇ ਅਧਿਕਾਰੀਆਂ ਨਾਲ ਗੱਲਬਾਤ ਕਰਨੀ ਚਾਹੀ ਤਾਂ ਸੰਪਰਕ ਨਹੀਂ ਹੋ ਸਕਿਆ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਇਕਾਈ ਪ੍ਰਧਾਨ ਬਲਕਾਰ ਸਿੰਘ, ਮੀਤ ਪ੍ਰਧਾਨ ਅਮਰੀਕ ਸਿੰਘ ਢਿੱਲੋਂ, ਯਾਦਵਿੰਦਰ ਸਿੰਘ ਬੂਰੜ, ਖਜ਼ਾਨਚੀ ਬਲਜਿੰਦਰ ਸਿੰਘ, ਲਾਭ ਸਿੰਘ ਬਰਾਸ, ਕਾਲਾ ਬੂਟਾ ਸਿੰਘ ਵਾਲਾ, ਗਾਂਧੀ ਚੁਪਕੀ ਆਦਿ ਹਾਜ਼ਰ ਸਨ।

## ਕਾਤਰਾਂ

### ਤਿੰਨ ਬੱਚਿਆਂ ਦੇ ਬਾਪ ਦੀ ਨਸ਼ੇ ਵਾਲਾ ਟੀਕਾ ਲਗਾਉਣ ਨਾਲ ਮੌਤ

**ਮੱਖੂ (ਰਛਪਾਲ ਸਿੰਘ ਸੰਧੂ) :** ਬਲਾਕ ਮੱਖੂ ਦੇ ਪਿੰਡ ਮਾਲੇਵਾਲਾ ਦੇ 30 ਸਾਲ ਦੇ ਨੌਜਵਾਨ ਗੁਰਮੀਤ ਸਿੰਘ ਸਪੁੱਤਰ ਮੁਖਤਿਆਰ ਸਿੰਘ ਨੇ ਨਸ਼ਿਆਂ ਦੇ ਸੌਦਾਗਰ ਤੋਂ ਟੀਕਾ ਖਰੀਦ ਕੇ ਆਪਣੇ ਖੇਤ ਵਿੱਚ ਜਾ ਕੇ ਲਗਾ ਲਿਆ, ਜਿਸ ਨਾਲ ਉਸ ਦੀ ਮੌਤ ਹੋ ਗਈ। ਮ੍ਰਿਤਕ ਗੁਰਮੀਤ ਸਿੰਘ ਪਿੱਛੇ ਤਿੰਨ ਬੱਚਿਆਂ ਤੇ ਪਤਨੀ ਨੂੰ ਵਿਰਲਾਪ ਕਰਨ ਲਈ ਛੱਡ ਗਿਆ। ਕਿਸਾਨ ਆਗੂ ਲਖਵਿੰਦਰ ਸਿੰਘ ਤੇ ਬਲਜੀਤ ਕੌਰ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕਿਹਾ ਕਿ ਝਾੜੂ ਵਾਲੀ ਸਰਕਾਰ ਵੀ ਨਸ਼ਿਆਂ 'ਤੇ ਕਾਬੂ ਪਾਉਣ ਵਿੱਚ ਬੁਰੀ ਤਰ੍ਹਾਂ ਫੇਲ੍ਹ ਹੁੰਦੀ ਨਜ਼ਰ ਆ ਰਹੀ ਹੈ, ਇਸ ਲਈ ਸਾਨੂੰ ਜਨਤਾ ਨੂੰ ਖੁਦ ਹੀ ਮੈਦਾਨ ਵਿੱਚ ਆਉਣਾ ਪਵੇਗਾ। ਉਨ੍ਹਾਂ ਨੇ ਪੁਲਸ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਨਸ਼ਾ ਵੇਚਣ ਵਾਲੇ ਸੌਦਾਗਰਾਂ ਖ਼ਿਲਾਫ਼ ਸਖ਼ਤ ਧਾਰਾ ਲਗਾ ਕੇ ਪਰਚਾ ਦਰਜ ਕਰਕੇ ਜਲਦ ਗ੍ਰਿਫਤਾਰ ਕੀਤਾ ਜਾਵੇ ਤਾਂ ਜੋ ਹੋਰ ਮਾਵਾਂ ਦੇ ਪੁੱਤ ਨਸ਼ਿਆਂ ਤੋਂ ਬਚ ਸਕਨ।

### ਕਿਸਾਨ-ਮਜ਼ਦੂਰ ਸੰਘਰਸ਼ ਕਮੇਟੀ ਦੀ ਚੋਣ

**ਜਲਾਲਾਬਾਦ, (ਦਹੂਜਾ) :** ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਜ਼ੋਨ ਜਲਾਲਾਬਾਦ ਦੇ ਮੁੱਖ ਸਲਾਹਕਾਰ ਧਰਮ ਸਿੰਘ ਸਿੱਧੂ ਦੀ ਅਗਵਾਈ 'ਚ ਬਸਤੀ ਬਾਬਾ ਸੂਰਪਦਾਸ ਬੱਘੇ ਕੇ ਉਤਾੜ ਵਿਖੇ ਮੀਟਿੰਗ ਦੌਰਾਨ ਚੋਣ ਕੀਤੀ ਗਈ। ਮੀਟਿੰਗ 'ਚ ਜ਼ੋਨ ਸਕੱਤਰ ਸੁਖਚੈਨ ਸਿੰਘ ਸੋਢੀ ਨੇ ਉਚੇਚੇ ਤੌਰ 'ਤੇ ਸ਼ਿਰਕਤ ਕੀਤੀ। ਇਸ ਮੌਕੇ ਕੀਤੀ ਚੋਣ 'ਚ ਰਾਜਕਰਨ ਸਿੰਘ ਸਿੱਧੂ ਨੂੰ ਕਮੇਟੀ ਦਾ ਪ੍ਰਧਾਨ, ਹਰਭਜਨ ਲਾਲ ਨੂੰ ਸੀਨੀਅਰ ਪ੍ਰਧਾਨ, ਧੰਨਾ ਰਾਮ ਨੂੰ ਮੀਤ ਪ੍ਰਧਾਨ, ਸਕੱਤਰ ਦਰਸ਼ਨ ਰਾਮ, ਸਹਿ-ਸਕੱਤਰ ਕੰਵਲਜੀਤ ਸਿੰਘ, ਮੀਤ ਪ੍ਰਧਾਨ ਗੁਰਦੇਵ ਸਿੰਘ, ਮੁੱਖ ਸਲਾਹਕਾਰ ਰੁਪਿੰਦਰ ਸਿੰਘ, ਸਲਾਹਕਾਰ ਅਸ਼ੋਕ ਕੁਮਾਰ ਤੇ ਕੇਵਲ ਕ੍ਰਿਸ਼ਨ, ਜਦਕਿ ਪ੍ਰੈੱਸ ਸਕੱਤਰ ਆਕਾਸ਼ ਕੰਬੋਜ ਤੇ ਭੁਪਿੰਦਰ ਸਿੰਘ ਨੂੰ ਚੁਣਿਆ ਗਿਆ। ਇਸ ਤੋਂ ਇਲਾਵਾ ਮੈਂਬਰ ਕੁਲਦੀਪ ਸਿੰਘ, ਪਾਲਾ ਸਿੰਘ, ਮਹਿੰਦਰ ਸਿੰਘ ਲਛਮਣ ਸਿੰਘ, ਮਹਿੰਦਰ ਰਾਮ, ਛਿੰਦਰਪਾਲ ਸਿੰਘ, ਸੁਖਪਾਲ ਸਿੰਘ ਨੂੰ ਚੁਣਿਆ ਗਿਆ। ਨਵੀਂ ਬਣੀ ਕਮੇਟੀ ਨੇ ਸੂਬਾ ਕਮੇਟੀ ਨਾਲ ਮੋਢੇ ਨਾਲ ਮੋਢਾ ਲਾ ਕੇ ਕੰਮ ਕਰਨ ਦਾ ਭਰੋਸਾ ਦਿੱਤਾ।

### ਇੰਗਲਿਸ਼ ਸਟੂਡੀਓ ਨੇ ਲਵਾਇਆ ਕਨੈਡਾ ਦਾ ਸਟਡੀ ਵੀਜ਼ਾ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਇੰਗਲਿਸ਼ ਸਟੂਡੀਓ ਸੰਸਥਾ ਜੋ ਕਿ ਕੋਟਕਪੂਰਾ ਰੋਡ ਉਤੇ ਬਾਘਾ ਪੁਰਾਣਾ ਵਿਖੇ ਪੈਟ੍ਰੋਲ ਪੰਪ ਦੇ ਸਾਹਮਣੇ ਹੈ। ਇਥੇ ਵਿਦਿਆਰਥੀਆਂ ਨੂੰ ਸਾਰੀਆਂ ਆਧੁਨਿਕ ਤੇ ਬੁਨਿਆਦੀ ਸਹੂਲਤਾਂ ਪ੍ਰਧਾਨ ਕੀਤੀਆਂ ਜਾਂਦੀਆਂ ਹਨ। ਇਥੇ ਆਈਲਟਸ ਕਰਕੇ ਵਿਦਿਆਰਥੀ ਆਪਣੇ ਵਿਦੇਸ਼ ਜਾਣ ਦੇ ਸੁਪਨਿਆਂ ਨੂੰ ਸਾਕਾਰ ਕਰ ਰਹੇ ਹਨ, ਇਸ ਵਾਰ ਇਸ ਸੰਸਥਾ ਦੀ ਵਿਦਿਆਰਥਣ ਸਿਮਰਨਦੀਪ ਕੌਰ ਪੁੱਤਰੀ ਕੁਲਦੀਪ ਕੁਮਾਰ ਵਾਸੀ ਵੱਡਾ ਘਰ ਦਾ ਕੈਨੇਡਾ ਦਾ ਸਟਡੀ ਵੀਜ਼ਾ ਅਕਸਲੈਂਨਡਰ ਕਾਲਜ ਵੈਨਕੂਵਰ ਦਾ ਲਗਾਇਆ ਹੈ। ਸੰਸਥਾ ਦੇ ਮੁਖੀ ਪੰਕਜ ਬਾਂਸਲ ਤੇ ਗੌਰਵ ਕਾਲੜਾ ਨੇ ਵਿਦਿਆਰਥਣ ਨੂੰ ਵਧਾਈ ਦਿੰਦੇ ਉਸ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ।

### ਨੰਬਰਦਾਰਾਂ ਵੱਲੋਂ ਸੰਗਰੂਰ 'ਚ ਧਰਨਾ ਅੱਜ

**ਮਮਦੋਟ (ਹਰਪਾਲ ਸਿੰਘ ਸੋਢੀ)**-ਪੰਜਾਬ ਨੰਬਰਦਾਰ ਯੂਨੀਅਨ ਐਸੋਸੀਏਸ਼ਨ ਵੱਲੋਂ 10 ਅਕਤੂਬਰ ਨੂੰ ਸੰਗਰੂਰ ਵਿਖੇ ਆਪਣੀਆਂ ਮੰਗਾਂ ਨੂੰ ਲੈ ਕੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਰਿਹਾਇਸ਼ 'ਤੇ ਇੱਕ ਵਿਸ਼ਾਲ ਰੋਸ ਧਰਨਾ ਦਿੱਤਾ ਜਾ ਰਿਹਾ ਹੈ, ਜਿਸ ਵਿੱਚ ਪੰਜਾਬ ਪ੍ਰਧਾਨ ਪਰਮਿੰਦਰ ਸਿੰਘ ਗਾਲਿਬ ਦੀ ਅਗਵਾਈ ਵਿੱਚ ਪੂਰੇ ਪੰਜਾਬ ਤੋਂ ਨੰਬਰਦਾਰ ਇਸ ਧਰਨੇ-ਪ੍ਰਦਰਸ਼ਨ ਵਿੱਚ ਪਹੁੰਚ ਰਹੇ ਹਨ, ਜਿਸ ਵਿੱਚ ਮਮਦੋਟ ਤੋਂ ਨੰਬਰਦਾਰ ਮਹਿਲ ਸਿੰਘ ਸਿੱਧੂ ਪਿੰਡ ਆਲਾ ਧੂਤਾ ਕਾਲਾ ਟਿੱਬਾ ਆਪਣੇ ਸਾਥੀ ਨੰਬਰਦਾਰਾ ਨਾਲ ਵੀ ਇਸ ਧਰਨੇ ਵਿੱਚ ਪਹੁੰਚ ਕੇ ਆਪਣੀਆਂ ਮੰਗਾਂ ਪੂਰੀਆ ਕਰਵਾਉਣ ਲਈ ਸ਼ਮੂਲੀਅਤ ਕਰ ਰਹੇ ਹਨ।

### ਟਰੈਕਟਰਾਂ ਦੀ ਟੱਕਰ 'ਚ ਤਾਏ-ਭਤੀਜੇ ਦੀ ਮੌਤ

**ਮੂਨਕ (ਰਾਜਪਾਲ ਸਿੰਗਲਾ)**-ਇਥੋਂ ਨਜ਼ਦੀਕ ਪੈਂਦੇ ਪਿੰਡ ਬੁਸ਼ਹਿਰਾ ਨੇੜੇ ਟਰੈਕਟਰਾਂ ਦੀ ਆਪਸੀ ਟੱਕਰ 'ਚ ਤਾਏ-ਭਤੀਜੇ ਦੀ ਮੌਕੇ 'ਤੇ ਮੌਤ ਹੋ ਗਈ। ਜਾਣਕਾਰੀ ਅਨੁਸਾਰ ਨਜ਼ਦੀਕ ਪੈਂਦੇ ਪਿੰਡ ਬੁਸ਼ਹਿਰਾ ਦਾ ਇੱਕ ਜ਼ਿਮੀਂਦਾਰ ਨਾਜਰ ਸਿੰਘ ਆਪਣੇ ਛੋਟੇ ਭਤੀਜੇ ਅਮਨਜੋਤ ਸਿੰਘ ਸਮੇਤ ਮਕਾਨ ਬਣਾਉਣ ਲਈ ਆਪਣੇ ਟਰੈਕਟਰ-ਟਰਾਲੀ 'ਤੇ ਸਵਾਰ ਹੋ ਕੇ ਮੂਨਕ ਤੋਂ ਕੁਝ ਸਾਮਾਨ ਦੇ ਲੈ ਕੇ ਘਰ ਨੂੰ ਆ ਰਿਹਾ ਸੀ। ਜਦੋਂ ਉਹ ਪਿੰਡ ਦੀ ਅਨਾਜ ਮੰਡੀ ਕੋਲ ਪਹੁੰਚੇ ਤਾਂ ਪਿੱਛੋਂ ਆ ਰਹੇ ਇੱਕ ਸੀਮਿੰਟ ਦੇ ਭਰੇ ਟਰੈਕਟਰ-ਟਰਾਲੀ ਨੇ ਇਸ ਨੂੰ ਟੱਕਰ ਮਾਰ ਦਿੱਤੀ। ਟਰੈਕਟਰ 'ਤੇ ਸਵਾਰ ਤਾਏ ਤੇ ਭਤੀਜੇ ਦੀ ਮੌਕੇ 'ਤੇ ਮੌਤ ਹੋ ਗਈ।

### ਸੜਕ ਹਾਦਸੇ 'ਚ ਨੌਜਵਾਨ ਦੀ ਮੌਤ

**ਜਲਾਲਾਬਾਦ, (ਦਹੂਜਾ)**-ਫਿਰੋਜ਼ਪੁਰ-ਫਾਜ਼ਿਲਕਾ ਹਾਈਵੇ 'ਤੇ ਰਾਤ ਨੂੰ ਵਾਪਰੇ ਇੱਕ ਸੜਕ ਹਾਦਸੇ 'ਚ ਕਾਰ ਸਵਾਰ ਦੀ ਮੌਕੇ 'ਤੇ ਹੀ ਮੌਤ ਹੋ ਗਈ।ਮ੍ਰਿਤਕ ਤੁਸ਼ਾਰ ਬੱਟੀ ਆਮ ਆਦਮੀ ਪਾਰਟੀ ਵਰਕਰ ਸੀ ਤੇ ਆਲਟੋ ਕਾਰ 'ਤੇ ਸਵਾਰ ਹੋ ਕੇ ਪਿੰਡ ਲਮੋਚੜ ਜਾ ਰਿਹਾ ਸੀ ਤਾਂ ਰਸਤੇ 'ਚ ਪਿੰਡ ਧਰਮੂਵਾਲਾ ਦੇ ਨਜ਼ਦੀਕ ਤੁਸ਼ਾਰ ਦੀ ਕਾਰ ਖੜੀ ਟਰਾਲੀ ਨਾਲ ਜਾ ਟਕਰਾਈ ਅਤੇ ਤੁਸ਼ਾਰ ਦੀ ਮੌਕੇ 'ਤੇ ਹੀ ਮੌਤ ਹੋ ਗਈ।ਤੁਸ਼ਾਰ ਵਿਧਾਇਕ ਗੋਲਡੀ ਕੰਬੋਜ ਦਾ ਵੀ ਖਾਸਮ-ਖਾਸ ਸੀ।ਜਿਵੇਂ ਹੀ ਹਲਕੇ 'ਚ ਇਸ ਦੁਰਘਟਨਾ ਦਾ ਪਤਾ ਚੱਲਿਆ ਤਾਂ ਹਲਕੇ 'ਚ ਸੋਗ ਦੀ ਲਹਿਰ ਦੌੜ ਗਈ।

### ਪੰਚਾਇਤੀ ਜ਼ਮੀਨ 'ਚ 1600 ਪੌਦੇ ਲਗਾਏ

**ਮਾਛੀਵਾੜਾ ਸਾਹਿਬ, (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਮਾਛੀਵਾੜਾ ਬਲਾਕ ਅਧੀਨ ਪੈਂਦੇ ਪਿੰਡ ਖੋਖਰਾਂ ਦੀ ਪੰਚਾਇਤੀ ਜ਼ਮੀਨ ਵਿੱਚ 1600 ਪੌਦੇ ਲਗਾਏ ਗਏ। ਬਲਾਕ ਪੰਚਾਇਤ ਦਫ਼ਤਰ ਦੇ ਅਧਿਕਾਰੀ ਤੇ ਪਿੰਡ ਦੀ ਪੰਚਾਇਤ ਵੱਲੋਂ ਇਹ ਪੌਦੇ ਲਗਾਉਣ ਦੀ ਸ਼ੁਰੂਆਤ ਕੀਤੀ ਗਈ। ਪਿੰਡ ਦੀ ਡੇਢ ਏਕੜ ਪੰਚਾਇਤੀ ਜ਼ਮੀਨ ਵਿੱਚ ਫ਼ਲਦਾਰ, ਛਾਂਦਾਰ ਪੌਦੇ ਲਗਾਏ ਗਏ ਤਾਂ ਜੋ ਵਾਤਾਵਰਣ ਨੂੰ ਹਰਿਆ-ਭਰਿਆ ਰੱਖਿਆ ਜਾ ਸਕੇ। ਇਸ ਮੌਕੇ ਗੁਰਮੀਤ ਸਿੰਘ ਪੀਟਰ, ਅਵਤਾਰ ਸਿੰਘ, ਜਗਦੀਪ ਸਿੰਘ ਹੈਪੀ, ਗੁਰਮੀਤ ਸਿੰਘ, ਭੀਮ ਸਿੰਘ (ਸਾਰੇ ਪੰਚ), ਵਿਕਾਸ ਸਿੰਗਲਾ, ਹਰਦੀਪ ਸਿੰਘ, ਰੋਮਨਪ੍ਰੀਤ ਸਿੰਘ ਤੇ ਭਰਪੂਰ ਸਿੰਘ ਮੌਜੂਦ ਸਨ।

## 'ਆਪ' ਸਰਕਾਰ ਤੇ ਫ਼ੈਸਲਿਆਂ ਨਾਲ ਲੋਕਾਂ ਦੇ ਦਿਲ ਜਿੱਤੇ : ਡਾ. ਦਈਆ

**ਸਮਾਣਾ, (ਇਕਬਾਲ ਸਿੰਘ ਬੱਲ)**-ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ 'ਚ ਪੰਜਾਬ ਸਰਕਾਰ ਵੱਲੋਂ ਵੱਡੀ ਪੱਧਰ 'ਤੇ ਲੋਕ ਹਿੱਤੀ ਤੇ ਖ਼ਾਸ ਕਰਕੇ ਕਿਸਾਨਾਂ ਦੇ ਹਿੱਤਾਂ ਵਿੱਚ ਲਏ ਜਾ ਰਹੇ ਫ਼ੈਸਲੇ ਬਹੁਤ ਹੀ ਸ਼ਾਲਾਘਾਯੋਗ ਹਨ। ਇਹ ਵਿਚਾਰ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਤੇ ਐੱਸ ਸੀ ਵਿੰਗ ਦੇ ਪ੍ਰਧਾਨ ਡਾ. ਸੁਰਜੀਤ ਸਿੰਘ ਦਈਆ ਨੇ ਪ੍ਰਗਟ ਕੀਤੇ। ਉਨ੍ਹਾ ਕਿਹਾ ਕਿ ਜਿੱਥੇ ਮੁੱਖ ਮੰਤਰੀ ਵੱਲੋਂ ਗੰਨੇ ਦੀ ਫ਼ਸਲ 'ਚ 20 ਰੁਪਏ ਪ੍ਰਤੀ ਕੁਇੰਟਲ ਵਾਧਾ ਕੀਤਾ ਗਿਆ ਹੈ, ਉੱਥੇ ਸਰਕਾਰ ਵੱਲੋਂ ਝੋਨੇ ਦੀ ਸਿੱਧੀ ਬਿਜਾਈ ਕਰਨ ਵਾਲੇ ਕਿਸਾਨਾਂ ਲਈ ਐਲਾਨੇ 1500 ਰੁਪਏ ਪ੍ਰਤੀ ਏਕੜ ਵੀ ਕਿਸਾਨਾਂ ਦੇ ਖਾਤਿਆਂ ਵਿੱਚ ਪਾ ਕੇ ਕਿਸਾਨਾਂ ਦੇ ਦਿਲ ਜਿੱਤ ਲਏ ਹਨ, ਜਿਸ ਦੀ ਪਾਰਟੀ ਤੋਂ ਉੱਪਰ ਉੱਠ ਕੇ ਭਰਪੂਰ ਸ਼ਾਲਾਘਾ ਕਰਨੀ ਬਣਦੀ ਹੈ। ਉਨ੍ਹਾ ਕਿਹਾ ਕਿ ਸੂਬੇ ਦੀ ਮਾਨ ਸਰਕਾਰ ਵੱਲੋਂ ਲਏ ਜਾ ਰਹੇ ਲੋਕ ਹਿੱਤੀ ਫ਼ੈਸਲਿਆਂ ਕਰਕੇ ਉਹ ਮਹਿਸੂਸ ਕਰਦੇ ਹਨ ਕਿ ਆਉਣ ਵਾਲੇ ਸਮੇਂ ਵਿੱਚ ਵੀ ਮੁੱਖ ਮੰਤਰੀ ਵੱਲੋਂ ਕਿਸਾਨਾਂ ਦੀਆਂ ਸਮੱਸਿਆਵਾਂ ਵੱਲ ਵਿਸ਼ੇਸ਼ ਧਿਆਨ ਦੇ ਕੇ ਕਿਸਾਨੀ ਨੂੰ ਉੱਚਾ ਚੁੱਕਿਆ ਜਾਵੇਗਾ। ਹਲਕਾ ਸਮਾਣਾ ਵਿਧਾਇਕ ਤੇ ਸਿਹਤ ਮੰਤਰੀ ਪੰਜਾਬ ਚੇਤਨ ਸਿੰਘ ਜੌੜਾਮਾਜਰਾ ਬਾਰੇ ਗੱਲਬਾਤ ਕਰਦਿਆਂ ਡਾ. ਦਈਆ ਨੇ ਕਿਹਾ ਕਿ ਉਹ ਹਮੇਸ਼ਾ ਹੀ ਸਮਾਜ ਦੀ ਬਿਹਤਰੀ ਲਈ ਯਤਨਸ਼ੀਲ ਰਹਿੰਦੇ ਹਨ ਤੇ ਸਿਹਤ ਸੇਵਾਵਾਂ ਨੂੰ ਲੈ ਕੇ ਉਹ ਪੰਜਾਬ ਨੂੰ ਅੱਵਲ ਦਰਜੇ ਦਾ ਸੂਬਾ ਬਣਾਉਣ ਲਈ ਦਿਨ-ਰਾਤ ਇੱਕ ਕਰ ਰਹੇ ਹਨ।

## ਬੀ ਕੇ ਯੂ (ਦੋਆਬਾ) ਨੇ ਪ੍ਰਧਾਨ ਮੰਤਰੀ ਤੇ ਲਖੀਮਪੁਰ ਖੀਰੀ ਕਾਂਡ ਦੇ ਦੋਸ਼ੀਆਂ ਦਾ ਪੁਤਲਾ ਫੂਕਿਆ



**ਸਮਰਾਲਾ (ਸੁਰਜੀਤ ਸਿੰਘ)**-ਐੱਸ ਡੀ ਐੱਮ ਸਮਰਾਲਾ ਦੇ ਦਫਤਰ ਸਾਹਮਣੇ ਭਾਰਤੀ ਕਿਸਾਨ ਯੂਨੀਅਨ (ਦੋਆਬਾ) ਇਕਾਈ ਸਮਰਾਲਾ ਦੇ ਕਿਸਾਨਾਂ ਵੱਲੋਂ ਜ਼ਿਲ੍ਹਾ ਪ੍ਰਧਾਨ ਬਲਵੀਰ ਸਿੰਘ ਖੀਰਨੀਆਂ ਤੇ ਬਿੱਕਰ ਸਿੰਘ ਮਾਨ ਕੋਟਲਾ ਸ਼ਮਸਪੁਰ ਬਲਾਕ ਪ੍ਰਧਾਨ ਮਾਛੀਵਾੜਾ ਦੀ ਅਗਵਾਈ ਹੇਠ ਵੱਡੀ ਗਿਣਤੀ ਵਿੱਚ ਇਕੱਠੇ ਹੋ ਲਖੀਮਪੁਰ ਖੀਰੀ ਵਿਖੇ ਅੱਜ ਦੇ ਦਿਨ ਹੀ ਭਾਜਪਾ ਦੇ ਕੇਂਦਰੀ ਮੰਤਰੀ ਦੇ ਲੜਕੇ ਵੱਲੋਂ ਸ਼ਾਂਤਮਈ ਅੰਦੋਲਨ ਕਰ ਰਹੇ ਕਿਸਾਨਾਂ ਉੱਪਰ ਆਪਣੀ ਜੀਪ ਚਾੜ੍ਹ ਕੇ ਕਈ ਕਿਸਾਨਾਂ ਨੂੰ ਸ਼ਹੀਦ ਕਰ ਦਿੱਤਾ ਸੀ। ਇਸ ਮੌਕੇ ਉਨ੍ਹਾਂ ਸ਼ਹੀਦ ਹੋਏ ਕਿਸਾਨਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਮੁੱਖ ਦੋਸ਼ੀ ਅਜੈ ਮਿਸ਼ਰਾ ਟੈਨੀ ਦਾ ਪੁਤਲਾ ਫੂਕਿਆ ਗਿਆ ਅਤੇ ਰੋਸ ਪ੍ਰਦਰਸ਼ਨ ਕੀਤਾ ਗਿਆ। ਇਸ ਮੌਕੇ ਆਪਣੇ ਸੰਬੋਧਨ ਵਿੱਚ ਜ਼ਿਲ੍ਹਾ ਪ੍ਰਧਾਨ ਬਲਵੀਰ ਸਿੰਘ ਖੀਰਨੀਆਂ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ, ਜੋ ਤਿੰਨ ਕਾਲੇ ਕਾਨੂੰਨ ਪਾਸ ਕਰਕੇ ਕਿਸਾਨਾਂ ਦੀ ਪਿੱਠ ਵਿੱਚ ਜੋ ਛੁਰਾ ਮਾਰਿਆ ਹੈ, ਉਸ ਲਈ ਉਨ੍ਹਾਂ ਨੂੰ ਕਦੇ ਮੁਆਫ ਨਹੀਂ ਕੀਤਾ ਜਾਵੇਗਾ, ਅਜੇ ਵੀ ਇਨ੍ਹਾਂ ਕਾਨੂੰਨਾਂ ਸਬੰਧੀ ਤਲਵਾਰ ਅਜੇ ਵੀ ਲਟਕ ਰਹੀ ਹੈ, ਪ੍ਰੰਤੂ ਕਿਸਾਨ ਹਮੇਸ਼ਾ ਤਿੱਖੇ ਸੰਘਰਸ਼ ਲਈ ਤਿਆਰ ਹਨ। ਬਾਕੀ ਆਗੂਆਂ ਨੇ ਲਖੀਮਪੁਰ ਖੀਰੀ ਦੇ ਸ਼ਹੀਦ ਹੋਏ ਕਿਸਾਨਾਂ ਦੇ ਸਬੰਧ ਵਿੱਚ ਬੋਲਦਿਆਂ ਉਨ੍ਹਾਂ ਦੇ ਪਰਵਾਰਾਂ ਲਈ ਇਨਸਾਫ ਦੀ ਗੱਲ ਕੀਤੀ। ਉਨ੍ਹਾਂ ਪੰਜਾਬ ਸਰਕਾਰ ਨੂੰ ਵੀ ਬੇਨਤੀ ਹੈ ਕਿ ਉਹ ਕਿਸਾਨਾਂ ਦੀਆਂ ਮੰਗਾਂ ਸਬੰਧੀ ਗੰਭੀਰਤਾ ਨਾਲ ਸੋਚੇ ਤਾਂ ਜੋ ਕਿਸਾਨਾਂ ਨੂੰ ਉਨ੍ਹਾਂ ਦੀ ਮਿਹਨਤ ਦਾ ਸਹੀ ਮੁੱਲ ਮਿਲ ਸਕੇ। ਧਰਨੇ ਵਿੱਚ ਉਪਰੋਕਤ ਤੋਂ ਇਲਾਵਾ ਗੁਰਪ੍ਰੀਤ ਸਿੰਘ ਮੱਲ ਮਾਜਰਾ ਜ਼ਿਲ੍ਹਾ ਮੀਤ ਪ੍ਰਧਾਨ, ਜਰਨੈਲ ਸਿੰਘ ਕਟਾਣਾ ਸਾਹਿਬ ਜ਼ਿਲ੍ਹਾ ਜਨ: ਸਕੱਤਰ, ਬਲਜੀਤ ਸਿੰਘ ਪ੍ਰਧਾਨ ਬਲਾਕ ਸਮਰਾਲਾ, ਸਿਮਰਨਜੀਤ ਸਿੰਘ ਮੀਤ ਪ੍ਰਧਾਨ ਬਲਾਕ ਮਾਛੀਵਾੜਾ, ਜਸਵੀਰ ਸਿੰਘ ਪਵਾਤ ਮੀਤ ਪ੍ਰਧਾਨ ਸਮਰਾਲਾ, ਜੀਵਨ ਸਿੰਘ ਸਕੱਤਰ, ਜੋਗਿੰਦਰ ਸਿੰਘ ਮੱਲ ਮਾਜਰਾ, ਸੁਰਜੀਤ ਸਿੰਘ ਮੱਲ ਮਾਜਰਾ, ਹਰਮੀਤ ਸਿੰਘ ਮੱਲ ਮਾਜਰਾ, ਰਣਵੀਰ ਸਿੰਘ ਮੱਲ ਮਾਜਰਾ, ਦਰਸ਼ਨ ਸਿੰਘ ਮੁਸ਼ਕਾਬਾਦ, ਜਸਪਾਲ ਸਿੰਘ ਕਕਰਾਲਾ, ਮਿੰਟੂ ਸਰਪੰਚ ਮੈਨੇਲਾ, ਹਰਜੀਤ ਸਿੰਘ ਕਟਾਣਾ ਸਾਹਿਬ, ਗੁਰਦੇਵ ਸਿੰਘ ਕਟਾਣਾ ਸਾਹਿਬ, ਸੁਖਦੇਵ ਸਿੰਘ ਕਟਾਣਾ ਸਾਹਿਬ, ਸੁਖਰਾਜ ਸਿੰਘ ਕਟਾਣਾ ਸਾਹਿਬ, ਦਵਿੰਦਰ ਸਿੰਘ ਮੱਲ ਮਾਜਰਾ ਆਦਿ ਤੋਂ ਇਲਾਵਾ ਵੱਡੀ ਗਿਣਤੀ 'ਚ ਕਿਸਾਨ ਤੇ ਮਜ਼ਦੂਰ ਹਾਜ਼ਰ ਸਨ।

## ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਦੀ ਮੀਟਿੰਗ

**ਗੁਰੂ ਹਰਸਹਾਏ (ਫਕੀਰ ਚੰਦ ਸੀਕਰੀ)**-ਮੈਡੀਕਲ ਪ੍ਰਕੈਟੀਸ਼ਨਰ ਐਸੋ. ਬਲਾਕ ਗੁਰੂ ਹਰਸਹਾਏ ਦੀ ਮਹੀਨਾ ਵਾਰ ਮੀਟਿੰਗ ਸਥਾਨ ਦਾਣਾ ਮੰਡੀ ਦਫਤਰ ਵਿਖੇ ਹੋਈ, ਜਿਸ ਵਿੱਚ ਜ਼ਿਲ੍ਹਾ ਪ੍ਰਧਾਨ ਡਾ. ਹਰਭਜਨ ਲਾਲ ਨੇ ਸਰਕਾਰ ਨੂੰ ਅਪੀਲ ਕੀਤੀ ਕਿ ਲੰਮੇ ਸਮੇ ਤੋਂ ਸਾਡਾ ਮਸਲਾ ਲਟਕਿਆ ਆਉਂਦਾ ਹੈ, ਸਰਕਾਰ ਸਾਨੂੰ ਕੋਈ ਟ੍ਰੇਨਿੰਗ ਦੇ ਕੇ ਸਾਨੂੰ ਕੋਈ ਛੋਟਾ ਜਿਹਾ ਫਸਟ ਏਡ ਦਾ ਪ੍ਰਮਾਣ ਪੱਤਰ ਦੇ ਕੇ ਖੁੱਲ੍ਹ ਕੇ ਪ੍ਰੈਕਟਿਸ ਕਰਨ ਦਾ ਅਧਿਕਾਰ ਦਿੱਤਾ ਜਾਵੇ ਤਾਂ ਜੋ ਬਸਤੀਆਂ ਜਾਂ ਸਲੱਮ ਏਰੀਆ ਵਿੱਚ ਰਹਿ ਰਹੇ ਗਰੀਬ ਲੋਕਾਂ ਦੀ ਸੇਵਾ ਕਰ ਸਕੀਏ। ਬਲਾਕ ਪ੍ਰਧਾਨ ਡਾ. ਪੂਰਨ ਸਿੰਘ ਨੇ ਆਪਣੇ ਸਾਥੀਆਂ ਨੂੰ ਸਾਫ ਸੁਥਰੀ ਪ੍ਰੈਕਟਿਸ ਕਰਨ ਬਾਰੇ ਕਿਹਾ ਤੇ ਨਾਲ ਹੀ ਸ੍ਰੀ ਭਗਵਾਨ ਧੰਨਵਨਤਰੀ ਦਿਵਸ ਮਨਾਉਣ ਬਾਰੇ ਸਲਾਹ ਕੀਤੀ। ਇਸ ਮੌਕੇ ਡਾ. ਨਿਸ਼ਾਨ ਸਿੰਘ ਜ਼ਿਲ੍ਹਾ ਜੁਆਇੰਟ ਕੈਸ਼ੀਅਰ, ਡਾ. ਗੁਲਜਾਰ ਸਿੰਘ ਜਨਰਲ ਸਕੱਤਰ, ਡਾ. ਰਾਜਕਰਨ ਬਲਾਕ ਕੈਸ਼ੀਅਰ, ਡਾ. ਜਨਕ ਰਾਜ ਮੀਤ ਪ੍ਰਧਾਨ, ਡਾ. ਸੱਤਪਾਲ ਜਲਾਲਾਬਾਦ, ਡਾ. ਪ੍ਰਮੋਦ ਸਿੰਘ, ਡਾ. ਦਰਸ਼ਨ ਸਿੰਘ, ਡਾ. ਅਸ਼ੋਕ ਸਿੰਘ, ਡਾ. ਅਸ਼ੋਕ ਸਿੰਘ, ਡਾ. ਸਤਨਾਮ ਸਿੰਘ ਹਾਜ਼ਰ ਸਨ।



ਮੀਟਿੰਗ ਸਬੰਧੀ ਜਾਣਕਾਰੀ ਦਿੰਦੇ ਮੈਡੀਕਲ ਪ੍ਰੈਕਟੀਸ਼ਨਰ।

## ਜੋਧਵਾਲ ਦੰਗਲ ਮੇਲੇ 'ਚ ਝੰਡੀ ਦੀ ਕੁਸ਼ਤੀ ਗੌਰਵ ਮਾਛੀਵਾੜਾ ਨੇ ਜਿੱਤੀ



**ਮਾਛੀਵਾੜਾ ਸਾਹਿਬ, (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਨੇੜਲੇ ਪਿੰਡ ਜੋਧਵਾਲ ਵਿਖੇ ਪ੍ਰਾਚੀਨ ਗੁੱਗਾ ਦਰਬਾਰ ਛਿੰਝ ਕਮੇਟੀ ਵੱਲੋਂ ਸਾਲਾਨਾ ਦੰਗਲ ਮੇਲਾ ਕਰਵਾਇਆ ਗਿਅ, ਜਿਸ ਵਿੱਚ 70 ਤੋਂ ਵੱਧ ਕੁਸ਼ਤੀਆਂ ਕਰਵਾਈਆਂ ਗਈਆਂ। ਝੰਡੀ ਦੀ ਕੁਸ਼ਤੀ ਵਿੱਚ ਗੌਰਵ ਮਾਛੀਵਾੜਾ ਨੇ ਅਮਿਤ ਚੰਡੀਗੜ੍ਹ ਨੂੰ ਹਰਾ ਕੇ ਝੰਡੀ ਜਿੱਤੀ, ਜਦਕਿ ਦੂਸਰੀ ਕੁਸ਼ਤੀ ਅਜੈ ਬਾਰਨ ਤੇ ਭੁਪਿੰਦਰ ਅਜਨਾਲਾ ਵਿਚਕਾਰ ਬਰਾਬਰ ਰਹੀ। ਜੇਤੂ ਪਹਿਲਵਾਨਾਂ ਨੂੰ ਗੁੱਗਾ ਦਰਬਾਰ ਦੇ ਭਗਤ ਬਾਬਾ ਪੱਪਲ ਸ਼ਰਮਾ, ਆੜ੍ਹਤੀ ਐਸੋਸੀਏਸ਼ਨ ਦੇ ਪ੍ਰਧਾਨ ਹਰਜਿੰਦਰ ਸਿੰਘ ਖੇੜਾ, ਆੜ੍ਹਤੀ ਟਹਿਲ ਸਿੰਘ ਔਜਲਾ, ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨਰਿੰਦਰ ਸ਼ਰਮਾ, ਸੁਖਵਿੰਦਰ ਸ਼ਰਮਾ, ਟੇਕ ਚੰਦ ਸ਼ਰਮਾ, ਬਲਵਿੰਦਰ ਸਿੰਘ ਘੁੰਮਣ, ਲੱਕੀ ਸੈਣੀ, ਗੁਰਪ੍ਰੀਤ ਸਿੰਘ ਲਾਡੀ, ਪਵਨ ਕੁਮਾਰ ਸ਼ਰਮਾ, ਵਿਵੇਕ ਸ਼ਰਮਾ, ਯੋਗੇਸ਼ ਸ਼ਰਮਾ ਆਦਿ ਨੇ ਸੁਖਵਿੰਦਰ ਸ਼ਰਮਾ ਵੱਲੋਂ ਦਿੱਤਾ ਗਿਆ ਮੋਟਰਸਾਈਕਲ, ਸੋਨੇ ਦੀਆਂ ਮੁੰਦਰੀਆਂ ਤੇ ਨਕਦ ਇਨਾਮ ਦੇ ਕੇ ਸਨਮਾਨਤ ਕੀਤਾ। ਅਖੀਰ ਵਿੱਚ ਦੰਗਲ ਕਮੇਟੀ ਦੇ ਪ੍ਰਧਾਨ ਨਰਿੰਦਰ ਸ਼ਰਮਾ ਨੇ ਮੇਲੇ ਵਿੱਚ ਪੁੱਜੇ ਪਹਿਲਵਾਨਾਂ, ਦਰਸ਼ਕਾਂ ਤੇ ਸਹਿਯੋਗ ਦੇਣ ਲਈ ਲੋਕਾਂ ਦਾ ਧੰਨਵਾਦ ਕੀਤਾ।

## ਗੁਰੂ ਨਾਨਕ ਕਾਲਜ ਵਿਖੇ ਡੀ ਬੀ ਟੀ ਅਧੀਨ ਵਰਕਸ਼ਾਪ

**ਸ੍ਰੀ ਮੁਕਤਸਰ ਸਾਹਿਬ, (ਸ਼ਮਿੰਦਰਪਾਲ, ਪੂਜਾ)**-ਗੁਰੂ ਨਾਨਕ ਕਾਲਜ ਸ੍ਰੀ ਮੁਕਤਸਰ ਸਾਹਿਬ ਦੇ ਪੋਸਟ ਗ੍ਰੈਜੂਏਟ ਗਣਿਤ ਵਿਭਾਗ ਵੱਲੋਂ ਡੀ ਬੀ ਟੀ ਦੀ ਸਟਾਰ ਕਾਲਜ ਸਕੀਮ ਤਹਿਤ ਗੌਰਮਿੰਟ ਆਫ ਇੰਡੀਆ ਨਵੀਂ ਦਿੱਲੀ ਅਧੀਨ ਮੈਟ ਲੈਬ ਸਾਫਟਵੇਅਰ ਦੀ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ। ਇਸ ਵਰਕਸ਼ਾਪ ਵਿੱਚ ਵਿਸ਼ੇਸ਼ ਸੱਦੇ 'ਤੇ ਡਾ. ਵਿਕਰਮ ਮੁਟਨੇਜਾ ਐਸੋਸੀਏਟ ਪ੍ਰੋਫੈਸਰ ਸ਼ਹੀਦ ਭਗਤ ਸਿੰਘ ਸਟੇਟ ਯੂਨੀਵਰਸਿਟੀ ਫਿਰੋਜ਼ਪੁਰ ਨੇ ਮੁੱਖ ਵਕਤਾ ਵਜੋਂ ਸ਼ਿਰਕਤ ਕੀਤੀ।

ਡਾ. ਮੁਟਨੇਜਾ ਨੇ ਇਸ ਵਰਕਸ਼ਾਪ ਵਿੱਚ ਤਿੰਨ ਸੈਸ਼ਨ ਦੌਰਾਨ ਮੈਟ ਲੈਬ ਸਾਫਟਵੇਅਰ ਬਾਰੇ ਜਾਣਕਾਰੀ ਦਿੱਤੀ। ਗਣਿਤ ਵਿਭਾਗ ਦੇ ਮੁਖੀ ਪ੍ਰੋ. ਸਤਿੰਦਰਪਾਲ ਕੌਰ ਨੇ ਆਏ ਹੋਏ ਮਹਿਮਾਨਾਂ ਨੂੰ ਨਿੱਘਾ ਜੀ ਆਇਆਂ ਕਿਹਾ ਤੇ ਜਾਣਕਾਰੀ ਦਿੱਤੀ ਕਿ ਇਸ ਵਰਕਸ਼ਾਪ ਵਿੱਚ ਗਣਿਤ ਵਿਭਾਗ ਦੇ ਵੱਖ ਵੱਖ ਕੋਰਸਾਂ ਦੇ ਵਿਦਿਆਰਥੀਆਂ ਤੋਂ ਇਲਾਵਾ ਕਾਲਜ ਦੇ ਹੋਰ ਵਿਭਾਗਾਂ ਦੇ ਵਿਦਿਆਰਥੀਆਂ ਨੇ ਵੀ ਭਾਗ ਲਿਆ। ਵਰਕਸ਼ਾਪ ਦੌਰਾਨ ਵਿਦਿਆਰਥੀਆਂ ਨੂੰ ਅਭਿਆਸ ਵੀ ਕਰਵਾਇਆ ਗਿਆ। ਪਹਿਲੇ ਸੈਸ਼ਨ ਦੌਰਾਨ ਮੈਟ ਲੈਬਸ ਸਬੰਧੀ ਮੁੱਢਲੀ ਜਾਣਕਾਰੀ ਦਿੱਤੀ ਗਈ। ਦੂਸਰੇ ਤੇ ਤੀਸਰੇ ਸੈਸ਼ਨ ਵਿੱਚ ਕੰਪਿਊਟਰ ਲੈਬ 'ਚ ਵਿਦਿਆਰਥੀਆਂ ਨੇ ਪ੍ਰਾਪਤ ਜਾਣਕਾਰੀ ਨੂੰ ਅਮਲੀ ਰੂਪ ਦਿੱਤਾ। ਕਾਲਜ ਪ੍ਰਿੰਸੀਪਲ ਡਾ. ਤੇਜਿੰਦਰ ਕੌਰ ਨੇ ਵਿਭਾਗ ਦੇ ਇਸ ਯਤਨ ਦੀ ਸਰਾਹਨਾ ਕਰਦਿਆਂ ਕਿਹਾ ਕਿ ਇਸ ਪ੍ਰਕਾਰ ਦੀਆਂ ਵਰਕਸ਼ਾਪਾਂ ਰਾਹੀਂ ਵਿਦਿਆਰਥੀਆਂ ਨੂੰ ਵਿਵਹਾਰਕ ਗਿਆਨ ਹਾਸਲ ਹੁੰਦਾ ਹੈ।

## ਮਿਡ-ਡੇ-ਮੀਲ ਵਰਕਰਜ਼ ਯੂਨੀਅਨ ਦੀ ਬਲਾਕ ਪੱਧਰੀ ਮੀਟਿੰਗ




**ਮਾਛੀਵਾੜਾ ਸਾਹਿਬ, (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਮਿਡ-ਡੇ-ਮੀਲ ਵਰਕਰਜ਼ ਯੂਨੀਅਨ ਬਲਾਕ ਮਾਛੀਵਾੜਾ ਤੇ ਸਮਰਾਲਾ ਦੀ ਮੀਟਿੰਗ ਪ੍ਰਧਾਨ ਬੂਟਾ ਸਿੰਘ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਜ਼ਿਲ੍ਹਾ ਪ੍ਰਧਾਨ ਹਰਜੀਤ ਕੌਰ ਤੇ ਜਨਰਲ ਸਕੱਤਰ ਪ੍ਰਵੀਨ ਕੁਮਾਰੀ ਨੇ ਸ਼ਿਰਕਤ ਕੀਤੀ। ਮੀਟਿੰਗ ਨੂੰ ਸੰਬੋਧਨ ਕਰਦਿਆਂ ਉਕਤ ਆਗੂਆਂ ਨੇ ਕਿਹਾ ਕਿ ਸਰਕਾਰ ਮਿਡ-ਡੇ-ਮੀਲ ਵਰਕਰਾਂ ਦੀਆਂ ਮੰਗਾਂ ਨੂੰ ਪਹਿਲ ਦੇ ਅਧਾਰ 'ਤੇ ਹੱਲ ਕਰੇ। ਉਨ੍ਹਾਂ ਕਿਹਾ ਕਿ ਕੁਝ ਕੁ ਜਥੇਬੰਦੀਆਂ ਦੇ ਆਗੂ ਮਿਡ-ਡੇ-ਮੀਲ ਵਰਕਰਾਂ ਤੋਂ 200 ਤੋਂ 300 ਰੁਪਏ, ਅਧਾਰ ਕਾਰਡ ਦੀ ਕਾਪੀ ਤੇ ਪਾਸਪੋਰਟ ਸਾਈਜ਼ ਫੋਟੋਆਂ ਲੈ ਕੇ ਗੁੰਮਰਾਹ ਕਰ ਰਹੇ ਹਨ, ਜਿਨ੍ਹਾਂ ਤੋਂ ਬਚਣਾ ਚਾਹੀਦਾ ਹੈ। ਉਨ੍ਹਾਂ ਸਰਕਾਰ ਤੋਂ ਮੰਗ ਕਰਦਿਆਂ ਕਿਹਾ ਕਿ ਮਿਡ-ਡੇ-ਮੀਲ ਵਰਕਰਾਂ ਦੀਆਂ ਪਿਛਲੇ ਕਈ ਮਹੀਨਿਆਂ ਤੋਂ ਤਨਖਾਹ ਨਹੀਂ ਮਿਲੀ, ਜਿਸ ਨੂੰ ਜਲਦ ਜਾਰੀ ਕੀਤਾ ਜਾਵੇ, ਵਰਕਰਾਂ ਨੂੰ ਹਰਿਆਣਾ ਪੈਟਰਨ 'ਤੇ ਤਨਖਾਹਾਂ ਦਿੱਤੀਆਂ ਜਾਣ, ਮਿਡ-ਡੇ-ਮੀਲ ਵਰਕਰਾਂ ਨੂੰ ਬਹਾਲ ਕੀਤਾ ਜਾਵੇ, ਬਾਕੀ ਕਰਮਚਾਰੀਆਂ ਵਾਂਗ ਪੱਕਾ ਕੀਤਾ ਜਾਵੇ।

ਜੇਕਰ ਸਰਕਾਰ ਨੇ ਇੱਕ ਹਫ਼ਤੇ ਅੰਦਰ-ਅੰਦਰ ਤਨਖਾਹਾਂ ਜਾਰੀ ਨਾ ਕੀਤੀਆਂ ਤਾਂ ਸੰਘਰਸ਼ ਨੂੰ ਹੋਰ ਤਿੱਖਾ ਜਾਵੇਗਾ। ਇਸ ਮੌਕੇ ਸੀਨੀਅਰ ਮੀਤ ਪ੍ਰਧਾਨ ਜਸਵੀਰ ਕੌਰ, ਮੀਤ ਪ੍ਰਧਾਨ ਮਨਪ੍ਰੀਤ ਸਿੰਘ, ਸੁਖਵਿੰਦਰ ਕੌਰ, ਹਰਬੰਸ ਕੌਰ, ਕੁਲਦੀਪ ਕੌਰ, ਰਾਜਦੀਪ ਕੌਰ, ਗੁਰਜੀਤ ਕੌਰ, ਸੁਰਿੰਦਰ ਕੌਰ, ਊਸ਼ਾ ਰਾਣੀ, ਕਮਲਜੀਤ ਕੌਰ, ਕ੍ਰਿਸ਼ਨਾ ਰਾਣੀ, ਕਰਨੈਲ ਕੌਰ, ਵਿਜੇ ਕੁਮਾਰ ਆਦਿ ਮੌਜੂਦ ਸਨ।

## ਟਰੱਕ ਯੂਨੀਅਨ ਨੇ ਸਰਬੱਤ ਦੇ ਭਲੇ ਲਈ ਅਖੰਡ ਪਾਠ ਦਾ ਪਾਇਆ ਭੋਗ



**ਜੈਤੋ (ਸਤੀਸ਼ ਕੁਮਾਰ ਭੀਰੀ)** ਸ਼ਹਿਰ ਵਾਸੀਆਂ ਨਾਲ ਸਾਥ ਤੇ ਵਿਕਾਸ ਦੇ ਵਾਅਦੇ ਕਰਨ ਉਪਰੰਤ ਟਰੱਕ ਯੂਨੀਅਨ ਵਿਖੇ ਪ੍ਰਧਾਨ ਐਡਵੋਕੇਟ ਹਰਸਿਮਰਨ ਮਲਹੋਤਰਾ ਦੀ ਯੋਗ ਅਗਵਾਈ ਵਿੱਚ ਸਰਬੱਤ ਦੇ ਭਲੇ ਲਈ ਸ੍ਰੀ ਆਖੰਡ ਪਾਠ ਸਾਹਿਬ ਦਾ ਭੋਗ ਪਾਇਆ ਗਿਆ।

ਇਸ ਮੌਕੇ ਵਿਸ਼ੇਸ਼ ਤੌਰ 'ਤੇ ਪਹੁੰਚੇ ਹਲਕਾ ਰਾਮਪੁਰਾ ਫੂਲ ਦੇ ਵਿਧਾਇਕ ਬਲਕਾਰ ਸਿੰਘ ਸਿੱਧੂ ਨੇ ਕਿਹਾ ਕਿ ਝੋਨੇ ਦੇ ਸੀਜ਼ਨ ਦੇ ਸ਼ੁਰੂ ਹੋਣ ਨੂੰ ਲੈ ਕੇ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਟਰੱਕ ਯੂਨੀਅਨ ਵੱਲੋਂ ਓਟ ਆਸਰਾ ਲਿਆ ਗਿਆ ਹੈ, ਇਹ ਬਹੁਤ ਹੀ ਵਧੀਆ ਉਪਰਾਲਾ ਹੈ, ਜਿਸ ਦਾ ਸੇਹਰਾ ਟਰੱਕ ਯੂਨੀਅਨ ਦੇ ਪ੍ਰਧਾਨ ਹਰਸਿਮਰਨ ਸਮੇਤ ਸਮੁੱਚੇ ਹੀ ਮੈਂਬਰਾਂ ਤੇ ਟਰੱਕ ਓਪਰੇਟਰਾਂ ਨੂੰ ਜਾਂਦਾ ਹੈ।

ਇਸ ਮੌਕੇ ਟਰੱਕ ਯੂਨੀਅਨ ਦੇ ਪ੍ਰਧਾਨ ਹਰਸਿਮਰਨ ਮਲਹੋਤਰਾ ਨੇ ਵਿਧਾਇਕ ਬਲਕਾਰ ਸਿੰਘ ਸਿੱਧੂ ਨੂੰ ਸਿਰੋਪਾਓ ਤੇ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਤੇ ਕਿਹਾ ਕਿ ਉਨ੍ਹਾਂ ਦੀ ਪਾਰਟੀ ਅਤੇ ਲੀਡਰ ਵਿਕਾਸ ਕੰਮਾਂ ਨੂੰ ਪਹਿਲ ਦੇ ਆਧਾਰ 'ਤੇ ਲੈਣਗੇ ਤੇ ਇਸ ਤੋਂ ਬਾਅਦ ਮਲਹੋਤਰਾ ਵੱਲੋਂ ਹੋਰ ਪਹੁੰਚੇ ਹੋਏ ਪਤਵੰਤਿਆਂ ਨੂੰ ਸਨਮਾਨਤ ਕੀਤਾ ਗਿਆ। ਪ੍ਰਧਾਨ ਹਰਸਿਮਰਨ ਮਲਹੋਤਰਾ ਵੱਲੋਂ ਆਏ ਹੋਏ ਸਾਰੇ ਸ਼ਹਿਰ ਦੇ ਬਸ਼ਿੰਦਿਆਂ ਤੇ ਟਰੱਕ ਓਪਰੇਟਰਾਂ ਨੂੰ ਜੀ ਆਇਆਂ ਕਿਹਾ ਤੇ ਧੰਨਵਾਦ ਕੀਤਾ। ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ। ਇਸ ਮੌਕੇ ਕੌਂਸਲਰ ਟਰੱਕ ਯੂਨੀਅਨ ਦੇ ਵਾਈਸ ਪ੍ਰਧਾਨ ਜਸਵੰਤ ਸਿੰਘ ਸੀਨੀਅਰ 'ਆਪ' ਆਗੂ ਗੁਰਪਿਆਰ ਸਿੰਘ ਸਰਕਲ ਇੰਚਾਰਜ ਜੈਤੋ, ਸੀਨੀਅਰ 'ਆਪ' ਆਗੂ ਸੱਤਪਾਲ ਡੋਡ, ਬਜ਼ੁਰਗ ਆਗੂ ਤੀਰਥ ਰਾਮ ਗਰਗ, ਸੁਖਰੀਤ ਰੋਮਾਣਾ ਜ਼ਿਲ੍ਹਾ ਜੁਆਇੰਟ ਸਕੱਤਰ, ਡਾ. ਲਛਮਣ ਸਿੰਘ ਭਗਤੂਆਣਾ, ਸ਼ਹਿਰੀ ਪ੍ਰਧਾਨ ਅਸ਼ੋਕ ਕੁਮਾਰ ਗਰਗ, ਅਕਾਊਂਟੈਂਟ ਰਵੀ ਕੁਮਾਰ, ਧਰਮਿੰਦਰਪਾਲ ਤੇ ਬਲਕਾਰ ਸਿੰਘ ਆਦਿ ਹਾਜ਼ਰ ਸਨ।

## ਮੋਠਾਂਵਾਲਾ 'ਚ ਨਰੇਗਾ ਸਕੀਮ ਅਧੀਨ ਕੰਮ ਸ਼ੁਰੂ



**ਗੁਰੂ ਹਰਸਹਾਏ (ਫਕੀਰ ਚੰਦ ਸੀਕਰੀ)**-ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ (ਪੰਜਾਬ) ਇਕਾਈ ਪਿੰਡ ਮੋਠਾਂਵਾਲਾ ਵੱਲੋਂ ਪਿੰਡ ਇਕਾਈ ਪ੍ਰਧਾਨ ਬਾਪੂ ਬਚਨ ਸਿੰਘ ਦੀ ਅਗਵਾਈ ਹੇਠ ਪਿੰਡ ਮੋਠਾਂਵਾਲਾ ਵਿਖੇ ਨਰੇਗਾ ਸਕੀਮ ਅਧੀਨ ਕੰਮ ਸ਼ੁਰੂ ਕੀਤਾ ਗਿਆ। ਇਸ ਮੌਕੇ ਜਥੇਬੰਦੀ ਦੇ ਬਲਾਕ ਪ੍ਰਧਾਨ ਕੁਲਦੀਪ ਸਿੰਘ ਮੋਠਾਂਵਾਲਾ, ਸਾਥੀ ਬਿੱਕਰ ਸਿੰਘ ਮੋਠਾਂਵਾਲਾ ਵੀ ਹਾਜ਼ਰ ਹੋਏ। ਇਸ ਦਰਮਿਆਨ ਜਾਣਕਾਰੀ ਦਿੰਦਿਆਂ ਪ੍ਰਧਾਨ ਕੁਲਦੀਪ ਸਿੰਘ ਮੋਠਾਂਵਾਲਾ ਨੇ ਦੱਸਿਆ ਕਿ ਅੱਜ 34 ਨਰੇਗਾ ਲਾਭਪਾਤਰੀਆਂ ਦਾ ਮਸਟਰੋਲ ਜਾਰੀ ਹੋਇਆ ਹੈ, ਜਿਸ ਦੇ ਅਧਾਰਤ ਪਿੰਡ ਮੋਠਾਂਵਾਲਾ ਵਿਖੇ ਨਰੇਗਾ ਸਕੀਮ ਅਧੀਨ ਕੰਮ ਸ਼ੁਰੂ ਕੀਤਾ ਗਿਆ ਹੈ। ਇਸ ਮਸਟਰੋਲ ਦੇ ਮੇਟ ਸਾਥੀ ਬਿੱਕਰ ਸਿੰਘ ਮੋਠਾਂਵਾਲਾ ਨੂੰ ਨਿਯੁਕਤ ਕੀਤਾ ਗਿਆ। ਨਰੇਗਾ ਸਕੀਮ ਅਧੀਨ ਕੰਮ ਕਰਦੇ ਹੋਏ ਮਜ਼ਦੂਰਾਂ ਨੇ ਵਿਸ਼ਵਾਸ ਦਿਵਾਇਆ ਕਿ ਜਥੇਬੰਦੀ ਨੂੰ ਮਜ਼ਬੂਤ ਕੀਤਾ ਜਾਵੇਗਾ।

## ਆਦਰਸ਼ ਸਕੂਲ ਅਧਿਆਪਕ ਯੂਨੀਅਨ ਦੀ ਸਿੱਖਿਆ ਮੰਤਰੀ ਨਾਲ ਪੈਨਲ ਮੀਟਿੰਗ 12 ਨੂੰ

**ਸੰਗਰੂਰ (ਪ੍ਰਵੀਨ)**-ਆਦਰਸ਼ ਸਕੂਲ ਅਧਿਆਪਕ ਯੂਨੀਅਨ ਦੀਆਂ ਮੰਗਾਂ ਬਾਰੇ ਜਥੇਬੰਦੀ ਦੇ ਪ੍ਰਧਾਨ ਮੱਖਣ ਸਿੰਘ ਬੀਰ ਤੇ ਜਨਰਲ ਸਕੱਤਰ ਸੁਖਬੀਰ ਸਿੰਘ ਪਾਤੜਾਂ ਨੇ ਮੀਡੀਆ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਯੂਨੀਅਨ ਦੀਆਂ ਇਸ ਤੋਂ ਪਹਿਲਾਂ ਵੀ ਕਈ ਵਾਰ ਵਜ਼ੀਰ ਸਾਹਿਬ ਤੇ ਸਿੱਖਿਆ ਵਿਭਾਗ ਨਾਲ ਪੈਨਲ ਮੀਟਿੰਗਾਂ ਹੋ ਚੁੱਕੀਆਂ ਹਨ, ਪਰ ਮੰਗਾਂ ਪੂਰੀਆਂ ਕਰਨ ਲਈ ਹੋਰ ਸਮਾਂ ਲਗਾਇਆ ਜਾ ਰਿਹਾ ਹੈ, ਜਦਕਿ ਉਹ ਪਿਛਲੇ ਕਈ ਸਾਲਾਂ ਤੋਂ ਸ਼ੋਸ਼ਣ ਦਾ ਸ਼ਿਕਾਰ ਹੋ ਰਹੇ ਹਨ। ਉਨ੍ਹਾਂ ਕਿਹਾ ਕਿ ਸਰਕਾਰ ਤੇ ਸਿੱਖਿਆ ਵਿਭਾਗ ਬਿਨਾਂ ਹੋਰ ਦੇਰੀ ਤੋਂ ਜਥੇਬੰਦੀ ਦੀਆਂ ਸਾਰੀਆਂ ਮੰਗਾਂ 12 ਸਾਲਾਂ ਤੋਂ ਬਿਲਕੁੱਲ ਨਿਗੂਣੀਆਂ ਤਨਖਾਹਾਂ 'ਤੇ ਨੌਕਰੀਆਂ ਕਰ ਰਹੇ ਅਧਿਆਪਕਾਂ ਤੇ ਦਰਜਾ ਚਾਰ ਮੁਲਾਜ਼ਮਾਂ ਦੀਆਂ ਨੌਕਰੀਆਂ ਪੱਕੀਆਂ ਕਰਕੇ ਤਨਖਾਹਾਂ ਗਰੇਡ ਪੇਅ ਦੇ ਮੁਤਾਬਕ ਸਿੱਧੀਆਂ ਸਰਕਾਰੀ ਖਜ਼ਾਨੇ ਵਿੱਚੋਂ ਜਾਰੀ ਕਰਨ, ਆਦਰਸ਼ ਸਕੂਲਾਂ ਵਿੱਚ ਪੜ੍ਹਾਉਣ ਦੇ ਤਜਰਬੇ ਨੂੰ ਮਾਨਤਾ ਦੇ ਕੇ 2019 ਵਿੱਚ ਹੋਈ ਹੈੱਡ ਟੀਚਰਾਂ ਤੇ ਸੈਂਟਰ ਹੈੱਡ ਟੀਚਰਾਂ ਦੀ ਸਿੱਧੀ ਭਰਤੀ ਦੀ ਮੈਰਿਟ ਲਿਸਟ ਵਿੱਚ ਆਏ ਤੇ ਕੌਂਸਲਿੰਗ ਕਰਵਾ ਚੁੱਕੇ ਅਧਿਆਪਕਾਂ ਨੂੰ ਤੁਰੰਤ ਨਿਯੁਕਤੀ ਪੱਤਰ ਜਾਰੀ ਕਰਨ, ਵੱਖੋ ਵੱਖ ਸਮੇਂ 'ਤੇ ਨੌਕਰੀਓਂ ਕੱਢੇ ਅਧਿਆਪਕਾਂ ਨੂੰ ਬਹਾਲ ਕਰਨ, ਬੰਦ ਕੀਤੇ ਗਏ ਦੋ ਆਦਰਸ਼ ਸਕੂਲਾਂ ਨੂੰ ਮੁੜ ਚਾਲੂ ਕਰਨ ਆਦਿ ਮੰਗਾਂ ਆਦਰਸ਼ ਸਕੂਲ ਅਧਿਆਪਕ ਯੂਨੀਅਨ ਪੰਜਾਬ ਦੀ 12 ਅਕਤੂਬਰ ਨੂੰ ਸੂਬੇ ਦੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨਾਲ ਚੰਡੀਗੜ੍ਹ ਵਿਖੇ ਹੋਣ ਜਾ ਰਹੀ ਪੈਨਲ ਮੀਟਿੰਗ ਵਿੱਚ ਪੂਰੀਆਂ ਕੀਤੀਆਂ ਜਾਣ। ਆਗੂਆਂ ਨੇ ਕਿਹਾ ਕਿ ਜੇਕਰ ਸਰਕਾਰ ਨੇ ਮੰਗਾਂ ਨੂੰ ਅਣਗੌਲਿਆ ਕੀਤਾ ਤਾਂ ਯੂਨੀਅਨ ਸੰਘਰਸ਼ ਨੂੰ ਭਰਾਤਰੀ ਜਥੇਬੰਦੀਆਂ ਦੇ ਸਹਿਯੋਗ ਨਾਲ ਹੋਰ ਵਿਰਾਟ ਰੂਪ ਦੇਵੇਗੀ।

## ਬਾਹਮਣੀਆਂ 'ਚ ਕਬੱਡੀ ਟੂਰਨਾਮੈਂਟ ਕਰਵਾਇਆ

**ਮਹਿਲ ਕਲਾਂ, (ਗੁਰਪ੍ਰੀਤ ਅਣਖੀ, ਬਲਵਿੰਦਰ ਵਜੀਦਕੇ)**-ਖਾਲਸਾ ਯੂਥ ਸਪੋਰਟਸ ਐਂਡ ਵੈੱਲਫੇਅਰ ਕਲੱਬ ਪਿੰਡ ਬਾਹਮਣੀਆਂ (ਬਰਨਾਲਾ) ਵੱਲੋਂ ਗਰਾਮ ਪੰਚਾਇਤ ਤੇ ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਪਹਿਲਾ ਇਕ ਰੋਜ਼ਾ ਕਬੱਡੀ ਟੂਰਨਾਮੈਂਟ ਕਰਵਾਇਆ ਗਿਆ, ਜਿਸ ਦਾ ਉਦਘਾਟਨ ਰਾਸ਼ਟਰੀ ਬਾਲਮੀਕੀ ਧਰਮ ਸਮਾਜ ਦੇ ਰਾਸ਼ਟਰੀ ਉੱਪ ਪ੍ਰਧਾਨ ਰਿੰਕਾ ਕੁਤਬਾ ਬਾਹਮਣੀਆਂ ਨੇ ਕੀਤਾ। ਉਨ੍ਹਾਂ ਨੌਜਵਾਨਾਂ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਅਜਿਹੇ ਖੇਡ ਮੇਲੇ ਹਰ ਪਿੰਡ 'ਚ ਕਰਵਾਉਣੇ ਚਾਹੀਦੇ ਹਨ, ਤਾਂ ਜੋ ਨੌਜਵਾਨ ਵਰਗ ਨੂੰ ਨਸ਼ਿਆਂ ਤੋਂ ਬਚਾਇਆ ਜਾ ਸਕੇ। ਉਨ੍ਹਾਂ ਖਿਡਾਰੀਆਂ ਨੂੰ ਖੇਡ ਭਾਵਨਾ ਨਾਲ ਖੇਡਣ ਦੀ ਅਪੀਲ ਕੀਤੀ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ ਸਾਬਕਾ ਚੇਅਰਮੈਨ ਅਜੀਤ ਸਿੰਘ ਕੁਤਬਾ, ਐੱਸ ਐੱਚ ਓ ਕਮਲਜੀਤ ਸਿੰਘ ਗਿੱਲ, ਪ੍ਰਧਾਨ ਅਰਸ਼ਦੀਪ ਸਿੰਘ ਬਿੱਟੂ ਨੇ ਖਿਡਾਰੀਆਂ ਨੂੰ ਆਸ਼ੀਰਵਾਦ ਦਿੰਦਿਆਂ ਨੌਜਵਾਨਾਂ ਨੂੰ ਸਮਾਜਿਕ ਅਲਾਮਤਾਂ ਤੋਂ ਬਚਣ ਦੀ ਅਪੀਲ ਕੀਤੀ। ਕਲੱਬ ਦੇ ਪ੍ਰਧਾਨ ਰਛਪਾਲ ਸਿੰਘ ਪਾਲੀ ਨੇ ਸਹਿਯੋਗ ਲਈ ਸਭ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਹਰ ਸਾਲ ਵਿਸ਼ਾਲ ਪੱਧਰ 'ਤੇ ਖੇਡ ਮੇਲਾ ਕਰਵਾ ਕੇ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਿਆ ਜਾਵੇਗਾ। ਇਸ ਮੌਕੇ ਸਿਰਫ ਕਬੱਡੀ 48 ਕਿੱਲੋ ਵਰਗ ਮੁਕਾਬਲੇ ਦੇ ਖਿਡਾਰੀਆਂ ਨੇ ਭਾਗ ਲਿਆ। ਇਸ ਮੁਕਾਬਲੇ 'ਚ ਮੇਜ਼ਬਾਨ ਟੀਮ ਬਾਹਮਣੀਆਂ ਨੇ ਪਿੰਡ ਹਠੂਰ ਦੀ ਟੀਮ ਨੂੰ ਹਰਾ ਕੇ ਪਹਿਲਾ ਇਨਾਮ ਜਿੱਤਿਆ। ਪ੍ਰਬੰਧਕਾਂ ਵੱਲੋਂ ਐਲਾਨੇ ਬੈਸਟ ਜਾਫੀ ਮੋਨੂੰ, ਬੈੱਸਟ ਰੇਡਰ ਇੰਦਰਜੀਤ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ।



ਇਸ ਮੌਕੇ ਕਲੱਬ ਪ੍ਰਧਾਨ ਰਛਪਾਲ ਸਿੰਘ, ਸਾਬਕਾ ਸਰਪੰਚ ਬੂਟਾ ਸਿੰਘ, ਗੁਰਦੁਆਰਾ ਕਮੇਟੀ ਪ੍ਰਧਾਨ ਅਵਨਿੰਦਰ ਸਿੰਘ, ਖਜ਼ਾਨਚੀ ਬਲਵੰਤ ਸਿੰਘ, ਭਗਵੰਤ ਸਿੰਘ, ਬਿੰਦਰ ਸਿੰਘ, ਛਿੰਦਰਪਾਲ ਸਿੰਘ, ਗੱਜਣ ਕੁਮਾਰ, ਗੁਰਮੇਲ ਸਿੰਘ, ਬੁੱਧ ਰਾਮ, ਜਗਤਾਰ ਸਿੰਘ, ਪ੍ਰੀਤਮ ਸਿੰਘ, ਅਵਤਾਰ ਸਿੰਘ, ਰਛਪਾਲ ਸਿੰਘ, ਹਰਮੀਤ ਸਿੰਘ, ਉਜਾਗਰ ਸਿੰਘ, ਦਰਸ਼ਨ ਸਿੰਘ ਬਾਹਮਣੀਆਂ ਆਦਿ ਸਮੂਹ ਪ੍ਰਬੰਧਕਾਂ ਦੀ ਅਗਵਾਈ ਹੇਠ ਜੇਤੂ ਖਿਡਾਰੀਆਂ ਨੂੰ ਸਨਮਾਨਤ ਕੀਤਾ ਗਿਆ।

## ਪਰਾਲੀ ਦੀ ਸਾਂਭ-ਸੰਭਾਲ ਸੰਬੰਧੀ ਕੇ.ਵੀ.ਕੇ. ਵੱਲੋਂ ਬਲਾਕ ਪੱਧਰੀ ਕੈਂਪ



**ਸ੍ਰੀ ਮੁਕਤਸਰ ਸਾਹਿਬ, (ਸ਼ਮਿੰਦਰਪਾਲ, ਪੂਜਾ)**-ਕ੍ਰਿਸ਼ੀ ਵਿਗਿਆਨ ਕੇਂਦਰ ਗੋਨੇਆਣਾ, ਸ੍ਰੀ ਮੁਕਤਸਰ ਸਾਹਿਬ ਵੱਲੋਂ ਡਾ. ਐੱਨ. ਐੱਸ. ਧਾਲੀਵਾਲ ਐਸੋਸੀਏਟ ਡਾਇਰੈਕਟਰ ਕੇ ਵੀ ਕੇ ਸ੍ਰੀ ਮੁਕਤਸਰ ਸਾਹਿਬ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਪਿੰਡ ਭਾਗਸਰ ਬਲਾਕ ਮੁਕਤਸਰ ਵਿਖੇ ਪਰਾਲੀ ਦੀ ਸਾਂਭ-ਸੰਭਾਲ ਸਬੰਧੀ ਬਲਾਕ ਪੱਧਰੀ ਜਾਗਰੂਕਤਾ ਕੈਂਪ ਲਾਇਆ ਗਿਆ, ਜਿਸ ਵਿੱਚ ਪਿੰਡ ਦੇ ਲਗਭਗ 150 ਸੂਝਵਾਨ ਕਿਸਾਨ ਵੀਰਾਂ ਨੇ ਭਾਗ ਲਿਆ। ਇਸ ਕੈਂਪ ਦੌਰਾਨ ਡਾ. ਕਰਮਜੀਤ ਸ਼ਰਮਾ, ਪ੍ਰੋਫੈਸਰ (ਪਸਾਰ ਸਿੱਖਿਆ) ਨੇ ਕਿਸਾਨਾਂ ਨੂੰ ਪਰਾਲੀ ਸਾੜਨ ਦੇ ਮਾੜੇ ਪ੍ਰਭਾਵਾਂ ਬਾਰੇ ਚਾਨਣਾ ਪਾਉਂਦੇ ਹੋਏ ਪਰਾਲੀ ਦੇ ਸੁਚੱਜੇ ਪ੍ਰਬੰਧਨ ਦੇ ਵੱਖ ਵੱਖ ਢੰਗ ਤਰੀਕਿਆਂ ਬਾਰੇ ਕਿਸਾਨਾਂ ਨਾਲ ਜਾਣਕਾਰੀ ਸਾਂਝੀ ਕੀਤੀ। ਇਸ ਤੋਂ ਇਲਾਵਾ ਉਨ੍ਹਾਂ ਨੇ ਪਰਾਲੀ ਵਾਲੇ ਖੇਤਾਂ ਵਿੱਚ ਬੀਜੀ ਕਣਕ 'ਤੇ ਆਉਣ ਵਾਲੇ ਕੀੜੇ ਮਕੌੜਿਆਂ ਦੇ ਜੀਵਨ ਚੱਕਰ, ਫੈਲਾਅ, ਨੁਕਸਾਨ ਤੇ ਅਗੇਤੀ ਰੋਕਥਾਮ ਸੰਬੰਧੀ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਕਣਕ ਵਿੱਚ ਸੁੰਡੀ ਦੀ ਰੋਕਥਾਮ ਲਈ ਝੋਨੇ ਵਿੱਚ ਹੀ ਸੁੰਡੀ ਦਾ ਸਰਵੇਖਣ ਤੇ ਉਸ ਦੀ ਰੋਕਥਾਮ ਕਰਨੀ ਜ਼ਰੂਰੀ ਹੈ।

ਇਸ ਦੌਰਾਨ ਉਨ੍ਹਾਂ ਨੇ ਪਰਾਲੀ ਦੀ ਸਾਂਭ ਸੰਭਾਲ ਲਈ ਕੇ.ਵੀ.ਕੇ. ਮੁਕਤਸਰ ਵੱਲੋਂ ਕੀਤੀਆਂ ਜਾਂਦੀਆਂ ਵੱਖ-ਵੱਖ ਗਤੀਵਿਧੀਆਂ ਦਾ ਵੀ ਜ਼ਿਕਰ ਕੀਤਾ। ਇਸ ਦੌਰਾਨ ਡਾ. ਵਿਵੇਕ ਕੁਮਾਰ ਸਹਾਇਕ ਪ੍ਰੋਫ਼ੈਸਰ (ਫਸਲ ਵਿਗਿਆਨ) ਨੇ ਪਰਾਲੀ ਵਾਲੇ ਖੇਤਾਂ ਵਿੱਚ ਕਣਕ ਦੀ ਸਫ਼ਲ ਕਾਸ਼ਤ ਬਾਰੇ ਜਾਣਕਾਰੀ ਸਾਂਝੀ ਕੀਤੀ। ਇਸ ਕੈਂਪ ਦੌਰਾਨ ਇੰਜੀਨੀਅਰ ਮਹਿਕਪ੍ਰੀਤ ਕੌਰ, ਸਹਾਇਕ ਪ੍ਰੋਫ਼ੈਸਰ (ਖੇਤੀਬਾੜੀ ਇੰਜੀਨੀਅਰ) ਨੇ ਝੋਨੇ ਦੀ ਪਰਾਲੀ ਦੀ ਸਾਂਭ ਸੰਭਾਲ ਲਈ ਵਰਤੀਆਂ ਜਾਣ ਵਾਲੀਆਂ ਮਸ਼ੀਨਾਂ ਦੀ ਵਰਤੋਂ ਤੇ ਰੱਖ ਰਖਾਅ ਬਾਰੇ ਜਾਣਕਾਰੀ ਦਿੱਤੀ।

ਕੈਂਪ ਦੇ ਅਖੀਰ 'ਚ ਡਾ. ਕਰਮਜੀਤ ਸ਼ਰਮਾ ਨੇ ਫ਼ਲਾਂ ਤੇ ਸਬਜ਼ੀਆਂ ਦੀ ਪੌਸ਼ਟਿਕ ਮਹੱਤਤਾ ਸਮਝਾਉਂਦੇ ਹੋਏ ਕਿਸਾਨ ਵੀਰਾਂ ਨੂੰ ਘਰੇਲੂ ਬਗੀਚੀ ਲਗਾਉਣ ਦੀ ਸਲਾਹ ਦਿੱਤੀ ਅਤੇ ਕੈਂਪ ਵਿੱਚ ਆਏ ਹੋਏ ਕਿਸਾਨਾਂ ਦਾ ਧੰਨਵਾਦ ਕੀਤਾ। ਕੈਂਪ ਵਿੱਚ ਸ਼ਾਮਲ ਹੋਏ ਕਿਸਾਨ ਵੀਰਾਂ ਵੱਲੋਂ ਪਰਾਲੀ ਦੀ ਸਾਂਭ ਸੰਭਾਲ ਤੇ ਹੋਰ ਖੇਤੀ ਮਸਲਿਆਂ ਸੰਬੰਧੀ ਕਾਫੀ ਸਵਾਲ ਕੀਤੇ ਗਏ ਤੇ ਮਾਹਰਾਂ ਵੱਲੋਂ ਮੌਕੇ 'ਤੇ ਜਵਾਬ ਦਿੱਤੇ ਗਏ।

## ਮਹਾਲਮ 'ਚ ਡੀ ਐੱਸ ਪੀ ਵੱਲੋਂ ਸਰਚ ਅਪ੍ਰੇਸ਼ਨ, 1500 ਲਿਟਰ ਲਾਹਣ ਫ਼ੜੀ



**ਜਲਾਲਾਬਾਦ, (ਜੀਤ ਕੁਮਾਰ)**-ਪੰਜਾਬ ਸਰਕਾਰ ਦੀਆਂ ਹਦਾਇਤਾਂ ਤਹਿਤ ਜ਼ਿਲ੍ਹਾ ਫਾਜ਼ਿਲਕਾ ਦੇ ਐੱਸ.ਐੱਸ.ਪੀ. ਭੁਪਿੰਦਰ ਸਿੰਘ ਸਿੱਧੂ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਸਥਾਨਕ ਡੀ.ਐੱਸ.ਪੀ. ਅੰਤੁਲ ਸੋਨੀ ਵੱਲੋਂ ਤਹਿਸੀਲ ਜਲਾਲਾਬਾਦ ਦੇ ਵੱਖ ਵੱਖ ਥਾਣਿਆਂ ਦੀ ਪੁਲਸ ਫੋਰਸ ਦੇ ਸਹਿਯੋਗ ਨਾਲ ਥਾਣਾ ਵੈਰੋਕੇ ਦੇ ਅਧੀਨ ਪੈਂਦੇ ਪਿੰਡ ਚੱਕ ਬਲੋਚਾਂ ਵਾਲਾ ਉਰਫ ਮਹਾਲਮ ਵਿਖੇ ਛਾਪੇਮਾਰੀ ਕਰਕੇ ਨਜਾਇਜ਼ ਸ਼ਰਾਬ ਕੱਢਣ ਵਾਲੇ ਲੋਕਾਂ ਵਿਰੁੱਧ ਕਾਰਵਾਈ ਕਰਦੇ ਹੋਏ ਭਾਰੀ ਮਾਤਰਾ ਵਿੱਚ ਲਾਹਣ ਫੜੀ ਗਈ ਹੈ। ਡੀ.ਐੱਸ.ਪੀ. ਅੰਤੁਲ ਸੋਨੀ ਨੇ ਕਿਹਾ ਕਿ ਉਨ੍ਹਾਂ ਵੱਲੋਂ ਅੱਜ ਫਿਰ ਪਿੰਡ ਮਹਾਲਮ ਵਿੱਚ ਛਾਪੇਮਾਰੀ ਕਰਕੇ ਸਰਚ ਕੀਤਾ ਗਿਆ। ਇਸ ਦੌਰਾਨ ਘਰਾਂ ਤੇ ਖੇਤਾਂ ਵਿੱਚ 1500 ਲੀਟਰ ਲਾਹਣ ਬਰਾਮਦ ਕਰਕੇ ਮੌਕੇ 'ਤੇ ਨਸ਼ਟ ਕੀਤਾ ਗਿਆ ਹੈ। ਉਨ੍ਹਾ ਕਿਹਾ ਕਿ ਨਜਾਇਜ਼ ਸ਼ਰਾਬ ਕੱਢਣ ਦਾ ਕੰਮ ਕਰਨ ਵਾਲੇ ਲੋਕਾਂ ਖਿਲਾਫ ਬਣਦੀ ਕਾਰਵਾਈ ਕੀਤੀ ਜਾਵੇ। ਇਸ ਮੌਕੇ ਭਾਰੀ ਗਿਣਤੀ ਵਿੱਚ ਵੱਖ ਵੱਖ ਥਾਣਿਆਂ ਦੀ ਪੁਲਸ ਫੋਰਸ ਹਾਜ਼ਰ ਸੀ।

# ਸ਼ਹਿਰੀ ਵਿਕਾਸ ਅਥਾਰਟੀਆਂ ਨੂੰ ਰੈਗੂਲੇਟਰੀ ਪ੍ਰਵਾਨਗੀਆਂ ਸੰਬੰਧੀ ਸੌਂਪੀਆਂ ਅਹਿਮ ਸ਼ਕਤੀਆਂ

**ਚੰਡੀਗੜ੍ਹ ( ਗੁਰਜੀਤ ਬਿੱਲਾ )**— ਪੰਜਾਬ ਸਰਕਾਰ ਨੇ ਜ਼ਮੀਨ ਦੀ ਵਰਤੋਂ ਦੀ ਤਬਦੀਲੀ (ਸੀ.ਐਲ.ਯੂ.) ਸਬੰਧੀ ਸਰਟੀਫਿਕੇਟ, ਮੁਕੰਮਲਤਾ ਸਰਟੀਫਿਕੇਟ, ਲੇਅ-ਆਊਟ ਅਤੇ ਬਿਲਡਿੰਗ ਪਲਾਨ ਸਬੰਧੀ ਕੇਸਾਂ ਦੇ ਜਲਦੀ ਨਿਪਟਾਰੇ ਲਈ ਰੈਗੂਲੇਟਰੀ ਪ੍ਰਵਾਨਗੀਆਂ ਦੇਣ ਸਬੰਧੀ ਪ੍ਰਕਿਰਿਆ ਨੂੰ ਹੋਰ ਆਸਾਨ ਬਣਾ ਦਿੱਤਾ ਹੈ। ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ ਵੱਲੋਂ ਰੈਗੂਲੇਟਰੀ ਪ੍ਰਵਾਨਗੀਆਂ ਦਾ ਵਿਕੇਂਦਰੀਕਰਨ ਕਰਦਿਆਂ ਆਪਣੇ ਅਧੀਨ ਸਹਿਰੀ ਵਿਕਾਸ ਅਥਾਰਟੀਆਂ ਨੂੰ ਵਧੇਰੇ ਸਕਤੀਆਂ ਸੌਂਪੀਆਂ ਗਈਆਂ ਹਨ। ਸੂਬੇ ਵਿੱਚ ਕਾਰੋਬਾਰ ਨੂੰ ਹੋਰ ਸੁਖਾਲਾ ਬਣਾਉਣ ਨੂੰ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀ ਮੁੱਖ ਤਰਜੀਹ ਦੱਸਦਿਆਂ ਪੰਜਾਬ ਦੇ ਮਕਾਨ ਉਸਾਰੀ ਤੇ ਸਹਿਰੀ ਵਿਕਾਸ ਮੰਤਰੀ ਸ੍ਰੀ ਅਮਨ ਅਰੋੜਾ ਨੇ ਦੱਸਿਆ ਕਿ ਇਹ ਫੈਸਲਾ ਨਿਰਧਾਰਤ ਸਮਾਂ-ਸੀਮਾ ਅੰਦਰ ਕੇਸਾਂ ਦੇ ਨਿਪਟਾਰੇ ਲਈ ਬੇਹੱਦ ਅਹਿਮ ਸਿੱਧ ਹੋਵੇਗਾ ਕਿਉਂਕਿ ਮਕਾਨ ਉਸਾਰੀ ਤੇ ਸਹਿਰੀ ਵਿਕਾਸ ਵਿਭਾਗ ਵੱਲੋਂ ਰੈਗੂਲੇਟਰੀ ਪ੍ਰਵਾਨਗੀਆਂ ਦੇਣ ਲਈ ਸਥਾਨਕ ਪੱਧਰ 'ਤੇ ਆਪਣੀਆਂ ਅਥਾਰਟੀਆਂ ਨੂੰ ਅਧਿਕਾਰਤ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਸ ਕਦਮ ਨਾਲ ਮੋਹਾਲੀ, ਲੁਧਿਆਣਾ, ਜਲੰਧਰ, ਅੰਮ੍ਰਿਤਸਰ, ਪਟਿਆਲਾ ਅਤੇ ਬਠਿੰਡਾ ਦੀਆਂ ਸਹਿਰੀ ਵਿਕਾਸ ਅਥਾਰਟੀਆਂ ਆਪਣੇ ਪੱਧਰ 'ਤੇ ਰੈਗੂਲੇਟਰੀ ਪ੍ਰਵਾਨਗੀਆਂ ਦੇਣ ਦੇ ਸਮਰੱਥ ਹੋ ਜਾਣਗੀਆਂ। ਇਨ੍ਹਾਂ ਅਥਾਰਟੀਆਂ ਦੀ ਅਗਵਾਈ ਮੁੱਖ ਪ੍ਰਸਾਸਕ ਕਰ ਰਹੇ ਹਨ।

ਵਿਭਾਗ ਦੇ ਪ੍ਰਮੁੱਖ ਸਕੱਤਰ ਅਜੋਏ ਕੁਮਾਰ ਸਿਨਹਾ ਨੇ ਦੱਸਿਆ ਕਿ ਹੁਣ ਮੁੱਖ ਪ੍ਰਸ਼ਾਸਕ ਸਾਰੀਆਂ ਸ਼੍ਰੇਣੀਆਂ ਦੀਆਂ ਕਾਲੋਨੀਆਂ ਲਈ ਲਾਇਸੈਂਸ ਜਾਰੀ ਕਰ ਸਕਣਗੇ। ਸਬੰਧਤ ਅਥਾਰਟੀ ਦੇ ਸੀ.ਏ. ਦੀ ਪ੍ਰਧਾਨਗੀ ਹੇਠਲੀ ਕਮੇਟੀ ਰਿਹਾਇਸ਼ੀ/ਉਦਯੋਗਿਕ/ਵਪਾਰਕ ਕਾਲੋਨੀ, ਮੈਗਾ ਪ੍ਰਾਜੈਕਟਾਂ ਅਤੇ ਉਦਯੋਗਿਕ ਪਾਰਕਾਂ (ਮੌਜੂਦਾ ਪ੍ਰਾਜੈਕਟਾਂ ਦੇ ਵਿਸਥਾਰ ਸਮੇਤ) ਦੇ ਲੇਅ-ਆਊਟ ਪਲਾਨ ਨੂੰ ਪ੍ਰਵਾਨਗੀ ਦੇਵੇਗੀ। ਇਸ ਕਮੇਟੀ ਨੂੰ 15 ਏਕੜ ਤੋਂ ਵੱਧ ਦੇ ਉਦਯੋਗਾਂ ਨੂੰ ਛੱਡ ਕੇ ਸਾਰੇ ਸਟੈਂਡਅਲੋਨ ਪ੍ਰਾਜੈਕਟਾਂ ਤੋਂ ਇਲਾਵਾ ਇਕ ਏਕੜ ਤੋਂ ਉੱਪਰ ਦੇ ਮਨਜ਼ੂਰਸ਼ੁਦਾ ਪ੍ਰਾਈਵੇਟ ਪ੍ਰਾਜੈਕਟਾਂ ਵਿੱਚ ਸਨਅਤੀ ਅਤੇ ਚੰਕ ਸਾਈਟਾਂ ਸਮੇਤ ਇੱਕ ਏਕੜ ਤੋਂ ਵੱਧ ਦੀਆਂ ਅਲਾਟ ਕੀਤੀਆਂ/ਨਿਲਾਮੀ ਵਾਲੀਆਂ ਸਾਰੀਆਂ ਚੰਕ ਸਾਈਟਾਂ ਦੇ ਬਿਲਡਿੰਗ ਪਲਾਨ ਨੂੰ ਮਨਜ਼ੂਰੀ ਦੇਣ ਲਈ ਵੀ ਅਧਿਕਾਰਤ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਸਬੰਧਤ ਅਥਾਰਟੀ ਦੇ ਵਧੀਕ ਮੁੱਖ ਪ੍ਰਸ਼ਾਸਕ (ਏ.ਸੀ.ਏ.) ਦੀ ਅਗਵਾਈ ਵਾਲੀ ਕਮੇਟੀ ਕੋਲ ਇੱਕ ਏਕੜ ਤੱਕ ਦੀਆਂ ਸਾਰੀਆਂ ਅਲਾਟ ਕੀਤੀਆਂ/ਨਿਲਾਮੀ ਵਾਲੀਆਂ ਚੰਕ ਸਾਈਟਾਂ ਸਮੇਤ ਉਦਯੋਗਾਂ ਦੇ ਬਿਲਡਿੰਗ ਪਲਾਨ ਨੂੰ ਪ੍ਰਵਾਨਗੀ ਦੇਣ ਦਾ ਅਧਿਕਾਰ ਹੋਵੇਗਾ, ਜਿਸ ਵਿੱਚ ਅਰਬਨ ਅਸਟੇਟ/ਮਕਾਨ ਉਸਾਰੀ ਤੇ ਸਹਿਰੀ ਵਿਕਾਸ ਵਿਭਾਗ ਦੇ ਪ੍ਰਵਾਨਿਤ ਪ੍ਰਾਜੈਕਟਾਂ ਵਿੱਚ ਇੱਕ ਏਕੜ ਤੱਕ ਦੇ ਹੋਰ ਸਾਰੇ ਪਲਾਟ ਵੀ ਸਾਮਲ ਹਨ। ਚੀਫ ਟਾਊਨ ਪਲਾਨਰ ਪੁੱਡਾ ਨੂੰ ਸਿੱਖਿਆ/ਮੈਡੀਕਲ/ ਧਾਰਮਿਕ/ ਸਮਾਜਿਕ ਚੈਰੀਟੇਬਲ ਸੰਸਥਾਵਾਂ, 15 ਏਕੜ ਤੋਂ ਵੱਧ ਦੇ ਫਾਰਮ ਹਾਊਸ ਅਤੇ ਹੋਟਲ ਤੇ ਖਾਣ-ਪੀਣ ਵਾਲੀਆਂ ਥਾਵਾਂ ਸਮੇਤ ਵਪਾਰਕ ਅਦਾਰਿਆਂ ਦੀ ਕੰਪਾਊਂਡਿੰਗ ਸਬੰਧੀ ਪ੍ਰਵਾਨਗੀ ਦੇਣ ਲਈ ਅਧਿਕਾਰਤ ਕੀਤਾ ਗਿਆ ਹੈ। ਸਿਨਹਾ ਨੇ ਦੱਸਿਆ ਕਿ ਸਬੰਧਤ ਸਰਕਲ ਦੇ ਸੀਨੀਅਰ ਟਾਊਨ ਪਲਾਨਰ ਕੋਲ ਰਿਹਾਇਸ਼ੀ/ਉਦਯੋਗਿਕ/ਵਪਾਰਕ ਕਾਲੋਨੀ, ਮੈਗਾ ਪ੍ਰਾਜੈਕਟਾਂ ਅਤੇ ਉਦਯੋਗਿਕ ਪਾਰਕਾਂ (ਮੌਜੂਦਾ ਪ੍ਰਾਜੈਕਟਾਂ ਦੇ ਵਿਸਥਾਰ ਸਮੇਤ) ਦੇ ਜੋਨਿੰਗ ਪਲਾਨ ਲਈ ਪ੍ਰਵਾਨਗੀ ਦੇਣ ਤੋਂ ਇਲਾਵਾ ਸਾਰੇ ਸਟੈਂਡਅਲੋਨ ਉਦਯੋਗਿਕ ਐਮ.ਐਸ.ਐਮ.ਈ. ਜ਼ਿਲ੍ਹਾ ਪੱਧਰੀ ਪ੍ਰਾਜੈਕਟਾਂ ਦੇ ਬਿਲਡਿੰਗ ਪਲਾਨ, ਉਦਯੋਗ ਨੂੰ ਛੱਡ ਕੇ 15 ਏਕੜ ਤੱਕ ਦੇ ਸਾਰੇ ਸਟੈਂਡਅਲੋਨ ਪ੍ਰਾਜੈਕਟਾਂ ਦੇ ਬਿਲਡਿੰਗ ਪਲਾਨ, ਸਿੱਖਿਆ/ਮੈਡੀਕਲ/ਧਾਰਮਿਕ/ਸਮਾਜਿਕ ਚੈਰੀਟੇਬਲ ਸੰਸਥਾਵਾਂ ਦੀ ਕੰਪਾਊਂਡਿੰਗ, 15 ਏਕੜ ਤੱਕ ਦੇ ਫਾਰਮ ਹਾਊਸ ਅਤੇ 10 ਏਕੜ ਤੱਕ ਦੀਆਂ ਸਾਰੀਆਂ ਉਦਯੋਗਿਕ ਇਮਾਰਤਾਂ ਦੀ ਕੰਪਾਊਂਡਿੰਗ ਸਬੰਧੀ ਪ੍ਰਵਾਨਗੀ ਦੇਣ ਦੇ ਅਧਿਕਾਰ ਹੋਣਗੇ। ਉਨ੍ਹਾਂ ਅੱਗੇ ਦੱਸਿਆ ਕਿ ਸੀਨੀਅਰ ਟਾਊਨ ਪਲਾਨਰ, ਪੀ.ਬੀ.ਆਈ.ਪੀ. ਸਾਰੇ ਸਟੈਂਡਅਲੋਨ ਉਦਯੋਗਿਕ ਸੂਬਾ ਪੱਧਰੀ ਪ੍ਰਾਜੈਕਟਾਂ ਅਤੇ 10 ਏਕੜ ਤੋਂ ਉੱਪਰ ਦੀਆਂ ਸਾਰੀਆਂ ਉਦਯੋਗਿਕ ਇਮਾਰਤਾਂ ਦੀ ਕੰਪਾਊਂਡਿੰਗ ਲਈ ਪ੍ਰਵਾਨਗੀ ਦੇਣ ਲਈ ਅਧਿਕਾਰਤ ਹੋਣਗੇ। ਇਸੇ ਤਰ੍ਹਾਂ ਜ਼ਿਲ੍ਹਾ ਟਾਊਨ ਪਲਾਨਰ ਨੂੰ ਰਾਈਸ ਸ਼ੈੱਲਰ, ਇੱਟਾਂ ਦੇ ਭੱਠੇ, ਪੈਟਰੋਲ ਪੰਪ ਅਤੇ ਸਟੋਨ ਕਰੱਸ਼ਰ ਦੇ ਬਿਲਡਿੰਗ ਪਲਾਨ ਨੂੰ ਮਨਜ਼ੂਰੀ ਦੇਣ ਲਈ ਅਧਿਕਾਰਤ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਮੁਕੰਮਲ/ਅੰਸ਼ਕ ਮੁਕੰਮਲ/ਕਬਜ਼ੇ ਸਬੰਧੀ ਸਰਟੀਫਿਕੇਟ ਜਾਰੀ ਕਰਨ ਲਈ ਸਮਰੱਥ ਅਥਾਰਟੀ ਲੇਅ-ਆਊਟ ਪਲਾਨ/ਬਿਲਡਿੰਗ ਪਲਾਨ ਨੂੰ ਮਨਜ਼ੂਰੀ ਦੇਣ ਵਾਲੀ ਅਥਾਰਟੀ ਹੀ ਹੋਵੇਗੀ।

# ਸਮੂਹ ਏ ਐਨ ਐਮਜ਼ ਦੀ ਹੋਈ ਮੀਟਿੰਗ



**ਸ੍ਰੀ ਚਮਕੌਰ ਸਾਹਿਬ,(ਕੁਲਵਿੰਦਰ ਕਾਲਾ)**- ਡਾ.ਗੋਬਿੰਦ ਟੰਡਨ ਸੀਨੀਅਰ ਮੈਡੀਕਲ ਅਫਸਰ ਸੀ.ਐਚ.ਸੀ ਚਮਕੌਰ ਸਾਹਿਬ ਦੀ ਪ੍ਰਧਾਨਗੀ ਹੇਠ ਸਮੂਹ ਏ.ਐਨ.ਐਮਜ਼ ਦੀ ਮੀਟਿੰਗ ਕੀਤੀ ਗਈ, ਜਿਸ ਵਿੱਚ ਡਾ.ਗੋਬਿੰਦ ਟੰਡਨ ਨੇ ਨੈਸ਼ਨਲ ਹੈਲਥ ਮਿਸ਼ਨ ਅਧੀਨ ਚੱਲ ਰਹੇ ਸਿਹਤ ਪ੍ਰੋਗਰਾਮਾਂ ਦੀ ਸਮੀਖਿਆ ਕੀਤੀ। ਇਸ ਮੀਟਿੰਗ ਵਿੱਚ ਡਾ.ਟੰਡਨ ਨੇ ਸਮੂਹ ਏ.ਐਨ.ਐਮਜ਼ ਨੂੰ ਕਿਹਾ ਕਿ ਉਹ ਆਪਣੇ ਏਰੀਏ ਵਿੱਚ ਗਰਭਵਤੀ ਮਹਿਲਾਵਾਂ ਦੀ 100 ਫੀਸਦੀ ਰਜਿਸਟ੍ਰੇਸ਼ਨ ਅਤੇ ਐਂਟੀਨੇਟਲ ਚੈਕ-ਅੱਪ ਯਕੀਨੀ ਬਨਾਉਣ। ਉਨ੍ਹਾਂ ਕਿਹਾ ਕਿ ਏ.ਐਫ.ਪੀ ਅਤੇ ਮੀਜ਼ਲ ਰੁਬੇਲਾ ਦੇ ਲੱਛਣਾਂ ਵਾਲੇ ਕੇਸਾਂ ਨੂੰ ਬਲਾਕ ਪੱਧਰ 'ਤੇ ਰਿਪੋਰਟ ਕੀਤਾ ਜਾਵੇ। ਜੇਕਰ ਕਿਸੀ ਬੱਚੇ ਦੇ ਸਰੀਰ 'ਤੇ ਲਾਲ ਦਾਣੇ ਅਤੇ ਬੁਖਾਰ ਹੈ ਤਾਂ ਉਸ ਕੇਸ ਨੂੰ ਰਿਪੋਰਟ ਕੀਤਾ ਜਾਵੇ। ਉਨ੍ਹਾਂ ਸਮੂਹ ਏ.ਐਨ.ਐਮਜ਼ ਨੂੰ ਹਦਾਇਤ ਕੀਤੀ ਕਿ ਉਹ ਆਪਣੇ ਏਰੀਏ ਵਿੱਚ ਗਰਭਵਤੀ ਮਹਿਲਾਵਾਂ ਦਾ ਫੋਲੋਅਪ ਕਰਨ ਅਤੇ ਹਾਈਰਿਸਕ ਗਰਭਵਤੀ ਮਹਿਲਾਵਾਂ ਦਾ ਵਿਸ਼ੇਸ਼ ਧਿਆਨ ਰੱਖਿਆ ਜਾਵੇ। ਇਸ ਮੌਕੇ ਹਰਵਿੰਦਰ ਸਿੰਘ ਸੈਣੀ ਬੀ.ਈ.ਈ, ਨਾਗਰ ਸਿੰਘ ਮਲਟੀਪਰਪਜ਼ ਹੈਲਥ ਸੁਪਰਵਾਈਜਰ ਮੇਲ, ਦਵਿੰਦਰ ਸਿੰਘ ਮਲਟੀਪਰਪਜ਼ ਹੈਲਥ ਸੁਪਰਵਾਈਜਰ ਅਤੇ ਸਮੂਹ ਏ.ਐਨ.ਐਮਜ਼ ਹਾਜਰ ਸਨ।

# ਬਾਬਾ ਗੁਰਦਿੱਤਾ ਦੇ ਜਨਮ ਦਿਹਾੜੇ ਨੂੰ ਸਮਰਪਿਤ ਕਬੱਡੀ ਕੱਪ ਦਾ ਲੁੱਡੀ ਵਲੋਂ ਉਦਘਾਟਨ



**ਬਲਾਚੌਰ (ਜਤਿੰਦਰ ਪਾਲ ਸਿੰਘ ਕਲੇਰ )** ਪਿੰਡ ਚਾਂਦਪੁਰ ਰੁੜਕੀ ਵਿਖੇ ਬਾਬਾ ਗੁਰਦਿੱਤਾ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ ਕਬੱਡੀ ਕੱਪ ਦਾ ਉਦਘਾਟਨ ਚੌਧਰੀ ਇੰਦਰਜੀਤ ਲੁੱਡੀ ਸੀਨੀਅਰ ਅਕਾਲੀ ਆਗੂ ਵਲੋਂ ਕੀਤਾ ਗਿਆ। ਉਨ੍ਹਾਂ ਕਿਹਾ ਕਿ ਖੇਡਾਂ ਨਾਲ ਸਾਡੀ ਨੌਜਵਾਨ ਪੀੜ੍ਹੀ ਨਸ਼ਿਆਂ ਤੋਂ ਦੂਰ ਰਹਿੰਦੀ ਹੈ ਤੇ ਸਾਡੇ ਵਿਚ ਪਿਆਰ ਤੇ ਆਪਸੀ ਭਾਈਚਾਰਾ ਵਧਦਾ ਹੈ। ਉਨ੍ਹਾਂ ਕਬੱਡੀ ਕੱਪ ਲਈ 21000/- ਰੁਪਏ ਦੇਣ ਦਾ ਐਲਾਨ ਵੀ ਕੀਤਾ। ਉਦਘਾਟਨੀ ਮੈਚ ਭਾਰ 45 ਕਿੱਲੋ ਵਿਚ ਚਾਂਦਪੁਰ ਰੁੜਕੀ ਤੇ ਸੇਖੋਵਾਲ ਵਿਚਕਾਰ ਹੋਇਆ, ਜਿਸ ਵਿਚ ਚਾਂਦਪੁਰ ਰੁੜਕੀ ਜੇਤੂ ਰਿਹਾ। ਇਸ ਮੌਕੇ ਬਿੰਦਰ ਕੁਮਾਰ ਸਰਪੰਚ, ਸੁਖਪਾਲ ਦਾਸ ਹੈੱਡਮਾਸਟਰ, ਰਜਿੰਦਰ ਸਿੰਘ ਜਿੰਦੀ, ਸਤਿੰਦਰ ਕੁਮਾਰ ਸਰਪੰਚ, ਈਸ਼ਵਰ ਚੰਦ ਪੰਚ, ਬੂਟਾ ਸਿੰਘ, ਨਰੰਜਣਜੋਤ ਸਿੰਘ, ਬਲਦੇਵ ਰਾਜ, ਚਰਨਜੀਤ ਕੁਮਾਰ ਸਰਪੰਚ, ਰੌਸ਼ਨ ਲਾਲ ਲੰਬੜਦਾਰ, ਚਰਨ ਸਿੰਘ, ਠੇਕੇਦਾਰ ਮੋਹਣ ਲਾਲ, ਵਿਜੇ ਕੁਮਾਰ, ਕਾਲਾ ਪੰਚ, ਗੁਰਮੇਲ ਚੰਦ ਪੰਚ, ਪਰਮਜੀਤ ਪੰਮੀ ਪੰਚ ਆਦਿ ਸਮੇਤ ਸਮੂਹ ਨਗਰ ਨਿਵਾਸੀ ਹਾਜਰ ਸਨ।

# ਦੂਸ਼ਿਤ ਪਾਣੀ ਪੀਣ ਨਾਲ ਹੋਣ ਵਾਲੀਆਂ ਬਿਮਾਰੀਆਂ ਦੀ ਰੋਕਥਾਮ ਲਈ ਹਰ ਸੰਭਵ ਕੋਸ਼ਿਸ਼ ਕਰਾਂਗੇ: ਸਿਵਲ ਸਰਜਨ



**ਨਵਾਂਸ਼ਹਿਰ, (ਮਨੋਜ ਲਾਡੀ)**- ਸਿਵਲ ਸਰਜਨ ਡਾ. ਦਵਿੰਦਰ ਢਾਂਡਾ ਦੀ ਯੋਗ ਰਹਿਨੁਮਾਈ ਹੇਠ ਸਿਹਤ ਵਿਭਾਗ ਦੂਸ਼ਿਤ ਪਾਣੀ ਪੀਣ ਨਾਲ ਹੋਣ ਵਾਲੀਆਂ ਬਿਮਾਰੀਆਂ ਦੇ ਫੈਲਾਅ ਨੂੰ ਰੋਕਣ ਲਈ ਪੀਣ ਵਾਲੇ ਪਾਣੀ ਦੀ ਗੁਣਵੱਤਾ ਤੇ ਸ਼ੁੱਧਤਾ ਨੂੰ ਯਕੀਨੀ ਬਣਾਉਣ ਲਈ ਢੁੱਕਵੇਂ ਕਦਮ ਉਠਾ ਰਿਹਾ ਹੈ। ਇਸ ਸਬੰਧੀ ਸਿਵਲ ਸਰਜਨ ਡਾ. ਦਵਿੰਦਰ ਢਾਂਡਾ ਨੇ ਮਲਟੀਪਰਪਜ਼ ਹੈਲਥ ਸੁਪਰਵਾਈਜਰ (ਮੇਲ) ਅਤੇ ਮਲਟੀਪਰਪਜ਼ ਹੈਲਥ ਵਰਕਰ (ਮੇਲ) ਨੂੰ ਇਕ ਮੀਟਿੰਗ ਵਿਚ ਹਦਾਇਤਾਂ ਜਾਰੀ ਕਰਦੇ ਹੋਏ ਕਿਹਾ ਕਿ ਜ਼ਿਲ੍ਹੇ ਵਿਚ ਦੂਸ਼ਿਤ ਪਾਣੀ ਪੀਣ ਨਾਲ ਹੋਣ ਵਾਲੀਆਂ ਬਿਮਾਰੀਆਂ ਦੇ ਪ੍ਰਸਾਰ ਨੂੰ ਰੋਕਣ ਲਈ ਸਾਵਧਾਨੀਆਂ ਵਰਤਣ ਦੀ ਸਖਤ ਲੋੜ ਹੈ। ਇਸ ਲਈ ਜ਼ਿਲ੍ਹੇ ਵਿਚ ਹਰ ਸਿਹਤ ਬਲਾਕ ਨੂੰ ਆਪਣੇ ਸਹਿਰੀ ਤੇ ਪੇਂਡੂ ਇਲਾਕਿਆਂ ਵਿੱਚ ਪਾਣੀ ਸਪਲਾਈ ਲਾਈਨਾਂ ਵਿੱਚ ਕਿਸੇ ਵੀ ਕਿਸਮ ਦੀ ਲੀਕੇਜ ਦਰੁਸਤ ਕਰਵਾਉਣ ਤੇ ਪਾਣੀ ਦੀਆਂ ਟੈਂਕੀਆਂ ਦੀ ਸਾਫ-ਸਫਾਈ ਕਰਵਾਉਣ ਲਈ ਹੋਰ ਭਾਈਵਾਲ ਵਿਭਾਗਾਂ ਨਾਲ ਮਿਲ ਕੇ ਕੰਮ ਕਰਨ ਲਈ ਕਿਹਾ ਗਿਆ ਹੈ। ਉਨ੍ਹਾਂ ਕਿਹਾ ਕਿ ਸਿਹਤ ਵਿਭਾਗ, ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ, ਪੰਚਾਇਤਾਂ ਦੀ ਸਰਗਰਮ ਸ਼ਮੂਲੀਅਤ ਨਾਲ ਲੋਕਾਂ ਨੂੰ ਪੀਣ ਵਾਲੇ ਸ਼ੁੱਧ ਪਾਣੀ ਦੀ ਸਪਲਾਈ ਯਕੀਨੀ ਬਣਾਉਣ ਵਿੱਚ ਮਦਦ ਮਿਲੇਗੀ। ਉਨ੍ਹਾਂ ਦੱਸਿਆ ਕਿ ਸਿਹਤ ਵਿਭਾਗ ਦੀਆਂ ਟੀਮਾਂ ਵੱਲੋਂ ਸਹਿਰੀ ਤੇ ਪੇਂਡੂ ਇਲਾਕਿਆਂ ਵਿੱਚ ਪੀਣ ਵਾਲੇ ਪਾਣੀ ਦੀ ਕਲੋਰੀਨੇਸ਼ਨ ਦੀ ਮਹੱਤਤਾ ਵੀ ਦੱਸੀ ਜਾਵੇਗੀ ਅਤੇ ਪੀਣ ਵਾਲੇ ਪਾਣੀ ਦੀ ਹਰ ਹਾਲਤ ਵਿੱਚ ਕਲੋਰੀਨੇਸ਼ਨ ਯਕੀਨੀ ਬਣਾਉਣ ਲਈ ਜਾਗਰੂਕਤਾ ਫੈਲਾਈ ਜਾਵੇਗੀ। ਉਨ੍ਹਾਂ ਇਹ ਵੀ ਹਦਾਇਤ ਕੀਤੀ ਕਿ ਜੇਕਰ ਜਿੱਥੇ ਮੌਜੂਦਾ ਸਮੇਂ ਜਾਂ ਫਿਰ ਪਿਛਲੇ ਸਮੇਂ ਵਿਚ ਕਿਤੇ ਆਊਟਬ੍ਰੇਕ ਹੋਇਆ ਹੋਵੇ, ਉੱਥੇ ਸਮੇਂ-ਸਮੇਂ ਉੱਤੇ ਪਾਣੀ ਦੇ ਨਮੂਨੇ ਭਰਨੇ ਯਕੀਨੀ ਬਣਾਏ ਜਾਣ ਤਾਂ ਜੋ ਪਾਣੀ ਨਾਲ ਹੋਣ ਵਾਲੀਆਂ ਬਿਮਾਰੀਆਂ ਸਬੰਧੀ ਪਛਾਣੇ ਗਏ ਉੱਚ ਜ਼ੋਖਮ ਵਾਲੇ ਇਲਾਕਿਆਂ ਵਿਚ ਵੀ ਨਿਗਰਾਨੀ ਪ੍ਰਬੰਧਨ ਨੂੰ ਮਜ਼ਬੂਤ ਕੀਤਾ ਜਾ ਸਕੇ। ਉਨ੍ਹਾਂ ਇਹ ਵੀ ਕਿਹਾ ਕਿ ਜ਼ਿਲ੍ਹੇ ਦੇ ਵੱਡੇ ਖੇਤਰ ਨੂੰ ਕਵਰ ਕਰਦੇ ਹੋਏ ਪਾਣੀ ਦੇ ਨਮੂਨੇ ਹਰ ਵਾਰ ਵੱਖੋ-ਵੱਖਰੇ ਸਰੋਤਾਂ ਤੋਂ ਲਏ ਜਾਣੇ ਯਕੀਨੀ ਬਣਾਏ ਜਾਣ। ਸਿਹਤ ਵਿਭਾਗ ਵੱਲੋਂ ਇਕੱਠੇ ਕੀਤੇ ਪਾਣੀ ਦੇ ਨਮੂਨਿਆਂ ਨੂੰ ਜਾਂਚ ਲਈ ਸਟੇਟ ਪਬਲਿਕ ਹੈਲਥ ਲੈਬਾਰਟਰੀ, ਖਰੜ ਭੇਜਿਆ ਜਾਂਦਾ ਹੈ ਤੇ ਤੁਰੰਤ ਉਪਾਵਾਂ ਲਈ ਸਬੰਧਤ ਵਿਭਾਗਾਂ ਨੂੰ ਉਨ੍ਹਾਂ ਇਲਾਕਿਆਂ ਦੇ ਵੇਰਵੇ ਸਾਂਝੇ ਕੀਤੇ ਜਾਂਦੇ ਹਨ, ਜਿੱਥੋਂ ਪਾਣੀ ਦੇ ਨਮੂਨੇ (ਬੈਕਟਰੀਆ ਆਦਿ ਕਾਰਨ) ਠੀਕ ਨਹੀਂ ਪਾਏ ਜਾਂਦੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਜ਼ਿਲ੍ਹਾ ਪਰਿਵਾਰ ਭਲਾਈ ਅਫਸਰ ਡਾ. ਰਾਕੇਸ਼ ਚੰਦਰ, ਜ਼ਿਲ੍ਹਾ ਐਪੀਡੀਮੋਲੋਜਿਸਟ ਸ਼ਿਆਮਾਵੇਦਾ, ਬਲਾਕ ਐਕਸਟੈਂਸ਼ਨ ਐਜੂਕੇਟਰ ਵਿਕਾਸ ਵਿਰਦੀ, ਸੁਨੀਤਾ ਰਾਣੀ ਤੇ ਹੈਲਥ ਇੰਸਪੈਕਟਰ ਰਾਜੀਵ ਕੁਮਾਰ ਅਤੇ ਜੋਗਿੰਦਰ ਪਾਲ ਸਮੇਤ ਸਿਹਤ ਵਿਭਾਗ ਦੇ ਹੋਰ ਅਧਿਕਾਰੀ ਅਤੇ ਕਰਮਚਾਰੀ ਹਾਜ਼ਰ ਸਨ।

# ਭਗਵਾਨ ਵਾਲਮੀਕਿ ਦੇ ਪ੍ਰਗਟ ਦਿਵਸ 'ਤੇ ਵਿਸ਼ਾਲ ਸ਼ੋਭਾ ਯਾਤਰਾ



**ਫਿਲੌਰ (ਨਿਰਮਲ)**- ਫਿਲੌਰ ਇਲਾਕੇ ਦੀਆਂ ਵੱਖ-ਵੱਖ ਧਾਰਮਿਕ ਜਥੇਬੰਦੀਆਂ ਸਭਾਵਾਂ ਵੱਲੋਂ ਭਗਵਾਨ ਵਾਲਮੀਕਿ ਜੀ ਦੇ ਪ੍ਰਗਟ ਦਿਵਸ ਦੇ ਸਬੰਧ ਵਿਚ ਵਿਸ਼ਾਲ ਸ਼ੋਭਾ ਯਾਤਰਾ ਕੱਢੀ ਗਈ, ਜਿਸਦੀ ਸ਼ੁਰੂਆਤ ਸੰਤ ਰਾਮ ਸੇਵਕ ਨੇ ਰਿਬਨ ਕੱਟ ਕੇ ਮੁਹੱਲਾ ਰਿਸ਼ੀ ਨਗਰ ਤੋਂ ਸ਼ੁਰੂਆਤ ਕੀਤੀ ਗਈ। ਹਲਕਾ ਫਿਲੌਰ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਵਿਧਾਇਕ ਬਲਦੇਵ ਸਿੰਘ ਖਹਿਰਾ ਅਤੇ ਅਤੇ ਭਾਜਪਾ ਆਗੂ ਰਣਜੀਤ ਪਵਾਰ ਪਹੁੰਚੇ। ਭਗਵਾਨ ਦੇ ਨਾਲ ਸਬੰਧਤ ਅਲੱਗ ਅਲੱਗ ਝਾਕੀਆਂ ਕੱਢੀਆਂ ਗਈਆਂ। ਇਹ ਯਾਤਰਾ ਮੁਹੱਲਾ ਰਿਸ਼ੀ ਨਗਰ ਤੋਂ ਸ਼ੁਰੂ ਹੋ ਕੇ ਰਣਜੀਤਗੜ੍ਹ ਗੁਰਦੁਆਰਾ ਸਾਹਿਬ ਤੋਂ ਹੁੰਦੀ ਹੋਈ ਰੇਲਵੇ ਰੋਡ, ਸ਼ਹਿਰ ਦੇ ਕਈ ਬਾਜ਼ਾਰਾਂ ਅਤੇ ਮੁਹੱਲਿਆਂ 'ਚੋਂ ਹੁੰਦੀ ਹੋਈ ਵਾਪਸ ਰਿਸ਼ੀ ਨਗਰ ਆ ਕੇ ਸਮਾਪਤ ਹੋਈ। ਰਸਤੇ 'ਚ ਸੰਗਤਾਂ ਵੱਲੋਂ ਅਲੱਗ ਅਲੱਗ ਤਰ੍ਹਾਂ ਦੇ ਲੰਗਰ ਲਾ ਕੇ ਸ਼ੋਭਾ ਯਾਤਰਾ ਦਾ ਸਵਾਗਤ ਕੀਤਾ ਗਿਆ। ਭਗਵਾਨ ਵਾਲਮੀਕਿ 'ਸ਼ਕਤੀ ਅਮਰ' ਰਹੇ ਦੇ ਨਾਅਰਿਆਂ ਨਾਲ ਆਕਾਸ਼ ਗੂੰਜ ਰਿਹਾ ਸੀ। ਔਰਤਾਂ ਬੱਚੇ ਨੌਜਵਾਨ ਬਜ਼ੁਰਗ ਭਗਵਾਨ ਵਾਲਮੀਕੀ ਜੀ ਦੀ ਮਹਿਮਾ ਦਾ ਗੁਣਗਾਣ ਕਰ ਰਹੇ ਸਨ। ਇਸ ਮੌਕੇ 'ਤੇ ਨਗਰ ਕੌਂਸਲ ਫਿਲੌਰ ਦੇ ਪ੍ਰਧਾਨ ਮਹਿੰਦਰ ਰਾਮ ਚੁੰਬਰ, ਰਾਜ ਕੁਮਾਰ ਸੰਧੂ, ਰਾਕੇਸ਼ ਕਾਲੀਆ, ਗੋਲਡੀ ਨਾਹਰ ਪ੍ਰਧਾਨ ਅੰਬੇਡਕਰ ਸ਼ਕਤੀ ਦਲ ਪੰਜਾਬ, ਰਾਜੇਸ਼ ਰੌਕਸੀ, ਰਵੀ ਸਰੋਇਆ, ਨਰਿੰਦਰ ਗੋਇਲ, ਸੁਰਿੰਦਰ ਡਾਵਰ ਤਹਿਸੀਲ ਪ੍ਰਧਾਨ ਭਾਵਾਧਸ, ਰਣਜੀਤ ਮਸੀਹ, ਡਾ. ਵੈਭਵ ਸ਼ਰਮਾ, ਰਾਕੇਸ਼ ਸ਼ਰਮਾ, ਸ੍ਰੀਮਤੀ ਅਰੁਣਾ ਸ਼ਰਮਾ, ਸ਼ੰਕਰ ਸੰਧੂ, ਸੋਨੂੰ ਪੰਮਾ, ਰਾਏਵਰਿੰਦਰ, ਯਸ਼ਪਾਲ ਗਿੰਡਾ, ਪਰਮਜੀਤ ਭਾਰਤੀ, ਸੁਰਿੰਦਰ ਕੈਂਥ, ਨੀਤੂ ਡਾਵਰ, ਗੀਤਾ, ਮੋਨਿਕਾ ਦੁੱਗਲ ਅਤੇ ਹੋਰ ਹਾਜਰ ਸਨ।

# ਬੀ.ਡੀ.ਪੀ.ਓਜ਼ ਨੂੰ ਪੈਨਸ਼ਨ ਸੰਬੰਧੀ ਪੈਂਡਿੰਗ ਏ.ਪੀ.ਆਰਜ਼ 18 ਤੋਂ ਪਹਿਲਾਂ-ਪਹਿਲਾਂ ਜਮ੍ਹਾਂ ਕਰਵਾਉਣ ਦੀਆਂ ਹਦਾਇਤਾਂ

**ਜਲੰਧਰ (ਸੁਰਿੰਦਰ ਕੁਮਾਰ)**- ਸਮੂਹ ਬਲਾਕ ਵਿਕਾਸ ਤੇ ਪੰਚਾਇਤ ਅਫਸਰਾਂ ਨੂੰ ਆਪੋ-ਆਪਣੇ ਅਧਿਕਾਰ ਖੇਤਰ ਵਿੱਚ ਪੈਂਦੇ ਪਿੰਡਾਂ ਦੀਆਂ ਪੰਚਾਇਤਾਂ ਵੱਲ ਪੈਨਸ਼ਨ ਸੰਬੰਧੀ ਬਕਾਇਆ ਏ.ਪੀ.ਆਰਜ਼ 18 ਅਕਤੂਬਰ ਤੋਂ ਪਹਿਲਾਂ-ਪਹਿਲਾਂ ਜਮ੍ਹਾਂ ਕਰਾਉਣ ਦੀਆਂ ਹਦਾਇਤਾਂ ਦਿੱਤੀਆਂ। ਸਥਾਨਕ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਮੀਟਿੰਗ ਦੌਰਾਨ ਵਧੀਕ ਡਿਪਟੀ ਕਮਿਸ਼ਨਰ ਨੇ ਪੰਚਾਇਤਾਂ ਵੱਲ ਪੈਨਸ਼ਨ ਸਕੀਮ ਸੰਬੰਧੀ ਬਕਾਇਆ ਏ.ਪੀ.ਆਰਜ਼ ਦੀ ਸਮੀਖਿਆ ਕਰਦਿਆਂ ਬੀ.ਡੀ.ਪੀ.ਓਜ਼ ਨੂੰ ਕਿਹਾ ਕਿ ਇਸ ਕੰਮ ਨੂੰ ਪਹਿਲੀ ਤਰਜੀਹ ਦਿੰਦਿਆਂ ਰਹਿੰਦੀਆਂ ਏ.ਪੀ.ਆਰਜ਼ ਦਫਤਰ ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫਸਰ ਵਿਖੇ ਨਿਰਧਾਰਤ ਮਿਤੀ ਤੋਂ ਪਹਿਲਾਂ ਜਮ੍ਹਾਂ ਕਰਵਾਉਣ ਨੂੰ ਯਕੀਨੀ ਬਣਾਇਆ ਜਾਵੇ। ਉਨ੍ਹਾਂ ਕਿਹਾ ਕਿ ਜਿਹੜੀਆਂ ਪੰਚਾਇਤਾਂ ਵੱਲ ਏ.ਪੀ.ਆਰਜ਼ ਪੈਂਡਿੰਗ ਹਨ, ਉਨ੍ਹਾਂ ਦੇ ਸਰਪੰਚਾਂ ਨਾਲ ਸੰਬੰਧਤ ਪੰਚਾਇਤ ਸਕੱਤਰਾਂ ਰਾਹੀਂ ਤਾਲਮੇਲ ਕੀਤਾ ਜਾਵੇ ਤਾਂ ਜੋ ਬਕਾਇਆ ਏ.ਪੀ.ਆਰਜ਼ ਸਮੇਂ ਸਿਰ ਜਮ੍ਹਾਂ ਹੋ ਸਕਣ। ਉਨ੍ਹਾਂ ਕਿਹਾ ਕਿ ਇਸ ਕੰਮ ਵਿੱਚ ਕਿਸੇ ਕਿਸਮ ਦੀ ਢਿੱਲ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਇਸ ਦੌਰਾਨ ਉਨ੍ਹਾਂ ਇਹ ਵੀ ਜੇਕਰ ਕਿਸੇ ਪੰਚਾਇਤ ਦੇ ਖਾਤੇ ਵਿੱਚ ਪੈਨਸ਼ਨਾਂ ਦੀ ਰਾਸ਼ੀ ਪਈ ਹੈ ਤਾਂ ਉਕਤ ਰਕਮ ਵਿਆਜ ਸਮੇਤ ਵਾਪਸ ਕਰਵਾਉਣ ਉਪਰੰਤ ਸਰਕਾਰੀ ਖਜ਼ਾਨੇ ਵਿੱਚ ਜਮ੍ਹਾਂ ਕਰਵਾਉਣੀ ਯਕੀਨੀ ਬਣਾਈ ਜਾਵੇ। ਇਸ ਮੌਕੇ ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫਸਰ ਰਾਜਕਿਰਨ ਕੌਰ, ਬੀ.ਡੀ.ਪੀ.ਓਜ਼ ਆਦਿ ਮੌਜੂਦ ਸਨ।

# ਪਸ਼ੂ ਤੇ ਜੀਅ-ਜੰਤ ਦੀ ਸੁੱਖ-ਸ਼ਾਂਤੀ ਵਾਸਤੇ ਬਾਜ਼ੀ ਪਵਾਈ



**ਨੂਰਪੁਰ ਬੇਦੀ (ਸੁਰਜੀਤ ਸਿੰਘ ਕਾਹਲੋਂ)** ਖੇਤਰ ਦੇ ਪਿੰਡ ਮਵਾ ਵਿਖੇ ਪਿੰਡ ਵਾਸੀਆਂ ਵਲੋਂ ਮਾਲ ਪਸ਼ੂ ਤੇ ਜੀਅ ਜੰਤ ਦੀ ਸੁੱਖ-ਸ਼ਾਂਤੀ ਵਾਸਤੇ ਬਾਜ਼ੀ ਪਵਾਈ ਗਈ, ਇਸ ਮੌਕੇ ਬਾਜ਼ੀਗਰ ਵੱਲੋਂ ਵੱਖ ਵੱਖ ਤਰ੍ਹਾਂ ਦੇ ਕਰਤਬ ਦਿਖਾਏ ਗਏ । ਇਨ੍ਹਾ ਕਰਤੱਬਾਂ ਚ ਉੱਚਾ ਉਛਾਲ ਦਿੰਦੀ ਜਿਸ ਨਾਲ ਉਹ ਪੌੜੀ ਉੱਪਰ ਟੰਗੇ ਮੰਜੇ ਨੂੰ ਟੱਪਣ ਵਿੱਚ ਕਾਮਯਾਬ ਹੁੰਦਾ। ਬਲਦੇ ਕੜੇ ਵਿੱਚੋਂ ਦੀ ਛਾਲ ਮਾਰ ਕੇ ਲੰਘਣਾ, ਛੁਰੀਆਂ-ਕਾਂਟਿਆਂ ਵਾਲੀ ਪਟੜੀ 'ਤੇ ਖਲੋ ਕੇ ਮੂੰਹ ਵਿੱਚ ਬਲਦੀ ਤਲਵਾਰ ਫੜ ਪੁੱਠੀ ਛਾਲ/ਬਾਜ਼ੀ ਲਾਉਣੀ, ਪੈਰਾਂ ਭਾਰ ਬੈਠ ਕੇ ਬਾਜ਼ੀ ਲਾਉਣੀ ਆਦਿ ਬਹੁਤ ਹੀ ਖ਼ਤਰਨਾਕ ਅਤੇ ਜੋਖ਼ਮ ਭਰਪੂਰ ਕਰਤਬ ਦਿਖਾਏ ਗਏ। ਪਿੰਡ ਵਾਸੀਆਂ ਦੇ ਵੱਲੋਂ ਉਕਤ ਬਾਜ਼ੀਗਰ ਗੱਭਰੂਆਂ ਦਾ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਗਿਆ । ਇਸ ਮੌਕੇ ਹੋਰਨਾਂ ਤੋਂ ਇਲਾਵਾ ਸਰਪੰਚ ਹਰਪਾਲ ਸਿੰਘ,ਬਲਾਕ ਸੰਮਤੀ ਮੈਂਬਰ ਪ੍ਰੀਤਮ ਸਿੰਘ,ਲੰਬੜਦਾਰ ਧਰਮ ਪਾਲ, ਲੰਬੜਦਾਰ ਦੌਲਤ ਰਾਮ,ਮੋਹਨ ਲਾਲ,ਜਗਤ ਰਾਮ,ਗੁਰਦਾਸ ਰਾਮ,ਬੈਜ ਨਾਥ,ਜਸਵਿੰਦਰ ਬੱਬੀ,ਰਣਜੀਤ ਸਿੰਘ ,ਬਲਵੀਰ ਸਿੰਘ,ਲਛਮਨ ਦਾਸ,ਡਾ ਗੁਰਚਰਨ ਸਿੰਘ,ਓਕਾਰ ਸਿੰਘ, ਆਦਿ ਵਿਸੇਸ ਤੋਰ ਤੇ ਮੌਜੂਦ ਸਨ।

# ਜਲੰਧਰ ਦੀਆਂ ਮੰਡੀਆਂ 'ਚ ਹੁਣ ਤੱਕ 45501 ਮੀਟ੍ਰਿਕ ਟਨ ਝੋਨੇ ਦੀ ਆਮਦ

**ਜਲੰਧਰ : (ਸੁਰਿੰਦਰ ਕੁਮਾਰ)** ਜਲੰਧਰ ਦੀਆਂ ਮੰਡੀਆਂ ਵਿੱਚ ਚੱਲ ਰਹੀ ਝੋਨੇ ਦੀ ਖਰੀਦ ਪ੍ਰਕਿਰਿਆ ਦਾ ਜਾਇਜ਼ਾ ਲੈਂਦਿਆਂ ਸੰਬੰਧਤ ਅਧਿਕਾਰੀਆਂ ਨੂੰ ਫਸਲ ਦੀ ਲਿਫਟਿੰਗ ਵਿੱਚ ਤੇਜ਼ੀ ਲਿਆਉਣ ਦੀਆਂ ਹਦਾਇਤਾਂ ਦਿੱਤੀਆਂ। ਸਥਾਨਕ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਝੋਨੇ ਦੀ ਖਰੀਦ ਅਤੇ ਲਿਫਟਿੰਗ ਦੀ ਸਮੀਖਿਆ ਕਰਦਿਆਂ ਡਿਪਟੀ ਕਮਿਸ਼ਨਰ ਨੇ ਸੰਬੰਧਤ ਅਧਿਕਾਰੀਆਂ ਨੂੰ ਕਿਹਾ ਕਿ ਖਰੀਦ ਪ੍ਰਕਿਰਿਆ ਦੌਰਾਨ ਕਿਸਾਨਾਂ ਨੂੰ ਕਿਸੇ ਕਿਸਮ ਦੀ ਦਿੱਕਤ ਨਹੀਂ ਆਉਣੀ ਚਾਹੀਦੀ। ਉਨ੍ਹਾਂ ਨਿਰਦੇਸ਼ ਦਿੱਤੇ ਕਿ ਖਰੀਦ ਉਪਰੰਤ ਫਸਲ ਦੀ ਨਾਲੋ-ਨਾਲ ਲਿਫਟਿੰਗ ਨੂੰ ਯਕੀਨੀ ਬਣਾਇਆ ਜਾਵੇ ਤਾਂ ਜੋ ਮੰਡੀਆਂ ਵਿੱਚ ਅਨਾਜ ਦਾ ਭੰਡਾਰ ਜਮ੍ਹਾਂ ਨਾ ਹੋਵੇ। ਜਸਪ੍ਰੀਤ ਸਿੰਘ ਨੇ ਕਿਹਾ ਕਿ ਸੂਬਾ ਸਰਕਾਰ ਝੋਨੇ ਦੀ ਨਿਰਵਿਘਨ ਖਰੀਦ, ਲਿਫਟਿੰਗ ਅਤੇ ਅਦਾਇਗੀ ਨੂੰ ਯਕੀਨੀ ਬਣਾਉਣ ਲਈ ਵਚਨਬੱਧ ਹੈ ਅਤੇ ਅਧਿਕਾਰੀ ਸਰਕਾਰ ਦੇ ਇਸ ਫੈਸਲੇ ਨੂੰ ਲਾਗੂ ਕਰਨ ਨੂੰ ਯਕੀਨੀ ਬਣਾਉਣ ਲਈ ਜ਼ਿੰਮੇਵਾਰ ਹਨ। ਉਨ੍ਹਾਂ ਖਰੀਦ ਏਜੰਸੀਆਂ ਦੇ ਮੁਖੀਆਂ ਨੂੰ ਜ਼ਮੀਨੀ ਪੱਧਰ 'ਤੇ ਸਮੁੱਚੇ ਕਾਰਜਾਂ ਦਾ ਜਾਇਜ਼ਾ ਲੈਣ ਲਈ ਰੋਜ਼ਾਨਾ ਮੰਡੀਆਂ ਦਾ ਦੌਰਾ ਕਰਨ ਅਤੇ ਖਰੀਦ ਕਾਰਜਾਂ ਦਾ ਬਾਰੀਕੀ ਨਾਲ ਨਿਰੀਖਣ ਕਰਨ ਲਈ ਕਿਹਾ ਤਾਂ ਜੋ ਮੰਡੀਆਂ ਵਿੱਚ ਨਿਰਵਿਘਨ ਅਤੇ ਸੁਚਾਰੂ ਖਰੀਦ ਨੂੰ ਯਕੀਨੀ ਬਣਾਇਆ ਜਾ ਸਕੇ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜ਼ਿਲ੍ਹੇ ਦੀਆਂ ਮੰਡੀਆਂ ਵਿੱਚ ਹੁਣ ਤੱਕ ਆਏ ਕੁੱਲ 45501 ਮੀਟ੍ਰਿਕ ਟਨ ਝੋਨੇ ਵਿੱਚੋਂ 42758 ਮੀਟ੍ਰਿਕ ਟਨ ਫਸਲ ਦੀ ਖਰੀਦ ਕੀਤੀ ਜਾ ਚੁੱਕੀ ਹੈ ਅਤੇ ਖਰੀਦੀ ਗਈ ਫਸਲ ਦੀ ਕਿਸਾਨਾਂ ਨੂੰ 58 ਕਰੋੜ ਰੁਪਏ ਅਦਾਇਗੀ ਕੀਤੀ ਜਾ ਚੁੱਕੀ ਹੈ। ਏਜੰਸੀਵਾਰ ਕੀਤੀ ਗਈ ਖਰੀਦ ਬਾਰੇ ਜਾਣਕਾਰੀ ਦਿੰਦਿਆਂ ਉਨ੍ਹਾਂ ਦੱਸਿਆ ਕਿ ਪਨਗਰੇਨ ਵੱਲੋਂ 15254 ਮੀਟ੍ਰਿਕ ਟਨ, ਮਾਰਕਫੈੱਡ ਵੱਲੋਂ 9338 ਮੀਟ੍ਰਿਕ ਟਨ, ਪਨਸਪ ਵੱਲੋਂ 13798 ਮੀਟ੍ਰਿਕ ਟਨ, ਪੰਜਾਬ ਸਟੇਟ ਵੇਅਰ ਹਾਊਸ ਕਾਰਪੋਰੇਸ਼ਨ ਵੱਲੋਂ 4362 ਮੀਟ੍ਰਿਕ ਟਨ ਅਤੇ ਪ੍ਰਾਈਵੇਟ ਵਪਾਰੀਆਂ ਵੱਲੋਂ 6 ਮੀਟ੍ਰਿਕ ਟਨ ਝੋਨੇ ਦੀ ਖਰੀਦ ਕੀਤੀ ਗਈ ਹੈ। ਇਸ ਦੌਰਾਨ ਡਿਪਟੀ ਕਮਿਸ਼ਨਰ ਨੇ ਕਿਸਾਨਾਂ ਨੂੰ ਸਰਕਾਰ ਵੱਲੋਂ ਨਿਰਧਾਰਤ ਨਮੀ ਦੀ ਸੀਮਾ ਅਨੁਸਾਰ ਹੀ ਮੰਡੀਆਂ ਵਿੱਚ ਝੋਨਾ ਲੈ ਕੇ ਆਉਣ ਦੀ ਅਪੀਲ ਕੀਤੀ। ਇਸ ਮੌਕੇ ਜ਼ਿਲ੍ਹਾ ਮੰਡੀ ਅਫਸਰ ਅਰਵਿੰਦਰ ਸਿੰਘ, ਜ਼ਿਲ੍ਹਾ ਖੁਰਾਕ ਤੇ ਸਪਲਾਈ ਕੰਟਰੋਲਰ ਹਰਵੀਨ ਕੌਰ ਅਤੇ ਹੋਰ ਅਧਿਕਾਰੀ ਮੌਜੂਦ ਸਨ।

# ਧਰਮਿੰਦਰ ਭੰਗੂ ਕਾਲੇਮਾਜਰਾ ਦਾ ਕਾਵਿ-ਸੰਗ੍ਰਿਹਿ 'ਥੋੜ੍ਹਾ-ਬਹੁਤ' ਕੀਤਾ ਲੋਕ ਅਰਪਣ



**ਸ੍ਰੀ ਚਮਕੌਰ ਸਾਹਿਬ, (ਕੁਲਵਿੰਦਰ ਕਾਲਾ)**- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਧੀਨ ਸਥਾਪਿਤ ਬੀਬੀ ਸ਼ਰਨ ਕੌਰ ਖ਼ਾਲਸਾ ਕਾਲਜ ਸ੍ਰੀ ਚਮਕੌਰ ਸਾਹਿਬ ਵਿਖੇ ਕਾਲਜ ਪ੍ਰਿੰਸੀਪਲ ਡਾ. ਹਰਪ੍ਰੀਤ ਕੌਰ ਦੀ ਪ੍ਰੇਰਨਾ ਅਤੇ ਯੋਗ ਅਗਵਾਈ ਅਧੀਨ ਪੋਸਟ-ਗ੍ਰੈਜੂਏਟ ਪੰਜਾਬੀ ਵਿਭਾਗ ਅਤੇ ਸਾਹਿਤ ਸਭਾ ਸ੍ਰੀ ਚਮਕੌਰ ਸਾਹਿਬ ਵੱਲੋਂ ਸਾਂਝੇ ਰੂਪ ਵਿੱਚ ਅਧਿਆਪਕ ਆਗੂ, ਉਭਰਦੇ ਸਾਹਿਤਕਾਰ, ਸਮਾਜ-ਸੇਵੀ ਅਤੇ ਨੌਜਵਾਨ ਚਿੰਤਕ ਧਰਮਿੰਦਰ ਭੰਗੂ ਕਾਲੇਮਾਜਰਾ ਦਾ ਕਾਵਿ-ਸੰਗ੍ਰਿਹਿ 'ਥੋੜ੍ਹਾ-ਬਹੁਤ' ਲੋਕ ਅਰਪਣ ਕਰਨ ਦਾ ਸਮਾਗਮ ਕੀਤਾ ਗਿਆ। ਇਸ ਮੌਕੇ ਕਾਲਜ ਪ੍ਰਿੰਸੀਪਲ ਡਾ.ਹਰਪ੍ਰੀਤ ਕੌਰ ਵੱਲੋਂ ਪਹੁੰਚੀਆਂ ਸਮੂਹ ਸ਼ਖ਼ਸੀਅਤਾ ਨੂੰ ਜੀ ਆਇਆਂ ਨੂੰ ਆਖਦਿਆਂ ਸਵਾਗਤ ਕੀਤਾ ਗਿਆ ਅਤੇ ਪੋਸਟ-ਗ੍ਰੈਜੂਏਟ ਪੰਜਾਬੀ ਵਿਭਾਗ ਵੱਲੋਂ ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਦੇ ਖੇਤਰ ਲਈ ਕੀਤੇ ਜਾਂਦੇ ਕਾਰਜਾਂ ਅਤੇ ਗਤੀਵਿਧੀਆਂ ਤੋਂ ਜਾਣੂ ਕਰਵਾਇਆ। ਇਸ ਮੌਕੇ ਮੁੱਖ ਮਹਿਮਾਨ ਵਜੋਂ ਪਹੁੰਚੇ ਪ੍ਰਸਿੱਧ ਸਾਹਿਤਕਾਰ, ਰਿਟਾਇਰਡ ਅਧਿਆਪਕ ਆਗੂ ਧਰਮਪਾਲ ਸੋਖਲ ਨੇ ਧਰਮਿੰਦਰ ਭੰਗੂ ਦੇ ਕਾਵਿ-ਸੰਗ੍ਰਿਹਿ ਲਈ ਮੁਬਾਰਕਬਾਦ ਦਿੰਦਿਆਂ ਪੰਜਾਬੀ ਵਿਭਾਗ ਵੱਲੋਂ ਕਰਵਾਏ ਇਸ ਉੱਦਮ ਦੀ ਸ਼ਲਾਘਾ ਕੀਤੀ। ਡਾ.ਸ਼ਮਸ਼ੇਰ ਮੋਹੀ, ਪ੍ਰਸਿੱਧ ਗਜ਼ਲਗੋ ਵੱਲੋਂ ਇਸ ਪੁਸਤਕ ਤੇ ਖੋਜ ਪੇਪਰ ਪੜਦਿਆਂ ਵੱਖੋ-ਵੱਖਰੀਆਂ ਕਵਿਤਾਵਾਂ ਦੇ ਵਿਸ਼ਿਆਂ, ਪੇਸ਼ਕਾਰੀ, ਛੰਦ -ਬੰਦੀ, ਭਾਸ਼ਾ ਅਤੇ ਸਾਹਿਤਿਕ ਪ੍ਰਭਾਵ 'ਤੇ ਆਪਣੇ ਵਿਚਾਰ ਪੇਸ਼ ਕੀਤੇ। ਡਾ.ਬਲਜੀਤ ਸਿੰਘ ਵਾਈਸ-ਪ੍ਰਿੰਸੀਪਲ ਸਰਕਾਰੀ ਕਾਲਜ ਸੈਕਟਰ-46 ਨੇ ਪੁਸਤਕ 'ਤੇ ਵਿਚਾਰ ਚਰਚਾ ਦੀ ਸ਼ੁਰੂਆਤ ਕਰਦਿਆਂ ਇਕ ਲੇਖਕ ਵਜੋਂ ਧਰਮਿੰਦਰ ਭੰਗੂ ਦੀ ਸਾਹਿਤਿਕ ਖੇਤਰ ਵਿੱਚ ਹੋਈ ਸ਼ੁਰੂਆਤ ਨੂੰ ਇਕ ਸ਼ੁੱਭ ਸ਼ਗਨ ਆਖਦਿਆਂ ਕਿਹਾ ਕਿ ਇਸ ਕਾਵਿ-ਸੰਗ੍ਰਿਹਿ ਵਿੱਚ ਲੋਕ-ਭਾਵਨਾਵਾਂ, ਜਨ-ਸਧਾਰਨ ਨਾਲ ਜੁੜੇ ਮੁੱਦਿਆਂ ਅਤੇ ਸਮਾਜਿਕ, ਧਾਰਮਿਕ, ਰਾਜਨੀਤਿਕ ਅਤੇ ਸਾਹਿਤਕ ਖੇਤਰਾਂ ਨੂੰ ਆਧਾਰ ਬਣਾਉਂਦਿਆਂ ਵਿਅੰਗ ਅਤੇ ਕਟਾਖ਼ਸ਼ ਦੀ ਵਿਧੀ ਵਰਤੀ ਗਈ ਹੈ। ਹਰਨਾਮ ਸਿੰਘ ਡੱਲਾ ਪ੍ਰਧਾਨ ਸਾਹਿਤ ਸਭਾ ਬਹਿਰਾਮਪੁਰ ਬੇਟ, ਸੁਰਜੀਤ ਮੰਡ ਪ੍ਰਧਾਨ ਸਾਹਿਤ ਸਭਾ ਸ੍ਰੀ ਚਮਕੌਰ ਸਾਹਿਬ, ਰਵਿੰਦਰ ਸਿੰਘ ਰੱਬੀ ਜਨਰਲ ਸਕੱਤਰ ਨੌਜਵਾਨ ਸਾਹਿਤ ਸਭਾ ਮੋਰਿੰਡਾ, ਗੁਰਿੰਦਰ ਸਿੰਘ ਕਲਸੀ, ਸਵਰਨ ਸਿੰਘ ਭੰਗੂ, ਅਮਰਿੰਦਰ ਸਿੰਘ ਸੋਹਲ ਆਦਿ ਨੇ ਆਪਣੇ ਵਿਚਾਰ ਪੇਸ਼ ਕੀਤੇ। ਮੰਚ ਸੰਚਾਲਨ ਦੀ ਭੂਮਿਕਾ ਨਿਭਾਉਂਦਿਆਂ ਪ੍ਰੋਫੈਸਰ ਜਗਰੂਪ ਸਿੰਘ ਮੁਖੀ ਪੋਸਟ-ਗ੍ਰੈਜੂਏਟ ਪੰਜਾਬੀ ਵਿਭਾਗ ਨੇ ਕਾਲਜ ਦੀ ਪੰਜਾਬੀ ਸਾਹਿਤ ਸਭਾ ਵੱਲੋਂ ਲੇਖਕ ਨੂੰ ਮੁਬਾਰਕਬਾਦ ਦਿੰਦਿਆਂ ਵਿਭਾਗ ਵੱਲੋਂ ਭਵਿੱਖ ਵਿੱਚ ਸਾਹਿਤਿਕ ਖੇਤਰ ਵਿੱਚ ਕੀਤੇ ਜਾਣ ਵਾਲੇ ਕਾਰਜਾਂ ਤੋਂ ਜਾਣੂ ਕਰਵਾਇਆ। ਸਾਹਿਤ ਸਭਾ ਸ੍ਰੀ ਚਮਕੌਰ ਸਾਹਿਬ ਵੱਲੋਂ ਲੇਖਕ ਧਰਮਿੰਦਰ ਭੰਗੂ, ਡਾ.ਸ਼ਮਸ਼ੇਰ ਸਿੰਘ ਮੋਹੀ, ਡਾ.ਬਲਜੀਤ ਸਿੰਘ, ਡਾ.ਧਰਮਪਾਲ ਸੋਖਲ, ਗੁਰਿੰਦਰ ਸਿੰਘ ਕਲਸੀ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਗੁਰਨਾਮ ਸਿੰਘ ਬਿਜਲੀ, ਰਾਜਦੀਪ ਸਿੰਘ, ਪ੍ਰੋ.ਪਰਵਿੰਦਰ ਸਿੰਘ, ਜਤਿੰਦਰ ਸੈਣੀ, ਲਖਵਿੰਦਰ ਸੈਣੀ, ਰਣਧੀਰ ਸਿੰਘ, ਬਲਵਿੰਦਰ ਸਿੰਘ ਹੀਰਾ, ਮਨਜੀਤ ਸਿੰਗ ਸਿਧੂਪੁਰ, ਯਾਦਵਿੰਦਰ ਯਾਦੀ, ਗੁਰਵਿੰਦਰ ਸਿੰਘ ਮਾਵੀ, ਸਿਮਰਨਜੀਤ ਸਿੰਗ ਰੱਕੜ, ਕੁਲਵੀਰ ਕੰਧੋਲਾ, ਸਤਵਿੰਦਰ ਸਿੰਘ ਮੜੌਲੀ, ਮਾਸਟਰ ਮੋਹਨ ਸਿੰਘ, ਕਾਲਜ ਦਾ ਸਮੂਹ ਟੀਚਿੰਗ ਅਤੇ ਨਾਨ-ਟੀਚਿੰਗ ਸਟਾਫ਼ ਅਤੇ ਇਲਾਕੇ ਦੇ ਵੱਖੋ-ਵੱਖਰੇ ਸਕੂਲਾਂ ਦੇ ਅਧਿਆਪਕ ਹਾਜਰ ਸਨ।

# ਦੀਵਾਲੀ, ਗੁਰਪੁਰਬ, ਕ੍ਰਿਸਮਸ ਤੇ ਨਵੇਂ ਸਾਲ ਦੀ ਪੂਰਵ ਸੰਧਿਆ ਮੌਕੇ ਪਟਾਕੇ ਚਲਾਉਣ ਸੰਬੰਧੀ ਆਦੇਸ਼ ਜਾਰੀ

**ਜਲੰਧਰ, ( ਸੁਰਿੰਦਰ ਕੁਮਾਰ )** ਧਾਰਾ 144 ਅਧੀਨ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦਿਆਂ ਆਦੇਸ਼ ਜਾਰੀ ਗਏ ਕੀਤੇ ਹਨ ਕਿ ਜ਼ਿਲ੍ਹਾ ਜਲੰਧਰ (ਦਿਹਾਤੀ) ਦੀ ਹੱਦ ਅੰਦਰ ਸਮਰੱਥ ਅਥਾਰਟੀ ਵੱਲੋਂ ਅਧਿਕਾਰਤ ਵਿਅਕਤੀ ਨੂੰ ਛੱਡ ਕੇ ਕੋਈ ਵੀ ਵਿਅਕਤੀ ਦੀਵਾਲੀ ਤੇ ਗੁਰਪੁਰਬ ਦੇ ਤਿਉਹਾਰਾਂ ਮੌਕੇ ਆਮ ਵਰਤੇ ਜਾਣ ਵਾਲੇ ਪਟਾਕਿਆਂ ਜਾਂ ਹੋਰ ਵਿਸਫੋਟਕ ਸਮੱਗਰੀ ਦਾ ਭੰਡਾਰਨ, ਪ੍ਰਦਰਸ਼ਨ ਜਾਂ ਵਿਕਰੀ ਨਹੀਂ ਕਰੇਗਾ। ਜਾਰੀ ਹੁਕਮਾਂ ਅਨੁਸਾਰ ਦੀਵਾਲੀ ਮੌਕੇ ਸ਼ਾਮ 8 ਵਜੇ ਤੋਂ ਰਾਤ 10 ਵਜੇ ਤੱਕ ਪਟਾਕੇ ਚਲਾਉਣ ਦੀ ਆਗਿਆ ਹੋਵੇਗੀ। ਇਸੇ ਤਰ੍ਹਾਂ ਗੁਰਪੁਰਬ ਮੌਕੇ ਸਵੇਰੇ 4 ਵਜੇ ਤੋਂ ਸਵੇਰੇ 5 ਵਜੇ ਤੱਕ ਅਤੇ ਰਾਤ 9 ਵਜੇ ਤੋਂ ਰਾਤ 10 ਵਜੇ ਪਟਾਕੇ ਚਲਾਏ ਜਾ ਸਕਣਗੇ। ਇਸ ਤੋਂ ਇਲਾਵਾ ਕ੍ਰਿਸਮਿਸ ਅਤੇ ਨਵੇਂ ਸਾਲ ਦੀ ਪੂਰਵ ਸੰਧਿਆ ਮੌਕੇ ਪਟਾਕੇ ਚਲਾਉਣ ਦਾ ਸਮਾਂ ਰਾਤ 11.55 ਵਜੇ ਤੋਂ ਰਾਤ 12.30 ਵਜੇ ਤੱਕ ਨਿਰਧਾਰਤ ਕੀਤਾ ਗਿਆ ਹੈ। ਹੁਕਮਾਂ ਵਿੱਚ ਕਿਹਾ ਗਿਆ ਹੈ ਕਿ ਕਿਸੇ ਵੀ ਵਿਅਕਤੀ ਨੂੰ ਇਨ੍ਹਾਂ ਮੌਕਿਆਂ ਨੂੰ ਛੱਡ ਕੇ ਪਟਾਕੇ ਚਲਾਉਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਹੁਕਮਾਂ ਵਿੱਚ ਅੱਗੇ ਕਿਹਾ ਗਿਆ ਹੈ ਕਿ ਪੁਲਿਸ ਵਿਭਾਗ ਵੱਲੋਂ ਇਹ ਯਕੀਨੀ ਬਣਾਇਆ ਜਾਵੇਗਾ ਕਿ ਆਤਿਸ਼ਬਾਜ਼ੀ ਨਿਰਧਾਰਤ ਸਮੇਂ ਦੌਰਾਨ ਹੀ ਹੋਵੇ ਅਤੇ ਪਾਬੰਦੀਸ਼ੁਦਾ ਪਟਾਕਿਆਂ ਦੀ ਵਿਕਰੀ ਨਾ ਹੋਵੇ। ਸੰਬੰਧਤ ਐਸ.ਐਚ.ਓ. ਆਪੋ ਆਪਣੇ ਅਧਿਕਾਰ ਖੇਤਰ ਵਿੱਚ ਇਨ੍ਹਾਂ ਹੁਕਮਾਂ ਦੀ ਪਾਲਣਾ ਨੂੰ ਯਕੀਨੀ ਬਣਾਉਣਗੇ।

ਹੁਕਮਾਂ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਸਾਈਲੈਂਸ ਜ਼ੋਨ (ਹਸਪਤਾਲ, ਵਿੱਦਿਅਕ ਅਦਾਰੇ ਆਦਿ ਨੇੜੇ) ਵਿੱਚ ਕਿਸੇ ਵੀ ਸਮੇਂ ਪਟਾਕੇ ਚਲਾਉਣ 'ਤੇ ਮੁਕੰਮਲ ਪਾਬੰਦੀ ਹੋਵੇਗੀ। ਇਸ ਤੋਂ ਇਲਾਵਾ ਸੁੱਚੀ ਪਿੰਡ ਦੀ ਹੱਦਬੰਦੀ ਅਤੇ ਇੰਡੀਅਨ ਆਇਲ ਕਾਰਪੋਰੇਸ਼ਨ, ਭਾਰਤ ਪੈਟਰੋਲੀਅਮ ਕਾਰਪੋਰੇਸ਼ਨ ਲਿਮਟਿਡ ਤੇ ਹਿੰਦੋਸਤਾਨ ਪੈਟਰੋਲੀਅਮ ਕਾਰਪੋਰੇਸ਼ਨ ਲਿਮਟਿਡ ਦੇ ਤੇਲ ਟਰਮੀਨਲਾਂ ਦੇ 500 ਗਜ਼ ਦੇ ਘੇਰੇ ਅੰਦਰ ਵੀ ਪਟਾਕੇ ਚਲਾਉਣ 'ਤੇ ਮਨਾਹੀ ਹੋਵੇਗੀ। ਇਹ ਹੁਕਮ 5 ਜਨਵਰੀ 2023 ਤੱਕ ਲਾਗੂ ਰਹਿਣਗੇ।

# ਘੁਸਪੈਠ ਕਰਨ ਵਾਲੇ ਆਗੂ 'ਆਪ' ਦੇ ਨਾਂਅ 'ਤੇ ਗੁੰਡਾਗਰਦੀ ਕਰਨ ਤੋਂ ਗੁਰੇਜ਼ ਕਰਨ : ਸਕਲਾਨੀ



**ਫਗਵਾੜਾ (ਜਸਵਿੰਦਰ ਢੱਡਾ)** ਆਮ ਆਦਮੀ ਪਾਰਟੀ ਦੀ ਇੱਕ ਹੰਗਾਮੀ ਮੀਟਿੰਗ ਦਾਣਾ ਮੰਡੀ ਦਫਤਰ ਹੁਸ਼ਿਆਰਪੁਰ ਰੋਡ ਫਗਵਾੜਾ ਵਿਖੇ ਹੋਈ, ਜਿਸ ਦੀ ਪ੍ਰਧਾਨਗੀ ਜਿਲ੍ਹਾ ਪ੍ਰਧਾਨ ਲਲਿਤ ਸਕਲਾਨੀ ਨੇ ਕੀਤੀ। ਮੀਟਿੰਗ ਦੌਰਾਨ ਦੁਸਹਿਰੇ 'ਤੇ ਉਂਕਾਰ ਨਗਰ 'ਚ ਦੋ ਧੜਿਆਂ ਵਿਚਾਲੇ ਹੋਏ ਵਿਵਾਦ 'ਤੇ ਚਰਚਾ ਕੀਤੀ ਗਈ। ਪਾਰਟੀ ਆਗੂਆਂ ਨੇ ਪਿਛਲੀਆਂ ਵਿਧਾਨ ਸਭਾ ਚੋਣਾਂ ਸਮੇਂ ਆਮ ਆਦਮੀ ਪਾਰਟੀ ਦੀ ਟਿਕਟ 'ਤੇ ਚੋਣ ਲੜਨ ਵਾਲੇ ਕਾਂਗਰਸੀ ਆਗੂ ਜੋਗਿੰਦਰ ਸਿੰਘ ਮਾਨ ਦਾ ਨਾਂਅ ਲੈਂਦਿਆਂ ਕਿਹਾ ਕਿ ਜਦੋਂ ਤੋਂ ਉਹ 'ਆਪ' 'ਚ ਸ਼ਾਮਲ ਹੋਏ ਹਨ, ਉਦੋਂ ਤੋਂ ਸ਼ਹਿਰ ਵਿੱਚ ਪਾਰਟੀ ਦਾ ਅਕਸ ਖਰਾਬ ਹੋ ਰਿਹਾ ਹੈ। ਉਂਕਾਰ ਨਗਰ ਕਾਂਡ ਲਈ ਜੋਗਿੰਦਰ ਸਿੰਘ ਮਾਨ ਅਤੇ ਉਨ੍ਹਾਂ ਦੇ ਸਮਰਥਕਾਂ ਨੂੰ ਜ਼ਿੰਮੇਵਾਰ ਠਹਿਰਾਉਂਦਿਆਂ ਨਵਦੀਪ ਸਕਲਾਨੀ ਨੇ ਕਿਹਾ ਕਿ ਉਨ੍ਹਾਂ ਨੂੰ ਜੋ ਰਿਪੋਰਟ ਮਿਲ ਰਹੀ ਹੈ, ਉਸ ਤੋਂ ਪਤਾ ਲਗਦਾ ਹੈ ਕਿ ਇਸ ਵਿਵਾਦ ਲਈ 'ਆਪ' ਵਿੱਚ ਘੁਸਪੈਠ ਕਰਨ ਵਾਲੇ ਆਗੂ ਹੀ ਜ਼ਿੰਮੇਵਾਰ ਹਨ। ਲਲਿਤ ਸਕਲਾਨੀ ਤੋਂ ਇਲਾਵਾ 'ਆਪ' ਆਗੂ ਹਰਜਿੰਦਰ ਸਿੰਘ ਖਾਲਸਾ, ਐਡਵੋਕੇਟ ਕਸ਼ਮੀਰ ਸਿੰਘ ਮੱਲੀ, ਨਿਰਮਲ ਸਿੰਘ ਅਤੇ ਡਾ: ਜਤਿੰਦਰ ਪਰਹਾਰ, ਅਸ਼ੋਕ ਭਾਟੀਆ ਆਦਿ ਨੇ ਪ੍ਰਸ਼ਾਸਨ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਕਿਸੇ ਵੀ ਪਾਰਟੀ ਆਗੂ ਦੇ ਦਬਾਅ ਹੇਠ ਕੰਮ ਕਰਨ ਤੋਂ ਗੁਰੇਜ਼ ਕਰਨ। ਸਮਾਜ ਦੇ ਕਿਸੇ ਵੀ ਵਰਗ ਨਾਲ ਕਿਸੇ ਵੀ ਤਰ੍ਹਾਂ ਦਾ ਪੱਖਪਾਤ ਨਹੀਂ ਹੋਣਾ ਚਾਹੀਦਾ ਕਿਉਂਕਿ ਪਾਰਟੀ ਦੀ ਸੀਨੀਅਰ ਲੀਡਰਸ਼ਿਪ ਅਤੇ ਸੂਬੇ ਦੀ ਭਗਵੰਤ ਮਾਨ ਸਰਕਾਰ ਨੂੰ ਪਤਾ ਹੈ ਕਿ ਸ਼ਹਿਰ ਵਿਚ ਕੀ ਕੁੱਝ ਚਲ ਰਿਹਾ ਹੈ। ਸਮਾਂ ਆਉਣ 'ਤੇ ਪਾਰਟੀ ਹਾਈਕਮਾਂਡ ਵੱਲੋਂ ਸਹੀ ਫੈਸਲਾ ਲਿਆ ਜਾਵੇਗਾ। ਇਸ ਦੌਰਾਨ ਆਮ ਆਦਮੀ ਪਾਰਟੀ ਐਸ.ਸੀ. ਵਿੰਗ ਜ਼ਿਲ੍ਹਾ ਕਪੂਰਥਲਾ ਦੇ ਪ੍ਰਧਾਨ ਸੰਤੋਸ਼ ਕੁਮਾਰ ਗੋਗੀ ਨੇ ਕਿਹਾ ਕਿ ਜਿਹੜੇ ਲੋਕ ਆਮ ਆਦਮੀ ਪਾਰਟੀ ਨੂੰ 'ਆਪ' ਦੀ ਥਾਂ 'ਆਮ' ਪਾਰਟੀ ਆਖਦੇ ਹਨ, ਉਹ ਇਸ ਪਾਰਟੀ ਦੀ ਵਿਚਾਰਧਾਰਾ ਨੂੰ ਕੀ ਸਮਝਣਗੇ ? ਅੱਜ ਵੀ ਉਨ੍ਹਾਂ ਅੰਦਰ ਕਾਂਗਰਸ ਦੀ ਮਾਨਸਿਕਤਾ ਕਾਇਮ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਜਿਨ੍ਹਾਂ ਕੋਲ ਆਮ ਆਦਮੀ ਪਾਰਟੀ ਦੀ ਮੁੱਢਲੀ ਮੈਂਬਰਸ਼ਿਪ ਵੀ ਨਹੀਂ ਹੈ, ਉਹ ਆਪਣੇ ਆਪ ਨੂੰ 'ਆਪ' ਦੇ ਸੀਨੀਅਰ ਆਗੂ ਅਖਵਾਉਂਦੇ ਹਨ, ਪਰ ਇਹ ਸਭ ਕੁਝ ਜ਼ਿਆਦਾ ਦੇਰ ਤੱਕ ਨਹੀਂ ਚੱਲੇਗਾ, ਪਾਰਟੀ ਇਸ ਨੂੰ ਬਰਦਾਸ਼ਤ ਨਹੀਂ ਕਰੇਗੀ। 'ਆਪ' ਆਗੂਆਂ ਨੇ ਸਖ਼ਤ ਲਹਿਜੇ ਵਿੱਚ ਕਿਹਾ ਕਿ ਆਮ ਲੋਕਾਂ ਨੂੰ ਵਰਗਾਂ ਵਿੱਚ ਵੰਡਣ ਦੀ ਕਿਸੇ ਵੀ ਸਾਜ਼ਿਸ਼ ਨੂੰ ਫਗਵਾੜਾ ਵਿਧਾਨ ਸਭਾ ਸੀਟ 'ਤੇ ਕਾਮਯਾਬ ਨਹੀਂ ਹੋਣ ਦਿੱਤਾ ਜਾਵੇਗਾ ਕਿਉਂਕਿ 'ਆਪ' ਸਾਰੇ ਧਰਮਾਂ ਤੇ ਫਿਰਕਿਆਂ ਨੂੰ ਬਰਾਬਰ ਦਾ ਸਤਿਕਾਰ ਦਿੰਦੀ ਹੈ। ਕਿਸੇ ਨਾਲ ਵੀ ਬੇਇਨਸਾਫ਼ੀ ਬਿਲਕੁਲ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਇਸ ਮੌਕੇ 'ਆਪ' ਪਾਰਟੀ ਦੇ ਆਗੂ ਕੇਵਿਨ ਸਿੰਘ, ਤਵਿੰਦਰ ਰਾਮ, ਭੁਪਿੰਦਰ ਸਿੰਘ ਤੋਂ ਇਲਾਵਾ ਸੋਸ਼ਲ ਮੀਡੀਆ ਇੰਚਾਰਜ ਵਿੱਕੀ ਸਿੰਘ, ਸਰਕਲ ਇੰਚਾਰਜ ਗੁਰਦੀਪ ਸਿੰਘ, ਕੋਆਰਡੀਨੇਟਰ ਵਿਜੇ ਬੰਗਾ, ਹਲਕਾ ਕਮੇਟੀ ਮੈਂਬਰ ਜਤਿੰਦਰ ਨਾਹਰ, ਸੀਨੀਅਰ ਆਗੂ ਵਿਜੇ ਭਾਸਕਰ, ਜ਼ਿਲ੍ਹਾ ਸਕੱਤਰ ਕਾਨੂੰਨੀ ਵਿੰਗ ਗੁਰਦੀਪ ਸਿੰਘ ਸੰਗਰ ਐਡਵੋਕੇਟ, ਨਰਿੰਦਰ ਸੈਣੀ, ਰਾਮ ਕ੍ਰਿਸ਼ਨ ਭੱਟੀ ਸੋਨੀ ਵਾਲੀਆ ਆਦਿ ਹਾਜ਼ਰ ਸਨ।

# ਖ਼ਾਲਸਾ ਕਾਲਜ ਵਿਖੇ ਪੁਸਤਕ ਪ੍ਰਦਰਸ਼ਨੀ




**ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ)** ਬੱਬਰ ਅਕਾਲੀ ਮੈਮੋਰੀਅਲ ਖ਼ਾਲਸਾ ਕਾਲਜ ਗੜ੍ਹਸ਼ੰਕਰ ਵਿਖੇ ਪ੍ਰਿੰਸੀਪਲ ਡਾ. ਬਲਜੀਤ ਸਿੰਘ ਖਹਿਰਾ ਦੀ ਅਗਵਾਈ ਹੇਠ ਕਾਲਜ ਲਾਇਬਰੇਰੀ ਵਿਚ ਪੁਸਤਕ ਪ੍ਰਦਰਸ਼ਨੀ ਲਗਾਈ ਗਈ। ਕਾਲਜ ਲਾਇਬਰੇਰੀ ਕਮੇਟੀ ਦੇ ਕੋਆਰਡੀਨੇਟਰ ਡਾ. ਜਾਨਕੀ ਅਗਰਵਾਲ ਵਲੋਂ ਜਸਵੀਰ ਬੇਗਮਪੁਰੀ ਦੇ ਸਹਿਯੋਗ ਨਾਲ ਲਗਾਈ ਪੁਸਤਕ ਪ੍ਰਦਰਸ਼ਨੀ ਦੌਰਾਨ ਪੰਜਾਬੀ ਵਿਰਸੇ ਦਾ ਕੀਮਤੀ ਸਾਹਿਤ, ਇਤਿਹਾਸ ਅਤੇ ਹੋਰ ਵੱਖ-ਵੱਖ ਵਿਸ਼ਿਆਂ ਦੀਆਂ ਕਿਤਾਬਾਂ ਨੂੰ ਪ੍ਰਦਰਸ਼ਨੀ ਵਿਚ ਸ਼ਾਮਿਲ ਕੀਤਾ ਗਿਆ। ਉਨ੍ਹਾਂ ਕਿਹਾ ਕਿ ਪੁਸਤਕਾਂ ਪੜ੍ਹਨ ਦੀ ਰੁਚੀ ਜਿਥੇ ਗਿਆਨ ਵਿਚ ਵਾਧਾ ਕਰਦੀ ਹੈ , ਉਥੇ ਹੀ ਇਸ ਨਾਲ ਪਾਠਕ ਦੀ ਸੋਚ ਦਾ ਘੇਰਾ ਵੀ ਵਿਸ਼ਾਲ ਹੋ ਜਾਂਦਾ ਹੈ। ਪੁਸਤਕ ਪ੍ਰਦਰਸ਼ਨੀ ਦੌਰਾਨ ਵਿਦਿਆਰਥੀਆਂ ਤੇ ਸਟਾਫ਼ ਨੇ ਉਤਸ਼ਾਹ ਨਾਲ ਪੁਸਤਕ ਪ੍ਰਦਰਸ਼ਨੀ ਦੌਰਾਨ ਪੁਸਤਕਾਂ ਬਾਰੇ ਜਾਣਕਾਰੀ ਹਾਸਲ ਕੀਤੀ ਤੇ ਭਵਿੱਖ ਵਿਚ ਵੀ ਸਮੇਂ ਸਮੇਂ 'ਤੇ ਪੁਸਤਕ ਪ੍ਰਦਰਸ਼ਨੀ ਲਗਾਉਣ ਦੀ ਮੰਗ ਕੀਤੀ। ਇਸ ਮੌਕੇ ਪ੍ਰਿੰਸੀਪਲ ਡਾ. ਬਲਜੀਤ ਸਿੰਘ ਨੇ ਵਿਦਿਆਰਥੀਆਂ ਨੂੰ ਵੱਧ ਤੋਂ ਵੱਧ ਪੁਸਤਕਾਂ ਪੜ੍ਹਕੇ ਆਪਣੇ ਗਿਆਨ ਵਿਚ ਵਾਧਾ ਕਰਨ ਅਤੇ ਸਾਹਿਤ ਨਾਲ ਜੁੜਨ ਲਈ ਪ੍ਰੇਰਿਤ ਕੀਤਾ।

# ਏ ਐਨ ਐਮਜ਼ ਤੇ ਆਸ਼ਾ ਵਰਕਰਾਂ ਲਈ ਲਗਾਇਆ ਕੋਹੜ ਜਾਗਰੂਕਤਾ ਕੈਂਪ



**ਐਸ ਏ ਐਸ ਨਗਰ, ( ਗੁਰਜੀਤ ਬਿੱਲਾ )** -ਜ਼ਿਲ੍ਹਾ ਸਿਹਤ ਵਿਭਾਗ ਦੁਆਰਾ ਕੋਹੜ ਰੋਗ ਵਿਰੁੱਧ ਜਾਗਰੂਕਤਾ ਦਾ ਹੋਕਾ ਦੇਣ ਦੇ ਮਕਸਦ ਨਾਲ ਪ੍ਰਾਇਮਰੀ ਹੈਲਥ ਸੈਂਟਰ ਬੂਥਗੜ੍ਹ ਵਿਖੇ ਕੁਸ਼ਟ ਜਾਗਰੂਕਤਾ ਕੈਂਪ ਲਗਾਇਆ ਗਿਆ। ਸੀਨੀਅਰ ਮੈਡੀਕਲ ਅਫਸਰ ਡਾ. ਅਲਕਜੋਤ ਕੌਰ ਦੀ ਅਗਵਾਈ ਹੇਠ ਲੱਗੇ ਕੈਂਪ ਵਿਚ ਏ.ਐਨ.ਐਮਜ਼ ਤੇ ਆਸ਼ਾ ਵਰਕਰਾਂ ਨੂੰ ਸੰਬੋਧਨ ਕਰਦਿਆਂ ਜ਼ਿਲ੍ਹਾ ਲੈਪਰੋਸੀ ਅਫਸਰ ਡਾ. ਜਸਕੰਵਲ ਕੌਰ ਅਤੇ ਡਾ.ਅਰੁਣ ਬਾਂਸਲ ਨੇ ਕਿਹਾ ਕਿ ਕੋਹੜ ਦਾ ਰੋਗ ਛੂਆ-ਛਾਤ ਵਾਲਾ ਰੋਗ ਨਹੀਂ ਹੈ ਅਤੇ ਇਸ ਬਿਮਾਰੀ ਦਾ ਇਲਾਜ ਪੂਰੀ ਤਰ੍ਹਾਂ ਸੰਭਵ ਹੈ। ਉਨ੍ਹਾਂ ਕਿਹਾ ਕਿ ਕੋਹੜ ਪੀੜਤਾਂ ਦੇ ਨੇੜੇ ਜਾਣ ਜਾਂ ਉਨ੍ਹਾਂ ਨਾਲ ਹੱਥ ਮਿਲਾਉਣ ਨਾਲ ਕੁਝ ਨਹੀਂ ਹੁੰਦਾ। ਕੋਹੜ ਦਾ ਰੋਗ ਵੀ ਹੋਰਨਾਂ ਬਿਮਾਰੀਆਂ ਜਿਹਾ ਹੀ ਹੈ ਅਤੇ ਇਸ ਦਾ ਡਾਕਟਰੀ ਇਲਾਜ ਕੀਤਾ ਜਾ ਸਕਦਾ ਹੈ ,ਜਿਸ ਨਾਲ ਹੁਣ ਤਕ ਲੱਖਾਂ ਮਰੀਜ਼ ਠੀਕ ਹੋਏ ਹਨ। ਉਨ੍ਹਾਂ ਕਿਹਾ ਕਿ ਇਸ ਕੈਂਪ ਦਾ ਮਕਸਦ ਸਿਹਤ ਸਟਾਫ ਦੀ ਜਾਣਕਾਰੀ ਵਿਚ ਵਾਧਾ ਕਰਨ ਤੋਂ ਇਲਾਵਾ ਲੋਕਾਂ ਨੂੰ ਇਹੋ ਸੁਨੇਹਾ ਦੇਣਾ ਹੈ ਕਿ ਕੋਹੜ ਪੀੜਤ ਲੋਕ ਸਾਡੇ ਸਮਾਜ ਦਾ ਅਹਿਮ ਹਿੱਸਾ ਹਨ ਅਤੇ ਉਨ੍ਹਾਂ ਨਾਲ ਕਿਸੇ ਵੀ ਕਿਸਮ ਦਾ ਵਿਤਕਰਾ ਨਹੀਂ ਕੀਤਾ ਜਾਣਾ ਚਾਹੀਦਾ। ਉਨ੍ਹਾਂ ਕਿਹਾ ਕਿ ਇਹ ਬਿਲਕੁਲ ਹੀ ਗਲਤ ਧਾਰਨਾ ਹੈ ਕਿ ਕੋਹੜ ਪੀੜਤਾਂ ਕੋਲੋਂ ਦੂਰ ਰਹਿਣਾ ਤੇ ਉਨ੍ਹਾਂ ਦੇ ਅੰਗਾਂ ਨੂੰ ਛੂਹਣਾ ਨਹੀਂ ਚਾਹੀਦਾ। ਉਨ੍ਹਾਂ ਕਿਹਾ ਕਿ ਕੋਹੜ ਪੀੜਤਾਂ ਨੂੰ ਸਾਵਧਾਨੀ ਵਰਤਣੀ ਚਾਹੀਦੀ ਹੈ ਜਿਵੇਂ ਪੀੜਤਾਂ ਨੂੰ ਅਪਣੇ ਹੱਥ ਗਰਮ ਭਾਂਡਿਆਂ ਜਾਂ ਹੋਰ ਗਰਮ ਚੀਜ਼ਾਂ ਤੋਂ ਦੂਰ ਰੱਖਣੇ ਚਾਹੀਦੇ ਹਨ, ਪੈਰਾਂ ਵਿਚ ਜੁੱਤੀ ਪਾਉਣੀ ਚਾਹੀਦੀ ਹੈ, ਪੌਸ਼ਟਿਕ ਖੁਰਾਕ ਖਾਣੀ ਚਾਹੀਦੀ ਹੈ। ਕੋਹੜ ਦੇ ਰੋਗ ਬਾਰੇ ਛੇਤੀ ਪਤਾ ਲੱਗ ਜਾਣ 'ਤੇ ਇਸ ਦਾ ਇਲਾਜ ਸੌਖਾ ਹੋ ਜਾਂਦਾ ਹੈ। ਸਾਰੀਆਂ ਸਰਕਾਰੀ ਸਿਹਤ ਸੰਸਥਾਵਾਂ ਵਿਚ ਇਸ ਬਿਮਾਰੀ ਦਾ ਇਲਾਜ ਮੁਫਤ ਕੀਤਾ ਜਾਂਦਾ ਹੈ। ਇਸ ਬਿਮਾਰੀ ਦਾ ਇਲਾਜ ਛੇ ਮਹੀਨੇ ਤੋਂ ਇਕ ਸਾਲ ਅੰਦਰ ਹੋ ਜਾਂਦਾ ਹੈ। ਇਸ ਮੌਕੇ ਡਾ. ਬਿਕਰਮਜੀਤ ਸਿੰਘ, ਡਾ.ਅੰਚਲਾ, ਐਨ.ਐਸ.ਐਸ. ਗੁਰਜਿੰਦਰ ਸਿੰਘ, ਐਸ.ਆਈ. ਸਵਰਨ ਸਿੰਘ ਤੇ ਹੋਰ ਸਟਾਫ ਮੌਜੂਦ ਸੀ।

# ਕੈਬਨਿਟ ਮੰਤਰੀ ਨੇ ਸ੍ਰੀ ਚਮਕੌਰ ਸਾਹਿਬ ਮੰਡੀ ਦਾ ਦੌਰਾ ਕਰਕੇ ਲਿਆ ਝੋਨੇ ਦੇ ਖਰੀਦ ਪ੍ਰਬੰਧਾਂ ਦਾ ਜਾਇਜ਼ਾ



**ਸ੍ਰੀ ਚਮਕੌਰ ਸਾਹਿਬ,(ਕੁਲਵਿੰਦਰ ਕਾਲਾ)**-ਪੰਜਾਬ ਦੇ ਖੁਰਾਕ ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਮੰਤਰੀ, ਲਾਲ ਚੰਦ ਕਟਾਰੂਚੱਕ ਨੇ ਦਾਣਾ ਮੰਡੀ ਸ੍ਰੀ ਚਮਕੌਰ ਸਾਹਿਬ ਵਿਖੇ ਝੋਨੇ ਦੇ ਖਰੀਦ ਪ੍ਰਬੰਧਾਂ ਦਾ ਜਾਇਜ਼ਾ ਲਿਆ। ਮੀਡੀਆ ਨਾਲ ਗੱਲਬਾਤ ਕਰਦਿਆ ਉਹਨਾਂ ਦੱਸਿਆ ਕਿ ਸੂਬੇ ਦੀਆਂ ਮੰਡੀਆਂ ਵਿਚ ਝੋਨੇ ਦੀ ਖਰੀਦ ਨਿਰਵਿਘਨ ਜਾਰੀ ਹੈ ਤੇ ਹੁਣ ਤੱਕ ਸੂਬੇ ਦੀਆਂ ਮੰਡੀਆਂ ਵਿੱਚ ਕਰੀਬ 03 ਲੱਖ ਮੀਟ੍ਰਿਕ ਟਨ ਝੋਨੇ ਦੀ ਆਮਦ ਹੋਈ ਹੈ ਤੇ ਕਰੀਬ 2.5 ਲੱਖ ਮੀਟ੍ਰਿਕ ਟਨ ਦੀ ਖਰੀਦ ਕਰ ਕੇ ਕਰੀਬ 350 ਕਰੋੜ ਰੁਪਏ ਕਿਸਾਨਾਂ ਦੇ ਖਾਤਿਆਂ ਵਿੱਚ ਪਾਏ ਜਾ ਚੁੱਕੇ ਹਨ। ਇਸ ਦੇ ਨਾਲੋ ਨਾਲ ਲਿਫਟਿੰਗ ਵੀ ਨਿਰਵਿਘਨ ਜਾਰੀ ਹੈ। ਉਹਨਾਂ ਦੱਸਿਆ ਕਿ ਵੱਖ ਵੱਖ ਕਾਰਨਾਂ ਕਰ ਕੇ ਹੋਏ ਝੋਨੇ ਦੇ ਖਰਾਬੇ ਸਬੰਧੀ ਗਿਰਦਾਵਰੀ ਜਾਰੀ ਹੈ ਤੇ ਮੁਕੰਮਲ ਹੁੰਦੇ ਸਾਰ ਕਿਸਾਨਾਂ ਨੂੰ ਢੁਕਵਾਂ ਮੁਆਵਜਾ ਦਿੱਤਾ ਜਾਵੇਗਾ ਅਤੇ ਪੰਜਾਬ ਸਰਕਾਰ ਵਲੋਂ ਗੰਨੇ ਦੇ ਰੇਟ ਵਿਚ ਜਿਹੜਾ 20 ਰੁਪਏ ਦਾ ਵਾਧਾ ਕੀਤਾ ਗਿਆ ਹੈ, ਉਹ ਵੀ ਇਤਿਹਾਸਕ ਫੈਸਲਾ ਹੈ। ਉਹਨਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਸੁੱਕੀ ਫਸਲ ਮੰਡੀਆਂ ਵਿੱਚ ਲੈਕੇ ਆਉਣ ਤੇ ਪਰਾਲੀ ਨੂੰ ਅੱਗ ਨਾ ਲਾਉਣ। ਉਪਰੰਤ ਉਹ ਗੁਰਦੁਆਰਾ ਸ੍ਰੀ ਕਤਲਗੜ੍ਹ ਸਾਹਿਬ ਵਿਖੇ ਨਤਮਸਤਕ ਵੀ ਹੋਏ, ਜਿੱਥੇ ਪ੍ਰਬੰਧਕਾਂ ਵੱਲੋਂ ਉਹਨਾਂ ਨੂੰ ਸਿਰੋਪਾਓ ਦੀ ਬਖਸ਼ਿਸ਼ ਕੀਤੀ ਗਈ।

ਇਸ ਮੌਕੇ ਡਿਪਟੀ ਕਮਿਸਨਰ ਡਾ. ਪ੍ਰੀਤੀ ਯਾਦਵ, ਜ਼ਿਲ੍ਹਾ ਪੁਲਸ ਮੁਖੀ ਡਾ. ਸੰਜੀਵ ਕੁਮਾਰ ਗਰਗ, ਜ਼ਿਲ੍ਹਾ ਖੁਰਾਕ ਸਪਲਾਈ ਕੰਟਰੋਲਰ ਸ੍ਰੀਮਤੀ ਨਵਰੀਤ ਕੌਰ, ਜ਼ਿਲ੍ਹਾ ਮੰਡੀ ਅਫਸਰ ਨਿਰਮਲ ਸਿੰਘ, ਵੱਖੋ ਵੱਖ ਵਿਭਾਗਾਂ ਦੇ ਅਧਿਕਾਰੀ ਤੋਂ ਇਲਾਵਾ ਆੜ੍ਹਤੀ ਐਸੋਸੀਏਸ਼ਨ ਦੇ ਜਿਲ੍ਹਾਂ ਪ੍ਰਧਾਨ ਮੇਜਰ ਸਿੰਘ ਮਾਂਗਟ, ਆੜ੍ਹਤੀ ਮਨਜੀਤ ਸਿੰਘ ਕੰਗ, ਆੜ੍ਹਤੀ ਉੱਜਲ ਸਿੰਘ, ਚੌਧਰੀ ਜਸਵੀਰ ਸਿੰਘ ਅਤੇ ਕੌਂਸਲਰ ਸੁਖਵੀਰ ਸਿੰਘ ਤੋਂ ਇਲਾਵਾ ਸਥਾਨਕ ਆਪ ਆਗੂ ਵੀ ਹਾਜਰ ਸਨ।

# ਅਧਿਆਪਕਾਂ ਦੇ ਮਸਲੇ ਹਕੀਕੀ ਰੂਪ 'ਚ ਹੱਲ ਕਰਨ 'ਤੇ ਪੈਂਡਿੰਗ ਤਰੱਕੀਆਂ ਮੁਕੰਮਲ ਕਰਨ ਦੀ ਮੰਗ



**ਮੁਹਾਲੀ ( ਗੁਰਜੀਤ ਬਿੱਲਾ )**- ਡੈਮੋਕ੍ਰੇਟਿਕ ਟੀਚਰਜ਼ ਫਰੰਟ (ਡੀ.ਟੀ.ਐਫ.) ਪੰਜਾਬ ਦੇ ਵਫਦ ਵਲੋਂ ਸੂਬਾ ਪ੍ਰਧਾਨ ਵਿਕਰਮ ਦੇਵ ਸਿੰਘ ਦੀ ਅਗਵਾਈ ਵਿੱਚ ਡੀ ਪੀ ਆਈ (ਸੈਕੰਡਰੀ ਸਿੱਖਿਆ) ਕੁਲਜੀਤ ਪਾਲ ਸਿੰਘ ਮਾਹੀ ਨਾਲ ਮੁਲਾਕਾਤ ਕੀਤੀ ਗਈ, ਜਿਸ ਦੌਰਾਨ ਪਰਮਿੰਦਰ ਸਿੰਘ (ਜ਼ਿਲ੍ਹਾ ਪ੍ਰਧਾਨ ਡੀਟੀਐਫ ਮਾਨਸਾ), ਸੂਬਾ ਕਮੇਟੀ ਮੈਂਬਰ ਹਰਿੰਦਰਜੀਤ ਸਿੰਘ, ਸਾਥੀ ਹਰਵਿੰਦਰ ਰੱਖੜਾ, ਗੁਰਵਿੰਦਰ ਸਿੰਘ ਅਤੇ ਹੋਰ ਆਗੂ ਮੌਜੂਦ ਰਹੇ। ਡੀ ਟੀ ਐਫ ਪੰਜਾਬ ਦੇ ਜਨਰਲ ਸਕੱਤਰ ਮੁਕੇਸ਼ ਕੁਮਾਰ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਸਾਲ 2018 ਵਿੱਚ ਸਿੱਖਿਆ ਵਿਭਾਗ ਦੇ ਅਧਿਆਪਨ ਤੇ ਨਾਨ ਟੀਚਿੰਗ ਕਾਡਰ ਲਈ ਬਣਾਏ ਸੇਵਾ ਨਿਯਮਾਂ ਤਹਿਤ ਸਿੱਧੀ ਭਰਤੀ ਅਤੇ ਪਦਉੱਨਤ ਹੋਣ ਵਾਲੇ ਕਰਮਚਾਰੀਆਂ ਉੱਪਰ ਵਿਭਾਗੀ ਪ੍ਰੀਖਿਆ ਅਤੇ ਕੰਪਿਊਟਰ ਹੁਨਰ ਮੁਹਾਰਤ ਟੈਸਟ ਪਾਸ ਕਰਨ ਦੀ ਲਗਾਈ ਗੈਰ-ਵਾਜਬ ਸ਼ਰਤ ਨੂੰ ਹਟਾਉਣ, ਪਾਸ ਹੋਣ ਤਕ ਸਲਾਨਾ ਇਨਕਰੀਮੈਂਟ ਰੋਕਣ ਦਾ ਫੈਸਲਾ ਰੱਦ ਕਰਨ ਅਤੇ ਸੇਵਾ ਨਿਯਮ ਸੋਧਣ ਦੀ ਮੰਗ ਕੀਤੀ ਗਈ ਹੈ। ਡੀ ਪੀ ਆਈ ਨੇ ਇਸ ਮਾਮਲੇ ਦੀ ਸਿੱਖਿਆ ਸਕੱਤਰ ਦੇ ਪੱਧਰ 'ਤੇ ਪੈਰਵੀ ਕਰਨ ਦਾ ਭਰੋਸਾ ਦਿੱਤਾ। ਅਧਿਆਪਕਾਂ ਦੀ ਕਈ ਮਹੀਨਿਆਂ ਤੋਂ ਰੁਕੀ ਹੋਈ ਬਦਲੀ ਪ੍ਰੀਕਿਰਿਆ ਸੰਬੰਧੀ ਦੱਸਿਆ ਗਿਆ ਕਿ 10 ਅਕਤੂਬਰ ਤੋਂ ਬਦਲੀਆਂ ਦਾ ਪੋਰਟਲ ਖੋਲ੍ਹਿਆ ਜਾ ਰਿਹਾ ਹੈ ਅਤੇ ਪਹਿਲਾਂ ਹੋਈਆਂ ਬਦਲੀਆਂ ਲਾਗੂ ਕਰਨ ਦਾ ਮਾਮਲਾ ਵੀ ਵਿਚਾਰ ਅਧੀਨ ਹੈ। ਬਦਲੀਆਂ ਸੰਬੰਧੀ 10 ਤੋਂ 13 ਅਕਤੂਬਰ ਤੱਕ ਵੇਰਵੇ ਦਰੁਸਤ ਕਰਨ, 21 ਤੋਂ 27 ਅਕਤੂਬਰ ਤਕ ਅੰਤਰ ਜ਼ਿਲ੍ਹਾ ਸਟੇਸ਼ਨ ਚੋਣ ਤੇ ਬਦਲੀਆਂ ਕਰਨਾ, 29 ਅਕਤੂਬਰ ਤੋਂ 1 ਨਵੰਬਰ ਦੌਰਾਨ ਜ਼ਿਲ੍ਹਿਆਂ ਅੰਦਰ ਸਟੇਸ਼ਨ ਚੋਣ ਤੇ ਬਦਲੀਆਂ ਕਰਨਾ ਅਤੇ 3-4 ਨਵੰਬਰ ਨੂੰ ਆਪਸੀ ਬਦਲੀਆਂ ਦਾ ਰਾਊਂਡ ਚਲਾਉਣਾ ਮਿੱਥਿਆ ਗਿਆ ਹੈ। ਇਸ ਦੇ ਨਾਲ ਹੀ ਡੀ ਪੀ ਆਈ ਵੱਲੋਂ ਮਾਸਟਰ ਅਤੇ ਲੈਕਚਰਾਰ ਕਾਡਰ ਦੀਆਂ ਸੀਨੀਆਰਤਾ ਸੂਚੀਆਂ ਵਿੱਚ ਰਹਿੰਦੇ ਅਧਿਆਪਕਾਂ/ਭਰਤੀਆਂ ਦੇ ਨਾਂਅ ਸ਼ਾਮਲ ਕਰਕੇ ਸੂਚੀਆਂ ਨੂੰ ਅਪਡੇਟ ਕਰਨ ਸੰਬੰਧੀ ਕੋਰਟ ਦੀ ਸਟੇਅ ਹਟਾਉਣ ਨੂੰ ਲੈ ਕੇ ਕਾਨੂੰਨੀ ਰਾਹ ਕੱਢਣ ਦਾ ਭਰੋਸਾ ਦਿੱਤਾ ਗਿਆ। ਉਨ੍ਹਾਂ ਦੱਸਿਆ ਕਿ ਈ ਟੀ ਟੀ ਤੋਂ ਮਾਸਟਰ ਕਾਡਰ ਦੀ ਕਈ ਸਾਲਾਂ ਤੋਂ ਲਟਕੀ ਪ੍ਰੋਮੋਸ਼ਨ ਦੇ ਮਾਮਲੇ ਸੰਬੰਧੀ ਨਿਯਮਾਂ ਵਿੱਚ ਸੋਧ ਲਈ ਸਿੱਖਿਆ ਸਕੱਤਰ ਦੇ ਦਫਤਰ ਭੇਜਿਆ ਗਿਆ ਹੈ, ਜਿਸ ਦੇ ਮੁਕੰਮਲ ਹੋਣ ਉਪਰੰਤ ਇਸ ਪ੍ਰੋਮੋਸ਼ਨ ਦੀ ਪ੍ਰਕਿਰਿਆ ਸ਼ੁਰੂ ਕੀਤੀ ਜਾਵੇਗੀ। ਮਾਸਟਰ ਤੋਂ ਲੈਕਚਰਾਰ ਦੇ ਸਾਰੇ ਪੈਂਡਿੰਗ ਵਿਸ਼ਿਆਂ ਦੀ ਪ੍ਰਕਿਰਿਆ ਵੀ ਜਲਦ ਅੱਗੇ ਵਧਾਈ ਜਾਵੇਗੀ। ਲੈਕਚਰਾਰ ਤੋਂ ਪ੍ਰਿੰਸੀਪਲ ਦੀ ਪ੍ਰਮੋਸ਼ਨ ਪ੍ਰਕਿਰਿਆ ਅਧੀਨ ਹੋਣ, ਮਾਸਟਰ ਤੋਂ ਮੁੱਖ ਅਧਿਆਪਕ ਦੀ ਪ੍ਰੋਮੋਸ਼ਨ ਲਈ ਕੋਰਟ ਤੋਂ ਪ੍ਰਵਾਨਗੀ ਲੈਣ ਦੇ ਯਤਨ ਤੇਜ਼ ਕਰਨ ਦਾ ਭਰੋਸਾ ਦਿੱਤਾ ਗਿਆ। ਬਾਕੀ ਕਾਡਰਾਂ ਦੀਆਂ ਪ੍ਰਮੋਸ਼ਨਾ ਸੰਬੰਧੀ ਵੀ ਕਾਰਵਾਈ ਤੇਜ਼ ਕਰਨ ਦਾ ਭਰੋਸਾ ਦਿੱਤਾ ਗਿਆ। ਅਧਿਆਪਕਾਂ ਦੀਆਂ ਗੈਰ-ਵਿੱਦਿਅਕ ਡਿਊਟੀਆਂ 'ਤੇ ਪੂਰਨ ਪਾਬੰਦੀ ਲਗਾਉਣ ਸੰਬੰਧੀ ਮੁੱਖ ਮੰਤਰੀ ਪੰਜਾਬ ਵੱਲੋਂ ਕੀਤੇ ਐਲਾਨ ਨੂੰ ਅਮਲੀ ਜਾਮਾ ਪਹਿਨਾਉਣ ਲਈ ਨੋਟੀਫਿਕੇਸ਼ਨ ਜਾਰੀ ਕਰਨ ਅਤੇ ਬੀ.ਐੱਲ.ਓ. ਦੀਆਂ ਡਿਊਟੀਆਂ 'ਤੇ ਲਗਾਏ ਹਜ਼ਾਰਾਂ ਅਧਿਆਪਕਾਂ ਨੂੰ ਫੌਰੀ ਫਾਰਗ ਕਰਨ ਸੰਬੰਧੀ ਪੰਜਾਬ ਸਰਕਾਰ ਤੱਕ ਮੰਗ ਪੁੱਜਦੀ ਕਰਨ ਦਾ ਭਰੋਸਾ ਦਿੱਤਾ ਗਿਆ। ਉਪਰੋਕਤ ਮਸਲਿਆਂ ਦੇ ਹੱਲ ਸੰਬੰਧੀ ਸਿੱਖਿਆ ਸਕੱਤਰ ਸ੍ਰੀਮਤੀ ਜਸਪ੍ਰੀਤ ਕੌਰ ਤਲਵਾਰ ਦੇ ਨਾਂਅ ਮੰਗ ਪੱਤਰ ਵੀ ਦਿੱਤਾ ਗਿਆ ਅਤੇ ਹੱਲ ਨਾ ਹੋਣ ਦੀ ਸੂਰਤ ਵਿੱਚ ਜਥੇਬੰਦੀ ਵੱਲੋਂ ਸੰਘਰਸ਼ ਕਰਨ ਦਾ ਐਲਾਨ ਵੀ ਕੀਤਾ ਗਿਆ।

# ਐੱਸ ਜੀ ਪੀ ਸੀ ਨੂੰ ਤੋੜਨ ਦੀਆਂ ਸਾਜ਼ਿਸ਼ਾਂ ਖ਼ਿਲਾਫ਼ ਰੋਸ ਮਾਰਚ




**ਮੁਹਾਲੀ (ਗੁਰਜੀਤ ਬਿੱਲਾ)** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਤੋੜਨ ਦੀਆਂ ਸਾਜ਼ਿਸ਼ਾਂ ਖ਼ਿਲਾਫ਼ ਤਖਤ ਸ੍ਰੀ ਕੇਸਗੜ੍ਹ ਸਾਹਿਬ ਤੋਂ ਸ੍ਰੀ ਅਕਾਲ ਤਖਤ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਤੱਕ ਕੀਤੇ ਜਾਣ ਵਾਲੇ ਰੋਸ ਮਾਰਚ ਵਿੱਚ ਸ਼ਾਮਲ ਹੋਣ ਲਈ ਮੁਹਾਲੀ ਤੋਂ ਇਕ ਵੱਡਾ ਜਥਾ ਹਲਕਾ ਇੰਚਾਰਜ ਪਰਵਿੰਦਰ ਸਿੰਘ ਸੋਹਾਣਾ ਦੀ ਅਗਵਾਈ ਹੇਠ ਰਵਾਨਾ ਹੋਇਆ। ਇਸ ਮੌਕੇ ਬੋਲਦਿਆਂ ਪਰਮਿੰਦਰ ਸਿੰਘ ਸੋਹਾਣਾ ਨੇ ਕਿਹਾ ਕਿ ਆਰ ਐੱਸ ਐੱਸ ਦੀ ਸ਼ਹਿ ਉੱਤੇ ਹਰਿਆਣਾ ਵਿਚ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਾ ਕੇ ਸਿੱਖ ਕੌਮ ਨਾਲ ਬਹੁਤ ਵੱਡਾ ਧ੍ਰੋਹ ਕਮਾਇਆ ਜਾ ਰਿਹਾ ਹੈ ਅਤੇ ਸਾਜ਼ਿਸ਼ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਇਸ ਸਾਜ਼ਿਸ਼ ਖਿਲਾਫ਼ ਸਮੁੱਚੀ ਸਿੱਖ ਕੌਮ ਇਕਜੁੱਟ ਹੈ ਅਤੇ ਇਸ ਖ਼ਿਲਾਫ਼ ਹਰ ਪੱਧਰ 'ਤੇ ਸੰਘਰਸ਼ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਆਰ ਐੱਸ ਐੱਸ ਸਿੱਖ ਸ਼ਕਤੀ ਨੂੰ ਕਮਜ਼ੋਰ ਕਰਨ ਦੀ ਜੋ ਸਾਜ਼ਿਸ਼ ਕਰ ਰਹੀ ਹੈ ਉਸ ਵਿੱਚ ਇਸ ਨੂੰ ਕਾਮਯਾਬ ਨਹੀਂ ਹੋਣ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਜਿਸ ਤਰੀਕੇ ਨਾਲ ਹਰਿਆਣਾ ਵਿੱਚ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਾਈ ਗਈ ਹੈ ਉਸ ਤੋਂ ਇੰਜ ਜਾਪਦਾ ਹੈ ਕਿ ਵੱਡੀਆਂ ਕੁਰਬਾਨੀਆਂ ਤੋਂ ਬਾਅਦ ਹੋਂਦ ਵਿਚ ਆਈ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਤੋੜਨ ਲਈ ਸਿੱਖ ਵਿਰੋਧੀ ਸਕਤੀਆਂ ਇਕਜੁੱਟ ਹੋ ਕੇ ਕੰਮ ਕਰ ਰਹੀਆਂ ਹਨ।

ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਤਾਂ ਸ਼ੁਰੂ ਤੋਂ ਹੀ ਸਿੱਖ ਵਿਰੋਧੀ ਰਹੀ ਹੈ ਤੇ ਹੁਣ ਭਾਰਤੀ ਜਨਤਾ ਪਾਰਟੀ ਆਰ ਐੱਸ ਐੱਸ ਨੇ ਵੀ ਕਾਂਗਰਸ ਵਾਲਾ ਹੀ ਕੰਮ ਸ਼ੁਰੂ ਕਰ ਦਿੱਤਾ ਹੈ ਜੋ ਸਿੱਖ ਕੌਮ ਨੂੰ ਕਿਸੇ ਵੀ ਹਾਲਤ 'ਚ ਮਨਜ਼ੂਰ ਨਹੀਂ ਹੈ।

# ਲਾਇਲਪੁਰ ਖ਼ਾਲਸਾ ਕਾਲਜ ਦਾ ਨਤੀਜਾ ਸ਼ਾਨਦਾਰ ਰਿਹਾ




**ਜਲੰਧਰ -(ਸੈਲੀ ਐਲਬਰਟ)-** ਲਾਇਲਪੁਰ ਖ਼ਾਲਸਾ ਕਾਲਜ, ਜਲੰਧਰ ਦਾ ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਐਲਾਨੇ ਬੀ.ਜ਼ਏ. ਜਰਨਲਿਜ਼ਮ ਐਂਡ ਮਾਸ ਕਮਿਊਨੀਕੇਸ਼ਨ ਚੌਥਾ ਸਮੈਸਟਰ ਦਾ ਨਤੀਜਾ ਸ਼ਾਨਦਾਰ ਰਿਹਾ। ਵਿਦਿਆਰਥੀ ਸੰਕੇਤ ਗੋਇਲ ਨੇ 450 ਵਿਚੋਂ 356 ਅੰਕ ਪ੍ਰਾਪਤ ਕਰਕੇ ਯੂਨੀਵਰਸਿਟੀ ਮੈਰਿਟ ਵਿਚੋਂ ਦੂਜਾ, ਏਕਤਾ ਪਾਂਡੇ ਅਤੇ ਰਾਜਵੀਰ ਕੌਰ ਨੇ 354 ਅੰਕ ਪ੍ਰਾਪਤ ਕਰਕੇ ਸਾਂਝੇ ਰੂਪ ਵਿਚ ਚੌਥਾ, ਜਯੋਤਿਕਾ ਨੇ 351 ਅੰਕ ਪ੍ਰਾਪਤ ਕਰਕੇ ਪੰਜਵਾਂ ਸਥਾਨ, ਪੱਲਵੀ ਨੇ 346 ਅੰਕ ਪ੍ਰਾਪਤ ਕਰਕੇ ਛੇਵਾਂ ਸਥਾਨ, ਸਮ੍ਰਿਤੀ ਤਿਵਾੜੀ ਨੇ 345 ਅੰਕ ਪ੍ਰਾਪਤ ਕਰਕੇ ਸਤਵਾਂ ਅਤੇ ਅਭੀਸ਼ੇਕ ਸਾਗਰ ਨੇ 344 ਅੰਕ ਪ੍ਰਾਪਤ ਕਰਕੇ ਅੱਠਵਾਂ ਸਥਾਨ ਹਾਸਲ ਕੀਤਾ। ਇਸ ਮੌਕੇ ਬਲਬੀਰ ਕੌਰ ਪ੍ਰਧਾਨ ਗਵਰਨਿੰਗ ਕੌਂਸਲ ਨੇ ਵਿਸ਼ੇਸ਼ ਤੌਰ 'ਤੇ ਵਿਦਿਆਰਥੀਆਂ, ਉਨ੍ਹਾਂ ਦੇ ਮਾਪਿਆਂ ਅਤੇ ਅਧਿਆਪਕਾਂ ਨੂੰ ਵਧਾਈ ਦਿੱਤੀ। ਪ੍ਰਿੰਸੀਪਲ ਡਾ. ਗੁਰਪਿੰਦਰ ਸਿੰਘ ਸਮਰਾ ਨੇ ਵਿਦਿਆਰਥੀਆਂ ਨੂੰ ਭਵਿੱਖ ਵਿਚ ਹੋਰ ਮਿਹਨਤ ਅਤੇ ਲਗਨ ਨਾਲ ਪੜ੍ਹਾਈ ਕਰਨ ਲਈ ਪ੍ਰੇਰਿਆ। ਇਸ ਮੌਕੇ ਪ੍ਰੋ. ਸੰਜੀਵ ਕੁਮਾਰ ਆਨੰਦ, ਮੁਖੀ ਕੰਪਿਊਟਰ ਸਾਇੰਸ ਵਿਭਾਗ, ਪ੍ਰੋ. ਸੰਦੀਪ ਬੱਸੀ, ਪ੍ਰੋ. ਮਨਦੀਪ ਸਿੰਘ ਭਾਟੀਆ, ਪ੍ਰੋ. ਸੰਦੀਪ ਸਿੰਘ, ਪ੍ਰੋ. ਮਨਪ੍ਰੀਤ ਸਿੰਘ ਲਹਿਲ ਅਤੇ ਪ੍ਰੋ. ਹਿਮਾਂਸ਼ੂ ਵੀ ਹਾਜ਼ਰ ਸਨ।

# ਬਲਾਕ ਪੱਧਰੀ ਕੈਂਪ 'ਚ ਪਰਾਲੀ ਦੇ ਸੁੱਚਜੇ ਪ੍ਰਬੰਧਨ 'ਤੇ ਦਿੱਤਾ ਜ਼ੋਰ

**ਗੁਰਾਇਆ ਗ(ਬਿੰਦਰ ਸੁਮਨ)** ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਵਰਿੰਦਰਪਾਲ ਸਿੰਘ ਬਾਜਵਾ ਨੇ ਕਿਸਾਨਾਂ ਨੂੰ ਪਰਾਲੀ ਨੂੰ ਅੱਗ ਨਾ ਲਾਉਣ ਅਤੇ ਵੱਖ-ਵੱਖ ਸੰਦਾਂ/ਮਸ਼ੀਨਾਂ ਰਾਹੀਂ ਇਸ ਦਾ ਸੁਚੱਜਾ ਪ੍ਰਬੰਧਨ ਕਰਨ ਦੀ ਅਪੀਲ ਕੀਤੀ। ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਪੰਜਾਬ ਵੱਲੋਂ ਰੁੜਕਾ ਕਲਾਂ ਵਿਖੇ ਝੋਨੇ ਦੀ ਪਰਾਲੀ ਦੀ ਖੇਤਾਂ ਵਿੱਚ ਸੁਚੱਜੀ ਸੰਭਾਲ ਸੰਬੰਧੀ ਲਗਾਏ ਗਏ ਬਲਾਕ ਪੱਧਰੀ ਕਿਸਾਨ ਸਿਖਲਾਈ ਕੈਂਪ ਵਿੱਚ ਸੰਬੋਧਨ ਕਰਦਿਆਂ ਵਧੀਕ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਪਰਾਲੀ ਦਾ ਸੁਚੱਜਾ ਪ੍ਰਬੰਧਨ ਸਮੇਂ ਦੀ ਮੁੱਖ ਲੋੜ ਹੈ, ਜਿਸੇ ਲਈ ਪੰਜਾਬ ਸਰਕਾਰ ਵੱਲੋਂ ਅਤਿ ਆਧੁਨਿਕ ਮਸ਼ੀਨਰੀ ਸਬਸਿਡੀ 'ਤੇ ਮੁਹੱਈਆ ਕਰਵਾਈ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਮੌਜੂਦਾ ਸਮੇਂ ਕਰੀਬ 4520 ਵੱਖ-ਵੱਖ ਖੇਤੀ ਮਸ਼ੀਨਾਂ ਜ਼ਿਲ੍ਹੇ ਵਿੱਚ ਉਪਲਬਧ ਹਨ ਅਤੇ 800 ਹੋਰ ਮਸ਼ੀਨਾਂ ਲਈ ਪ੍ਰਵਾਨਗੀ ਪ੍ਰਾਪਤ ਹੋ ਚੁੱਕੀ ਹੈ। ਉਨ੍ਹਾਂ ਕਿਸਾਨਾਂ ਨੂੰ ਪਰਾਲੀ ਦੀ ਸੁਚੱਜੀ ਸੰਭਾਲ ਲਈ ਇਨ-ਸੀਟੂ ਅਤੇ ਐਕਸ-ਸੀਟੂ ਪ੍ਰਬੰਧਨ ਨੂੰ ਅਪਣਾਉਣ 'ਤੇ ਜ਼ੋਰ ਦਿੰਦਿਆਂ ਪਿੰਡਾਂ ਦੇ ਸਰਪੰਚਾਂ ਨੂੰ ਅੱਗੇ ਆ ਕੇ ਕਿਸਾਨਾਂ ਨੂੰ ਪਰਾਲੀ ਨਾ ਸਾੜਨ ਲਈ ਪ੍ਰੇਰਿਤ ਕਰਨ ਦਾ ਸੱਦਾ ਦਿੱਤਾ। ਇਸ ਮੌਕੇ ਮੁੱਖ ਖੇਤੀਬਾੜੀ ਅਫਸਰ ਡਾ. ਜਸਵੰਤ ਰਾਏ ਨੇ ਕਿਹਾ ਕਿ ਸਬਸਿਡੀ 'ਤੇ ਮਸ਼ੀਨਰੀ ਉਪਲਬਧ ਕਰਵਾਉਣ ਤੋਂ ਇਲਾਵਾ ਕਿਸਾਨਾਂ ਨੂੰ ਕੈਂਪਾਂ ਰਾਹੀਂ ਪਰਾਲੀ ਨਾ ਸਾੜਨ ਲਈ ਜਾਗਰੂਕ ਵੀ ਕੀਤਾ ਜਾ ਰਿਹਾ ਹੈ।



ਸਕੂਲਾਂ ਵਿੱਚ ਬੱਚਿਆਂ ਨੂੰ ਜਾਗਰੂਕ ਕਰਨ ਦੇ ਨਾਲ-ਨਾਲ ਪਿੰਡਾਂ ਵਿੱਚ ਪਰਾਲੀ ਸਾੜਨ ਦੇ ਮਾੜੇ ਪ੍ਰਭਾਵਾਂ ਤੋਂ ਜਾਣੂ ਕਰਵਾਉਂਦੀਆਂ ਵਾਲ ਪੇਂਟਿੰਗਾਂ ਵੀ ਬਣਾਈਆਂ ਗਈਆਂ ਹਨ। ਇਸ ਤੋਂ ਇਲਾਵਾ ਸੋਸ਼ਲ ਮੀਡੀਆ ਦੀ ਮਦਦ ਨਾਲ ਵੀ ਕਿਸਾਨਾਂ ਨੂੰ ਪਰਾਲੀ ਨੂੰ ਅੱਗ ਨਾ ਲਾਉਣ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ। ਇਸ ਦੌਰਾਨ ਵਧੀਕ ਡਿਪਟੀ ਕਮਿਸ਼ਨਰ ਵੱਲੋਂ ਮੁੱਖ ਖੇਤੀਬਾੜੀ ਅਫਸਰ ਦੇ ਨਾਲ ਬਲਾਕ ਖੇਤੀਬਾੜੀ ਦਫਤਰ ਦਾ ਦੌਰਾ ਵੀ ਕੀਤਾ ਗਿਆ ਅਤੇ ਕੈਂਪ ਵਾਲੀ ਥਾਂ 'ਤੇ ਬਲਾਕ ਅਫਸਰ ਵੱਲੋਂ ਏਕੀਕ੍ਰਿਤ ਖੇਤੀ ਮਾਡਲ ਬਾਰੇ ਦਿੱਤੀ ਪੇਸ਼ਕਾਰੀ ਨੂੰ ਗਹੁ ਨਾਲ ਵਾਚਿਆ। ਇਸ ਮੌਕੇ ਡਾ. ਸੰਜੀਵ ਕੁਮਾਰ ਕਟਾਰੀਆ ਦੀ ਅਗਵਾਈ ਹੇਠ ਕ੍ਰਿਸ਼ੀ ਵਿਗਿਆਨ ਕੇਂਦਰ ਨੂਰਮਹਿਲ ਤੋਂ ਡਾ. ਰੁਪਿੰਦਰ ਚੰਦੇਲ, ਡਾ. ਰਿਤੂਰਾਜ, ਡਾ. ਬਲਜੀਤ ਕੌਰ ਵੱਲੋਂ ਝੋਨੇ ਦੀ ਪਰਾਲੀ ਦੀ ਖੇਤਾਂ ਵਿੱਚ ਸਾਂਭ-ਸੰਭਾਲ, ਖੇਤੀਬਾੜੀ ਮਸ਼ੀਨਾਂ ਦੀ ਸਾਂਭ-ਸੰਭਾਲ, ਖੇਤੀਬਾੜੀ ਵਿੱਚ ਮੌਸਮ ਦੀ ਜਾਣਕਾਰੀ ਦੀ ਮਹੱਤਤਾ ਆਦਿ ਵਿਸ਼ਿਆਂ 'ਤੇ ਕਿਸਾਨਾਂ ਨੂੰ ਜਾਣਕਾਰੀ ਦਿੱਤੀ ਗਈ। ਇਸ ਕੈਂਪ ਵਿੱਚ ਬੀ.ਡੀ.ਪੀ.ਓ. ਰੁੜਕਾ ਕਲਾਂ ਰਾਮ ਪਾਲ ਰਾਣਾ, ਖੇਤੀਬਾੜੀ ਵਿਕਾਸ ਅਫਸਰ ਡਾ. ਰਮਨਦੀਪ, ਖੇਤੀਬਾੜੀ ਵਿਸਥਾਰ ਅਫਸਰ ਗੁਰਭਗਤ ਸਿੰਘ ਅਤੇ ਬਲਾਕ ਖੇਤੀਬਾੜੀ ਅਫਸਰ ਰੁੜਕਾ ਕਲਾਂ ਡਾ. ਰਣਜੀਤ ਸਿੰਘ ਵੱਲੋਂ ਵਿਸ਼ੇਸ਼ ਯੋਗਦਾਨ ਦਿੱਤਾ ਗਿਆ। ਕ੍ਰਿਸ਼ੀ ਵਿਗਿਆਨ ਕੇਂਦਰ ਨੂਰਮਹਿਲ ਅਤੇ ਸੋਮਾ ਸੈਲਫ ਹੈਲਪ ਗਰੁੱਪ ਵੱਲੋਂ ਪ੍ਰਦਰਸ਼ਨੀ ਵੀ ਲਗਾਈ ਗਈ।

# ਪੰਜਾਬ ਸਰਕਾਰ ਵੱਲੋਂ ਮੁਫਤ ਕੀਤਾ ਜਾਂਦਾ ਹੈ ਨਸ਼ੇ ਦਾ ਇਲਾਜ : ਚੰਦਨ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)** -ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਦੇ ਦਿਸ਼ਾ ਨਿਰਦੇਸ਼ਾਂ ਅਧੀਨ ਅਤੇ ਡਾ. ਹਰਬੰਸ ਕੌਰ ਡਿਪਟੀ ਮੈਡੀਕਲ ਕਮਿਸ਼ਨਰ ਹੁਸ਼ਿਆਰਪੁਰ ਦੀ ਰਹਿਨੁਮਾਈ ਵਿੱਚ ਹੁਸ਼ਿਆਰਪੁਰ ਦੇ ਦੁਸਹਿਰਾ ਗਰਾਊਂਡ ਨਜ਼ਦੀਕ ਝੁੱਗੀ-ਝੌਂਪੜੀ ਇਲਾਕੇ ਵਿੱਚ ਨਸ਼ਿਆਂ ਦੀ ਸਮੱਸਿਆ ਨੂੰ ਦੇਖਦੇ ਹੋਏ ਵਿਸ਼ੇਸ਼ ਟੀਮ ਜਿਸ ਵਿੱਚ ਜ਼ਿਲ੍ਹਾ ਨਸ਼ਾ ਮੁਕਤੀ ਅਤੇ ਮੁੜ ਵਸੇਬਾ ਕੇਂਦਰ ਹੁਸ਼ਿਆਰਪੁਰ ਤੋਂ ਕਾਊਂਸਲਰ ਚੰਦਨ ਅਤੇ ਰਜਨੀ ਦੇਵੀ ਸਹਿਤ ਜ਼ਿਲਾ ਬਾਲ ਸੁਰੱਖਿਆ ਅਫਸਰ ਹਰਪ੍ਰੀਤ ਕੌਰ ਦੇ ਨਾਲ ਬਾਲ ਸੁਰੱਖਿਆ ਅਫਸਰ ਯੋਗੇਸ਼ ਕੁਮਾਰ ਤੇ ਡੀ.ਈ.ਓ ਅੰਜਲੀ ਵਲੋਂ ਨਸ਼ਾਖੋਰੀ ਬਾਰੇ ਜਾਣਕਾਰੀ ਸੰਬੰਧੀ ਜਾਗਰੂਕਤਾ ਕਰਨ ਦਾ ਉਪਰਾਲਾ ਕੀਤਾ ਗਿਆ। ਜਿਸ ਵਿੱਚ ਕਾਂਊਸਲਰ ਚੰਦਨ ਨੇ ਕਿਹਾ ਕਿ ਨਸ਼ਾ ਇੱਕ ਮਾਨਸਿਕ ਬਿਮਾਰੀ ਹੈ ਅਤੇ ਨਸ਼ਾਖੋਰੀ ਦੇ ਮਾੜੇ ਪ੍ਰਭਾਵਾਂ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ, ਜਿਸ ਦਾ ਇਲਾਜ ਸਰਕਾਰੀ ਸਿਹਤ ਸੰਸਥਾਵਾਂ ਵਿੱਚ ਮੁਫਤ ਕੀਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਨਸ਼ਾ ਮੁਕਤੀ ਕੇਂਦਰ ਸਿਵਲ ਹਸਪਤਾਲ ਹੁਸ਼ਿਆਰਪੁਰ ਵਿਖੇ ਮਨੋਰੋਗ ਮਾਹਿਰ ਡਾ. ਰਾਜ ਕੁਮਾਰ, ਸਿਵਲ ਹਸਪਤਾਲ ਦਸੂਹਾ. ਸਿਵਲ ਹਸਪਤਾਲ ਮੁਕੇਰੀਆਂ ਵਿਖੇ ਮਨੋਰੋਗ ਮਾਹਿਰ ਡਾਕਟਰਾਂ ਵਲੋਂ ਨਸ਼ਾਖੋਰੀ ਦੇ ਮਰੀਜ਼ਾਂ ਦਾ ਇਲਾਜ ਕੀਤਾ ਜਾਂਦਾ ਹੈ, ਉਨਾਂ ਨੇ ਕਿਹਾ ਕਿ ਨਸ਼ਾਖੋਰੀ ਬਾਰ ਬਾਰ ਤੇ ਲੰਮਾ ਸਮਾਂ ਚਲਣ ਵਾਲੀ ਬਿਮਾਰੀ ਹੈ। ਉਨਾਂ ਕਿਹਾ ਕਿ ਨਸ਼ਾਖੋਰੀ ਦਾ ਇਲਾਜ ਨਸ਼ਾ ਮੁਕਤੀ ਕੇਂਦਰ ਸਿਵਲ ਹਸਪਤਾਲ ਦਸੂਹਾ ਅਤੇ ਹੁਸ਼ਿਆਰਪੁਰ ਜਿਥੇ ਮਰੀਜ ਨੂੰ 15-21 ਦਿਨ ਡਿਟਾਕੀਫਿਕੇਸ਼ਨ ਕੀਤਾ ਜਾਂਦਾ ਹੈ। ਇਸ ਤੋਂ ਉਪਰੰਤ ਮਰੀਜ ਨੂੰ ਸਰਕਾਰੀ ਪੁਨਰਵਾਸ ਕੇਂਦਰ ਮੁੱਹਲਾ ਫਤਿਹਗੜ੍ਹ ਹੁਸ਼ਿਆਰਪੁਰ ਵਿਖੇ ਜਿਥੇ ਡਾ. ਦਵਿੰਦਰ ਪਾਲ ਸਿੰਘ ਮੈਡੀਕਲ ਅਫ਼ਸਰ ਦੇਖ-ਰੇਖ ਵਿੱਚ ਮਰੀਜ ਨੂੰ 90 ਦਿਨਾਂ ਲਈ ਰੱਖਿਆ ਜਾਂਦਾ ਹੈ। ਇਨਾਂ ਦੌਰਾਨ ਮਰੀਜ ਦੀ ਵਿਅਕਤੀਗਤ ਕਾਊਂਸਲਿੰਗ, ਗਰੁੱਪ ਕਾਊਂਸਲਿੰਗ, ਅਧਿਆਤਮਿਕ ਕਾਊਂਸਲਿੰਗ, ਪਰਿਵਾਰਕ ਕਾਊਂਸਲਿੰਗ, ਮੈਡੀਟੇਸ਼ਨ, ਕਸਰਤ, ਯੋਗਾ, ਖੇਡਾਂ, ਵਾਲੀਵਾਲ ਗੇਮ, ਬੈਡਮਿੰਟਨ ਆਦਿ ਖੁੱਲਾ ਹਵਾਦਾਰ, ਪੈਸਕੋ ਸਕਿਊਰਟੀ ਆਦਿ ਦਾ ਪ੍ਰਬੰਧ ਹੈ। ਇਸ ਤੋ ਇਲਾਵਾਂ ਕਾਂਊਸਲਰ ਰਜਨੀ ਦੇਵੀ ਨੇ ਕਿਹਾ ਸਿਹਤ ਤੇ ਪਰਵਾਰ ਭਲਾਈ ਵਿਭਾਗ ਪੰਜਾਬ ਸਰਕਾਰ ਵਲੋਂ ਓ.ਓ.ਏ.ਟੀ ਕਲੀਨਿਕ ਖੋਲੇ ਗਏ ਹਨ। ਜਿਨ੍ਹਾਂ 'ਚ ਜੀਭ ਦੇ ਥੱਲੇ ਰਖਣ ਵਾਲੀ ਦਵਾਈ ਬੁਪਰੋਨੋਰਫਿਨ+ਨਿਲਾਕਸਨ ਦਵਾਈ ਨਾਲ ਮੁਫਤ ਇਲਾਜ ਕੀਤਾ ਜਾਂਦਾ ਹੈ। ਉਨ੍ਹਾਂ ਕੇਂਦਰਾਂ ਵਿੱਚ ਮਰੀਜ ਨੂੰ ਪਰਵਾਰ ਤੇ ਮਰੀਜ਼ ਦੀ ਲਿਖਤੀ ਸਹਿਮਤੀ ਉਪਰੰਤ ਡਾਇਗਨੋਸਟਿਕ ਜਾਂਚ ਕਰਕੇ ਦਵਾਈ ਦਿੱਤੀ ਜਾਂਦੀ ਹੈ। ਜਿਸ ਵਿੱਚ ਆਨਲਾਈਨ ਪ੍ਰੋਸੈਸ ਰਾਹੀਂ ਸ਼ੁਰੂ ਕੀਤੀ ਜਾਂਦੀ ਹੈ,ਇਹ ਕੇਂਦਰ ਜਿਲ੍ਹਾ ਪੱਧਰ ਤੇ ਸਰਕਾਰੀ ਰੀਹੈਬਲੀਟੇਸ਼ਨ ਸੈਂਟਰ ਕੰਪਲੈਕਸ, ਉਪ ਮੰਡਲ ਪੱਧਰ ਸਿਵਲ ਹਸਪਤਾਲ ਦਸੂਹਾ, ਮੁਕੇਰੀਆਂ, ਗੜ੍ਹਸ਼ੰਕਰ, ਸੀ.ਐਚ.ਸੀ. ਆਦਿ ਸਾਰੇ ਸੀ.ਐਸ.ਸੀ. ਪੱਧਰ 'ਤੇ ਕੀਤਾ ਜਾਂਦਾ ਹੈ, ਵਧੇਰੇ ਜਾਣਕਾਰੀ ਲਈ ਜ਼ਿਲ੍ਹਾ ਹੈਲਪ ਲਾਈਨ 01882244636 'ਤੇ ਸੰਪਰਕ ਕੀਤਾ ਜਾ ਸਕਦਾ ਹੈ। ਇਸ ਮੌਕੇ 'ਤੇ ਹਾਜ਼ਰ ਲੋਕਾਂ ਨੂੰ ਜਾਣਕਾਰੀ ਸਬੰਧੀ ਬੁਕਲੇਟਸ ਵੀ ਵੰਡੀਆਂ ਗਈਆਂ।

# ਬਾਹਰੀ ਵਿਅਕਤੀ ਨਹੀਂ ਕਰਵਾ ਸਕਣਗੇ ਪਿੰਡ 'ਚ ਧਾਰਮਿਕ ਪ੍ਰੋਗਰਾਮ



**ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ)** ਬਲਾਕ ਭੋਗਪੁਰ ਦੇ ਪਿੰਡ ਡੱਲਾ ਵਿਖੇ ਸਮੂਹ ਗਰਾਮ ਪੰਚਾਇਤ ਤੇ ਗ੍ਰਾਮ ਸਭਾ ਮੈਂਬਰਾਂ ਵੱਲੋਂ ਪੰਚਾਇਤ ਘਰ ਵਿਖੇ ਪਿਛਲੇ ਦਿਨੀਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੀ ਨੀਅਤ ਨਾਲ ਆਏ ਇਕ ਖਾਸ ਫਿਰਕੇ ਦੇ ਬਾਹਰੀ ਲੋਕਾਂ ਵੱਲੋਂ ਪਿੰਡ ਵਿੱਚ ਪੰਚਾਇਤ ਦੀ ਮਨਜ਼ੂਰੀ ਤੋਂ ਬਿਨਾਂ ਕੀਤੀ ਦਖ਼ਲਅੰਦਾਜ਼ੀ ਤੇ ਜਬਰੀ ਘਰਾਂ ਵਿਚ ਵੜ ਕੇ ਕੀਤੇ ਜਾ ਰਹੇ ਧਰਮ ਪ੍ਰਚਾਰ ਖਿਲਾਫ ਆਮ ਇਜਲਾਸ ਕੀਤਾ ਗਿਆ। ਜਿਸ ਵਿੱਚ ਗ੍ਰਾਮ ਪੰਚਾਇਤ ਡੱਲਾ ਦੀ ਸਰਪੰਚ ਹਰਦੀਪ ਕੌਰ ਸੈਣੀ ਦੀ ਅਗਵਾਈ ਹੇਠ ਸਮੂਹ ਪਿੰਡ ਨਿਵਾਸੀਆਂ ਵੱਲੋਂ ਵੱਖ ਵੱਖ ਮਤਿਆਂ ਨੂੰ ਸਰਬਸੰਮਤੀ ਨਾਲ ਪ੍ਰਵਾਨਗੀ ਦਿੱਤੀ ਗਈ ਤਾਂ ਜੋ ਪਿੰਡ ਵਿੱਚ ਕੋਈ ਵੀ ਧਾਰਮਿਕ ਜਾਂ ਸਮਾਜਿਕ ਅਣਸੁਖਾਵੀਂ ਘਟਨਾ ਵਾਪਰਨ ਤੋਂ ਬਚਾਇਆ ਜਾ ਸਕੇ। ਇਸ ਇਜਲਾਸ ਵਿੱਚ ਸਮੂਹ ਨਗਰ ਨਿਵਾਸੀਆਂ ਵੱਲੋਂ ਪਿੰਡ ਵਿੱਚ ਕਿਸੇ ਵੀ ਧਰਮ ਦੇ ਬਾਹਰੀ ਵਿਅਕਤੀ ਵੱਲੋਂ ਪਿੰਡ ਵਿਚ ਘਰ ਘਰ ਜਾ ਕੇ ਧਰਮ ਪ੍ਰਚਾਰ ਕਰਨ ਤੇ ਪਿੰਡ ਵਿੱਚ ਵੱਖ ਵੱਖ ਕੰਪਨੀਆਂ ਦੇ ਨੁਮਾਇੰਦਿਆਂ ਵਲੋਂ ਘਰਾਂ ਵਿੱਚ ਜਾ ਕੇ ਕੀਤੀ ਜਾਂਦੀ ਮਸ਼ਹੂਰੀ ਉੱਪਰ ਵੀ ਰੋਕ ਲਗਾਈ ਗਈ। ਇਸ ਦੇ ਨਾਲ ਹੀ ਸਮੂਹ ਪਿੰਡ ਨਿਵਾਸੀਆਂ ਵੱਲੋਂ ਫੈਸਲਾ ਕੀਤਾ ਗਿਆ ਹੈ ਕਿ ਪਿੰਡ ਦੇ ਬਾਹਰ ਰਹਿ ਰਹੇ ਸਿੱਖ, ਹਿੰਦੂ, ਮੁਸਲਮਾਨ ਤੇ ਈਸਾਈ ਭਾਈਚਾਰੇ ਤੇ ਗ੍ਰੰਥੀ ਸਿੰਘ, ਪੰਡਤ, ਮੌਲਵੀ ਤੇ ਪਾਦਰੀ ਵੱਲੋਂ ਜੇਕਰ ਪਿੰਡ ਵਿੱਚ ਕੋਈ ਧਾਰਮਿਕ ਸਮਾਗਮ ਕੀਤਾ ਜਾਵੇਗਾ ਤਾਂ ਉਸ ਦੀ ਮਨਜ਼ੂਰੀ ਪਿੰਡ ਦੀ ਪੰਚਾਇਤ ਕੋਲੋਂ ਲੈਣੀ ਜ਼ਰੂਰੀ ਹੋਵੇਗੀ। ਸਰਪੰਚ ਹਰਦੀਪ ਕੌਰ ਸੈਣੀ ਨੇ ਦੱਸਿਆ ਕਿ ਪਿੰਡ ਨਿਵਾਸੀਆਂ ਨੇ ਜਾਤ-ਪਾਤ ਤੋਂ ਉੱਪਰ ਉੱਠ ਕੇ ਇਹ ਫੈਸਲਾ ਕੀਤਾ ਕਿ ਪਿੰਡ ਵਿੱਚ ਕੇਵਲ ਇੱਕ ਸ਼ਮਸ਼ਾਨਘਾਟ ਦੀ ਵਰਤੋਂ ਕਰਦਿਆਂ ਸੰਸਕਾਰ ਕੀਤਾ ਜਾਵੇਗਾ। ਜਿਸ ਵਿੱਚ ਕਿਸੇ ਵੀ ਧਰਮ ਦੇ ਵਿਅਕਤੀ ਨੂੰ ਕੋਈ ਇਤਰਾਜ਼ ਨਹੀਂ ਹੋਵੇਗਾ। ਬੱਚਿਆਂ ਦੀ ਪੜ੍ਹਾਈ ਤੇ ਬਜ਼ੁਰਗਾਂ ਦੀ ਸਿਹਤ ਨੂੰ ਮੱਦੇਨਜ਼ਰ ਰੱਖਦਿਆਂ ਪਿੰਡ ਵਿਚ ਚੱਲ ਰਹੇ ਲਾਊਡ ਸਪੀਕਰਾਂ ਨੂੰ ਵੀ ਵੱਖ ਵੱਖ ਸਰਕਲ ਬਣਾ ਕੇ ਚਲਾਇਆ ਜਾਵੇਗਾ ਤਾਂ ਜੋ ਧੁਨੀ ਪ੍ਰਦਰਸ਼ਨ ਉੱਪਰ ਰੋਕ ਲਗਾਈ ਜਾ ਸਕੇ। ਇਸ ਮੌਕੇ ਪੰਚਾਇਤ ਮੈਂਬਰ ਰਾਜਵਿੰਦਰ ਕੌਰ, ਉਰਮਿਲਾ ਦੇਵੀ, ਅਮਰਜੀਤ ਸਿੰਘ, ਗੁਰਮੀਤ ਸਿੰਘ, ਸਰਬਜੀਤ ਸਿੰਘ ਤੇ ਸਮੂਹ ਨਗਰ ਨਿਵਾਸੀ ਮੌਜੂਦ ਸਨ।

# ਕਾਮਰੇਡ ਘੁੱਗਸ਼ੋਰ ਨੂੰ ਸਦਮਾ, ਪਿਤਾ ਦਾ ਦੇਹਾਂਤ



**ਕਰਤਾਰਪੁਰ (ਹਰਮੇਸ਼ ਦੱਤ)** ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੇ ਸੂਬਾ ਪ੍ਰੈੱਸ ਸਕੱਤਰ ਕਸ਼ਮੀਰ ਸਿੰਘ ਘੁੱਗਸ਼ੋਰ ਦੇ ਪਿਤਾ ਦਾਰਾ ਸਿੰਘ ਨੂੰ ਪਿੰਡ ਘੁੱਗਸ਼ੋਰ ਦੇ ਸ਼ਮਸ਼ਾਨਘਾਟ ਵਿਖੇ ਜੋਸ਼ੀਲੇ ਨਾਅਰਿਆਂ ਦੀ ਗੂੰਜ ਨਾਲ ਅੰਤਿਮ ਵਿਦਾਇਗੀ ਦਿੱਤੀ ਗਈ। ਉਹਨਾਂ ਦੀ ਯਾਦ ਵਿੱਚ 16 ਅਕਤੂਬਰ ਨੂੰ ਦੁਪਹਿਰ 12 ਵਜੇ ਸ਼ਰਧਾਂਜਲੀ ਸਮਾਗਮ ਕੀਤਾ ਜਾਵੇਗਾ। ਜ਼ਿਕਰਯੋਗ ਹੈ ਕਿ ਮਜ਼ਦੂਰ ਆਗੂ ਦੇ ਪਿਤਾ 5 ਅਕਤੂਬਰ ਦੇਰ ਸ਼ਾਮ ਪਸ਼ੂਆਂ ਦੇ ਚਾਰੇ ਲਈ ਪਰਾਲੀ ਟਰਾਲੀ ਵਿੱਚ ਲੋਡ ਕਰ ਰਹੇ ਸਨ ਕਿ ਅਚਾਨਕ ਉਹਨਾਂ ਨੂੰ ਸਾਈਲੈਂਟ ਹਾਰਟ ਅਟੈਕ ਆਇਆ। ਉਹਨਾਂ ਨੂੰ ਸਿਵਲ ਹਸਪਤਾਲ ਕਰਤਾਰਪੁਰ ਵਿਖੇ ਇਲਾਜ ਲਈ ਲਿਜਾਇਆ ਗਿਆ। ਜਿੱਥੇ ਡਾਕਟਰਾਂ ਦੇ ਯਤਨਾਂ ਦੇ ਬਾਵਜੂਦ ਉਹ ਸਾਡੇ ਵਿਚਕਾਰ ਨਹੀਂ ਰਹੇ। ਇਸ ਮੌਕੇ ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ-ਲੈਨਿਨਵਾਦੀ) ਨਿਊ ਡੈਮੋਕਰੇਸੀ ਦੇ ਸੂਬਾਈ ਆਗੂ ਅਤੇ ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਤਰਸੇਮ ਪੀਟਰ, ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਪ੍ਰਧਾਨ ਮੁਕੇਸ਼ ਮਾਲੌਦ, ਹਲਕਾ ਕਰਤਾਰਪੁਰ ਦੇ ਵਿਧਾਇਕ ਬਲਕਾਰ ਸਿੰਘ, ਦਿਹਾਤੀ ਮਜ਼ਦੂਰ ਸਭਾ ਦੇ ਪ੍ਰਧਾਨ ਦਰਸ਼ਨ ਨਾਹਰ,ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਆਗੂ ਸੰਤੋਖ ਸਿੰਘ ਸੰਧੂ ਨੇ ਸ਼ਰਧਾਂਜਲੀ ਭੇਂਟ ਕਰਦਿਆਂ ਅੰਤਿਮ ਵਿਦਾਇਗੀ ਦਿੱਤੀ। ਇਸ ਇੰਡੀਅਨ ਫੈਡਰੇਸ਼ਨ ਆਫ ਟ੍ਰੇਡ ਯੂਨੀਅਨਜ਼ (ਇਫਟੂ) ਦੇ ਸੂਬਾ ਪ੍ਰਧਾਨ ਕੁਲਵਿੰਦਰ ਸਿੰਘ ਵੜੈਚ, ਡੈਮੋਕ੍ਰੇਟਿਕ ਮੁਲਾਜਮ ਫੈਡਰੇਸ਼ਨ ਦੇ ਸੂਬਾਈ ਆਗੂ ਹਰਿੰਦਰ ਦੁਸਾਂਝ,ਚਮੜੀ ਰੋਗਾਂ ਦੇ ਉੱਘੇ ਡਾਕਟਰ ਦਲਜੀਤ ਸਿੰਘ,ਪੇਂਡੂ ਮਜ਼ਦੂਰ ਯੂਨੀਅਨ ਦੇ ਆਗੂ ਹੰਸ ਰਾਜ ਪੱਬਵਾਂ,ਹਰੀ ਰਾਮ ਰਸੂਲਪੁਰੀ, ਯੂਥ ਵਿੰਗ ਪੇਂਡੂ ਮਜ਼ਦੂਰ ਯੂਨੀਅਨ ਦੇ ਆਗੂ ਅੰਗਰੇਜ਼ ਸਿੰਘ ਗੋਰਾ ਮੱਤਾ, ਗੁਰਪ੍ਰੀਤ ਸਿੰਘ ਚੀਦਾ,ਜੀ.ਐੱਸ. ਅਟਵਾਲ, ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਆਗੂ ਬਲਵਿੰਦਰ ਸਿੰਘ ਭੁੱਲਰ ਸਮੇਤ ਸੈਂਕੜਿਆਂ ਦੀ ਗਿਣਤੀ ਵਿੱਚ ਵੱਖ-ਵੱਖ ਜਥੇਬੰਦੀਆਂ ਦੇ ਆਗੂ , ਕਾਰਕੁੰਨ ਤੇ ਰਿਸ਼ਤੇਦਾਰ ਹਾਜ਼ਰ ਸਨ।

# ਖੇਤੀਬਾੜੀ ਅਧਿਕਾਰੀਆਂ ਨੇ ਲਗਾਇਆ ਜਾਗਰੂਕਤਾ ਕੈਂਪ




**ਫਿਲੌਰ (ਨਿਰਮਲ)-** ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵੱਲੋਂ ਡਾਕਟਰ ਜਸਵੰਤ ਰਾਏ ਮੁੱਖ ਖੇਤੀਬਾੜੀ ਅਫਸਰ ਜਲੰਧਰ ਦੇ ਦਿਸ਼ਾ ਨਿਰਦੇਸ਼ਾਂ 'ਤੇ ਖੇਤੀਬਾੜੀ ਬਲਾਕ ਅਫਸਰ ਗੁਰਮੀਤ ਸਿੰਘ ਰਿਆੜ ਵੱਲੋਂ ਝੋਨੇ ਦੀ ਰਹਿੰਦ-ਖੂੰਹਦ ਪਰਾਲੀ ਦੀ ਸਾਂਭ-ਸੰਭਾਲ ਸਬੰਧੀ ਜਾਗਰੂਕਤਾ ਕਰਨ ਲਈ ਪਿੰਡ ਤੇਹਿੰਗ (ਫਿਲੌਰ) 'ਚ ਕੈਂਪ ਲਗਾਇਆ। ਇਸ ਮੌਕੇ ਡਾਕਟਰ ਲਖਵੀਰ ਸਿੰਘ ਅਤੇ ਖੇਤੀਬਾੜੀ ਵਿਭਾਗਾਂ ਦੇ ਅਧਿਕਾਰੀਆਂ ਨੇ ਝੋਨੇ ਦੀ ਫਸਲ ਦੀ ਰਹਿੰਦ-ਖੂੰਹਦ ਪਰਾਲੀ ਨੂੰ ਅੱਗ ਨਾ ਲਾਉਣ ਦੀ ਅਪੀਲ ਕਰਦਿਆਂ ਕਿਹਾ ਕਿ ਵਾਤਾਵਰਣ ਨੂੰ ਹਰਿਆ ਭਰਿਆ ਪ੍ਰਦੂਸ਼ਿਤ ਰਹਿਣ ਬਣਾਉਣ ਲਈ ਪੰਜਾਬ ਸਰਕਾਰ ਅਤੇ ਪ੍ਰਸ਼ਾਸਨ ਦਾ ਸਹਿਯੋਗ ਕਰੋ। ਅੱਗ ਲਗਾਉਣ ਨਾਲ ਜਮੀਨ ਦੀ ਉਪਜਾਊ ਸ਼ਕਤੀ ਵਧਾਉਣ ਜੀਵ ਜੰਤੂਆਂ ਵੀ ਸੜਦੇ ਹਨ ਜਿਸ ਨਾਲ ਜਮੀਨ ਦੀ ਉਪਜਾਊ ਸ਼ਕਤੀ ਘੱਟਦੀ ਹੈ । ਖੇਤੀਬਾੜੀ ਵਿਭਾਗ ਨੇ ਕਿਸਾਨ ਹਿੱਤ ਸਕੀਮਾਂ ਤੋਂਜਾਣੂ ਕਰਵਾਇਆ। ਇਸ ਮੌਕੇ ਗੁਰਮੀਤ ਸਿੰਘ ਰਿਆੜ ਬਲਾਕ ਅਫਸਰ ਫਿਲੌਰ ਨੇ ਪੀ ਐਮ ਕਿਸਾਨ ਨਿਧੀ ਦੀ ਈ ਕੇ ਵਾਈ ਸੀ ਕਰਵਾਉਣ ਲਈ ਉਤਸ਼ਾਹਿਤ ਕੀਤਾ ਗਿਆ। ਸੌਰਭ ਜੈਨ (ਬੀ ਟੀ ਐਮ )ਨੇ ਮਿੱਟੀ ਦੀ ਪਰਖ ਤੇ ਆਤਮਾ ਸਕੀਮ ਤੋਂ ਜਾਣੂ ਕਰਵਾਇਆ।

ਇਸ ਮੌਕੇ ਕਿਸਾਨ ਮਜਦੂਰਾਂ ਪ੍ਰਣ ਕੀਤਾ ਕਿ ਝੋਨੇ ਦੀ ਰਹਿੰਦ-ਖੂੰਹਦ ਪਰਾਲੀ ਨੂੰ ਅੱਗ ਨਹੀਂ ਲਾਉਣਗੇ ਅਤੇ ਉਨ੍ਹਾਂ ਨੇ ਸਰਕਾਰ ਕੋਲ ਮੰਗ ਕੀਤੀ ਕਿ ਕਿਸਾਨਾਂ ਨੂੰ ਪਰਾਲੀ ਦੀ ਸਾਂਭ-ਸੰਭਾਲ ਲਈ 2500 ਰੁਪਏ ਦੇਵੇ।

# ਦੁਸਹਿਰਾ ਧੂਮ-ਧਾਮ ਨਾਲ ਮਨਾਇਆ



**ਭੋਗਪੁਰ:-(ਗੁਰਪ੍ਰੀਤ ਸਿੰਘ ਭੋਗਲ)** ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਭੋਗਪੁਰ ਵਿਖੇ ਦੁਸਿਹਰਾ ਬੜੀ ਧੂਮ-ਧਾਮ ਨਾਲ ਮਨਾਇਆ ਗਿਆ। ਸ਼੍ਰੀ ਗੁਰੂ ਹਰਗੋਬਿੰਦ ਸਾਹਿਬ ਖੇਡ ਸਟੇਡੀਅਮ ਦੀ ਗਰਾਊਂਡ ਵਿਖੇ ਮਨਾਏ ਗਏ ਦੁਸਿਹਰਾ ਉਤਸਵ ਮੌਕੇ ਹਜਾਰਾਂ ਦੀ ਤਾਦਾਦ 'ਚ ਲੋਕਾ ਦੇ ਇੱਕਠ ਨੇ ਅਨੰਦ ਮਾਣਿਆ।

ਇਸ ਮੌਕੇ ਰਾਵਣ, ਕੁੰਭਕਰਨ ਤੇ ਮੇਘਨਾਥ ਦੇ ਆਦਮ ਕੱਦ ਬੁੱਤਾਂ ਨੂੰ ਅਗਨੀ ਭੇਟ ਕਰਨ ਦੀ ਰਸਮ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਜੀਤ ਲਾਲ ਭੱਟੀ ਤੇ ਸੰਜੀਵ ਅਗਰਵਾਲ ਨੇ ਨਿਭਾਈ। ਸਮਾਗਮ ਦੌਰਾਨ ਕਮੇਟੀ ਵਲੋਂ ਸਾਊਂਡ ਤੇ ਡੀਜੇ ਦੇ ਸਹਿਯੋਗ ਨਾਲ ਰੰਗਾ-ਰੰਗ ਪ੍ਰੋਗਰਾਮ ਪੇਸ਼ ਕੀਤਾ ਗਿਆ। ਭੋਗਪੁਰ ਵਾਸੀਆਂ ਵਿਚ ਦੁਸਹਿਰੇ ਨੂੰ ਲੈ ਕੇ ਬੜਾ ਉਤਸ਼ਾਹ ਵੇਖਣ ਨੂੰ ਮਿਲਿਆ।

# ਬੀ. ਕਾਮ.ਫ਼ਾਇਨੈਂਸ਼ੀਅਲ ਸਰਵਿਸਿਜ ਸਮੈਸਟਰ ਚੌਥੇ ਦਾ ਨਤੀਜਾ ਸ਼ਾਨਦਾਰ ਰਿਹਾ

**ਜਲੰਧਰ ( ਇਕਬਾਲ ਸਿੰਘ ਉੱਭੀ )** ਪੀ ਸੀ ਐਸ ਐਸ ਡੀ ਕਾਲਜ ਫਾਰ ਵੂਮੈਨ, ਜਲੰਧਰ ਵਿਖੇ ਬੀ. ਕਾਮ.(ਫਾਇਨੈਂਸ਼ਲ ਸਰਵਿਸਿਜ) ਸਮੈਸਟਰ ਚੌਥੇ ਮਈ 2022 ਦਾ ਗੁਰੂ ਨਾਨਕ ਦੇਵ ਯੂਨੀਵਰਸਿਟੀ ਦਾ ਨਤੀਜਾ ਘੋਸ਼ਿਤ ਕੀਤਾ ਗਿਆ ਅਤੇ ਸਵਾਤੀ ਸ਼ਰਮਾ ਨੇ 604/750 ਅੰਕ (86.2%) ਪ੍ਰਾਪਤ ਕਰਕੇ ਯੂਨੀਵਰਸਿਟੀ ਵਿੱਚ ਪਹਿਲਾ ਸਥਾਨ ਅਤੇ ਮੌਸਮ ਕੁਮਾਰੀ ਨੇ 597/700 ਅੰਕ (85.28%) ਨਾਲ ਯੂਨੀਵਰਸਿਟੀ ਵਿੱਚ ਦੂਜਾ ਸਥਾਨ ਹਾਸਲ ਕੀਤਾ। ਇਸ ਮੌਕੇ 'ਤੇ ਪ੍ਰਧਾਨ ਨਰੇਸ਼ ਕੁਮਾਰ ਬੁਧੀਆ , ਪ੍ਰਬੰਧਕੀ ਕਮੇਟੀ ਦੇ ਹੋਰ ਮੈਂਬਰਾਂ ਅਤੇ ਪ੍ਰਿੰਸੀਪਲ ਡਾ. ਪੂਜਾ ਪਰਾਸ਼ਰ ਨੇ ਵਿਦਿਆਰਥੀਆਂ ਨੂੰ ਪ੍ਰੀਖਿਆ ਵਿੱਚ ਮੱਲਾਂ ਮਾਰਨ ਅਤੇ ਸੰਸਥਾ ਦਾ ਨਾਂਅ ਰੌਸ਼ਨ ਕਰਨ ਲਈ ਵਧਾਈ ਦਿੱਤੀ।




# ਨੰਬਰਦਾਰ ਯੂਨੀਅਨ ਦੇ ਵਫਦ ਵੱਲੋਂ ਸਪੀਕਰ ਸੰਧਵਾਂ ਨਾਲ ਮੁਲਾਕਾਤ

**ਨੂਰਮਹਿਲ ( ਬਾਲ ਕਿਸਨ ਬਾਲੀ)** -ਨੰਬਰਦਾਰ ਯੂਨੀਅਨ ਪੰਜਾਬ ਰਜਿ: 643 ਦੇ ਸੂਬਾ ਪ੍ਰਧਾਨ ਬਲਜਿੰਦਰ ਸਿੰਘ ਕਿੱਲੀ ਦੇ ਹੁਕਮਾਂ ਦੀ ਪਾਲਣਾ ਅਤੇ ਸੂਬਾ ਸਕੱਤਰ ਜਨਰਲ ਧਰਮਿੰਦਰ ਸਿੰਘ ਖੱਟਰਾਂ ਦੇ ਸਲਾਹ ਮਸ਼ਵਰੇ ਅਨੁਸਾਰ ਨੰਬਰਦਾਰ ਯੂਨੀਅਨ ਪੰਜਾਬ ਦਾ ਵਫਦ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੂੰ ਮਿਲਿਆ, ਜਿੱਥੇ ਉਹਨਾਂ ਨਾਲ ਸੀਨੀਅਰ ਮੀਤ ਪ੍ਰਧਾਨ ਪੰਜਾਬ ਅਸ਼ੋਕ ਸੰਧੂ ਨੰਬਰਦਾਰ ਨੂਰਮਹਿਲ, ਫਰੀਦਕੋਟ ਦੇ ਜ਼ਿਲ੍ਹਾ ਪ੍ਰਧਾਨ ਅਤੇ ਮੀਤ ਪ੍ਰਧਾਨ ਪੰਜਾਬ ਸਿਮਰਨਜੀਤ ਬਰਾੜ, ਬਲਵਿੰਦਰ ਖੋਸਾ ਮੀਤ ਪ੍ਰਧਾਨ ਪੰਜਾਬ, ਨੰਬਰਦਾਰ ਪੂਰਨ ਸਿੰਘ ਨੇ ਨੰਬਰਦਾਰਾਂ ਦੀਆਂ ਮੰਗਾਂ ਸੰਬੰਧੀ ਸੁਖਾਵੇਂ ਮਾਹੌਲ ਵਿੱਚ ਗੱਲਬਾਤ ਕੀਤੀ। ਸਪੀਕਰ ਨੇ ਭਰੋਸਾ ਦਿੱਤਾ ਕਿ ਉਹ ਜਲਦੀ ਹੀ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨਾਲ ਨੰਬਰਦਾਰਾਂ ਦੀਆਂ ਮੰਗਾਂ ਪ੍ਰਤੀ ਜਾਣੂੰ ਕਰਵ ਾਕੇ ਚਿਰ ਕਾਲ ਤੋਂ ਲਟਕ ਰਹੀਆਂ ਮੰਗਾਂ ਨੂੰ ਅੰਤਿਮ ਰੂਪ ਦੇਣਗੇ। ਇਸ ਮੌਕੇ ਮੌਕੇ ਲਾਇਨਜ ਕਲੱਬ ਨੂਰਮਹਿਲ ਡ੍ਰੀਮ ਦੀ ਪ੍ਰਧਾਨ ਲਾਇਨ ਸੋਮਿਨਾਂ ਸੰਧੂ ਵੀ ਉਚੇਚੇ ਤੌਰ 'ਤੇ ਸ਼ਾਮਿਲ ਰਹੀ। ਦੱਸ ਦਈਏ ਕਿ ਬੀਤੇ ਦਿਨ ਸੂਬਾ ਪ੍ਰਧਾਨ ਕਿੱਲੀ ਨੇ ਮੀਤ ਪ੍ਰਧਾਨ ਪੰਜਾਬ ਸਿਮਰਨਜੀਤ ਬਰਾੜ ਨਾਲ ਮਿਲਕੇ ਵਿਧਾਨ ਸਭਾ ਦੇ ਸਪੀਕਰ ਨੂੰ ਮੰਗ ਪੱਤਰ ਸੌਂਪਿਆ ਸੀ ਜਿਸਦੇ ਚਲਦੇ ਮੁੜ ਸਪੀਕਰ ਨਾਲ ਮੁਲਾਕਾਤ ਕਰਨੀ ਪਈ।



# ਆਈ ਵੀ ਵਰਲਡ ਸਕੂਲ ਦੁਆਰਾ ਆਪਣੇ ਵਿਦਿਆਰਥੀਆਂ ਤੇ ਉਹਨਾਂ ਦੇ ਮਾਪਿਆਂ ਲਈ 'ਸਾਈਬਰ ਸਕਿਊਰਿਟੀ' ਵਰਕਸ਼ਾਪ



**ਜਲੰਧਰ ( ਇਕਬਾਲ ਸਿੰਘ ਉੱਭੀ )** ਆਈ ਵੀ ਵਰਲਡ ਸਕੂਲ ਵਾਸਲ ਐਜੂਕੇਸ਼ਨ ਸੁਸਾਇਟੀ ਹਮੇਸ਼ਾਂ ਹੀ ਆਪਣੇ ਵਿਦਿਆਰਥੀਆਂ ਦੇ ਭਵਿੱਖ ਲਈ ਕਿਰਿਆਸ਼ੀਲ ਰਹਿੰਦਾ ਹੈ। ਸਕੂਲ ਲਈ ਵਿਦਿਆਰਥੀਆਂ ਦਾ ਇੰਟਰਨੈਂਟ ਨੂੰ ਗ਼ਲਤ ਢੰਗ ਨਾਲ਼ ਇਸਤੇਮਾਲ ਕਰਨਾ ਚਿੰਤਾ ਦਾ ਵਿਸ਼ਾ ਬਣਿਆ ਹੋਇਆ ਸੀ। ਸਕੂਲ ਇਹ ਗੱਲ ਕਦੇ ਨਹੀਂ ਚਾਹੁੰਦਾ ਕਿ ਉਹਨਾਂ ਨੇ ਵਿਦਿਆਰਥੀ ਜਾਣੇ-ਅਣਜਾਣੇ ਵਿੱਚ ਅਜਿਹੀਆਂ ਆਨਲਾਈਨ ਗੇਮਾਂ ਦੇ ਆਦੀ ਹੋ ਜਾਣ ਜੋ ਭਵਿੱਖ ਵਿੱਚ ਉਹਨਾਂ ਦਾ ਨੁਕਸਾਨ ਕਰਨ। ਇਸ ਗੱਲ਼ ਦੀ ਗਹਿਰਾਈ ਨੂੰ ਸਮਝਦੇ ਹੋਏ ਸਕੂਲ ਦੁਆਰਾ ਵਿਦਿਆਰਥੀਆਂ ਲਈ ਡਾ. ਰਕਸ਼ਿਤ ਟੰਡਨ ਮੈਂਬਰ ਸਾਈਬਰ ਕ੍ਰਾਈਮ ਇੰਡੀਆ ਦੀ ਮਦਦ ਨਾਲ਼ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ। ਇਸ ਵਰਕਸ਼ਾਪ ਦੌਰਾਨ ਡਾ. ਟੰਡਨ ਨੇ ਵਿਦਿਆਰਥੀਆਂ ਅਤੇ ਮਾਪਿਆਂ ਨੂੰ ਅਜਿਹੀਆਂ ਆਨਲਾਈਨ ਗੇਮਾਂ ਤੋਂ ਜਾਣੂ ਕਰਵਾਇਆ ਜਿਸ ਦੇ ਆਦੀ ਹੋ ਕੇ ਬੱਚੇ ਆਪਣਾ ਭਵਿੱਖ ਖ਼ਰਾਬ ਕਰ ਸਕਦੇ ਹਨ। ਉਹਨਾਂ ਦੁਆਰਾ ਮਾਪਿਆਂ ਨੂੰ ਇੰਟਰਨੈਂਟ ਤੇ ਪਕੜ ਮਜ਼ਬੂਤ ਕਰਨ ਅਤੇ ਵਿਦਿਆਰਥੀਆਂ ਨੂੰ ਵੱਖਰੀਆਂ-ਵੱਖਰੀਆਂ ਗਤੀਵਿਧੀਆਂ ਵਿੱਚ ਵਿਅਸਤ ਰੱਖਣ 'ਤੇ ਜ਼ੋਰ ਦਿੱਤਾ ਗਿਆ। ਅਜਿਹੀਆਂ ਕਿਰਿਆਵਾਂ ਵਿਦਿਆਰਥੀਆਂ ਦਾ ਨਾ ਸਿਰਫ਼ ਬੌਧਿਕ ਵਿਕਾਸ ਕਰਨਗੀਆਂ ਬਲਕਿ ਉਹਨਾਂ ਦੀ ਕਲਾਤਮਕ ਯੋਗਤਾ ਵਿੱਚ ਵੀ ਵਾਧਾ ਕਰਨਗੀਆਂ। ਸ਼੍ਰੀਮਤੀ ਐੱਸ ਚੌਹਾਨ ਪ੍ਰਿੰਸੀਪਲ, ਵਾਸਲ ਐਜੂਕੇਸ਼ਨ ਸੁਸਾਇਟੀ ਦੇ ਮੁੱਖ ਪ੍ਰਬੰਧਕ ਨਿਰਦੇਸ਼ਕ ਕੇ. ਕੇ. ਵਾਸਲ, ਚੇਅਰਮੈਨ ਸੰਜੀਵ ਕੁਮਾਰ ਵਾਸਲ, ਉਪ-ਅਧਿਅਕਸ਼ਾ ਸ਼੍ਰੀਮਤੀ ਈਨਾ ਵਾਸਲ, ਸੀ.ਈ.ਓ.ਿ ਰਾਘਵ ਵਾਸਲ ਅਤੇ ਡਾਇਰੈਕਟਰ ਸ਼੍ਰੀਮਤੀ ਅਦਿੱਤੀ ਵਾਸਲ ਨੇ ਡਾ. ਟੰਡਨ ਦਾ ਧੰਨਵਾਦ ਕੀਤਾ ਅਤੇ ਉਹਨਾਂ ਨੂੰ ਭਰੋਸਾ ਦਿੱਤਾ ਕਿ ਸਕੂਲ ਆਪਣੇ ਵਿਦਿਆਰਥੀਆਂ ਦੀਆਂ ਗਤੀਵਿਧੀਆਂ ਤੇ ਨਜ਼ਰ ਰੱਖੇਗਾ ਤਾਂ ਜੋ ਉਹਨਾਂ ਦੇ ਵਿਦਿਆਰਥੀ ਗ਼ਲਤ ਰਾਹ ਨਾ ਪੈ ਸਕਣ।

# ਭਗਵੰਤ ਮਾਨ ਦੁਆਰਾ 9 ਹਜ਼ਾਰ ਅਧਿਆਪਕਾਂ ਨੂੰ ਪੱਕਾ ਕਰਨਾ ਕਾਬਲੇ-ਤਰੀਫ ਕਦਮ : ਕਟਾਰੀਆ



**ਬਲਾਚੌਰ, ( ਜਤਿੰਦਰ ਪਾਲ ਸਿੰਘ ਕਲੇਰ )** ਭਗਵੰਤ ਮਾਨ ਮੁੱਖ ਮੰਤਰੀ ਪੰਜਾਬ ਵਲੋਂ 9 ਹਜ਼ਾਰ ਕੱਚੇ ਅਧਿਆਪਕਾਂ ਨੂੰ ਪੱਕਾ ਕਰਨਾ ਬਹੁਤ ਹੀ ਖੁਸ਼ ਕਰਨ ਵਾਲਾ ਫੈਸਲਾ ਹੈ। ਮਾਨ ਵਲੋਂ ਅਧਿਆਪਕ ਨੂੰ ਪੱਕੇ ਕਰਨ ਦਾ ਫੈਸਲਾ ਅਧਿਆਪਕ ਦਿਵਸ ਵਾਲੇ ਦਿਨ ਲਿਆ ਸੀ ਜਿਸ ਨੂੰ ਕਿ ਬੂਰ ਪੈ ਗਿਆ ਹੈ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਬੀਬੀ ਸੰਤੋਸ਼ ਕਟਾਰੀਆ ਵਿਧਾਇਕ ਹਲਕਾ ਬਲਾਚੌਰ ਨੇ ਕਰਦਿਆਂ ਕਿਹਾ ਕਿ ਜੇਕਰ ਪੁਰਾਣੀਆਂ ਸਰਕਾਰਾਂ ਦੀ ਨੀਅਤ ਸਾਫ ਹੁੰਦੀ ਤਾਂ ਅਜਿਹੇ ਕੰਮ ਪਹਿਲਾਂ ਹੀ ਹੋ ਜਾਣੇ ਸਨ। ਸਾਡੇ ਅਧਿਆਪਕਾਂ ਨੂੰ ਸੜਕਾਂ 'ਤੇ ਰੋਲਿਆ ਗਿਆ ਤੇ ਟੈਂਕੀਆਂ ਤੇ ਚੜਨ 'ਤੇ ਮਜਬੂਰ ਕੀਤਾ ਗਿਆ।

ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਇਹ ਵੀ ਯਕੀਨੀ ਬਣਾਏਗੀ ਕਿ ਅਧਿਆਪਕਾਂ ਤੋਂ ਬੱਚਿਆਂ ਨੂੰ ਪੜ੍ਹਾਉਣ ਤੋਂ ਇਲਾਵਾ ਹੋਰ ਕੋਈ ਵੀ ਕੰਮ ਨਾ ਲਿਆ ਜਾਵੇ ਤੇ ਰਹਿੰਦੇ ਕੱਚੇ ਮੁਲਾਜਮਾਂ ਨੂੰ ਵੀ ਜਲਦ ਕਨੂੰਨੀ ਰੂਪ ਨਾਲ ਪੱਕਾ ਕੀਤਾ ਜਾਵੇਗਾ। ਇਸ ਮੌਕੇ ਚੰਦਰ ਮੋਹਨ ਜੇਡੀ ਜ਼ਿਲ੍ਹਾ ਮੀਡੀਆ ਇੰਚਾਰਜ ਵੀ ਹਾਜ਼ਰ ਸਨ।

# ਫਾਰਮੇਸੀ ਆਫੀਸਰਜ਼ ਐਸੋਸੀਏਸ਼ਨ ਦੇ ਵਫਦ ਵੱਲੋਂ ਸਿਵਲ ਸਰਜਨ ਨਾਲ ਮੀਟਿੰਗ



**ਹੁਸ਼ਿਆਰਪੁਰ, (ਬਲਵੀਰ ਸੈਣੀ)** ਪੰਜਾਬ ਰਾਜ ਫਾਰਮੇਸੀ ਆਫਿਸਰਜ਼ ਐਸੋਸੀਏਸ਼ਨ ਜ਼ਿਲ੍ਹਾ ਹੁਸ਼ਿਆਰਪੁਰ ਦੇ ਵਫਦ ਵਲੋਂ ਜੱਥੇਬੰਦੀ ਦੇ ਜ਼ਿਲ੍ਹਾ ਪ੍ਰਧਾਨ ਇੰਦਰਜੀਤ ਵਿਰਦੀ ਦੀ ਅਗਵਾਈ ਹੇਠ ਸਿਵਲ ਸਰਜਨ ਹੁਸ਼ਿਆਰਪੁਰ ਡਾ. ਪ੍ਰੀਤ ਮਹਿੰਦਰ ਨਾਲ ਮੀਟਿੰਗ ਕੀਤੀ ਗਈ ਐਸੋਸੀਏਸ਼ਨ ਦੀ ਜ਼ਿਲ੍ਹਾ ਸਕੱਤਰ ਦੀਪਾਂਜਲੀ ਭੱਟੀ ਨੇ ਦੱਸਿਆ ਕਿ ਇਸ ਪਲੇਠੀ ਮੀਟਿੰਗ ਵਿੱਚ ਡਾ. ਪ੍ਰੀਤ ਮਹਿੰਦਰ ਨੂੰ ਹੁਸ਼ਿਆਰਪੁਰ ਵਿਖੇ ਬਤੌਰ ਸਿਵਲ ਸਰਜਨ ਜੁਆਇਨ ਕਰਨ 'ਤੇ ਜੀ ਆਇਆਂ ਆਖਦਿਆਂ ਵਧਾਈ ਦਿੱਤੀ ਗਈ। ਮੀਟਿੰਗ ਦੌਰਾਨ ਆਗੂਆਂ ਨੇ ਦੱਸਿਆ ਕਿ ਜੱਥੇਬੰਦੀ ਵਲੋਂ ਲਗਭਗ ਹਰ ਮਹੀਨੇ ਜ਼ਿਲ੍ਹੇ ਦੇ ਫਾਰਮੇਸੀ ਅਫਸਰਾਂ ਦੀਆਂ ਮੰਗਾਂ ਸਬੰਧੀ ਅਗਾਊਂ ਦਿੱਤੇ ਮੰਗ ਪੱਤਰ ਤੇ ਮੀਟਿੰਗ ਕੀਤੀ ਜਾਂਦੀ ਹੈ ਅਤੇ ਜਾਇਜ਼ ਮੰਗਾਂ ਨੂੰ ਹੱਲ ਕਰਨ ਸਬੰਧੀ ਸਿਵਲ ਸਰਜਨ ਹੁਸ਼ਿਆਰਪੁਰ ਤੋਂ ਆਸ ਵੀ ਕੀਤੀ ਗਈ। ਆਗੂਆਂ ਵਲੋਂ ਜ਼ਿਲ੍ਹੇ ਦੀਆਂ ਸਾਰੀਆਂ ਹੀ ਸਿਹਤ ਸੰਸਥਾਵਾਂ ਦੇ ਕੰਮ ਨੂੰ ਸੁਚਾਰੀ ਢੰਗ ਨਾਲ ਚਲਾਉਣ ਲਈ ਸਮੁੱਚੇ ਫਾਰਮੇਸੀ ਅਫਸਰਾਂ ਵਲੋਂ ਪੂਰਨ ਸਹਿਯੋਗ ਦਾ ਵਾਅਦਾ ਵੀ ਕੀਤਾ ਗਿਆ। ਸਿਵਲ ਸਰਜਨ ਹੁਸ਼ਿਆਰਪੁਰ ਨੂੰ ਵਫਦ ਨੂੰ ਯਕੀਨ ਦਵਾਇਆ ਕਿ ਮੁਲਜ਼ਮਾਂ ਦੀਆਂ ਜਾਇਜ਼ ਮੰਗਾਂ ਲਈ ਉਹਨਾਂ ਦੇ ਦਫਤਰ ਦੇ ਦਰਵਾਜ਼ੇ ਹਮੇਸ਼ਾ ਖੁੱਲੇ ਰਹਿਣਗੇ ਅਤੇ ਹਰੇਕ ਜਰੂਰੀ ਅਤੇ ਜਾਇਜ਼ ਮੰਗ ਨੂੰ ਸਮੇਂ ਸਿਰ ਪੂਰਾ ਕਰਨ ਦੀ ਪੂਰੀ ਕੋਸ਼ਿਸ਼ ਕੀਤੀ ਜਾਵੇਗੀ। ਆਗੂਆਂ ਵਲੋਂ ਸਿਵਲ ਸਰਜਨ ਨੂੰ ਯਾਦ ਦੇ ਤੌਰ 'ਤੇ ਇੱਕ ਕਿਤਾਬ ਵੀ ਭੇਂਟ ਕੀਤੀ ਗਈ। ਇਸ ਮੌਕੇ ਸਹਾਇਕ ਸਿਵਲ ਸਰਜਨ ਡਾ. ਪਵਨ ਤੋਂ ਇਲਾਵਾ ਜੱਥੇਬੰਦੀ ਦੇ ਸੂਬਾ ਮੁੱਖ ਸਲਾਹਕਾਰ ਬਲਰਾਜ ਸਿੰਘ, ਸਾਬਕਾ ਜ਼ਿਲ੍ਹਾ ਪ੍ਰਧਾਨ ਪਰਮਿੰਦਰ ਸਿੰਘ, ਵਿੱਤ ਸਕੱਤਰ ਇੰਦਰਪ੍ਰੀਤ ਸਿੰਘ, ਮੀਤ ਪ੍ਰਧਾਨ ਓ.ਪੀ. ਸਿੰਘ, ਸਹਾਇਕ ਸਕੱਤਰ ਅਮ੍ਰਿਤਪਾਲ ਸਿੰਘ, ਆਡੀਟਰ ਵਰਿੰਦਰ ਸਿੰਘ, ਰੂਰਲ ਫਾਰਮੇਸੀ ਆਫੀਸਰਜ਼ ਐਸੋਸੀਏਸ਼ਨ ਦੇ ਜ਼ਿਲ੍ਹਾ ਪ੍ਰਧਾਨ ਅਜੈ ਸ਼ਰਮਾ ਅਤੇ ਰਮਨਦੀਪ ਸੈਣੀ ਵੀ ਹਾਜ਼ਰ ਸਨ।

# ਦਿਨ-ਦਿਹਾੜੇ ਗਹਿਣੇ ਤੇ ਨਕਦੀ ਚੋਰੀ

**ਰੋਪੜ (ਬਿੰਦਰਾ)** ਨਜਦੀਕੀ ਪਿੰਡ ਸ਼ਾਮਪੁਰਾ ਵਿਚ ਗੁਰਦੁਆਰਾ ਨੇੜੇ ਇਕ ਘਰ ਵਿਚ ਦਿਨ ਦਿਹਾੜੇ ਚੋਰ ਸੋਨੇ ਚਾਂਦੀ ਦੇ ਗਹਿਣੇ ਅਤੇ 80 ਹਜਾਰ ਰੁਪਏ ਲੈ ਗਏ। ਸਿਟੀ ਥਾਣਾ ਰੋਪੜ ਵਿੱਚ ਰਾਜਿੰਦਰ ਪਾਲ ਸਿੰਘ ਵਾਸੀ ਝਲੀਆਂ ਖੁਰਦ ਹਾਲ ਨਿਵਾਸੀ ਨੇੜੇ ਗੁਰਦੁਆਰਾ ਸਾਹਿਬ ਸ਼ਾਮਪੁਰਾ ਨੇ ਰਿਪੋਰਟ ਦਰਜ ਕਰਵਾਈ ਹੈ ਜਿਸ ਵਿਚ ਉਸ ਨੇ ਕਿਹਾ ਹੈ ਕਿ ਉਹ ਅਤੇ ਉਸ ਦੀ ਪਤਨੀ ਡਿਊਟੀ 'ਤੇ ਗਏ ਸੀ, ਸ਼ਾਮ ਨੂੰ ਜਦੋਂ ਵਾਪਸ ਆਏ ਤਾਂ ਵੇਖਿਆ ਕਿ ਘਰ ਦਾ ਜੰਦਰਾ ਟੁੱਟਿਆ ਹੋਇਆ ਹੈ,ਅੰਦਰ ਜਾ ਕੇ ਚੈਕ ਕੀਤਾ ਤਾਂ ਪਤਾ ਚਲਿਆ ਕਿ ਚੋਰ ਸੋਨਾ, ਚਾਂਦੀ ਅਤੇ ਨਕਦੀ ਚੁਰਾ ਕੇ ਲੈ ਗਏ ਹਨ। ਉਨ੍ਹਾਂ ਦੱਸਿਆ ਕਿ 4 ਸੋਨੇ ਦੀਆਂ ਅੰਗੂਠੀਆਂ,ਇਕ ਸੋਨੇ ਦਾ ਕੜਾ,2 ਸੈਟ ਚਾਂਦੀ ਦੀਆਂ ਝਾਂਜਰਾਂ,ਕੰਗਨ, ਚਾਂਦੀ ਦੇ ਸਿੱਕੇ ਅਤੇ 80 ਹਜਾਰ ਰੁਪਏ ਚੋਰੀ ਹੋਏ ਹਨ। ਉਨ੍ਹਾਂ ਕਿਹਾ ਕਿ ਚੋਰ ਇਕ ਮੋਬਾਇਲ ਫੋਨ ਅਤੇ ਚਾਰਜਰ ਵੀ ਲੈ ਗਏ ਹਨ। ਪੁਲਸ ਨੇ ਧਾਰਾ 454,380 ਦੇ ਤਹਿਤ ਮਾਮਲਾ ਦਰਜ ਕਰ ਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਥਾਣਾ ਮੁਖੀ ਮਲਕੀਤ ਸਿੰਘ ਦਾ ਕੀਤਾ ਸਵਾਗਤ



**ਟਾਂਡਾ ਉੜਮੁੜ, ( ਉਂਕਾਰ ਸਿੰਘ, ਜਸਵਿੰਦਰ ਸੰਧੂ )**-ਬੀਤੇ ਇਕ ਮਹੀਨੇ ਤੋਂ ਥਾਣਾ ਟਾਂਡਾ ਵਿਖੇ ਥਾਣਾ ਮੁਖੀ ਦੇ ਖਾਲੀ ਪਏ ਅਹੁਦੇ 'ਤੇ ਸਬ ਇੰਸਪੈਕਟਰ ਮਲਕੀਤ ਸਿੰਘ ਨੂੰ ਨਿਯੁਕਤ ਕੀਤਾ ਗਿਆ ਹੈ । ਇਸ ਤੋਂ ਪਹਿਲਾਂ ਉਹ ਥਾਣਾ ਦਸੂਹਾ ਵਿਖੇ ਵੀ ਬਤੌਰ ਥਾਣਾ ਮੁਖੀ ਸੇਵਾ ਨਿਭਾ ਚੁੱਕੇ ਹਨ ਅਤੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਬਹੁਤ ਸਾਰੇ ਥਾਣਿਆਂ ਵਿੱਚ ਉਨ੍ਹਾਂ ਨੂੰ ਸੇਵਾ ਨਿਭਾਉਣ ਦਾ ਤਜਰਬਾ ਹੈ । ਥਾਣਾ ਟਾਂਡਾ ਵਿਖੇ ਬਤੌਰ ਮੁਖੀ ਅਹੁਦਾ ਸੰਭਾਲਣ ਤੇ ਮਲਕੀਤ ਸਿੰਘ ਦਾ ਵੱਖ-ਵੱਖ ਸਮਾਜਿਕ ਸ਼ਖ਼ਸੀਅਤਾਂ ਅਤੇ ਜਥੇਬੰਦੀਆਂ ਵੱਲੋਂ ਭਰਵਾਂ ਸਵਾਗਤ ਕੀਤਾ ਗਿਆ ਹੈ । ਆਮ ਆਦਮੀ ਪਾਰਟੀ ਦੇ ਸਿਟੀ ਪ੍ਰਧਾਨ ਜਗਜੀਵਨ ਜੱਗੀ ,ਗੁਰਦੀਪ ਸਿੰਘ ਹੈਪੀ ,ਮੋਹਨ ਇੰਦਰ ਸੰਘਾ ,ਸੁਖਵਿੰਦਰ ਸਿੰਘ ਅਰੋੜਾ ,ਰਜਿੰਦਰ ਮਾਰਸ਼ਲ ,ਪਰੇਮ ਜੈਨ,ਅਵਤਾਰ ਸਿੰਘ ,ਸੁਰਿੰਦਰ ਸਿੰਘ ਭਾਟੀਆ ,ਸਚਿਨ ਕੁਮਾਰ ਪ੍ਰੇਮ ਪਡਵਾਲ ਅਤੇ ਹੋਰ ਸਖਸੀਅਤਾਂ ਵੱਲੋਂ ਉਨ੍ਹਾਂ ਦਾ ਭਰਵਾਂ ਸਵਾਗਤ ਕੀਤਾ ਗਿਆ । ਇਸ ਮੌਕੇ ਗੱਲਬਾਤ ਕਰਦੇ ਸਬ ਇੰਸਪੈਕਟਰ ਮਲਕੀਤ ਸਿੰਘ ਨੇ ਕਿਹਾ ਕਿ ਉਹ ਪੂਰੀ ਤਨਦੇਹੀ ਨਾਲ ਆਪਣੀ ਜ਼ਿੰਮੇਵਾਰੀ ਨਿਭਾਉਣਗੇ।

# ਡਿਪਸ ਸਕੂਲ 'ਚ ਬੱਚਿਆਂ ਨੇ ਆਪਣੀ ਕਲਾ ਦਾ ਪ੍ਰਦਰਸ਼ਨ ਕੀਤਾ



**ਭੋਗਪੁਰ (ਕੁਲਵੀਰ ਸਿੰਘ ਕਾਹਲੋਂ)** ਡਿਪਸ ਸਕੂਲ ਭੋਗਪੁਰ ਵਿੱਚ ਵਿਦਿਆਰਥੀਆਂ ਨੇ ਅਧਿਆਪਕਾਂ ਦੇ ਦਿਸ਼ਾ - ਨਿਰਦੇਸਾਂ ਅਨੁਸਾਰ ਆਪਣੀ ਕਲਾ ਦਾ ਪ੍ਰਦਰਸ਼ਨ ਕੀਤਾ। ਵਿਦਿਆਰਥੀਆਂ ਨੇ ਵੱਖ-ਵੱਖ ਵਿਸ਼ਿਆਂ 'ਤੇ ਪੇਂਟਿੰਗ ਕੀਤੀ। ਜਿਸ ਵਿਚ ਉਨ੍ਹਾਂ ਨੇ ਕੁਦਰਤ ਨਾਲ ਸਬੰਧਿਤ, ਸ਼ੁੱਧ ਵਾਤਾਵਰਨ, ਪਾਣੀ ਬਚਾਓ ਆਦਿ ਵਿਸ਼ਿਆਂ ਨੂੰ ਲਿਆ। ਵਿਦਿਆਰਥੀਆਂ ਵੱਲੋਂ ਫਾਲਤੂ ਸਮਾਨ ਤੋਂ ਫੋਟੋ ਫਰੇਮ, ਫੁੱਲਦਾਨ ਵੀ ਬਣਾਏ ਗਏ। ਇਸ ਗਤੀਵਿਧੀ ਨੂੰ ਕਰਵਾਉਣ ਦਾ ਉਦੇਸ਼ ਬੱਚਿਆਂ ਅੰਦਰ ਛੁਪੀ ਪ੍ਰਤਿਭਾ ਨੂੰ ਉਜਾਗਰ ਕਰਨਾ ਸੀ। ਸਕੂਲ ਦੀ ਪ੍ਰਿੰਸੀਪਲ ਸ਼੍ਰੀਮਤੀ ਗੁਰਵੀਨ ਕੌਰ ਨੇ ਬੱਚਿਆਂ ਦੇ ਪ੍ਰਦਰਸ਼ਨ ਦੀ ਸ਼ਲਾਘਾ ਕੀਤੀ ਤੇ ਅੱਗੇ ਤੋਂ ਇਸ ਤਰ੍ਹਾਂ ਦੀਆਂ ਗਤੀਵਿਧੀਆਂ ਵਿੱਚ ਭਾਗ ਲੈ ਕੇ ਆਪਣਾ ਮਨੋਬਲ ਵਧਾਉਣ ਦੀ ਪ੍ਰੇਰਨਾ ਦਿੱਤੀ।

# ਸ਼੍ਰੋਮਣੀ ਅਕਾਲੀ ਦਲ ਨੇ ਅਮਰੀਕਾ ਹਾਦਸੇ ਦੇ ਪੀੜਤ ਪਰਵਾਰਾਂ ਨਾਲ ਕੀਤੀ ਮੁਲਾਕਾਤ



**(ਕੁਲਵੀਰ ਸਿੰਘ ਕਾਹਲੋਂ), ਭੋਗਪੁਰ** ਪਿਛਲੇ ਦਿਨੀਂ ਅਮਰੀਕਾ ਦੇ ਸ਼ਹਿਰ ਕੈਲੀਫੋਰਨੀਆ ਦੀ ਮਰਸਿਡ ਕਾਉਂਟੀ 'ਚ ਅਗਵਾ ਕੀਤੇ ਗਏ ਪੰਜਾਬੀ ਪਰਵਾਰ ਦੇ ਚਾਰ ਮੈਂਬਰਾਂ ਦੀਆਂ ਲਾਸ਼ਾਂ ਇਕ ਬਾਗ 'ਚੋਂ ਮਿਲਣ ਨਾਲ ਜਿਥੇ ਪੂਰੇ ਵਿਸ਼ਵ ਨੂੰ ਹਿਲਾ ਕੇ ਰੱਖ ਦਿੱਤਾ, ਉਥੇ ਬਲਾਕ ਭੋਗਪੁਰ ਦੇ ਪਿੰਡ ਜੰਡੀਰ ਤੇ ਖਰਲ ਕਲਾਂ ਵਿਖੇ ਰਹਿ ਰਹੇ ਪਰਵਾਰਾਂ ਦਾ ਰੋ-ਰੋ ਕੇ ਬੁਰਾ ਹਾਲ ਹੈ । ਇਸ ਅਣਮਨੁਖੀ ਕਾਰੇ ਦੀ ਸਖਤ ਸ਼ਬਦਾਂ ਵਿੱਚ ਨਿੰਦਿਆ ਕਰਦਿਆਂ ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਆਦਮਪੁਰ ਤੋਂ 2 ਵਾਰ ਨੁਮਾਇੰਦਗੀ ਕਰ ਚੁੱਕੇ ਸਾਬਕਾ ਵਿਧਾਇਕ ਪਵਨ ਕੁਮਾਰ ਟੀਨੂੰ, ਸ਼੍ਰੋਮਣੀ ਅਕਾਲੀ ਦਲ ਦੇ ਆਗੂ ਅੰਮ੍ਰਿਤਪਾਲ ਸਿੰਘ ਖਰਲ ਕਲਾਂ, ਸ਼੍ਰੋਮਣੀ ਅਕਾਲੀ ਦਲ ਦੇ ਸ਼ਹਿਰੀ ਪ੍ਰਧਾਨ ਪਰਮਿੰਦਰ ਸਿੰਘ ਕਰਵਲ, ਸਾਬਕਾ ਕੌਂਸਲਰ ਜਸਦਿਆਲ ਸਿੰਘ ਜੱਸ, ਕੌਂਸਲਰ ਸੁਖਜੀਤ ਸਿੰਘ ਸੈਣੀ ਵੱਲੋ ਪਿੰਡ ਜੰਡੀਰ ਵਿਖੇ ਮ੍ਰਿਤਕ ਲੜਕੀ ਜਸਲੀਨ ਕੌਰ ਦੇ ਪਰਵਾਰਕ ਮੈਬਰਾਂ ਪਿਤਾ ਸਤਨਾਮ ਸਿੰਘ ਸੈਣੀ, ਮਾਤਾ ਗੁਰਮੀਤ ਕੌਰ, ਚਾਚਾ ਨਰਿੰਦਰ ਸਿੰਘ ਸੈਣੀ ਦੇ ਗ੍ਰਹਿ ਵਿਖੇ ਪਹੁੰਚ ਕੇ ਦੁੱਖ ਸਾਂਝਾ ਕੀਤਾ ਗਿਆ । ਸ਼੍ਰੋਮਣੀ ਅਕਾਲੀ ਦਲ ਦੇ ਵਫਦ ਵੱਲੋ ਪਿੰਡ ਖਰਲ ਕਲਾਂ ਵਿਖੇ ਅਮਨਦੀਪ ਸਿੰਘ ਸਹੁਰਾ ਪਰਵਾਰ ਦੇ ਘਰ ਜਾ ਕੇ ਤਰਲੋਕ ਸਿੰਘ ਤੇ ਪਰਵਾਰਕ ਮੈਂਬਰਾਂ ਨਾਲ ਦੁੱਖ ਸਾਂਝਾ ਕੀਤਾ ।

# ਵਿਸ਼ਵ ਦ੍ਰਿਸ਼ਟੀ ਦਿਵਸ ਮਨਾਇਆ



**ਸ੍ਰੀ ਚਮਕੌਰ ਸਾਹਿਬ, (ਕੁਲਵਿੰਦਰ ਕਾਲਾ)**-ਡਾ.ਪਰਮਿੰਦਰ ਕੁਮਾਰ ਸਿਵਲ ਸਰਜਨ ਰੂਪਨਗਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਤੇ ਗੋਬਿੰਦ ਟੰਡਨ ਸੀਨੀਅਰ ਮੈਡੀਕਲ ਅਫਸਰ ਸੀ.ਐਚ.ਸੀ ਚਮਕੌਰ ਸਾਹਿਬ ਦੀ ਅਗਵਾਈ ਹੇਠ ਕਮਿਊਨਿਟੀ ਹੈਲਥ ਸੈਂਟਰ ਸ਼੍ਰੀ ਚਮਕੌਰ ਸਾਹਿਬ ਵਿਖੇ ਬਲਾਕ ਪੱਧਰੀ ਵਿਸ਼ਵ ਦ੍ਰਿਸ਼ਟੀ ਦਿਵਸ ਮਨਾਇਆ ਗਿਆ। ਇਸ ਮੌਕੇ ਹਰਵਿੰਦਰ ਸਿੰਘ ਸੈਣੀ ਬਲਾਕ ਐਕਸਟੈਨਸ਼ਨ ਐਜੂਕੇਟਰ ਨੇ ਕਿਹਾ ਕਿ ਇਸ ਵਿਸ਼ਵ ਦ੍ਰਿਸ਼ਟੀ ਦਿਵਸ ਦਾ ਥੀਮ 'ਆਪਣੀਆਂ ਅੱਖਾਂ ਨੂੰ ਪਿਆਰ ਕਰੋ' ਹੈ। ਇਹ ਥੀਮ ਸਾਡੀਆਂ ਅੱਖਾਂ ਦੀ ਸਿਹਤ ਬਾਰੇ ਜਾਗਰੂਕਤਾ ਦੀ ਲੋੜ ਅਤੇ ਅੱਖਾਂ ਦੀ ਰੋਸ਼ਨੀ ਦਾ ਧਿਆਨ ਰੱਖਣ ਦੀ ਲੋੜ ਤੇ ਜੋਰ ਦਿੰਦਾ ਹੈ। ਉਨ੍ਹਾਂ ਕਿਹਾ ਕਿ ਨੋਕੀਲੀਆਂ ਚੀਜਾਂ ਛੋਟੇ ਬੱਚਿਆਂ ਤੋਂ ਦੂਰ ਰੱਖਣੀਆ ਚਾਹੀਦੀਆਂ ਹਨ। ਸਕੂਲ ਹੈਲਥ ਪ੍ਰੋਗਰਾਮ ਅਧੀਨ ਸਕੂਲੀ ਬੱਚਿਆਂ ਦੀ ਨਜਰ ਘੱਟ ਹੋਣ ਤੇ ਸਰਕਾਰ ਵੱਲੋਂ ਮੁਫਤ ਨਜਰ ਦੀਆਂ ਐਨਕਾਂ ਦਿੱਤੀਆਂ ਜਾਂਦੀਆਂ ਹਨ। ਭਾਰਤ ਵਿੱਚ ਲਗਭਗ 80 ਤੋਂ 90 ਲੱਖ ਮੌਤਾਂ ਹੁੰਦੀਆਂ ਹਨ, ਜਿਨਾਂ ਵਿੱਚੋਂ ਕੁੱਝ ਹੀ ਵਿਅਕਤੀ ਨੇਤਰਦਾਨ ਕਰਦੇ ਹਨ। ਇਸ ਲਈ ਸਾਨੂੰ ਵੱਧ ਤੋਂ ਵੱਧ ਅੱਖਾਂ ਦਾਨ ਕਰਨ ਲਈ ਲੋਕਾਂ ਨੂੰ ਪ੍ਰੇਰਿਤ ਕਰਨਾ ਚਾਹੀਦਾ ਹੈ। ਇਸ ਮੌਕੇ ਤੇ ਅਤਿੰਦਰ ਕੌਰ ਸੀ.ਐਚ.ਓ ਨੇ ਅੰਨਾਪਣ ਦੇ ਕਾਰਨਾਂ ਅਤੇ ਇਨਾਂ ਕਾਰਨਾਂ ਨੂੰ ਕਿਵੇਂ ਦੂਰ ਕੀਤਾ ਜਾ ਸਕਦਾ ਹੈ, ਅੱਖਾਂ ਦੀ ਸਾਂਭ-ਸੰਭਾਲ ਬਾਰੇ, ਵਿਟਾਮਿਨ ਏ ਦੀ ਕਮੀ ਨੂੰ ਦੂਰ ਕਰਨ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਕੋਈ ਵੀ ਵਿਅਕਤੀ ਸ਼ਪਥ-ਪੱਤਰ ਭਰਕੇ ਨੇਤਰ ਦਾਤਾ ਬਣ ਸਕਦਾ ਹੈ ਅਤੇ ਉਸਦੀ ਮੌਤ ਤੋਂ ਬਾਅਦ ਉਸਦੇ ਸਕੇ ਸਬੰਧੀ ਉਸ ਦੀਆਂ ਅੱਖਾਂ ਦਾਨ ਕਰ ਸਕਦੇ ਹਨ। ਇਸ ਮੌਕੇ ਤੇ ਡਾ. ਸਚਿਨ ਕੁਮਾਰ, ਡਾ. ਸੋਨੀਆ, ਨਾਗਰ ਸਿੰਘ, ਦਵਿੰਦਰ ਸਿੰਘ, ਪਰਵਿੰਦਰ ਕੌਰ, ਤਜਿੰਦਰ ਕੌਰ, ਬਲਜੀਤ ਸਿੰਘ, ਮਨਪ੍ਰੀਤ ਕੌਰ, ਕੁਲਵੀਰ ਸਿੰਘ, ਪ੍ਰਭਜੋਤ ਕੌਰ ਅਤੇ ਪਤਵੰਤੇ ਸੱਜਣ ਹਾਜ਼ਰ ਸਨ।

# ਐੱਸ ਡੀ ਐੱਮ ਦੇ ਦਫ਼ਤਰ ਮੂਹਰੇ ਕੀਤੀ ਰੈਲੀ ਤੇ ਦਿੱਤਾ ਮੰਗ ਪੱਤਰ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਸੀ.ਪੀ.ਆਈ. (ਐਮ) ਵੱਲੋਂ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਕੀਤੀ ਗਈ ਵਿਸ਼ਾਲ ਰੈਲੀ ਦੇ ਸੱਦੇ 'ਤੇ ਹੁਸ਼ਿਆਰਪੁਰ ਅੰਦਰ ਐੱਸ.ਡੀ.ਐਮ. ਹੁਸ਼ਿਆਰਪੁਰ ਦਫਤਰ ਅੱਗੇ ਧਰਨਾ ਮਾਰ ਕੇ ਪੰਜਾਬ ਸਰਕਾਰ ਨੂੰ ਐਸ.ਡੀ.ਐਮ. ਰਾਹੀਂ ਮੰਗ ਪੱਤਰ ਭੇਜੇ ਗਏ। ਪਾਰਟੀ ਦੇ ਤਹਿਸੀਲ ਸਕੱਤਰ ਸਾਥੀ ਕਮਲਜੀਤ ਸਿੰਘ ਰਾਜਪੁਰ ਭਾਈਆਂ ਨੇ ਹਾਜਰ ਸਾਥੀਆਂ ਵਿਚ ਮੰਗ ਪੱਤਰ ਪੂਰੀ ਤਫਸੀਲ ਨਾਲ ਪੜ੍ਹ ਕੇ ਸੁਣਾਇਆ ਤੇ ਉਸ ਦੀ ਵਿਆਖਿਆ ਕੀਤੀ। ਪਾਰਟੀ ਦੇ ਸੂਬਾ ਕਮੇਟੀ ਮੈਂਬਰ ਸਾਥੀ ਗੁਰਮੇਜ ਸਿੰਘ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਚੋਣਾਂ ਤੋਂ ਪਹਿਲਾਂ ਲੋਕਾਂ ਨਾਲ ਕੀਤੇ ਵਾਅਦਿਆਂ ਨੂੰ ਯਾਦ ਕਰਵਾਇਆ। ਉਨ੍ਹਾਂ ਨੇ ਕਿਹਾ ਅੱਜ ਇਥੇ ਪੰਜਾਬ ਦੀ ਅਮਨ ਕਾਨੂੰਨ ਦੀ ਹਾਲਤ ਅੱਗੇ ਨਾਲੋਂ ਵੀ ਜ਼ਿਆਦਾ ਸੰਗੀਨ ਬਣ ਗਈ ਹੈ। ਉਨ੍ਹਾਂ ਨੇ ਪੰਜਾਬ ਦੇ ਆਪ ਦੇ ਆਗੂਆਂ ਨੂੰ ਸਵਾਲ ਕੀਤਾ ਕਿ ਗੈਰਕਾਨੂੰਨੀ ਮਾਈਨਿੰਗ ਬੰਦ ਹੋ ਗਈ ਹੈ ? ਪੰਜਾਬ ਦੇ ਹਰ ਵਰਗ ਦੇ ਲੋਕ ਅਤੇ ਮੁਲਾਜ਼ਮ ਹਰ ਰੋਜ਼ ਧਰਨੇ ਕਿਉਂ ਲਗਾ ਰਹੇ ਹਨ ? ਉਨ੍ਹਾਂ ਨੇ ਕਿਹਾ ਕਿ ਪੰਜਾਬ ਸਰਕਾਰ ਮਨਰੇਗਾ ਵਰਕਰਾਂ ਨੂੰ 200 ਦਿਨ ਕੰਮ ਅਤੇ 600/- ਰੁਪਏ ਪ੍ਰਤੀ ਦਿਹਾੜੀ ਦਾ ਪ੍ਰਬੰਧ ਕਰੇ। ਬੇਘਰਿਆਂ ਨੂੰ 10ਮਰਲੇ ਪਲਾਟ ਦੇ 5 ਲੱਖ ਰੁਪਏ ਦੀ ਗਰਾਂਟ ਦਿੱਤੀ ਜਾਵੇ। ਉਨ੍ਹਾਂ ਪੰਜਾਬ ਸਰਕਾਰ ਨੂੰ ਚਿਤਾਵਨੀ ਦਿੱਤੀ ਹੈ ਕਿ ਪੰਜਾਬ ਦੇ ਆਬਾਦਕਾਰਾਂ ਦੀ ਇੱਕ ਇੰਚ ਜ਼ਮੀਨ ਸਰਕਾਰ ਨੂੰ ਖੋਹਣ ਨਹੀਂ ਦਿੱਤੀ ਜਾਵੇਗੀ। ਸਰਕਾਰ ਦੇ ਹਰ ਹਮਲੇ ਦਾ ਸੀ.ਪੀ.ਆਈ. (ਐਮ) ਵਿਰੋਧ ਕਰੇਗੀ। ਇਸ ਮੌਕੇ ਸਾਥੀ ਗੁਰਬਖਸ਼ ਸਿੰਘ ਸੂਸ, ਮਹਿੰਦਰ ਸਿੰਘ ਭੀਲੋਵਾਲ, ਗੁਰਮੀਤ ਸਿੰਘ ਕਾਣੇ, ਸੰਤੋਖ ਸਿੰਘ ਭੀਲੋਵਾਲ, ਗੁਰਮੀਤ ਸਿੰਘ ਹੁਸ਼ਿਆਰਪੁਰ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ। ਇਸ ਧਰਨੇ ਵਿੱਚ ਪ੍ਰਸ਼ੰਨ ਸਿੰਘ, ਮਨਜੀਤ ਸਿੰਘ ਲਹਿਲੀ ਕਲਾਂ, ਧਰਮਪਾਲ, ਜੋਗਿੰਦਰ ਭੱਟੀ ਰਾਜਪੁਰ ਭਾਈਆਂ, ਪਲਵਿੰਦਰ ਸਿੰਘ ਵਿਰਦੀ, ਬਲਵਿੰਦਰ ਸਿੰਘ ਹੋਠੀ, ਰਾਮ ਲੁਭਾਇਆ ਸ਼ੇਰਗੜ੍ਹੀਆਂ ਆਦਿ ਸਾਥੀ ਧਰਨੇ ਵਿਚ ਸ਼ਾਮਲ ਹੋਏ।

# ਦੋਸ਼ੀਆਂ ਦੀ ਗ੍ਰਿਫ਼ਤਾਰੀ ਲਈ ਥਾਣੇ ਅੱਗੇ ਲੱਗਿਆ ਧਰਨਾ ਦੋ ਸੌ ਦਿਨ ਪਾਰ

**ਜਗਰਾਉਂ (ਨਛੱਤਰ ਸੰਧੂ)**-ਸੰਗੀਨ ਧਾਰਾਵਾਂ ਅਧੀਨ ਦਰਜ ਮੁੱਖ ਦੋਸ਼ੀ ਡੀ.ਐੱਸ.ਪੀ. ਗੁਰਿੰਦਰ ਬੱਲ ਤੇ ਸਹਿ ਦੋਸ਼ੀ ਐੱਸ. ਆਈ. ਰਾਜਵੀਰ ਤੇ ਹਰਜੀਤ ਸਰਪੰਚ ਦੀ ਗ੍ਰਿਫਤਾਰੀ ਲਈ ਪਿਛਲੇ 6 ਮਹੀਨਿਆਂ ਤੋਂ ਸਥਾਨਕ ਸਿਟੀ ਥਾਣੇ ਮੂਹਰੇ ਬੈਠੇ ਧਰਨਾਕਾਰੀਆਂ ਨੇ ਅੱਜ ਲਗਾਤਾਰ 200ਵੇਂ ਦਿਨ ਜਿੱਥੇ ਧਰਨਾ ਦਿੱਤਾ ਤੇ ਪੰਜਾਬ ਸਰਕਾਰ ਖਿਲਾਫ ਨਾਹਰੇਬਾਜ਼ੀ ਕੀਤੀ, ਉਥੇ ਸੰਘਰਸ਼ ਨੂੰ ਤੇਜ਼ ਕਰਨ ਲਈ 10 ਅਕਤੂਬਰ ਨੂੰ ਕਾਮਰੇਡ ਨਛੱਤਰ ਸਿੰਘ ਯਾਦਗਾਰੀ ਹਾਲ਼ ਵਿੱਚ ਸਾਰੀਆਂ ਹੀ ਇਨਸਾਫਪਸੰਦ ਜਥੇਬੰਦੀਆਂ ਦੀ ਸਾਂਝੀ ਮੀਟਿੰਗ ਬੁਲਾਈ ਹੈ। ਇਸ ਸਬੰਧੀ ਪ੍ਰੈੱਸ ਨੂੰ ਜਾਰੀ ਬਿਆਨ 'ਚ ਸੰਬੋਧਨ ਕਰਦਿਆਂ ਪੇਂਡੂ ਮਜ਼ਦੂਰ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਅਵਤਾਰ ਸਿੰਘ ਰਸੂਲਪੁਰ, ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਤਰਲੋਚਨ ਸਿੰਘ ਝੋਰੜਾਂ, ਦਸਮੇਸ਼ ਕਿਸਾਨ ਮਜ਼ਦੂਰ ਯੂਨੀਅਨ ਦੇ ਪ੍ਰਧਾਨ ਗੁਰਦਿਆਲ ਸਿੰਘ ਤਲਵੰਡੀ, ਪੇਂਡੂ ਮਜ਼ਦੂਰ ਯੂਨੀਅਨ (ਮਸ਼ਾਲ਼) ਦੇ ਆਗੂ ਬਲਦੇਵ ਸਿੰਘ, ਸਤਿਕਾਰ ਕਮੇਟੀ ਦੇ ਪ੍ਰਧਾਨ ਜਸਪ੍ਰੀਤ ਸਿੰਘ ਢੋਲ਼ਣ ਨੇ ਕਿਹਾ ਕਿ ਪਿਛਲੇ 6 ਮਹੀਨਿਆਂ ਤੋਂ ਕਿਰਤੀ ਲੋਕ ਥਾਣੇ ਮੂਹਰੇ ਬੈਠੇ ਇਨਸਾਫ ਦੀ ਮੰਗ ਕਰ ਰਹੇ ਹਨ, ਪਰ ਪੰਜਾਬ ਸਰਕਾਰ ਦੇ ਕੰਨ 'ਤੇ ਜੂੰ ਨਹੀਂ ਸਰਕ ਰਹੀ। ਉਨ੍ਹਾਂ ਕਿਹਾ ਕਿ ਸਰਕਾਰ ਪੂਰੀ ਤਰ੍ਹਾਂ ਲੋਕ ਵਿਰੋਧੀ ਸਾਬਿਤ ਹੋ ਚੁੱਕੀ ਹੈ। ਉਨ੍ਹਾਂ ਕਿਹਾ ਕਿ 23 ਮਾਰਚ ਤੋਂ ਸੰਘਰਸ ਕਰ ਰਹੀਆਂ ਲੋਕ ਪੱਖੀ ਜਥੇਬੰਦੀਆਂ ਇਨਸਾਫ ਦੀ ਪ੍ਰਾਪਤੀ ਤੱਕ ਨਿਰਣਾਇਕ ਸੰਘਰਸ਼ ਕਰਨ ਲਈ ਇੱਕਮੱਤ ਹਨ। ਉਨ੍ਹਾਂ ਸਪੱਸ਼ਟ ਕੀਤਾ ਕਿ ਸਰਕਾਰ ਜਿੰਨਾਂ ਮਰਜ਼ੀ ਸਬਰ ਪਰਖ

## ▪ ਸੰਘਰਸ਼ ਹੋਵੇਗਾ ਤੇਜ਼, ਅੱਜ ਸੱਦੀ ਸਾਂਝੀ ਮੀਟਿੰਗ



ਲਵੇ, ਉਹ ਅੰਤ ਤੱਕ ਡਟੇ ਰਹਿਣਗੇ। ਸੰਘਰਸ਼ਸ਼ੀਲ ਆਗੂਆਂ ਨੇ ਸੱਤਾਧਾਰੀ ਪਾਰਟੀ ਦੀ ਨੁਮਾਇੰਦਗੀ ਕਰਦੇ ਅਖੌਤੀ ਲੀਡਰਾਂ ਤੇ ਪੰਜਾਬ ਪੁਲਸ ਦੇ ਅਧਿਕਾਰੀਆਂ ਤੋਂ ਪੁੱਛਿਆ ਕਿ ਗੈਰ-ਜਮਾਨਤੀ ਧਾਰਾਵਾਂ 304, 342, 44, ਤੇ ਐੱਸ ਸੀ/ਐੱਸ ਟੀ ਐਕਟ-1989 ਦੇ ਦੋਸ਼ੀ ਡੀ ਐੱਸ ਪੀ ਗੁਰਿੰਦਰ ਬੱਲ, ਐੱਸ ਆਈ ਰਾਜਵੀਰ ਤੇ ਹਰਜੀਤ ਸਰਪੰਚ ਹੁਣ ਤੱਕ ਪੁਲਸ ਦੀ ਗ੍ਰਿਫਤ ਤੋਂ ਬਾਹਰ ਕਿਉਂ ਹਨ? ਜਦਕਿ ਕਿ ਲੰਘੀ 11 ਦਸੰਬਰ ਨੂੰ ਦਰਜ ਕੀਤੇ ਇਸ ਮੁਕੱਦਮੇ ਦੇ ਤਿੰਨਾਂ ਹੀ ਦੋਸ਼ੀਆਂ ਨੂੰ ਹੁਣ ਤੱਕ ਕਿਸੇ ਵੀ ਅਦਾਲਤ ਨੇ ਜ਼ਮਾਨਤ ਜਾਂ ਸਟੇਅ ਆਰਡਰ ਵੀ ਨਹੀਂ ਦਿੱਤਾ, ਫਿਰ ਵੀ ਪੁਲਸ ਅਧਿਕਾਰੀ ਦੋਸ਼ੀਆਂ ਨੂੰ ਗ੍ਰਿਫਤਾਰ ਕਿਉਂ ਨਹੀਂ ਕਰ ਰਹੇ? ਉਨ੍ਹਾਂ ਕਿਹਾ 'ਆਪ ਸਰਕਾਰ' ਦਾ ਦੋਗਲਾ ਚੇਹਰਾ ਜੱਗ-ਜ਼ਾਹਰ ਹੋ ਚੁੱਕਾ ਹੈ। ਆਗੂਆਂ ਨੇ ਕਿਹਾ ਕਿ ਸੱਤਾਧਾਰੀਆਂ ਦੇ ਦੋਗਲੇ ਚਿਹਰੇ ਨੂੰ ਜਨਤਕ ਕਰਨ ਲਈ ਪਿੰਡਾਂ ਵਿੱਚ ਰੈਲੀਆਂ-ਮੀਟਿੰਗਾਂ ਤੇ ਮਾਰਚ ਸ਼ੁਰੂ ਕੀਤੇ ਜਾਣਗੇ। ਇਸ ਸਮੇਂ ਕੁੱਲ ਹਿੰਦ ਕਿਸਾਨ ਸਭਾ ਦੇ ਆਗੂ ਨਿਰਮਲ ਸਿੰਘ ਧਾਲੀਵਾਲ ਨੇ ਦੱਸਿਆ ਕਿ 17 ਸਾਲ ਪਹਿਲਾਂ ਗਰੀਬ ਮਾਂ-ਧੀ ਨੂੰ ਅੱਧੀ ਰਾਤ ਨੂੰ ਘਰੋਂ ਚੁੱਕ ਕੇ, ਥਾਣੇ 'ਚ ਨਜਾਇਜ਼ ਹਿਰਾਸਤ 'ਚ ਰੱਖ ਕੇ, ਨਾਲੇ ਕੁੱਟਿਆ-ਮਾਰਿਆ, ਨਾਲੇ ਬਿਜਲੀ ਦਾ ਕਰੰਟ ਲਗਾਇਆ ਗਿਆ ਸੀ। ਦੋਸ਼ੀ ਥਾਣਾਮੁਖੀ ਗੁਰਿੰਦਰ ਬੱਲ ਤੇ ਏ ਐੱਸ ਆਈ ਰਾਜਵੀਰ ਨੇ ਕੁੱਟਮਾਰ ਦੀ ਘਟਨਾ ਨੂੰ ਛੁਪਾਉਣ ਲਈ ਹੀ ਗਰੀਬ ਪਰਿਵਾਰ ਨੂੰ ਫਰਜ਼ੀ ਕਹਾਣੀ ਬਣਾ ਕੇ ਝੂਠੇ ਕੇਸਾਂ ਵਿੱਚ ਫਸਾਇਆ ਸੀ, ਜੋ ਕਰੀਬ 10 ਸਾਲਾਂ ਬਾਅਦ ਮੁਕੱਦਮੇ 'ਚੋਂ ਬਰੀ ਹੋਏ ਸਨ। ਉਨ੍ਹਾਂ ਕਿਹਾ ਕਿ ਡੇਢ ਦਹਾਕਾ ਲੰਬੀ ਜੱਦੋ-ਜਹਿਦ ਤੋਂ ਬਾਅਦ, ਅੱਤਿਆਚਾਰ ਦੀ ਸ਼ਿਕਾਰ ਨੌਜਵਾਨ ਲੜਕੀ ਮ੍ਰਿਤਕ ਕੁਲਵੰਤ ਕੌਰ ਦੀ ਮੌਤ ਤੋਂ ਉਪਰੰਤ ਦੋਸ਼ੀਆਂ 'ਤੇ ਸੰਗੀਨ ਧਾਰਾਵਾਂ ਅਧੀਨ ਮੁਕੱਦਮਾ ਦਰਜ ਕੀਤਾ ਗਿਆ, ਪਰ ਸੰਗੀਨ ਧਾਰਾਵਾਂ ਲੱਗਣ ਦੇ ਬਾਵਜੂਦ ਦੋਸ਼ੀਆਂ ਨੂੰ ਗ੍ਰਿਫਤਾਰ ਨਹੀਂ ਕੀਤਾ ਗਿਆ। ਉਨ੍ਹਾਂ ਕਿਹਾ ਕਿ ਦੋਸ਼ੀ ਥਾਣੇਦਾਰ ਤੇ ਸਰਪੰਚ ਬਿਨਾਂ ਕਿਸੇ ਜਮਾਨਤ ਦੇ ਬੇਲਗਾਮ ਘੁੰਮ ਰਹੇ ਹਨ। ਜਥੇਦਾਰ ਚੜਤ ਸਿੰਘ ਤੇ ਸਰਪੰਚ ਜਸਵੀਰ ਸਿੰਘ ਟੂਸਾ ਨੇ ਕਿਹਾ ਪੀੜਤਾਂ ਨੂੰ ਹੁਣ ਤੱਕ ਇਨਸਾਫ ਨਾ ਮਿਲਣਾ 'ਆਪ ਸਰਕਾਰ' ਦੇ ਮੱਥੇ 'ਤੇ ਕਲੰਕ ਹੈ। ਉਨ੍ਹਾਂ ਦਾਅਵਾ ਕੀਤਾ ਕਿ ਆਉਣ ਵਾਲੇ ਸਮੇਂ ਵਿੱਚ ਸੰਘਰਸ਼ ਨੂੰ ਤਿੱਖਾ ਕਰਕੇ ਹੀ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਲਈ ਹਰ ਪੱਖੋਂ ਸਹਿਯੋਗ ਦਿੱਤਾ ਜਾਵੇਗਾ। ਗੁਰੂ ਗ੍ਰੰਥ ਸਾਹਿਬ ਸਤਿਕਾਰ ਕਮੇਟੀ ਦੇ ਪ੍ਰਧਾਨ ਜਸਪ੍ਰੀਤ ਸਿੰਘ ਢੋਲ਼ਣ, ਜੱਗਾ ਸਿੰਘ ਢਿੱਲੋਂ, ਕੁੰਢਾ ਸਿੰਘ ਕਾਉਂਕੇ, ਰਾਮਤੀਰਥ ਸਿੰਘ ਲੀਲ੍ਹਾ ਨੇ ਮੁੱਖ ਮੰਤਰੀ ਭਗਵੰਤ ਮਾਨ ਤੋਂ ਇਨਸਾਫ ਦੀ ਪੁਰਜ਼ੋਰ ਮੰਗ ਕੀਤੀ। ਰੋਸ ਧਰਨੇ ਵਿੱਚ ਭਾਰਤੀ ਕਿਸਾਨ ਯੂਨੀਅਨ (ਡਕੌਂਦਾ) ਦੇ ਬਾਬਾ ਬੰਤਾ ਸਿੰਘ ਡੱਲਾ, ਦਸਮੇਸ਼ ਕਿਸਾਨ ਮਜ਼ਦੂਰ ਯੂਨੀਅਨ ਦੇ ਹਰੀ ਸਿੰਘ ਚਚਰਾੜੀ, ਹਰਜੀਤ ਸਿੰਘ, ਠੇਕੇਦਾਰ ਅਵਤਾਰ ਸਿੰਘ ਜਗਰਾਉਂ, ਹਾਕਮ ਸਿੰਘ ਢੋਲ਼ਣ, ਬੂਟਾ ਸਿੰਘ ਹਾਂਸ, ਜਗਰੂਪ ਸਿੰਘ, ਸਾਧੂ ਸਿੰਘ ਅੱਚਰਵਾਲ, ਗੁਰਚਰਨ ਸਿੰਘ, ਦਲਜੀਤ ਸਿੰਘ ਬਿੱਲੂ ਅਦਿ ਹਾਜ਼ਰ ਸਨ।

# ਸਿਲਾਈ ਸੈਂਟਰ ਦੇ ਸਫਲ ਸਿਖਿਆਰਥੀਆਂ ਨੂੰ ਸਰਟੀਫਿਕੇਟ ਦਿੱਤੇ



ਸਿਲਾਈ ਸੈਂਟਰ ਦੇ ਸਫਲ ਸਿਖਿਆਰਥੀ ਟਰੱਸਟ ਮੈਂਬਰਾਂ ਨਾਲ।

**ਮੋਗਾ (ਅਮਰਜੀਤ ਬੱਬਰੀ)**-ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਮੈਨੇਜਿੰਗ ਟਰੱਸਟੀ ਡਾ. ਐੱਸ ਪੀ ਸਿੰਘ ਉਬਰਾਏ ਵੱਲੋਂ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਕਰਨ ਲਈ ਕਿੱਤੇ ਨਾਲ ਜੋੜਨ ਲਈ ਵੱਡੇ ਉਪਰਾਲੇ ਕੀਤੇ ਜਾ ਰਹੇ ਹਨ। ਉਨ੍ਹਾਂ ਵੱਲੋਂ ਪੂਰੇ ਪੰਜਾਬ ਵਿੱਚ 200 ਦੇ ਕਰੀਬ ਮੁਫਤ ਸਿਖਲਾਈ ਕੇਂਦਰ ਖੋਲ੍ਹੇ ਗਏ ਹਨ, ਜਿਨ੍ਹਾਂ ਵਿੱਚ ਉਨ੍ਹਾਂ ਨੂੰ ਛੇ ਮਹੀਨੇ ਦੇ ਸਿਲਾਈ ਕਢਾਈ ਤੇ ਕੰਪਿਊਟਰ ਕੋਰਸ ਕਰਵਾਏ ਜਾਂਦੇ ਹਨ। ਮੋਗਾ ਜ਼ਿਲ੍ਹੇ ਵਿੱਚ ਵੀ ਪਿਛਲੇ 9 ਸਾਲ ਤੋਂ ਪੰਜ ਸਿਲਾਈ ਸੈਂਟਰ ਤੇ ਤਿੰਨ ਕੰਪਿਊਟਰ ਸੈਂਟਰ ਚੱਲ ਰਹੇ ਹਨ, ਜਿਨ੍ਹਾਂ ਵਿੱਚ 3000 ਦੇ ਕਰੀਬ ਨੌਜਵਾਨ ਸਿਖਲਾਈ ਪ੍ਰਾਪਤ ਕਰਕੇ ਆਪਣੇ ਰੁਜ਼ਗਾਰ ਚਲਾ ਰਹੇ ਹਨ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਮੋਗਾ ਦੇ ਪ੍ਰਧਾਨ ਮਹਿੰਦਰ ਪਾਲ ਲੂੰਬਾ ਨੇ ਪਿੰਡ ਸ਼ੇਰਪੁਰ ਤਾਇਬਾਂ ਵਿਖੇ ਕਾਮਰੇਡ ਕਸ਼ਮੀਰ ਸਿੰਘ ਦੇ ਘਰ ਚੱਲ ਰਹੇ ਮੁਫਤ ਸਿਲਾਈ ਸੈਂਟਰ ਦੇ ਸਫਲ ਹੋਏ 32 ਸਿਖਿਆਰਥੀਆਂ ਨੂੰ ਸਰਟੀਫਿਕੇਟ ਵੰਡਣ ਮੌਕੇ ਕੀਤਾ। ਇਸ ਮੌਕੇ ਜ਼ਿਲ੍ਹਾ ਚੇਅਰਮੈਨ ਹਰਜਿੰਦਰ ਸਿੰਘ ਚੁਗਾਵਾਂ ਨੇ ਟਰੱਸਟ ਦੀਆਂ ਸਮਾਜ ਭਲਾਈ ਸਕੀਮਾਂ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਕੋਈ ਵੀ ਹੁਸ਼ਿਆਰ ਵਿਦਿਆਰਥ, ਜੋ ਉਚੇਰੀ ਸਿੱਖਿਆ ਹਾਸਲ ਕਰਨੀ ਚਾਹੁੰਦਾ ਹੋਵੇ, ਉਹ ਟਰੱਸਟ ਕੋਲ ਸਕਾਲਰਸ਼ਿਪ ਲਈ ਅਪਲਾਈ ਕਰ ਸਕਦਾ ਹੈ। ਟਰੱਸਟ ਦੇ ਮੀਤ ਪ੍ਰਧਾਨ ਹਰਭਿੰਦਰ ਸਿੰਘ ਜਾਨੀਆਂ ਨੇ ਸਫਲ ਸਿਖਿਆਰਥੀਆਂ ਨੂੰ ਵਧਾਈ ਦਿੱਤੀ ਤੇ ਕਾਮਰੇਡ ਕਸ਼ਮੀਰ ਸਿੰਘ ਅਤੇ ਉਨ੍ਹਾਂ ਦੇ ਪਰਿਵਾਰ ਦਾ ਸਹਿਯੋਗ ਕਰਨ ਲਈ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ। ਇਸ ਮੌਕੇ ਉਕਤ ਤੋਂ ਇਲਾਵਾ ਸਿਲਾਈ ਟੀਚਰ ਆਸ਼ਾ ਰਾਣੀ, ਕੈਸ਼ੀਅਰ ਦਵਿੰਦਰਜੀਤ ਸਿੰਘ ਗਿੱਲ, ਰਾਮ ਸਿੰਘ ਜਾਨੀਆਂ, ਗੁਰਚਰਨ ਸਿੰਘ ਮੁੰਨਣ, ਮਹਿੰਦਰ ਪਾਲ ਲੂੰਬਾ, ਹਰਜਿੰਦਰ ਸਿੰਘ ਚੁਗਾਵਾਂ, ਹਰਭਿੰਦਰ ਸਿੰਘ ਜਾਨੀਆਂ, ਡਾ. ਸ਼ਮਸ਼ੇਰ ਸਿੰਘ, ਡਾ. ਲਖਵੀਰ ਸਿੰਘ ਤੋਂ ਇਲਾਵਾ ਵੱਡੀ ਗਿਣਤੀ 'ਚ ਨਗਰ ਨਿਵਾਸੀ, ਪਤਵੰਤੇ ਤੇ ਸਿਖਿਆਰਥੀ ਹਾਜ਼ਰ ਸਨ।

## ਕਾਤਰਾਂ

### ਸਾਢੇ 3 ਕਿੱਲੋ ਅਫੀਮ ਸਮੇਤ ਕਾਬੂ

**ਸੰਗਰੂਰ (ਪ੍ਰਵੀਨ)**-ਸ੍ਰੀ ਮਨਦੀਪ ਸਿੰਘ ਸਿੱਧੂ ਐੱਸ ਐੱਸ ਪੀ (ਆਈ ਪੀ ਐੱਸ) ਸੰਗਰੂਰ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਜ਼ਿਲ੍ਹਾ ਸੰਗਰੂਰ ਪੁਲਸ ਵੱਲੋਂ ਨਸ਼ਾ ਤਸਕਰਾਂ ਖਿਲਾਫ ਚਲਾਈ ਗਈ ਵਿਸ਼ੇਸ਼ ਮੁਹਿੰਮ ਤਹਿਤ ਪਲਵਿੰਦਰ ਸਿੰਘ ਚੀਮਾ ਪੀ ਪੀ ਐੱਸ, ਐੱਸ ਪੀ ਸੰਗਰੂਰ ਤੇ ਕਰਨ ਸਿੰਘ ਸੰਧੂ ਪੀ ਪੀ ਐੱਸ, ਡੀ ਐੱਸ ਪੀ ਸੰਗਰੂਰ ਦੇ ਦਿਸ਼ਾ ਨਿਰਦੇਸ਼ ਅਨੁਸਾਰ ਇੰਸਪੈਕਟਰ ਦੀਪਇੰਦਰਪਾਲ ਸਿੰਘ ਇੰਚਾਰਜ ਸੀ.ਆਈ.ਏ. ਸੰਗਰੂਰ ਦੀ ਟੀਮ ਨੂੰ ਉਸ ਸਮੇਂ ਵੱਡੀ ਸਫਲਤਾ ਮਿਲੀ, ਜਦੋਂ ਸ:ਥ: ਗੁਰਮੇਲ ਸਿੰਘ ਸਮੇਤ ਪੁਲਸ ਪਾਰਟੀ ਨੇ ਇੱਕ ਵਿਅਕਤੀ ਨੂੰ ਕਾਬੂ ਕਰਕੇ ਉਸ ਪਾਸੋਂ 3 ਕਿੱਲੋ 500 ਗ੍ਰਾਮ ਅਫੀਮ ਬਰਾਮਦ ਕਰਵਾਉਣ ਸਬੰਧੀ ਸਫਲਤਾ ਹਾਸਲ ਕੀਤੀ ਹੈ। ਏ ਐੱਸ ਆਈ ਗੁਰਮੇਲ ਸਿੰਘ ਸੀ.ਆਈ.ਏ ਬ.ਸ. ਵਾਲਾ ਸਮੇਤ ਪੁਲਸ ਪਾਰਟੀ ਨੇ ਦੌਰਾਨੇ ਚੈਕਿੰਗ ਸ਼ੱਕੀ ਪੁਰਸ਼ਾਂ ਦੇ ਸਬੰਧ ਵਿੱਚ ਬੱਸ ਅੱਡਾ ਮਕੋਰੜ ਸਾਹਿਬ ਮੌਜੂਦ ਸੀ ਤਾਂ ਮਕੋਰੜ ਸਾਹਿਬ ਵਾਲੀ ਸਾਇਡ ਤੋਂ ਆ ਰਹੇ ਮੋਟਰਸਾਈਕਲ ਸਵਾਰ ਅਜੈਬ ਸਿੰਘ ਉਰਫ ਮੱਟ ਪੁੱਤਰ ਰਾਮ ਚੰਦ ਵਾਸੀ ਸਲੇਮਗੜ੍ਹ ਥਾਣਾ ਮੂਨਕ ਦੇ ਕਬਜ਼ੇ ਵਿੱਚੋਂ ਉਕਤ ਮਾਤਰਾ ਵਿੱਚ ਅਫੀਮ ਬਰਾਮਦ ਕਰਕੇ ਮੁਲਜ਼ਮ ਖਿਲਾਫ ਮੁਕੱਦਮਾ ਨੰਬਰ 120 ਅ/ਧ 18/61/85 ਐਨ.ਡੀ.ਪੀ.ਐਸ. ਐਕਟ ਥਾਣਾ ਮੂਨਕ ਦਰਜ ਰਜਿਸਟਰ ਕਰਵਾਇਆ। ਮੁਲਜ਼ਮ ਦਾ ਪੁਲਸ ਰਿਮਾਂਡ ਹਾਸਲ ਕਰਕੇ ਬਰਾਮਦਸ਼ੁਦਾ ਅਫੀਮ ਦੀ ਤਸਕਰੀ ਕਰਨ ਸਬੰਧੀ ਡੂੰਘਾਈ ਨਾਲ ਪੁੱਛਗਿੱਛ ਕੀਤੀ ਜਾ ਰਹੀ ਹੈ।

### ਸੁਖਦੇਵ ਦੁੱਲਟ ਨਮਿੱਤ ਪਾਠ ਦਾ ਭੋਗ ਭਲਕੇ

**ਲੌਂਗੋਵਾਲ (ਪ੍ਰਦੀਪ ਸੱਪਲ/ਕੁਲਦੀਪ ਅੱਤਰੀ)** : ਪਿਛਲੇ ਦਿਨੀਂ ਸਮਾਜ ਸੇਵਕ ਹਰਜਿੰਦਰ ਸਿੰਘ ਦੁੱਲਟ ਦੇ ਦਾਦਾ ਸੁਖਦੇਵ ਸਿੰਘ ਦੁੱਲਟ ਦਾ ਦਿਹਾਂਤ ਹੋ ਗਿਆ ਸੀ। ਇਸ ਅਚਾਨਕ ਮੌਤ 'ਤੇ ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਦੇ ਪ੍ਰਧਾਨ ਸੁਖਦੇਵ ਸਿੰਘ ਢੀਂਡਸਾ, ਸਾਬਕਾ ਚੇਅਰਮੈਨ ਜੀਤ ਸਿੰਘ ਸਿੱਧੂ, ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਦੇ ਸੂਬਾ ਸਕੱਤਰ ਡਾ. ਰੂਪ ਸਿੰਘ ਸ਼ੇਰੋਂ, ਸਾਬਕਾ ਸਰਪੰਚ ਬਿੰਦਰਪਾਲ ਨਮੋਲ ਤੇ ਗੁਰੂ ਸਾਗਰ ਅਕਾਲ ਡਿਗਰੀ ਕਾਲਜ ਮਸਤੂਆਣਾ ਸਾਹਿਬ ਦੇ ਸਕੱਤਰ ਜਸਵੰਤ ਸਿੰਘ ਖਹਿਰਾ ਤੇ ਸਮੂਹ ਸਟਾਫ ਨੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਉਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਰੱਖੇ ਗਏ ਸ੍ਰੀ ਸਹਿਜ ਪਾਠ ਦਾ ਭੋਗ 11 ਅਕਤੂਬਰ ਨੂੰ ਗੁਰਦੁਆਰਾ ਬਾਬਾ ਸਿੱਧ ਸਮਾਧਾਂ ਲੌਂਗੋਵਾਲ ਵਿਖੇ ਪਵੇਗਾ।

### ਆਰ ਐੱਸ ਐੱਸ ਵੱਲੋਂ ਪਥ ਸੰਚਾਲਨ



**ਜੈਤੋ (ਸਤੀਸ਼ ਕੁਮਾਰ ਭੀਰੀ)**-ਰਾਸ਼ਟਰੀ ਸੇਵਕ ਸੰਘ ਜੈਤੋ ਵੱਲੋਂ ਦੁਸਹਿਰੇ ਦੇ ਪ੍ਰੋਗਰਾਮ ਉੱਪਰ ਸ਼ਸਤਰ ਪੂਜਣ ਤੇ ਪਥ ਸੰਚਾਲਨ ਦੇ ਪ੍ਰੋਗਰਾਮ ਸਥਾਨਕ ਸਰਵਹਿਤਕਾਰੀ ਸਕੂਲ ਵਿਖੇ ਕੀਤੇ ਗਏ। ਇਸ ਕਾਰਜ ਵਿੱਚ ਸੰਚਾਲਨ ਦੇ ਮੌਕੇ ਸਵੈ ਸੇਵਕਾਂ ਨੇ ਪੂਰੀ ਡਰੈੱਸ ਸਹਿਤ ਬੈਂਡ ਵਾਜੇ ਸਮੇਤ ਹਿੱਸਾ ਲਿਆ। ਰਸਤੇ ਵਿੱਚ ਕਈ ਥਾਵਾਂ 'ਤੇ ਪਥ ਸੰਚਾਲਨ ਦਾ ਸਵਾਗਤ ਫੁੱਲਾਂ ਦੀ ਵਰਖਾ ਕਰਕੇ ਕੀਤਾ ਗਿਆ। ਇਸ ਮੌਕੇ ਭਾਜਪਾ ਨੇਤਾ ਪ੍ਰਦੀਪ ਸਿੰਗਲਾ ਵੱਲੋਂ ਵੀ ਆਪਣੇ ਪਰਿਵਾਰ ਤੇ ਸਾਥੀਆਂ ਸਹਿਤ ਪਥ ਸੰਚਾਲਨ ਵਿੱਚ ਭਾਗ ਲੈ ਰਹੇ ਸਵੈ ਸੇਵਕਾਂ ਉੱਤੇ ਫੁੱਲਾਂ ਦੀ ਵਰਖਾ ਕੀਤੀ ਗਈ। ਇਹ ਪਥ ਸੰਚਾਲਨ ਸ਼ਹਿਰ ਦੇ ਮੁੱਖ ਬਾਜ਼ਾਰਾਂ ਵਿੱਚ ਦੀ ਹੁੰਦਾ ਹੋਇਆ ਸਰਵਹਿਤਕਾਰੀ ਸਕੂਲ 'ਚ ਸਮਾਪਤ ਹੋਇਆ।

### ਅੱਗਰਵਾਲ ਭਾਈਚਾਰੇ ਵੱਲੋਂ ਕੀਰਤਨ ਦਰਬਾਰ

**ਬੁਢਲਾਡਾ, (ਅਸ਼ੋਕ ਲਾਕੜਾ)**-ਅੱਗਰਵਾਲ ਸਭਾ ਬੁਢਲਾਡਾ ਵੱਲੋਂ ਸਥਾਨਕ ਮੰਦਿਰ ਵਿਖੇ ਅਗਰਵਾਲ ਜਯੰਤੀ ਸਬੰਧੀ ਸਥਾਨਕ ਦੁਰਗਾ ਮੰਦਿਰ ਵਿਖੇ ਕੀਰਤਨ ਦਰਬਾਰ ਕਰਵਾਇਆ ਗਿਆ। ਸਭਾ ਦੇ ਪ੍ਰਧਾਨ ਚਿਰੰਜੀ ਲਾਲ ਜੈਨ ਤੇ ਸਕੱਤਰ ਰਾਕੇਸ਼ ਜੈਨ ਦੀ ਅਗਵਾਈ ਹੇਠਲੇ ਇਸ ਸਮਾਗਮ ਦੀ ਜੋਤੀ ਪ੍ਰਚੰਡ ਕਰਨ ਦੀ ਰਸਮ ਡਾ: ਪਵਨ ਕੁਮਾਰ ਗਰਗ ਨੇ ਅਦਾ ਕੀਤੀ। ਇਸ ਮੌਕੇ ਉਚੇਚੇ ਤੌਰ 'ਤੇ ਪੁੱਜੇ ਅਗਰੋਹਾ ਵਿਕਾਸ ਟਰੱਸਟ ਦੇ ਰਾਸ਼ਟਰੀ ਜਨਰਲ ਸਕੱਤਰ ਚੂੜੀਆ ਰਾਮ ਨੇ ਮਾਹਾਰਾਜਾ ਅਗਰਸੈਨ ਦੇ ਜੀਵਨ ਸਬੰਧੀ ਚਾਨਣਾ ਪਾਉਂਦਿਆ ਉਨ੍ਹਾਂ ਦੇ ਦਰਸਾਏ ਮਾਰਗ ਤੋਂ ਸੇਧ ਲੈਣ ਦੀ ਪ੍ਰੇਰਣਾ ਦਿੱਤੀ। ਉਨ੍ਹਾ ਸਮਾਜ ਦੇ ਲੋਕਾਂ ਨੂੰ ਜ਼ਰੂਰਤਮੰਦਾਂ ਦੀ ਮਦਦ ਲਈ ਵੀ ਅੱਗੇ ਆਉਣ ਦਾ ਸੁਨੇਹਾ ਦਿੱਤਾ। ਕੀਰਤਨ ਦਰਬਾਰ 'ਚ ਮਹਿੰਦੀਪੁਰ ਕੀਰਤਨ ਮੰਡਲ ਵੱਲੋਂ ਕੀਤੇ ਭਜਨ ਗਾਨ ਦੌਰਾਨ ਪ੍ਰਸਿੱਧ ਗਾਇਕ ਕ੍ਰਿਸ਼ਨ ਸਿੰਗਲਾ (ਬੱਬੂ) ਨੇ ਆਪਣੀ ਮਧੁਰ ਆਵਾਜ਼ ਰਾਹੀਂ ਹਾਜ਼ਰੀ ਲਗਵਾਈ। ਇਸ ਮੌਕੇ ਅਗਰਵਾਲ ਭਾਈਚਾਰੇ ਨਾਲ ਸਬੰਧਤ ਨੈਸ਼ਨਲ ਐਵਾਰਡੀ ਪ੍ਰਿੰਸੀਪਲ ਅਰੁਣ ਗਰਗ ਤੇ ਸਟੇਟ ਐਵਾਰਡੀ ਅਧਿਆਪਕਾ ਮੰਜੂ ਬਾਲਾ ਦਾ ਵਿਸ਼ੇਸ਼ ਸਨਮਾਨ ਕੀਤਾ। ਸਮਾਗਮ ਦੌਰਾਨ ਲੱਕੀ ਡਰਾਅ ਰਾਹੀਂ ਕੱਢੇ 5 ਚਾਂਦੀ ਦੇ ਸਿੱਕੇ ਵੰਡੇ ਗਏ। ਇਸ ਆਯੋਜਨ ਲਈ ਰਾਕੇਸ਼ ਜੈਨ, ਪੁਨੀਤ ਗੋਇਲ, ਅਸ਼ੋਕ ਜਿੰਦਲ, ਜਨਕ ਰਾਜ ਬੀਰੋਕੇ, ਅਮਿਤ ਜਿੰਦਲ, ਦੇਸ ਰਾਜ ਬਾਂਸਲ, ਰਾਮ ਕੁਮਾਰ ਗੋਇਲ, ਪ੍ਰਵੀਨ ਕੁਮਾਰ (ਭੋਲਾ ਪਟਵਾਰੀ), ਰਾਕੇਸ਼ ਕੁਮਾਰ (ਲੱਕੀ) ਪ੍ਰਧਾਨ ਰੈਡੀਮੇਡ ਗਾਰਮੈਂਟਸ ਦਾ ਵਿਸ਼ੇਸ਼ ਸਹਿਯੋਗ ਰਿਹਾ।

# ਖਾਲੀ ਅਸਾਮੀਆਂ ਤੇ ਆਧੁਨਿਕ ਮਸ਼ੀਨਾਂ ਦੀ ਘਾਟ ਕਾਰਨ ਕਮਿਊਨਿਟੀ ਹੈੱਲਥ ਸੈਂਟਰ ਖੁਦ ਬਣਿਆ ਮਰੀਜ਼




**ਮਹਿਲ ਕਲਾਂ, (ਬਲਵਿੰਦਰ ਵਜੀਦਕੇ)**-ਆਜ਼ਾਦੀ ਤੋਂ ਬਾਅਦ ਲੰਮਾ ਸਮਾਂ ਬੀਤ ਜਾਣ 'ਤੇ ਸਮੇਂ ਦੀਆਂ ਸਰਕਾਰਾਂ ਇੱਥੋਂ ਦੇ ਲੋਕਾਂ ਨੂੰ ਢੁੱਕਵੀਂ ਸਿਹਤ ਸਹੂਲਤਾਂ ਮੁਹੱਈਆ ਕਰਵਾਉਣ 'ਚ ਅਸਫਲ ਰਹੀਆਂ ਹਨ। ਹਸਪਤਾਲਾਂ ਤੇ ਇਮਾਰਤਾਂ 'ਤੇ ਕਰੋੜਾਂ ਰੁਪਏ ਖਰਚਣ ਦੇ ਬਾਵਜੂਦ ਡਾਕਟਰਾਂ, ਦਵਾਈਆਂ, ਆਧੁਨਿਕ ਮਸ਼ੀਨਰੀ ਤੋਂ ਇਲਾਵਾ ਲੋੜੀਂਦੇ ਸਟਾਫ ਦੀ ਘਾਟ ਵੱਡੀ ਸਮੱਸਿਆ ਬਣੀ ਹੋਈ ਹੈ, ਜਿਸ ਕਾਰਨ ਇਮਾਰਤਾਂ 'ਤੇ ਖਰਚ ਹੋਇਆ ਇਹ ਪੈਸਾ ਵਿਅਰਥ ਜਾਪਦਾ ਹੈ। ਮਹਿਲ ਕਲਾਂ ਵਿਖੇ ਬਣਿਆ ਕਮਿਊਨਿਟੀ ਹੈਲਥ ਸੈਂਟਰ ਲੋਕਾਂ ਨੂੰ ਸਿਹਤ ਸਹੂਲਤਾਂ ਦੇਣ ਦੀ ਬਜਾਏ ਖੁਦ ਗੰਭੀਰ ਬਿਮਾਰ ਹੋ ਕੇ ਰਹਿ ਗਿਆ ਹੈ। ਇਸ ਹਸਪਤਾਲ ਦਾ ਨਿਰਮਾਣ 2012-2014 'ਚ 4.65 ਕਰੋੜ ਰੁਪਏ ਦੀ ਲਾਗਤ ਨਾਲ ਕੀਤਾ ਗਿਆ, ਜੋ ਮਹਿਲ ਕਲਾਂ ਨਾਲ ਲਗਦੇ ਆਲੇ ਦੁਆਲੇ ਦੇ ਦਰਜਨਾਂ ਪਿੰਡਾਂ ਦੇ ਲੋਕਾਂ ਨੂੰ ਸਿਹਤ ਸਹੂਲਤਾਂ ਦੇਣ ਲਈ ਬਣਾਇਆ ਗਿਆ ਹੈ, ਜੇਕਰ ਮੌਜੂਦਾ ਸਥਿਤੀ ਦੀ ਗੱਲ ਕਰੀਏ ਤਾਂ ਹੁਣ 50 ਅਸਾਮੀਆਂ ਖਾਲੀ ਹਨ, ਜਿਨ੍ਹਾਂ 'ਚ ਮੈਡੀਕਲ ਅਫਸਰ 5, ਐੱਮ.ਪੀ.ਐੱਚ. ਡਬਲਿਊ ਇਸਤਰੀ 5, ਐੱਮ.ਐੱਲ.ਟੀ. ਜੀ-ਵਨ 2, ਐੱਮ.ਐੱਲ.ਟੀ.ਜੀ-ਟੂ 2, ਫਾਰਮੇਸੀ ਅਫਸਰ 1, ਕਲਰਕ 3, ਸੀਨੀਅਰ ਸਹਾਇਕ 1, ਸਟਾਫ ਨਰਸ 3, ਗਰੁੱਪ ਡੀ 24, ਓ.ਟੀ.ਏ. 1, ਗੈਂਗਮੈਨ 1, ਕੰਪਿਊਟਰ ਆਪ੍ਰੇਟਰ 1, ਡਰਾਈਵਰ 1 ਆਦਿ ਸ਼ਾਮਲ ਹਨ। ਪ੍ਰੋਬੇਸ਼ਨ ਪੀਰੀਅਡ ਦੌਰਾਨ ਕੁਝ ਮਾਹਰ ਡਾਕਟਰਾਂ ਨੂੰ ਇੱਥੇ ਤਾਇਨਾਤ ਕੀਤਾ ਗਿਆ, ਪਰ ਪੇਂਡੂ ਖੇਤਰ ਹੋਣ ਕਾਰਨ ਉਹ ਕੁਝ ਸਮੇਂ ਬਾਅਦ ਆਪੋ ਆਪਣੇ ਸ਼ਹਿਰ 'ਚ ਬਦਲੀ ਕਰਵਾ ਕੇ ਚਲੇ ਜਾਂਦੇ ਹਨ। ਹਸਪਤਾਲ 'ਚ ਖੜੀਆਂ 3 ਐਂਬੂਲੈਂਸਾਂ ਕਬਾੜ ਬਣ ਚੁੱਕੀਆਂ ਹਨ ਤੇ ਹੁਣ ਸਿਵਲ ਹਸਪਤਾਲ ਬਰਨਾਲਾ ਤੋਂ ਉਧਾਰ ਐਂਬੂਲੈਂਸ ਲੈ ਕੇ ਕੰਮ ਚਲਾਇਆ ਜਾ ਰਿਹਾ ਹੈ, ਜਿਸ ਦੀ ਹਾਲਤ ਵੀ ਬਹੁਤੀ ਚੰਗੀ ਨਹੀਂ। ਨਾਜ਼ੁਕ ਸਥਿਤੀ 'ਚ ਇਲਾਜ ਲਈ ਆਉਣ ਵਾਲੇ ਮਰੀਜ਼ਾਂ ਨੂੰ ਆਲੇ-ਦੁਆਲੇ ਦੇ ਹਸਪਤਾਲਾਂ 'ਚ ਭੇਜਣ ਵਾਸਤੇ 2 ਨਵੀਆਂ ਐਂਬੂਲੈਂਸ ਗੱਡੀਆਂ ਦੀ ਜ਼ਰੂਰਤ ਹੈ। ਕੋਰੋਨਾ ਕਾਲ ਦੌਰਾਨ ਇੱਥੋਂ ਓ.ਪੀ.ਡੀ. ਤਬਦੀਲ ਕਰਕੇ ਚੰਨਣਵਾਲ ਭੇਜਣ ਤੋਂ ਬਾਅਦ ਹਸਪਤਾਲ ਨੂੰ ਕੋਵਿਡ ਕੇਅਰ ਸੈਂਟਰ 'ਚ ਤਬਦੀਲ ਕਰ ਦਿੱਤਾ ਗਿਆ ਸੀ ਤਾਂ ਹਾਲਤ ਹੋਰ ਖਰਾਬ ਹੁੰਦੀ ਗਈ। ਸਮਾਜ ਸੇਵੀ ਮੰਗਤ ਸਿੰਘ ਸਿੱਧੂ ਨੇ ਮੰਗ ਕੀਤੀ ਕਿ ਪੰਜਾਬ ਸਰਕਾਰ ਤੁਰੰਤ ਡਿਜ਼ੀਟਲ ਐਕਸ-ਰੇ ਮਸ਼ੀਨ, ਦੰਦਾਂ ਦਾ ਐਕਸ-ਰੇ ਕਰਨ ਵਾਲੀ ਮਸ਼ੀਨ ਤੁਰੰਤ ਮੁਹੱਈਆ ਕਰਵਾਈ ਜਾਵੇ। ਉਨ੍ਹਾਂ ਦੱਸਿਆ ਕਿ ਪਿਛਲੇ ਦਿਨੀਂ ਹਸਪਤਾਲ ਨੂੰ ਰੰਗ ਰੋਗਨ ਵਾਸਤੇ ਲੱਖਾਂ ਰੁਪਏ ਫੰਡ ਜਾਰੀ ਹੋਇਆ, ਪਰ ਠੇਕੇਦਾਰ ਵੱਲੋਂ ਅੱਤ ਦਰਜੇ ਦਾ ਘਟੀਆ ਸਾਮਾਨ ਵਰਤ ਕੇ ਵੱਡਾ ਘਪਲਾ ਕੀਤਾ ਗਿਆ ਹੈ। ਇਸ ਤੋਂ ਇਲਾਵਾ ਪੰਜਾਬ ਸਰਕਾਰ ਵੱਲੋਂ ਮਰੀਜ਼ਾਂ ਦੀ ਸਹੂਲਤ ਵਾਸਤੇ ਬਣੇ ਪ੍ਰਾਈਵੇਟ ਏ. ਸੀ. ਰੂਮ ਸਟਾਫ ਮੈਂਬਰਾਂ ਵੱਲੋਂ ਖੁਦ ਰਹਿਣ ਵਾਸਤੇ ਵਰਤੇ ਜਾ ਰਹੇ ਹਨ, ਜਦਕਿ ਮਰੀਜ਼ਾਂ ਦੇ ਵਾਰਡਾਂ 'ਚ ਕੋਈ ਏ. ਸੀ. ਦਾ ਪ੍ਰਬੰਧ ਨਹੀਂ ਹੈ। ਪਿਛਲੇ ਦਿਨੀਂ ਅੱਤ ਦੀ ਗਰਮੀ 'ਚ ਕੈਂਸਰ ਦੀ ਲਪੇਟ 'ਚ ਆਏ ਮਰੀਜ਼ਾਂ ਨੂੰ ਉਨ੍ਹਾਂ ਆਪਣੀਆਂ ਅੱਖਾਂ ਮੂਹਰੇ ਤੜਫਦੇ ਦੇਖਿਆ ਹੈ। ਜਥੇ: ਅਜਮੇਰ ਸਿੰਘ ਮਹਿਲ ਕਲਾਂ, ਆੜ੍ਹਤੀਆ ਸਰਬਜੀਤ ਸਿੰਘ ਸਰਬੀ, ਸਮਾਜ ਸੇਵੀ ਸਰਬਜੀਤ ਸਿੰਘ ਸ਼ੰਭੂ, ਚੇਅਰਮੈਨ ਜਗਸੀਰ ਸਿੰਘ ਖਾਲਸਾ, ਗੁਰਦੀਪ ਸਿੰਘ ਸੋਢਾ, ਗੋਬਿੰਦਰ ਸਿੰਘ ਸਿੱਧੂ, ਲਖਵਿੰਦਰ ਸਿੰਘ ਸੋਢਾ, ਸਰਪੰਚ ਬਲੌਰ ਸਿੰਘ ਤੋਤੀ ਆਦਿ ਨੇ ਮੁੱਖ ਮੰਤਰੀ ਭਗਵੰਤ ਮਾਨ, ਸਿਹਤ ਮੰਤਰੀ ਚੇਤਨ ਸਿੰਘ ਜੌੜਮਾਜਰਾ, ਵਿਧਾਇਕ ਕੁਲਵੰਤ ਸਿੰਘ ਪੰਡੋਰੀ ਤੋਂ ਤੁਰੰਤ ਇਸ ਹਸਪਤਾਲ ਵਿਚਲੀਆਂ ਖਾਮੀਆਂ ਨੂੰ ਤੁਰੰਤ ਪੂਰਾ ਕਰਕੇ ਇਲਾਕੇ ਦੇ ਲੋਕਾਂ ਨੂੰ ਢੁੱਕਵੀਂ ਸਿਹਤ ਸਹੂਲਤਾਂ ਮੁਹੱਈਆ ਕਰਵਾਉਣ ਦੀ ਮੰਗ ਕੀਤੀ।

# ਰਾਮਲੀਲ੍ਹਾ ਕਮੇਟੀ ਵੱਲੋਂ ਚੇਅਰਮੈਨ ਕਾਲੜਾ ਦਾ ਸਨਮਾਨ



**ਜਲਾਲਾਬਾਦ, (ਦਹੂਜਾ)**-ਪਿਛਲੇ 15 ਦਿਨਾਂ ਤੋਂ ਚੱਲ ਰਹੀ ਰਾਮਲੀਲ੍ਹਾ ਤੇ ਦੁਸਹਿਰਾ ਕਮੇਟੀ ਵੱਲੋਂ ਵਿਸ਼ੇਸ਼ ਸਹਿਯੋਗ ਦੇਣ ਵਾਲੇ ਤੇ ਚੇਅਰਮੈਨ ਪੀ.ਏ.ਡੀ.ਬੀ. ਬੈਂਕ ਕੰਵਲ ਕਾਲੜਾ ਦਾ ਸਨਮਾਨ ਕੀਤਾ ਗਿਆ ਅਤੇ ਹੋਰ ਸਹਿਯੋਗ ਦੀ ਕਾਮਨਾ ਕੀਤੀ ਗਈ

।ਚੇਅਰਮੈਨ ਕਾਲੜਾ ਨੇ ਸਮੁੱਚੀ ਰਾਮਲੀਲ੍ਹਾ ਕਮੇਟੀ ਤੇ ਵਿਸ਼ੇਸ਼ ਤੌਰ 'ਤੇ ਕਮੇਟੀ ਪ੍ਰਧਾਨ ਜਗਦੀਸ਼ ਬਜਾਜ ਦਾ ਵਿਸ਼ੇਸ਼ ਸਨਮਾਨ ਕਰਨ ਲਈ ਧੰਨਵਾਦ ਵੀ ਕੀਤਾ।ਕਾਲੜਾ ਨੇ ਕਿਹਾ ਕਿ ਉਹ ਤੇ ਉਨ੍ਹਾਂ ਦਾ ਸਮੁੱਚਾ ਪਰਿਵਾਰ ਅਜਿਹੇ ਕਾਰਜਾਂ ਵਿੱਚ ਵੱਧ ਤੋਂ ਵੱਧ ਹਿੱਸਾ ਲੈਂਦਾ ਹੈ ਤੇ ਭਵਿੱਖ ਵਿੱਚ ਵੀ ਲੈਂਦਾ ਰਹੇਗਾ ਅਤੇ ਮੰਡੀ ਅਰਨੀਵਾਲਾ ਦੀ ਬਿਹਤਰੀ ਲਈ ਹਮੇਸ਼ਾ ਤਤਪਰ ਰਹੇਗਾ।

ਇਸ ਮੌਕੇ ਚੇਅਰਮੈਨ ਕਾਲੜਾ ਨੇ ਸਮੂਹ ਕਮੇਟੀ ਮੈਂਬਰਾਂ ਜਗਦੀਸ਼ ਬਜਾਜ, ਸੁਖਵਿੰਦਰ ਲਾਲ, ਰਾਕੇਸ਼ ਕੁਮਾਰ ਧੰਨਾ, ਬਿੱਲੂ ਮਿਸਤਰੀ, ਰਾਜੂ ਕਾਲੜਾ, ਡਾ: ਮੋਹਨ ਲਾਲ, ਬੱਲਾ ਜੱਟ, ਦੇਸ ਰਾਜ, ਕਾਲਾ ਸਚਦੇਵਾ, ਦੀਪੂ ਛਾਬੜਾ ਤੇ ਰਾਮਲੀਲ੍ਹਾ ਦੇ ਸੰਚਾਲਕ ਲਾਲਾ ਆਦਿ ਦਾ ਧੰਨਵਾਦ ਕੀਤਾ।

# ਬਾਬਾ ਬੁੱਢਾ ਜੀ ਦੇ ਜੋੜ ਮੇਲੇ ਨੂੰ ਸਮਰਪਤ ਮੈਡੀਕਲ ਕੈਂਪ



**ਮਮਦੋਟ (ਹਰਪਾਲ ਸਿੰਘ ਸੋਢੀ)**-ਸਿੱਖ ਕੌਮ ਦੇ ਪਹਿਲੇ ਹੈੱਡ ਗ੍ਰੰਥੀ ਬ੍ਰਹਮਗਿਆਨੀ ਧੰਨ ਧੰਨ ਬਾਬਾ ਬੁੱਢਾ ਸਾਹਿਬ ਜੀ ਦੇ ਸਾਲਾਨਾ ਜੋੜ ਮੇਲੇ ਨੂੰ ਸਮਰਪਤ ਫਿਰੋਜ਼ਪੁਰ-ਫਾਜ਼ਿਲਕਾ ਰੋਡ 'ਤੇ ਪੈਂਦੇ ਟੀ ਪੁਆਇੰਟ ਮਮਦੋਟ ਵਿਖੇ ਬਾਬਾ ਬੁੱਢਾ ਜੀ ਲੰਗਰ ਕਮੇਟੀ ਦੇ ਵਿਸ਼ੇਸ਼ ਉਪਰਾਲੇ ਤੇ ਸਮੂਹ ਇਲਾਕਾ ਨਿਵਾਸੀਆਂ ਦੇ ਸਹਿਯੋਗ ਦੇ ਨਾਲ ਸਾਲਾਨਾ ਲੰਗਰ ਦੌਰਾਨ ਪਹਿਲਾਂ ਮੈਡੀਕਲ ਕੈਂਪ ਲਾਇਆ ਗਿਆ, ਜਿਸ ਵਿੱਚ ਸੈੱਲ ਡੈਟੋਕੇਟਰਡ ਫੈਡਰੇਸ਼ਨ, ਸਟਾਰ ਹੈਲਥ ਕੇਅਰ ਲੈਬ ਤੇ ਡਾ. ਨਵਨੀਤ ਕਾਲੀਆ ਦੀਆਂ ਮੈਡੀਕਲ ਟੀਮਾਂ ਵੱਲੋਂ ਵੱਖ ਵੱਖ ਤਰ੍ਹਾਂ ਦੇ ਮੈਡੀਕਲ ਟੈਸਟ ਕੀਤੇ ਗਏ ਤੇ ਲੋੜਵੰਦ ਮਰੀਜ਼ਾਂ ਨੂੰ ਮੁਫ਼ਤ ਦਵਾਈਆਂ ਦਿੱਤੀਆਂ ਗਈਆਂ। ਜਾਣਕਾਰੀ ਦਿੰਦੇ ਹੋਏ ਲੰਗਰ ਕਮੇਟੀ ਮਮਦੋਟ ਦੇ ਪ੍ਰਬੰਧਕਾਂ ਨੇ ਦੱਸਿਆ ਕਿ ਲੰਗਰ ਦੌਰਾਨ ਇਸ ਵਾਰ ਪਹਿਲਾ ਮੈਡੀਕਲ ਕੈਂਪ ਲਾਇਆ ਗਿਆ ਹੈ, ਜਿਸ ਦੌਰਾਨ ਵੱਡੀ ਗਿਣਤੀ ਵਿੱਚ ਮਰੀਜ਼ਾਂ ਨੇ ਸਿਹਤ ਚੈੱਕਅਪ ਕਰਵਾਈ। ਇਸ ਮੌਕੇ ਪਹੁੰਚੇ ਹੋਏ ਡਾਕਟਰਾਂ ਨੂੰ ਲੰਗਰ ਕਮੇਟੀ ਮਮਦੋਟ ਦੇ ਪ੍ਰਬੰਧਕਾਂ ਵੱਲੋਂ ਸਿਰਪਾਓ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਡਾਕਟਰ ਨਵ ਕਾਲੀਆ ਜਲੰਧਰ, ਪ੍ਰਗਟ ਸਿੰਘ, ਪਵਨ ਕੁਮਾਰ, ਦੀਪੂ ਮਮਦੋਟ, ਸਹਿਜਪ੍ਰੀਤ ਸਿੰਘ, ਜਰਮਲ ਸਿੰਘ, ਕਾਬਲ ਸਿੰਘ ਆਦਿ ਹਾਜ਼ਰ ਸਨ।

# ਦੀਪ ਇੰਸਟੀਚਿਊਟ ਡੀ-ਫਾਰਮੇਸੀ ਦਾ ਨਤੀਜਾ ਸੌ ਫੀਸਦੀ ਰਿਹਾ



**ਲਹਿਰਾ ਮੁਹੱਬਤ, (ਭੀਮ ਸੈਨ ਹਦਵਾਰੀਆ)**-ਪੰਜਾਬ ਸਟੇਟ ਫੈਕਲਟੀ ਆਫ ਆਯੁਰਵੈਦਿਕ ਯੂਨਾਨੀ ਸਿਸਟਮ ਆਫ ਮੈਡੀਸਨ ਮੋਹਾਲੀ ਦੁਆਰਾ ਐਲਾਨੇ ਗਏ ਨਤੀਜਿਆਂ 'ਚੋਂ ਦੀਪ ਇੰਸਟੀਟਿਊਟ ਆਫ ਫਾਰਮੇਸੀ ਲਹਿਰਾ ਮੁਹੱਬਤ ਦਾ ਡੀ-ਫਾਰਮੇਸੀ (ਆਯੁਰਵੈਦਿਕ) ਭਾਗ ਪਹਿਲਾ ਤੇ ਦੂਜਾ ਦਾ ਨਤੀਜਾ ਸੌ ਫੀਸਦੀ ਰਿਹਾ। ਭਾਗ ਪਹਿਲਾ 'ਚੋਂ ਅਜੈ ਕੁਮਾਰ ਨੇ ਪਹਿਲਾ, ਖੁਸ਼ਦੀਪ ਸਿੰਘ ਨੇ ਦੂਜਾ ਅਤੇ ਪੰਕਜ ਸਾਹੂ, ਸੁਨੀਲ ਕੁਮਾਰ ਤੇ ਵਿਕਰਮ ਸਿੰਘ ਨੇ ਬਰਾਬਰ-ਬਰਾਬਰ ਅੰਕਾਂ ਨਾਲ ਤੀਜਾ ਸਥਾਨ ਪ੍ਰਾਪਤ ਕੀਤਾ। ਇਸੇ ਤਰ੍ਹਾਂ ਭਾਗ ਦੂਜਾ 'ਚੋਂ ਪਰਮਜੀਤ ਕੌਰ ਨੇ ਪਹਿਲਾ, ਅਨਿਲ ਕੁਮਾਰ ਗੌਤਮ ਨੇ ਦੂਜਾ ਤੇ ਸੁਚੇਤਾ ਰਾਣੀ ਨੇ ਤੀਜਾ ਸਥਾਨ ਹਾਸਲ ਕਰਕੇ ਆਪਣਾ ਤੇ ਸੰਸਥਾ ਦਾ ਨਾਮ ਰੌਸ਼ਨ ਕੀਤਾ। ਬਾਕੀ ਸਾਰੇ ਵਿਦਿਆਰਥੀਆਂ ਨੇ ਵੀ ਵਧੀਆ ਅੰਕਾਂ ਨਾਲ ਪ੍ਰੀਖਿਆ ਪਾਸ ਕੀਤੀ। ਸੰਸਥਾ ਦੇ ਮੈਨੇਜਿੰਗ ਡਾਇਰੈਕਟਰ ਮਨਦੀਪ ਸਿੰਘ ਢਿੱਲੋਂ ਤੇ ਪ੍ਰਿੰਸੀਪਲ ਮੈਡਮ ਡਾ. ਅਮਨਪ੍ਰੀਤ ਕੌਰ ਸਿੱਧੂ ਨੇ ਖੁਸ਼ੀ ਦਾ ਇਜ਼ਹਾਰ ਕਰਦਿਆਂ ਵਿਦਿਆਰਥੀਆਂ ਤੇ ਸਟਾਫ ਨੂੰ ਵਧਾਈ ਦਿੰਦੇ ਹੋਏ ਵਿਦਿਆਰਥੀਆਂ ਨੂੰ ਸਖਤ ਮਿਹਨਤ ਨਾਲ ਅੱਗੇ ਵਧਣ ਦੀ ਪ੍ਰੇਰਣਾ ਦਿੱਤੀ।

# ਦੇਸ਼ ਭਗਤ ਗਲੋਬਲ ਸਕੂਲ ਦੇ ਬੱਚਿਆਂ ਨੇ ਆਨਲਾਈਨ ਮੈਥ ਓਲੰਪੀਆਡ 'ਚ ਭਾਗ ਲਿਆ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਕੁਲਭੂਸ਼ਨ ਚਾਵਲਾ/ਪੂਜਾ)**-ਦੇਸ ਭਗਤ ਗਲੋਬਲ ਸਕੂਲ ਸ੍ਰੀ ਮੁਕਤਸਰ ਸਾਹਿਬ ਵੱਲੋਂ ਦੇਸ ਭਗਤ ਯੂਨਾਈਟਿਡ ਗਰੁੱਪ ਦੇ ਚਾਂਸਲਰ ਡਾਕਟਰ ਜ਼ੋਰਾ ਸਿੰਘ ਤੇ ਚਾਂਸਲਰ ਡਾਕਟਰ ਤੇਜਿੰਦਰ ਕੌਰ ਦੀ ਸਰਪ੍ਰਸਤੀ ਹੇਠ ਸਕੂਲ ਦੇ ਪ੍ਰਿੰਸੀਪਲ ਸੰਜੀਵ ਜਿੰਦਲ ਦੀ ਯੋਗ ਅਗਵਾਈ ਹੇਠ ਜਮਾਤ ਪਹਿਲੀ ਤੋਂ ਅੱਠਵੀਂ ਤੱਕ ਦੇ ਬੱਚਿਆਂ ਵੱਲੋਂ ਵਿਜਕਲੱਬ ਇੰਟਰਨੈਸ਼ਨਲ ਮੈਥਸ ਓਲੰਪੀਆਡ-2022 ਵਿੱਚ ਭਾਗ ਲਿਆ ਗਿਆ। ਉਨ੍ਹਾਂ ਕਿਹਾ ਕਿ ਇਹ ਛੇ ਤੋਂ ਤੇਰਾਂ ਸਾਲ (ਗ੍ਰੇਡ ਇੱਕ ਤੋਂ ਅੱਠ) ਦੀ ਉਮਰ ਸਮੂਹ ਦੇ ਬੱਚਿਆਂ ਲਈ ਗੰਭੀਰ ਸੋਚ 'ਚ ਆਪਣੇ ਹੁਨਰ ਦਾ ਮੁਲਾਂਕਣ ਕਰਨ ਦਾ ਇੱਕ ਵਧੀਆ ਮੌਕਾ ਹੋਵੇਗਾ। ਉਨ੍ਹਾਂ ਕਿਹਾ ਕਿ ਵਿਜਕਲੱਬ ਦੇ ਨਾਲ ਪੰਜਾਹ ਹਜ਼ਾਰ ਕੀਮਤ ਦੇ ਐਕਸਲਰੇਟਿਡ ਲਰਨਿੰਗ ਪ੍ਰੋਗਰਾਮ ਓਲੰਪੀਆਡ ਲਈ ਹਾਜ਼ਰ ਹੋਣ ਵਾਲੇ ਸਾਰੇ ਵਿਦਿਆਰਥੀ ਇੱਕ ਵਿਅਕਤੀਗਤ ਬੋਧਾਤਮਕ ਪ੍ਰਾਪਤੀ ਰਿਪੋਰਟ (ਸੀ ਏ ਆਰ) ਪ੍ਰਾਪਤ ਕਰਨਗੇ। ਇਹ ਰਿਪੋਰਟ ਵਿਦਿਆਰਥੀਆਂ ਦੇ ਵਿਅਕਤੀਗਤ ਵਿਕਾਸ 'ਤੇ ਸੋਚਣ ਦੀ ਸਮਰੱਥਾ ਦਾ ਮੁੱਖ ਸੂਚਕ ਹੈ। ਇਸ ਨਾਲ ਇਹ ਮੁੱਖ ਉਪਾਵਾਂ, ਕਾਰਨ ਤੇ ਪ੍ਰਭਾਵ, ਸਮਾਨਤਾਵਾਂ ਦਾ ਵਿਕਾਸ ਕਰਨਾ ਆਦਿ ਨੂੰ ਸਮਝਣ ਦੀ ਸਮਰੱਥਾ ਦਾ ਪ੍ਰਤੀਕ ਹੋਵੇਗਾ। ਪ੍ਰਿੰਸੀਪਲ ਜਿੰਦਲ ਨੇ ਕਿਹਾ ਕਿ ਇਸ ਨਾਲ ਬੱਚਿਆਂ ਦਾ ਸਰਵਪੱਖੀ ਵਿਕਾਸ ਤੇ ਤਰਕ ਸ਼ਕਤੀ ਦਾ ਵਿਕਾਸ ਹੋਵੇਗਾ। ਉਨ੍ਹਾ ਮਾਪਿਆਂ ਤੇ ਅਧਿਆਪਕਾਂ ਨੂੰ ਕਿਹਾ ਕਿ ਸਾਨੂੰ ਬੱਚਿਆਂ ਨੂੰ ਅਜਿਹੇ ਟੈਸਟ ਵਿੱਚ ਭਾਗ ਲੈਣ ਲਈ ਉਤਸ਼ਾਹਤ ਕਰਨਾ ਚਾਹੀਦਾ ਹੈ।

# ਸੀ ਪੀ ਐੱਮ ਦੇ ਵਫਦ ਨੇ ਮੁੱਖ ਮੰਤਰੀ ਦੇ ਨਾਂਅ ਤਹਿਸੀਲਦਾਰ ਨੂੰ ਦਿੱਤਾ ਮੰਗ ਪੱਤਰ



**ਨਾਭਾ (ਵਰਿੰਦਰ ਵਰਮਾ)**-ਸੀ ਪੀ ਆਈ (ਐੱਮ) ਦੀ ਸੂਬਾ ਕਮੇਟੀ ਦੇ ਸੱਦੇ 'ਤੇ ਸੀ ਪੀ ਆਈ (ਐੱਮ) ਤਹਿਸੀਲ ਨਾਭਾ ਤੋਂ ਜ਼ਿਲ੍ਹਾ ਸਕੱਤਰ ਗੁਰਮੀਤ ਸਿੰਘ ਛੱਜੂਭੱਟ, ਦਰਸ਼ਨ ਸਿੰਘ, ਹਰਪਾਲ ਸਿੰਘ, ਚਮਕੌਰ ਸਿੰਘ, ਜਸਵੰਤ ਸਿੰਘ, ਗੁਰਪ੍ਰਤਾਪ ਸਿੰਘ, ਮੁਖਤਿਆਰ ਸਿੰਘ ਦੀ ਅਗਵਾਈ ਹੇਠਾਂ ਪੰਜਾਬ ਦੇ ਲੋਕਾਂ ਦੀਆਂ ਹੱਕੀ ਮੰਗਾਂ ਸੰਬੰਧੀ ਪੰਜਾਬ ਦੇ ਮੁੱਖ ਮੰਤਰੀ ਦੇ ਨਾਂਅ ਮੰਗ ਪੱਤਰ ਤਹਿਸੀਲਦਾਰ ਸੁਖਜਿੰਦਰ ਸਿੰਘ ਟਿਵਾਣਾ ਨੂੰ ਸੌਂਪਿਆ ਗਿਆ, ਜਿਸ ਵਿੱਚ ਮੰਗ ਕੀਤੀ ਕਿ ਪੰਜਾਬ ਅੰਦਰ ਦਿਨ ਪ੍ਰਤੀ ਦਿਨ ਵਿਗੜ ਰਹੀ ਅਮਨ ਕਾਨੂੰਨ ਦੀ ਸਥਿਤੀ ਨੂੰ ਕੰਟਰੋਲ ਕਰਦੇ ਹੋਏ ਸੁਧਾਰ ਕੀਤਾ ਜਾਵੇ। ਲੰਪੀ ਸਕਿਨ ਬਿਮਾਰੀ ਨਾਲ ਮਰੇ ਪਸ਼ੂਆਂ ਤੇ ਬਾਰਸ਼ ਨਾਲ ਫਸਲਾਂ ਦੇ ਹੋਏ ਖਰਾਬੇ ਦਾ ਤੁਰੰਤ ਵਾਜਬ ਮੁਆਵਜ਼ਾ ਦਿੱਤਾ ਜਾਵੇ, ਚੋਣਾਂ ਦੌਰਾਨ ਕੀਤੇ ਸਾਰੇ ਵਾਅਦੇ ਪੂਰੇ ਕੀਤੇ ਜਾਣ, ਕੱਚੇ ਮੁਲਾਜ਼ਮ ਪੱਕੇ ਕੀਤੇ ਜਾਣ ਤੇ ਬੇਰੁਜ਼ਗਾਰਾਂ ਨੂੰ ਰੁਜ਼ਗਾਰ ਦਿੱਤਾ ਜਾਵੇ, ਮਨਰੇਗਾ ਮਾਲਕੀ ਹੱਕ ਦਿੱਤੇ ਜਾਣ, ਬੇਘਰ ਗਰੀਬ ਲੋਕਾਂ ਨੂੰ 10-10 ਮਰਲੇ ਦੇ ਪਲਾਟ ਦਿੱਤੇ ਜਾਣ ਅਤੇ ਮਕਾਨ ਬਣਾਉਣ ਲਈ 5 ਲੱਖ ਦੀ ਗਰਾਂਟ ਦਿੱਤੀ ਜਾਵੇ। ਅਨੁਸੂਚਿਤ ਜਾਤੀ ਦੇ ਲੋਕਾਂ ਨੂੰ ਪੰਚਾਇਤੀ ਜ਼ਮੀਨਾਂ ਵਿੱਚ ਕਾਨੂੰਨ ਅਨੁਸਾਰ ਬਣਦਾ ਹਿੱਸਾ ਠੇਕੇ 'ਤੇ ਦਿੱਤਾ ਜਾਵੇ, ਨਸ਼ਾ, ਰੇਤ ਤੇ ਬਜਰੀ 'ਤੇ ਆਪ ਆਗੂਆਂ ਵੱਲੋਂ ਸਰਕਾਰੀ ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਤੰਗ ਪ੍ਰੇਸ਼ਾਨ ਕਰਨਾ ਬੰਦ ਕੀਤਾ ਜਾਵੇ। ਮਾਫੀਆਂ ਨੂੰ ਨੱਥ ਪਾਈ ਜਾਵੇ ਤੇ ਰੇਤ ਬਜਰੀ ਦੀਆਂ ਕੀਮਤਾਂ ਦਾ ਅਥਾਹ ਵਾਧਾ ਫੌਰੀ ਤੌਰ 'ਤੇ ਰੋਕ ਲਾ ਕੇ ਵਾਅਦੇ ਅਨੁਸਾਰ ਸਸਤਾ ਕੀਤਾ ਜਾਵੇ।

# ਬਾਬਾ ਬੰਦਾ ਸਿੰਘ ਬਹਾਦਰ ਦੀ ਤਸਵੀਰ ਹਰ ਕਿਸਾਨ ਦੇ ਘਰ ਲੱਗਣੀ ਜ਼ਰੂਰੀ : ਕ੍ਰਿਸ਼ਨ ਬਾਵਾ

**ਦੋਰਾਹਾ, (ਹਰਮਿੰਦਰ ਸੇਠ)**-ਬਾਬਾ ਬੰਦਾ ਸਿੰਘ ਬਹਾਦਰ ਦੀ ਤਸਵੀਰ ਹਰ ਕਿਸਾਨ ਦੇ ਘਰ ਅੰਦਰ ਲੱਗਣੀ ਚਾਹੀਦੀ, ਜਿਨ੍ਹਾਂ ਨੇ ਜ਼ਮੀਨ ਦੀ ਮਾਲਕੀ ਦੇ ਹੱਕ ਦੇ ਕੇ ਕਿਸਾਨ ਨੂੰ ਹਰ ਪੱਖ ਤੋਂ ਮਜ਼ਬੂਤ ਕਰਨ ਦਾ ਮਹਾਨ ਕਾਰਜ ਕੀਤਾ ਹੈ।

ਉਕਤ ਸ਼ਬਦਾਂ ਦਾ ਪ੍ਰਗਟਾਵਾ ਕ੍ਰਿਸ਼ਨ ਕੁਮਾਰ ਬਾਵਾ ਪ੍ਰਧਾਨ ਕੁੱਲ ਹਿੰਦ ਬੈਰਾਗੀ ਮਹਾਂਮੰਡਲ ਨੇ ਦੋਰਾਹਾ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਹੇ। ਬੈਰਾਗੀ ਮਹਾਂਮੰਡਲ ਲੁਧਿਆਣਾ ਦਿਹਾਤੀ ਦੇ ਪ੍ਰਧਾਨ ਤਰਲੋਚਨ ਸਿੰਘ ਦੋਰਾਹਾ ਦੇ ਗ੍ਰਹਿ ਵਿਖੇ ਮੀਟਿੰਗ ਦੌਰਾਨ ਬਾਬਾ ਜੀ ਦਾ ਜਨਮ ਦਿਨ ਮਨਾਉਣ ਸਬੰਧੀ ਵਿਚਾਰਾਂ ਹੋਈਆਂ। ਮੀਟਿੰਗ ਦੌਰਾਨ ਉਨ੍ਹਾ ਕਿਹਾ ਕਿ ਸਰਹਿੰਦ ਦੀ ਇੱਟ ਨਾਲ ਇੱਟ ਖੜਕਾ ਕੇ ਲੋਕ ਰਾਜ ਦੇ ਪਹਿਲੇ ਸੰਸਥਾਪਕ ਬਣੇ ਬੰਦਾ ਸਿੰਘ ਬਹਾਦਰ ਦੀ ਕੁਰਬਾਨੀ ਨੂੰ ਰਹਿੰਦੀ ਦੁਨੀਆ ਤੱਕ ਯਾਦ ਰੱਖਿਆ ਜਾਵੇਗਾ। ਬੈਰਾਗੀ ਮਹਾਂਮੰਡਲ ਪੰਜਾਬ ਦੇ ਪ੍ਰਧਾਨ ਬਾਬਾ ਰਵਿੰਦਰ ਨੋਟੀ ਨੇ ਕਿ ਬਾਬਾ ਬੰਦਾ ਸਿੰਘ ਬਹਾਦਰ ਦੀ 740 ਸਾਥੀਆਂ ਸਮੇਤ ਸ਼ਹਾਦਤ ਲਾਮਿਸਾਲ ਹੈ, ਜਿਸ ਅੱਗੇ ਹਰ ਸੱਚੇ ਇਨਸਾਨ ਦਾ ਸਿਰ ਝੁਕਦਾ ਹੈ।

ਬਾਬਾ ਬੰਦਾ ਸਿੰਘ ਬਹਾਦਰ ਦੇ ਜਨਮ ਦਿਹਾੜੇ ਦੇ ਸੰਬੰਧ ਵਿੱਚ ਦੋਰਾਹਾ ਵਿਖੇ ਮੀਟਿੰਗ ਕਰਨ ਆਏ ਕ੍ਰਿਸ਼ਨ ਕੁਮਾਰ ਬਾਵਾ ਦਾ ਸਨਮਾਨ ਵੀ ਕੀਤਾ ਗਿਆ। ਉਨ੍ਹਾ ਨੇ ਦੋਰਾਹਾ ਤੋਂ ਇਲਾਵਾ ਹੋਰ ਪਿੰਡਾਂ ਵਿੱਚ ਵੀ ਮੀਟਿੰਗਾਂ ਕੀਤੀਆਂ। ਉਨ੍ਹਾ ਦੱਸਿਆ ਕਿ ਹਰ ਸਾਲ ਬਾਬਾ ਜੀ ਦਾ ਜਨਮ ਦਿਹਾੜਾ 16 ਅਕਤੂਬਰ ਨੂੰ ਪਿੰਡ ਰਕਬਾ ਜ਼ਿਲ੍ਹਾ ਲੁਧਿਆਣਾ ਵਿਖੇ ਮਨਾਇਆ ਜਾਂਦਾ ਹੈ।

ਇਸ ਵਾਰ ਵੀ ਸੂਬਾ ਪੱਧਰੀ 352ਵਾਂ ਜਨਮ ਦਿਹਾੜਾ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ ਜਾ ਰਿਹਾ ਹੈ। ਉਨ੍ਹਾ ਕਿਸਾਨਾਂ, ਮਜ਼ਦੂਰਾਂ ਸਮੇਤ ਹਰ ਵਰਗ ਦੇ ਲੋਕਾਂ ਨੂੰ ਇਸ ਸਮਾਗਮ ਵਿੱਚ ਸ਼ਿਰਕਤ ਕਰਨ ਦਾ ਸੱਦਾ ਦਿੱਤਾ। ਇਸ ਮੌਕੇ ਮੈਨੇਜਰ ਦਰਸ਼ਨ ਸਿੰਘ, ਭਗਵੰਤ ਸਿੰਘ ਗਿੱਲ ਪ੍ਰਧਾਨ ਗੁਰਦੁਆਰਾ ਕਮੇਟੀ ਦੋਰਾਹਾ, ਮੈਂਬਰ ਗੁਰਚਰਨ ਸਿੰਘ, ਗੁਰਨਾਮ ਸਿੰਘ ਪ੍ਰਧਾਨ, ਕਮਲਜੀਤ ਸਿੰਘ, ਗੁਰਪ੍ਰੀਤ ਸਿੰਘ, ਅਰਸ਼ਪ੍ਰੀਤ ਸਿੰਘ, ਕੁਲਵਿੰਦਰ ਸਿੰਘ, ਬਲਦੇਵ ਸਿੰਘ ਲਸਾੜਾ ਲੱਖੋਵਾਸ, ਬਲਰਾਜ ਸਿੰਘ ਹੈੱਡ ਰਾਗੀ, ਹਰਜੀਤ ਸਿੰਘ ਰਾਗੀ, ਦਲਵਾਰਾ ਸਿੰਘ ਤੇ ਕ੍ਰਿਸ਼ਨ ਕੁਮਾਰ ਆਦਿ ਹਾਜ਼ਰ ਸਨ।



# ਜ਼ਿਲ੍ਹੇ ਦੇ ਸਮੂਹ ਸੀਨੀਅਰ ਮੈਡੀਕਲ ਅਫਸਰਾਂ ਤੇ ਪ੍ਰੋਗਰਾਮ ਅਫਸਰਾਂ ਦੀ ਮੀਟਿੰਗ



**ਸ੍ਰੀ ਮੁਕਤਸਰ ਸਾਹਿਬ, (ਸ਼ਮਿੰਦਰਪਾਲ, ਪੂਜਾ)**-ਵੱਖ ਵੱਖ ਨੈਸ਼ਨਲ ਪ੍ਰੋਗਰਾਮਾਂ ਦੀ ਸਮੀਖਿਆ ਕਰਨ ਲਈ ਦਫਤਰ ਸਿਵਲ ਸਰਜਨ ਵਿਖੇ ਡਾ. ਰੰਜੂ ਸਿੰਗਲਾ ਸਿਵਲ ਸਰਜਨ ਸ੍ਰੀ ਮੁਕਤਸਰ ਸਾਹਿਬ ਦੀ ਪ੍ਰਧਾਨਗੀ ਵਿੱਚ ਸਿਹਤ ਵਿਭਾਗ ਦੇ ਸਮੂਹ ਪ੍ਰੋਗ੍ਰਾਮ ਅਫਸਰਾਂ ਤੇ ਜ਼ਿਲ੍ਹੇ ਦੇ ਸਾਰੇ ਸੀਨੀਅਰ ਮੈਡੀਕਲ ਅਫਸਰਾਂ ਦੀ ਮੀਟਿੰਗ ਕੀਤੀ ਗਈ, ਜਿਸ ਵਿੱਚ ਸਿਹਤ ਵਿਭਾਗ ਵੱਲੋਂ ਚਲਾਏ ਜਾ ਰਹੇ ਸਾਰੇ ਨੈਸ਼ਨਲ ਪ੍ਰੋਗਰਾਮਾਂ ਤੇ ਸਿਹਤ ਸਕੀਮਾਂ ਸਬੰਧੀ ਵਿਚਾਰ-ਵਟਾਂਦਰਾ ਕੀਤਾ ਗਿਆ ਤੇ ਸਮੂਹ ਅਫਸਰ ਸਾਹਿਬਾਨਾਂ ਨੂੰ ਕਿਹਾ ਗਿਆ ਕਿ ਸਿਹਤ ਵਿਭਾਗ ਦੁਆਰਾ ਚਲਾਈਆਂ ਜਾ ਰਹੀਆਂ ਸਿਹਤ ਸਕੀਮਾਂ ਦਾ ਲਾਭ ਹਰੇਕ ਲਾਭਪਾਤਰੀ ਨੂੰ ਮਿਲਣਾ ਯਕੀਨੀ ਬਣਾਇਆ ਜਾਵੇ। ਉਨ੍ਹਾਂ ਹਦਾਇਤ ਕੀਤੀ ਕਿ ਡੇਂਗੂ ਦੀ ਬਿਮਾਰੀ ਸਬੰਧੀ ਲੋਕਾਂ ਨੂੰ ਜਾਗਰੂਕ ਕੀਤਾ ਜਾਵੇ ਤੇ ਡੇਂਗੂ ਵਿਰੋਧੀ ਗਤੀਵਿਧੀਆਂ ਵਿੱਚ ਤੇਜ਼ੀ ਲਿਆਂਦੀ ਜਾਵੇ। ਇਸ ਸਮੇਂ ਜੇ.ਐੱਸ.ਵਾਈ., ਆਸ਼ਾ ਵਰਕਰਾਂ ਦੇ ਕੰਮ ਦੀ ਸਮੀਖਿਆ, ਟੀਕਾਕਰਨ ਪ੍ਰੋਗਰਾਮ, ਕੋਟਪਾ ਐਕਟ, ਐੱਨ. ਵੀ. ਬੀ. ਡੀ. ਸੀ. ਪੀ., ਪਰਿਵਾਰ ਨਿਯੋਜਨ ਪ੍ਰੋਗਰਾਮਾਂ ਸਬੰਧੀ ਵੀ ਵਿਚਾਰ ਵਿਟਾਂਦਰਾ ਕੀਤਾ ਗਿਆ। ਸਮੂਹ ਸੀਨੀਅਰ ਮੈਡੀਕਲ ਅਫਸਰਾਂ ਨੂੰ ਸਾਰੀਆਂ ਸਕੀਮਾਂ ਦੇ 100 ਪ੍ਰਤੀਸ਼ਤ ਟੀਚੇ ਪ੍ਰਾਪਤ ਕਰਨ ਦੀ ਹਦਾਇਤਾਂ ਦਿੱਤੀਆਂ ਗਈਆਂ। ਇਸ ਸਮੇਂ ਡਾ. ਬੰਦਨਾ ਬਾਂਸਲ ਡੀ.ਐੱਮ.ਸੀ., ਡਾ. ਕਿਰਨਦੀਪ ਕੌਰ ਜ਼ਿਲ੍ਹਾ ਪਰਿਵਾਰ ਭਲਾਈ ਅਫਸਰ, ਡਾ. ਰਸ਼ਮੀ ਚਾਵਲਾ ਜ਼ਿਲ੍ਹਾ ਟੀਕਾਕਰਨ ਅਫਸਰ, ਡਾ. ਸੁਨੀਲ ਬਾਂਸਲ, ਡਾ. ਭੁਪਿੰਦਰਜੀਤ ਕੌਰ, ਡਾ. ਜਗਦੀਪ ਚਾਵਲਾ, ਡਾ. ਪਰਵਜੀਤ ਸਿੰਘ ਗੁਲਾਟੀ, ਡਾ. ਦੀਪਕ ਰਾਏ, ਡਾ. ਪਵਨ ਮਿੱਤਲ, ਦੀਪਕ ਕੁਮਾਰ ਡੀ.ਪੀ.ਐੱਮ., ਸ਼ਿਵਪਾਲ ਸਿੰਘ ਡੀ.ਸੀ.ਐੱਮ., ਸੁਰਿੰਦਰਪਾਲ ਸਿੰਘ ਡੀ.ਐੱਮ.ਈ.ਓ., ਸਰਬਜੀਤ ਸਿੰਘ ਕੋਲਡ ਚੇਨ ਅਫਸਰ, ਸੁਨੀਲ ਕੁਮਾਰ ਡੀ.ਐੱਸ.ਏ., ਭੁਪਿੰਦਰ ਸਿੰਘ ਪੀ. ਏ. ਆਦਿ ਹਾਜ਼ਰ ਸਨ।

# ਅਲਾਇੰਸ ਇੰਟਰਨੈਸ਼ਨਲ ਸਕੂਲ ਤੇ ਸਵਾਮੀ ਵਿਵੇਕਾਨੰਦ ਇੰਸਟੀਚਿਊਸ਼ਨਜ਼ ਵੱਲੋਂ ਗ਼ਜ਼ਲ ਗਾਇਕ ਜਗਜੀਤ ਦੀ ਯਾਦ 'ਚ ਸੰਗੀਤਕ ਪ੍ਰੋਗਰਾਮ



**ਰਾਜਪੁਰਾ (ਰਮੇਸ਼ ਕਟਾਰੀਆ)**-ਅਲਾਇੰਸ ਇੰਟਰਨੈਸ਼ਨਲ ਸਕੂਲ ਤੇ ਸਵਾਮੀ ਵਿਵੇਕਾਨੰਦ ਗਰੁੱਪ ਆਫ ਇੰਸਟੀਚਿਊਸ਼ਨਜ਼ ਨੇ ਗ਼ਜ਼ਲ ਉਸਤਾਦ ਸ੍ਰੀ ਜਗਜੀਤ ਸਿੰਘ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਸੰਗੀਤਕ ਅਲਾਇੰਸ ਐਕਸਟਰਾਵੈਂਜ਼ਾ ਦਾ ਆਯੋਜਨ ਕੀਤਾ। ਇਸ ਮੌਕੇ ਸ੍ਰੀਮਤੀ ਨੀਨਾ ਮਿੱਤਲ ਵਿਧਾਇਕ ਰਾਜਪੁਰਾ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਸ ਸਮਾਗਮ ਵਿੱਚ ਅਲਾਇੰਸ ਇੰਟਰਨੈਸ਼ਨਲ ਸਕੂਲ ਦੇ ਵਿਦਿਆਰਥੀਆਂ ਤੇ ਅਧਿਆਪਕਾਂ ਦੁਆਰਾ ਗੀਤੋਂ ਕੀ ਮਾਲਾ, ਐੱਸ ਵੀ ਜੀ ਓ ਆਈ ਦੇ ਵਿਦਿਆਰਥੀਆਂ ਦੁਆਰਾ ਸੁਰੋਂ ਕੀ ਪੰਖੁੜੀਆਂ ਤੇ ਗਾਇਕ ਸੰਗੀਤਕਾਰ ਅਤੇ ਗੀਤਕਾਰ ਸ੍ਰੀ ਆਰ ਡੀ ਕੈਲੀ ਤੇ ਡਾ. ਕੋਮਲ ਚੁੱਘ ਦੁਆਰਾ ਮੇਰੀ ਆਵਾਜ਼ ਮੇਰੀ ਪਹਿਚਾਣ ਸ਼ਾਮਲ ਸਨ। ਮਹਿਮਾਨ ਡੀ ਐੱਸ ਪੀ ਰਾਜਪੁਰਾ, ਐੱਸ ਡੀ ਐੱਮ ਰਾਜਪੁਰਾ ਸੰਜੀਵ ਕੁਮਾਰ ਸ਼ਰਮਾ, ਸਚਿਨ ਸਾਹਨੀ ਐੱਸ ਡੀ ਓ ਬਿਜਲੀ ਬੋਰਡ, ਤਹਿਸੀਲਦਾਰ ਗੁਰਪ੍ਰੀਤ ਪੰਨੂ, ਸੰਦੀਪ ਵਾਟਸ, ਡਾ: ਪ੍ਰੇਮ ਰਾਜ ਨੇ ਐੱਸ.ਵੀ.ਜੀ.ਓ.ਆਈ. ਦੇ ਪ੍ਰਬੰਧਾਂ ਦੇ ਯਤਨਾਂ ਤੇ ਦ੍ਰਿਸ਼ਟੀਕੋਣ ਦੀ ਸ਼ਲਾਘਾ ਕੀਤੀ। ਮੁੱਖ ਮਹਿਮਾਨ ਸ੍ਰੀਮਤੀ ਨੀਨਾ ਮਿੱਤਲ ਨੇ ਸਾਰੇ ਪ੍ਰਤੀਭਾਗੀਆਂ ਨੂੰ ਮੋਮੈਂਟੋ ਦੇ ਕੇ ਸਨਮਾਨਤ ਕੀਤਾ ਤੇ ਉਨ੍ਹਾਂ ਦੀ ਕਾਰਗੁਜ਼ਾਰੀ ਲਈ ਉਨ੍ਹਾਂ ਨੂੰ ਜਾਣੂ ਕਰਵਾਇਆ।

ਮੈਨੇਜਮੈਂਟ ਮੈਂਬਰਾਂ ਅਸ਼ਵਨੀ ਗਰਗ ਚੇਅਰਮੈਨ ਐੱਸ ਵੀ ਜੀ ਓ ਆਈ, ਐੱਸ ਵੀ ਆਈ ਟੀ ਗਰੁੱਪ ਦੇ ਪ੍ਰਧਾਨ ਅਸ਼ੋਕ ਗਰਗ, ਵਿਸ਼ਾਲ ਗਰਗ ਡਾਇਰੈਕਟਰ ਸਕੱਤਰ, ਅੰਕੁਰ ਗਰਗ ਡਾਇਰੈਕਟਰ ਕਾਰਪੋਰੇਟ ਅਫੇਅਰਜ਼, ਸਾਹਿਲ ਗਰਗ ਪ੍ਰੋਜੈਕਟ ਡਾਇਰੈਕਟਰ ਅਲਾਇੰਸ ਇੰਟਰਨੈਸ਼ਨਲ ਸਕੂਲ, ਸ਼ੁਭਮ ਗਰਗ ਮੈਨੇਜਮੈਂਟ ਮੈਂਬਰ ਨੇ ਪ੍ਰਿੰਸੀਪਲ ਦੀ ਤਰੀਫ ਕੀਤੀ। ਬੈਂਡਿਟ ਡਾਂਸ ਗਰੁੱਪ ਦੁਆਰਾ ਵਿਸ਼ੇਸ਼ ਡਾਂਸ ਤੇ ਐੱਸ ਵੀ ਜੀ ਓ ਆਈ ਦੇ ਵਿਦਿਆਰਥੀਆਂ ਦੁਆਰਾ ਕੱਵਾਲੀ ਨੇ ਸਮਾਗਮ ਨੂੰ ਚਾਰ ਚੰਨ ਲਗਾ ਦਿੱਤੇ। ਸਮਾਗਮ ਦੀ ਸਮਾਪਤੀ ਰਾਸ਼ਟਰੀ ਗੀਤ ਨਾਲ ਹੋਈ।

# ਦਾਣਾ ਮੰਡੀ ਦੇ ਮਜ਼ਦੂਰਾਂ ਨੇ ਸੈਕਟਰੀ ਨੂੰ ਦਿੱਤਾ ਮੰਗ ਪੱਤਰ



**ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)**-ਸਥਾਨਕ ਦਾਣਾ ਮੰਡੀ ਮਜ਼ਦੂਰ ਯੂਨੀਅਨ ਵੱਲੋਂ ਅਨਾਜ ਮੰਡੀ ਵਿਖੇ ਝਾਰ ਖਰੀਦਣ ਵਾਲਿਆਂ ਖਿਲਾਫ ਕਾਰਵਾਈ ਕਰਨ ਲਈ ਸ਼ਮਸ਼ੇਰ ਸਿੰਘ ਕੌਲਧਾਰ ਸੈਕਟਰੀ ਮਾਰਕੀਟ ਕਮੇਟੀ ਗਿੱਦੜਬਾਹਾ ਨੂੰ ਆਪਣਾ ਮੰਗ ਪੱਤਰ ਦਿੱਤਾ। ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਬਿੱਟੂ ਪ੍ਰਧਾਨ, ਸੰਦੀਪ ਕੁਮਾਰ ਉੱਪ ਪ੍ਰਧਾਨ, ਰਜੇਸ਼ ਕੁਮਾਰ ਜਨਰਲ ਸਕੱਤਰ ਤੋਂ ਇਲਾਵਾ ਮੰਡੀ ਵਿੱਚ ਕੰਮ ਕਰਨ ਵਾਲੇ ਮਜ਼ਦੂਰਾਂ ਨੇ ਦੱਸਿਆ ਕਿ ਅਨਾਜ ਮੰਡੀ ਗਿੱਦੜਬਾਹਾ ਵਿਖੇ ਉਹ ਆੜ੍ਹਤੀਆਂ ਦੇ ਅਧੀਨ ਕੰਮ ਕਰਦੇ ਹਨ। ਮਜ਼ਦੂਰਾਂ ਨੂੰ ਕੰਮ ਦੌਰਾਨ, ਜੋ ਮੁਸ਼ਕਲਾਂ ਆਉਂਦੀਆਂ ਹਨ, ਉਨ੍ਹਾਂ ਵਿੱਚੋਂ ਇੱਕ ਮੁੱਖ ਮੁਸ਼ਕਲ ਸੰਬੰਧੀ ਉਨ੍ਹਾਂ ਨੇ ਸੈਕਟਰੀ ਨੂੰ ਮੰਗ ਪੱਤਰ ਦਿੱਤਾ ਹੈ, ਜਿਸ ਵਿੱਚ ਅਸੀਂ ਦੱਸਿਆ ਹੈ ਕਿ ਜਦੋਂ ਉਹ ਕਣਕ ਝੋਨੇ ਆਦਿ ਦੀ ਸਫਾਈ ਕਰਦੇ ਹਨ ਤਾਂ ਝੋਨਾ ਤੇ ਕਣਕ ਦੀ ਝਾਰ ਅਸੀਂ ਸਾਈਡ 'ਤੇ ਢੇਰੀਆਂ ਲਾ ਕੇ ਇਕੱਠੀ ਕਰ ਦਿੰਦੇ ਹਾਂ, ਜੋ ਕਿ ਕਿਸਾਨ ਦਾ ਹੁੰਦਾ ਹੈ, ਪਰ ਕੁਝ ਅਨਾਜ ਮੰਡੀ ਦੇ ਬਾਹਰ ਬੈਠੇ ਚਾਰ ਖਰੀਦ ਕਰਨ ਵਾਲੇ ਖਰੀਦੀ ਗਈ ਝਾਰ ਦੇ ਨਾਲ ਨਾਲ ਜ਼ਿਮੀਂਦਾਰਾਂ ਦੀ ਪਈ ਝਾਰ ਵੀ ਚੋਰੀ ਛਿਪੇ ਲੈ ਜਾਂਦੇ ਹਨ, ਜਿਸ ਕਾਰਨ ਸਾਡਾ ਅਕਸਰ ਕਿਸਾਨਾਂ ਨਾਲ ਤੇ ਆੜ੍ਹਤੀਆਂ ਨਾਲ ਇਸ ਗੱਲ ਦਾ ਝਗੜਾ ਹੋ ਜਾਂਦਾ ਹੈ। ਕਈ ਵਾਰ ਤਾਂ ਹੱਥੋਪਾਈ ਦੀ ਨੌਬਤ ਵੀ ਆ ਚੁੱਕੀ ਹੈ ਅਤੇ ਕਿਸੇ ਵੀ ਸਮੇਂ ਕੋਈ ਘਟਨਾ ਵਾਪਰ ਸਕਦੀ ਹੈ। ਉਨ੍ਹਾਂ ਦੱਸਿਆ ਕਿ ਅਸੀਂ ਸਮੂਹ ਮਜ਼ਦੂਰ ਯੂਨੀਅਨ ਵੱਲੋਂ ਬੇਨਤੀ ਕੀਤੀ ਹੈ ਕਿ ਝਾਰ ਖਰੀਦਣ ਵਾਲਿਆਂ ਦਾ ਅਨਾਜ ਮੰਡੀ ਵਿੱਚ ਦਾਖਲਾ ਬੰਦ ਕੀਤਾ ਜਾਵੇ। ਉਨ੍ਹਾਂ ਦੱਸਿਆ ਕਿ ਸੈਕਟਰੀ ਸਾਹਿਬ ਨੇ ਉਨ੍ਹਾਂ ਨੂੰ ਭਰੋਸਾ ਦਿੱਤਾ ਕਿ ਇਸ ਸਬੰਧੀ ਬਣਦੀ ਕਾਰਵਾਈ ਜ਼ਰੂਰ ਕੀਤੀ ਜਾਵੇਗੀ। ਇਸ ਮੌਕੇ ਰਾਜੇਸ਼ ਕੁਮਾਰ, ਸੰਦੀਪ ਕੁਮਾਰ, ਸਿਕੰਦਰ ਕੁਮਾਰ, ਰਾਜੀਵ, ਵਿਸ਼ਾਲ, ਰਾਮਚੰਦਰ, ਪੱਪੂ, ਛਿੰਦਾ, ਕੁੱਕੂ, ਰਮੇਸ਼, ਸੰਜੇ, ਰਾਜੂ ਤੇ ਦੀਪਕ ਤੋਂ ਇਲਾਵਾ ਵੱਡੀ ਗਿਣਤੀ 'ਚ ਮਜ਼ਦੂਰ ਹਾਜ਼ਰ ਸਨ।

# ਮਨਰੇਗਾ ਤਹਿਤ ਪਰਾਲੀ ਇਕੱਠੀ ਕਰਨ ਦਾ ਕਰਾਂਗੇ ਉਪਰਾਲਾ : ਧਾਲੀਵਾਲ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ) ਹਾੜੀ ਦੀਆ ਫਸਲਾਂ ਦੀ ਤਕਨੀਕੀ ਜਾਣਕਾਰੀ ਦੇਣ ਲਈ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਪੰਜਾਬ ਜ਼ਿਲ੍ਹਾ ਅੰਮ੍ਰਿਤਸਰ ਵੱਲੋਂ ਅਜਨਾਲਾ ਵਿਖੇ ਲਗਾਏ ਜ਼ਿਲ੍ਹਾ ਪੱਧਰੀ ਕਿਸਾਨ ਸਿਖਲਾਈ ਕੈਂਪ ਅਤੇ ਖੇਤੀ ਪ੍ਰਦਰਸ਼ਨੀ ਨੂੰ ਸੰਬੋਧਨ ਕਰਦੇ ਕੈਬਨਿਟ ਮੰਤਰੀ ਪੰਜਾਬ ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ ਸਾਡੀ ਸਰਕਾਰ ਲਈ ਖੁਸ਼ਹਾਲ ਕਿਸਾਨ ਵੱਡਾ ਮੁੱਦਾ ਹੈ ਅਤੇ ਅਸੀਂ ਖੇਤੀ ਨੂੰ ਮੁਨਾਫ਼ੇ ਵਿੱਚ ਲਿਆਉਣ ਲਈ ਕੰਮ ਕਰ ਰਹੇ ਹਾਂ।

ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਝੋਨੇ ਦੀ ਪਰਾਲੀ ਨੂੰ ਅੱਗ ਲਗਾ ਕੇ ਖੇਤਾਂ ਨੂੰ ਬੰਜਰ ਨਾ ਕਰਨ ਬਲਕਿ ਇਹ ਰਹਿੰਦ-ਖੂੰਹਦ ਖੇਤ ਵਿਚ ਵਾਹ ਕੇ ਖੇਤ ਦੀ ਉਪਜਾਊ ਸ਼ਕਤੀ ਵਧਾਉਣ। ਉਨ੍ਹਾਂ ਕਿਹਾ ਕਿ ਇਸ ਵਾਰ ਅਸੀਂ ਮਨਰੇਗਾ ਤਹਿਤ ਵੀ ਪਰਾਲੀ ਇਕੱਠੀ ਕਰਨ ਦਾ ਕੰਮ ਕਰਾਂਗੇ ਤਾਂ ਜੋ ਕਿਸਾਨਾਂ ਦੀ ਬਾਂਹ ਫੜੀ ਜਾ ਸਕੇ। ਧਾਲੀਵਾਲ ਨੇ ਕਿਸਾਨਾਂ ਨੂੰ ਕਣਕ ਝੋਨੇ ਦੇ ਫਸਲੀ ਚੱਕਰ ਵਿਚੋਂ ਨਿਕਲ ਕੇ ਨਗਦੀ ਵਾਲੀਆਂ ਫ਼ਸਲਾਂ ਬੀਜਣ ਦੀ ਸਲਾਹ ਦਿੱਤੀ। ਉਨ੍ਹਾਂ ਕਿਸਾਨਾਂ ਨੂੰ ਭਰੋਸਾ ਦਿੱਤਾ ਕਿ ਮਾਨ ਸਰਕਾਰ ਹਰ ਵੇਲੇ ਤੁਹਾਡੇ ਨਾਲ ਹੈ ਅਤੇ ਤੁਸੀਂ ਸਰਕਾਰ ਨਾਲ ਮਿਲ ਕੇ ਪੰਜਾਬ ਨੂੰ ਮੁੜ ਤਰੱਕੀ ਦੇ ਰਸਤੇ ਉਤੇ ਪਾਉ।

ਇਸ ਮੌਕੇ ਸੰਯੁਕਤ ਡਾਇਰੈਕਟਰ ਖੇਤੀਬਾੜੀ ਦਲਜੀਤ ਸਿੰਘ ਗਿੱਲ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ। ਮੁੱਖ ਖੇਤੀਬਾੜੀ ਅਫਸਰ ਅੰਮ੍ਰਿਤਸਰ ਡਾ: ਜਤਿੰਦਰ ਸਿੰਘ ਗਿੱਲ ਨੇ ਵੱਖ-ਵੱਖ ਵਿਭਾਗਾਂ ਤੋਂ ਆਏ ਅਧਿਕਾਰੀਆਂ/ਕਰਮਚਾਰੀਆਂ ਅਤੇ ਕਿਸਾਨਾਂ ਨੂੰ ਜੀ ਆਇਆ ਆਖਿਆ। ਖੇਤੀ ਮਾਹਿਰਾਂ ਨੇ ਖਾਦਾਂ ਦੀ ਅੰਧਾ ਧੁੰਦ ਵਰਤੋਂ ਨੂੰ ਰੋਕਣ ਲਈ ਕਿਸਾਨਾਂ ਨੂੰ ਮਿੱਟੀ ਪਰਖ ਦੇ ਅਧਾਰ ਤੇ ਮਾਹਿਰਾਂ ਦੀਆਂ ਸਿਫਾਰਸ਼ਾ ਅਨੁਸਾਰ ਖਾਦਾਂ ਦੀ ਵਰਤੋਂ ਕਰਣ ਲਈ ਕਿਹਾ। ਇਸ ਮੌਕੇ ਖੇਤੀਬਾੜੀ, ਬਾਗਬਾਨੀ, ਪਸ਼ੂ ਪਾਲਣ, ਮੱਛੀਪਾਲਣ, ਡੇਅਰੀ, ਭੂਮੀ ਰੱਖਿਆ ਵਿਭਾਗ, ਕੇ. ਵੀ. ਕੇ, ਖਾਦ, ਬੀਜ, ਦਵਾਈਆਂ, ਨਵੀਨਤਮ ਖੇਤੀ ਮਸ਼ੀਨਰੀ ਅਤੇ ਸੈਲਫ ਗਰੁਪਾਂ ਵੱਲੋਂ ਖੇਤੀ ਪ੍ਰਦਰਸ਼ਨੀਆਂ ਵੀ ਲਗਾਈਆਂ ਗਈਆਂ ਜਿਸ ਵਿੱਚ ਕਿਸਾਨਾਂ ਨੇ ਭਰਭੂਰ ਦਿਲਚਸਪੀ ਵਿਖਾਈ ਅਤੇ ਜਾਣਕਾਰੀ ਹਾਸਿਲ ਕੀਤੀ।





ਡਾ. ਬਿਕਰਮਜੀਤ ਸਿੰਘ ਡਿਪਟੀ ਡਾਇਰੈਕਟਰ ਕੇ. ਵੀ. ਕੇ., ਡਾ. ਨਰਿੰਦਰ ਪਾਲ ਸਿੰਘ ਇੰਚਾਰਜ ਕਿਸਾਨ ਸਲਾਹਕਾਰ ਕੇਂਦਰ ਅੰਮ੍ਰਿਤਸਰ, ਡਾ. ਸੁਖਜਿੰਦਰ ਜੀਤ ਸਿੰਘ, ਪ੍ਰੋਫੈਸਰ ਆਸਥਾ ਨੇ ਕਿਸਾਨਾਂ ਨੂੰ ਵੱਖ-ਵੱਖ ਵਿਸ਼ਿਆਂ 'ਤੇ ਖੇਤੀ ਸਬੰਧੀ ਤਕਨੀਕੀ ਜਾਣਕਾਰੀ ਦਿੱਤੀ। ਇਸ ਮੌਕੇ, ਡਿਪਟੀ ਡਾਇਰੈਕਟਰ ਖੇਤੀਬਾੜੀ ਰਮਿੰਦਰ ਸਿੰਘ ਧੰਜੂ, ਖੇਤੀਬਾੜੀ ਅਫਸਰ ਕੁਲਦੀਪ ਸਿੰਘ ਮੱਤੇਵਾਲ, ਅਮਰਜੀਤ ਸਿੰਘ ਬੱਲ, ਤਜਿੰਦਰ ਸਿੰਘ, ਭੁਪਿੰਦਰ ਸਿੰਘ, ਮਨਿੰਦਰ ਸਿੰਘ, ਬਲਵਿੰਦਰ ਸਿੰਘ ਛੀਨਾਂ, ਰਮਨ ਕੁਮਾਰ, ਸਤਵਿੰਦਰ ਸਿੰਘ ਸੰਧੂ, ਜੋਗਰਾਜਬੀਰ ਸਿੰਘ ਗਿੱਲ, ਕੁਲਜੀਤ ਸਿੰਘ ਰੰਧਾਵਾ, ਸੁਖਚੈਨ ਸਿੰਘ ਪੀ ਡੀ ਆਤਮਾ, ਖੇਤੀਬਾੜੀ ਵਿਕਾਸ ਅਫਸਰ ਅਜਮੇਰ ਸਿੰਘ, ਪ੍ਰਭਜੋਤ ਕੌਰ, ਮਨਦੀਪ ਸਿੰਘ, ਪਰਜੀਤ ਸਿੰਘ ਔਲਖ, ਗੁਰਜੋਤ ਸਿੰਘ ਗਿੱਲ, ਗੁਰਪ੍ਰੀਤ ਸਿੰਘ ਔਲਖ, ਗੁਰਵਿੰਦਰ ਸਿੰਘ ਸੰਧੂ, ਰਸ਼ਪਾਲ ਸਿੰਘ, ਸੁਖਬੀਰ ਸਿੰਘ ਸੰਧੂ, ਸੁਖਰਾਜ ਸਿੰਘ ਸਿੱਧੂ, ਹਰਮਨਦੀਪ ਸਿੰਘ, ਸਤਵਿੰਦਰਬੀਰ ਸਿੰਘ, ਵਿਕਰਮਜੀਤ ਸਿੰਘ, ਅਮਰਦੀਪ ਸਿੰਘ, ਖੇਤੀ ਵਿਸਥਾਰ ਅਫਸਰ ਪ੍ਰਭਦੀਪ ਸਿੰਘ ਗਿੱਲ, ਜਸਦੀਪ ਸਿੰਘ, ਗੁਰਿੰਦਰ ਸਿੰਘ, ਹਰਭਜਨ ਸਿੰਘ, ਹਰਪ੍ਰੀਤ ਸਿੰਘ, ਗੁਰਪ੍ਰੀਤ ਕੌਰ, ਸਤਵੰਤ ਕਰੌ, ਮਨਵਿੰਦਰ ਸਿੰਘ, ਜਸਪਾਲ ਸਿੰਘ, ਹਰਨੇਕ ਸਿੰਘ, ਜਗਦੀਪ ਕੌਰ ਡੀ. ਪੀ. ਡੀ. ਅਤਾਮਾ ਅਤੇ ਸਮੂਹ ਸਟਾਫ ਖੇਤੀਬਾੜੀ ਵਿਭਾਗ ਅਤੇ ਵੱਡੀ ਗਿਣਤੀ ਵਿਚ ਕਿਸਾਨ ਹਾਜ਼ਰ ਸਨ। ਇਸ ਮੌਕੇ ਉੱਦਮੀ ਕਿਸਾਨਾਂ ਨੂੰ ਮੁੱਖ ਮਹਿਮਾਨ ਵੱਲੋਂ ਸਨਮਾਨਿਤ ਕੀਤਾ ਗਿਆ।

# ਦਰਿਆ ਬਿਆਸ ਦੇ ਟੁੱਟੇ ਬੰਨ੍ਹ ਦਾ ਜਾਇਜ਼ਾ ਲੈਣ ਪਹੁੰਚੇ 'ਆਪ' ਆਗੂ



ਚੋਹਲਾ ਸਾਹਿਬ/ਸਰਹਾਲੀ ਕਲਾਂ 8ਅਕਤੂਬਰ(ਹਰਪ੍ਰੀਤ ਸਿੰਘ ਚੰਬਾ, ਰਮਨ ਚੱਢਾ)ਵਗਦੇ ਪਾਣੀ ਦੇ ਦਰਿਆ ਬਿਆਸ ਕਿਨਾਰੇ ਵਸੇ ਇਥੋਂ ਨੇੜਲੇ ਪਿੰਡ ਮੁੰਡਾ ਪਿੰਡ ਦੇ ਮੰਡ ਖੇਤਰ ਵਿੱਚ ਪਿਛਲੇ 36-37 ਦਿਨਾਂ ਤੋਂ ਕੱਚਾ ਬੰਨ੍ਹ ਟੁੱਟਣ ਨਾਲ ਪਿੰਡ ਮੁੰਡਾ ਪਿੰਡ, ਗੁੱਜਰਪੁਰਾ, ਘੜਕਾ ਆਦਿ ਪਿੰਡਾ ਦੇ ਹਜ਼ਾਰਾਂ ਕਿਸਾਨਾਂ ਦੀਆਂ ਪੁੱਤਾਂ ਵਾਂਗ ਪਾਲੀਆਂ ਸਾਉਣੀ ਦੀਆਂ ਫਸਲਾਂ ਬੇਕਾਬੂ ਦਰਿਆਈ ਪਾਣੀ ਦੀ ਮਾਰ ਹੇਠ ਆ ਕੇ ਹਜ਼ਾਰਾਂ ਏਕੜ ਫਸਲਾਂ ਤਬਾਹ ਹੋ ਗਈਆਂ। ਤਿੰਨਾਂ ਪਿੰਡਾਂ ਦੇ ਸੈਂਕੜੇ ਕਿਸਾਨ ਰੋਜ਼ਾਨਾ ਇਸ ਬੰਨ੍ਹ ਨੂੰ ਬੰਨਣ ਲਈ ਪਿਛਲੇ 21 ਦਿਨਾਂ ਤੋਂ ਦਿਨ-ਰਾਤ ਇਕ ਕਰ ਰਹੇ ਹਨ ਪਰ ਪਾਣੀ ਦਾ ਪੱਧਰ ਬਹੁਤ ਤੇਜ਼ ਹੋਣ ਕਰਕੇ ਦਰਿਆਈ ਪਾਣੀ ਨੂੰ ਕਾਬੂ ਹੇਠ ਰੱਖਣ ਲਈ ਵੱਸ ਦੀ ਗੱਲ ਨਹੀ। ਇਲਾਕੇ ਦੇ ਪੀੜਤ ਕਿਸਾਨਾਂ ਨੇ ਹਾਕਮ ਸਰਕਾਰ ਕੋਲ ਦਾਦ ਫਰਿਆਦ ਕੀਤੀ ਪਰ ਮਾੜੀ ਸਰਕਾਰ ਨੇ ਕਿਸਾਨਾਂ ਦੀ ਸਾਰ ਨਹੀਂ ਲਈ। ਥੱਕ ਹਾਰ ਕੇ ਕਿਸਾਨਾਂ ਨੇ ਬਾਬਾ ਸੁੱਖਾ ਸਿੰਘ ਜੀ ਕਾਰ ਸੇਵਾ ਵਾਲਿਆਂ ਕੋਲ ਫਰਿਆਦ ਕੀਤੀ। ਕਿਸੇ ਤਰ੍ਹਾਂ ਦਰਿਆ ਬਿਆਸ ਦੇ ਕਿਨਾਰੇ ਬੰਨ੍ਹ ਬੰਨ੍ਹ ਕੇ ਉਹਨਾਂ ਨੂੰ ਬਚਾਇਆ ਜਾਵੇ। ਬਾਬਾ ਜੀ ਨੇ ਆਏ ਕਿਸਾਨਾਂ ਦੀ ਤਰਸਯੋਗ ਹਾਲਤ ਵੇਖ ਕੇ ਮੌਕੇ ਤੇ ਹੀ ਉਨ੍ਹਾਂ ਨੂੰ ਭਰੋਸਾ ਦਿੱਤਾ। ਪਿਛਲੇ ਇੱਕ ਹਫਤੇ ਤੋਂ ਬਾਬਾ ਜੀ ਰੋਜ਼ਾਨਾ ਸੈਂਕੜਿਆਂ ਦੀ ਤਦਾਦ 'ਚ ਸੰਗਤਾਂ ਨੂੰ ਕੱਚੇ ਬੰਨ੍ਹ ਤੇ ਲਿਜਾ ਕੇ ਖੁਦ ਆਪ ਵੀ ਮਿੱਟੀ ਨਾਲ ਮਿੱਟੀ ਹੋ ਕੇ ਕਿਸਾਨਾਂ ਨਾਲ ਡਟੇ ਹਨ। ਅੱਜ ਬੰਨ੍ਹ ਤੇ ਚੱਲ ਰਹੀ ਕਾਰ ਸੇਵਾ ਰਾਹੀਂ ਬਾਬਾ ਜੀ ਵੱਲੋਂ ਬਣਾਏ ਜਾ ਰਹੇ ਬੰਨ੍ਹ ਦਾ ਜਾਇਜ਼ਾ ਲੈਣ ਲਈ ਵਿਧਾਨ ਸਭਾ ਹਲਕਾ ਖਡੂਰ ਸਾਹਿਬ ਦੇ ਵਿਧਾਇਕ ਮਨਜਿੰਦਰ ਸਿੰਘ ਲਾਲਪੁਰਾ ਦੇ ਦਿਸ਼ਾ ਨਿਰਦੇਸ਼ਾਂ ਹੇਠ ਆਮ ਆਦਮੀ ਪਾਰਟੀ ਦੇ ਆਗੂ ਜਿਨ੍ਹਾਂ 'ਚ ਅਵਤਾਰ ਸਿੰਘ ਮਠਾਰੂ, ਪ੍ਰਦੀਪ ਕੁਮਾਰ ਢਿੱਲੋਂ, ਕਾਰਜ ਸਿੰਘ ਬ੍ਰਹਮਪੁਰਾ, ਸੁਰਜੀਤ ਸਿੰਘ ਮੁੰਡਾ ਪਿੰਡ, ਜੱਸਾ ਸਿੰਘ ਭੱਠਲ ਸਹਿਜਾ ਸਿੰਘ ਆਦਿ ਨੇ ਟੁੱਟੇ ਬੰਨ੍ਹ ਨਾਲ ਹੋਏ ਭਾਰੀ ਨੁਕਸਾਨ ਦਾ ਜਾਇਜ਼ਾ ਲਿਆ ਅਤੇ ਪੀੜਤ ਕਿਸਾਨਾਂ ਦੀ ਮੰਗ ਨੂੰ ਪੂਰਾ ਕਰਦਿਆਂ ਆਪ ਆਗੂਆਂ ਨੇ ਪੀੜਤ ਕਿਸਾਨਾਂ ਨੂੰ ਵਿਸ਼ਵਾਸ ਦਿੱਤਾ ਕਿ ਉਹ ਇੱਕ ਦੋ ਦਿਨ ਵਿਚ 70 ਹਜ਼ਾਰ ਖਾਲੀ ਤੋੜਾ ਵਿਧਾਇਕ ਲਾਲਪੁਰਾ ਰਾਹੀਂ ਲੈ ਕੇ ਪੁੱਜਣਗੇ ਤਾਂ ਜੋ ਇਹ ਟੁੱਟਾ ਬੰਨ੍ਹ ਛੇਤੀ ਤੋਂ ਛੇਤੀ ਬਣ ਸਕੇ।

# ਘਰ ਦੇ ਬਾਹਰ ਖੜਾ ਮੋਟਰਸਾਈਕਲ ਦਿਨ-ਦਿਹਾੜੇ ਚੋਰੀ

**ਧਾਰੀਵਾਲ (ਮਨਦੀਪ ਵਿੱਕੀ)**-ਪੁਲਸ ਥਾਣਾ ਧਾਰੀਵਾਲ ਅਧੀਨ ਪੈਂਦੇ ਪਿੰਡ ਕੰਗ ਵਿੱਚ ਘਰ ਦੇ ਬਾਹਰ ਖੜਾ ਇਕ ਸਪਲੈਂਡਰ ਮੋਟਰਸਾਈਕਲ ਦਿਨ-ਦਿਹਾੜੇ ਚੋਰੀ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਅਰਸਦ ਮਸੀਹ ਪੁੱਤਰ ਰਫੀਕ ਮਸੀਹ ਵਾਸੀ ਗੁਰੂ ਨਾਨਕ ਨਗਰ ਅੰਮ੍ਰਿਤਸਰ ਹਾਲ ਵਾਸੀ ਪਿੰਡ ਕੰਗ ਥਾਣਾ ਧਾਰੀਵਾਲ ਨੇ ਦੱਸਿਆ ਕਿ ਉਹ ਬਾਅਦ ਦੁਪਹਿਰ ਪਿੰਡ ਕੰਗ ਵਿੱਚ ਆਪਣੇ ਘਰ ਦੇ ਬਾਹਰ ਆਪਣਾ ਮੋਟਰਸਾਈਕਲ ਸਪਲੈਂਡਰ ਨੰਬਰੀ ਪੀਬੀ 06 ਸੀ.ਏ 4816 ਖੜਾ ਕਰਕੇ ਘਰ ਅੰਦਰ ਚਲਾ ਗਿਆ। ਜਦੋਂ ਕੁੱਝ ਸਮੇਂ ਮਗਰੋਂ ਘਰੋਂ ਬਾਹਰ ਆਇਆ ਤਾਂ ਦੇਖਿਆ ਕਿ ਉਸਦਾ ਮੋਟਰਸਾਈਕਲ ਉਥੋਂ ਗਾਇਬ ਸੀ। ਇਸ ਸਬੰਧੀ ਥਾਣਾ ਧਾਰੀਵਾਲ ਨੂੰ ਸੂਚਨਾ ਦੇ ਦਿੱਤੀ ਹੈ।

# ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਧਾਰਮਿਕ ਸਮਾਗਮ ਆਯੋਜਿਤ



ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ) ਸਰਹੱਦੀ ਕਸਬਾ ਡੇਰਾ ਬਾਬਾ ਨਾਨਕ ਦੇ ਨਜ਼ਦੀਕੀ ਪਿੰਡ ਹਰੂਵਾਲ ਦੇ ਗੁਰਦੁਆਰਾ ਸਿੰਘ ਸਭਾ ਵਿਖੇ ਪਿੰਡ ਦੀਆਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਅੱਜ ਸ੍ਰੀ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਧਾਰਮਕ ਸਮਾਗਮ ਕਰਵਾਇਆ ਗਿਆ। ਇਸ ਮੌਕੇ ਸਭ ਤੋਂ ਪਹਿਲਾਂ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ ਤੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਗਈ। ਉਪਰੰਤ ਭਾਈ ਪਰਮਜੀਤ ਸਿੰਘ ਕਲਾਨੌਰ ਵਾਲਿਆਂ ਦੇ ਕੀਰਤਨੀ ਜਥੇ ਵੱਲੋਂ ਰਸਭਿੰਨਾ ਕੀਰਤਨ ਕੀਤਾ ਗਿਆ ਤੇ ਸ੍ਰੀ ਗੁਰੂ ਰਾਮਦਾਸ ਜੀ ਦੀ ਜੀਵਨੀ ਉਪਰ ਕਥਾ ਵਿਚਾਰਾਂ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਉਨ੍ਹਾਂ ਕਿਹਾ ਕਿ ਸਾਨੂੰ ਸ੍ਰੀ ਗੁਰੂ ਰਾਮਦਾਸ ਜੀ ਦੇ ਦਰਸਾਏ ਹੋਏ ਮਾਰਗ 'ਤੇ ਚਲਦਿਆਂ ਹੋਇਆਂ ਤਨੋਂ ਮਨੋਂ ਹੋ ਕੇ ਗੁਰੂ ਘਰ ਦੀ ਅਥਾਹ ਸੇਵਾ ਕਰਨੀ ਚਾਹੀਦੀ ਹੈ ਤੇ ਗੁਰਬਾਣੀ ਦੇ ਲੜ ਲੱਗ ਕੇ ਮਨੁੱਖਾ ਜਨਮ ਸਫ਼ਲ ਕਰਨਾ ਚਾਹੀਦਾ ਹੈ। ਇਸ ਮੌਕੇ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਵੱਲੋਂ ਆਏ ਹੋਏ ਕੀਰਤਨੀ ਜਥੇ ਤੇ ਗ੍ਰੰਥੀ ਸਿੰਘਾਂ ਨੂੰ ਗੁਰੂ ਘਰ ਦੀ ਬਖਸ਼ਿਸ਼ ਸਿਰੋਪਾਓ ਦੇ ਕੇ ਵਿਸ਼ੇਸ਼ ਤੌਰ ਤੇ ਸਨਮਾਨਤ ਕੀਤਾ ਗਿਆ।

ਇਸ ਮੌਕੇ ਸਾਬਕਾ ਚੇਅਰਮੈਨ ਬਲਵਿੰਦਰ ਸਿੰਘ ਹਰੂਵਾਲ, ਸਾਬਕਾ ਵਾਈਸ ਚੇਅਰਮੈਨ ਨਿਰਮਲ ਸਿੰਘ ਹਰੂਵਾਲ, ਜਥੇਦਾਰ ਚੰਦਾ ਸਿੰਘ, ਸਾਬਕਾ ਐੱਸਪੀ ਬੂਆ ਸਿੰਘ, ਸਾਬਕਾ ਡੀਐੱਸਪੀ ਕਿਰਪਾਲ ਸਿੰਘ, ਸੂਬੇਦਾਰ ਬਲਜੀਤ ਸਿੰਘ, ਸੂਬੇਦਾਰ ਲਖਵਿੰਦਰ ਸਿੰਘ, ਬਾਬਾ ਰਤਨ ਸਿੰਘ, ਬਾਬਾ ਦਰਸ਼ਨ ਸਿੰਘ, ਗੁਰਿੰਦਰਜੀਤ ਸਿੰਘ, ਡਾ ਅਮਰੀਕ ਸਿੰਘ, ਬਾਬਾ ਸੁਲੱਖਣ ਸਿੰਘ, ਪ੍ਰੀਤਮ ਸਿੰਘ ਫੌਜੀ, ਹਰਪ੍ਰੀਤ ਸਿੰਘ ਹੈਪੀ, ਗੁਰਜੀਤ ਸਿੰਘ, ਬੀਰ ਸਿੰਘ ਫੌਜੀ ਸਮੇਤ ਵੱਡੀ ਗਿਣਤੀ ਵਿਚ ਸੰਗਤਾਂ ਹਾਜ਼ਰ ਸਨ।

# ਨਗਰ ਕੌਂਸਲ ਰਮਦਾਸ ਵੱਲੋਂ ਕੁਲਵੰਤ ਸਿੰਘ ਬ੍ਰਾਂਡ ਅੰਬੈਸਡਰ ਨਿਯੁਕਤ



ਅਜਨਾਲਾ (ਸੁਖਤਿੰਦਰ ਸਿੰਘ ਰਾਜੂ)-ਨਗਰ ਕੌਂਸਲ ਰਮਦਾਸ ਵੱਲੋਂ ਸਵੱਛ ਭਾਰਤ -2023 ਲਈ ਰਮਦਾਸ ਦੇ ਹੋਣਹਾਰ ਨਾਗਰਿਕ ਕੁਲਵੰਤ ਸਿੰਘ ਸਮਾਜ ਸੇਵਕ ਨੂੰ ਬ੍ਰਾਂਡ ਅੰਬੈਸਡਰ ਨਿਯੁਕਤ ਕੀਤਾ ਹੈ। ਇਸ ਸਬੰਧੀ ਦਵਿੰਦਰ ਕੁਮਾਰ ਠਾਕਰ ਸੈਨੇਟਰੀ ਇੰਸਪੈਕਟਰ ਨੇ ਦੱਸਿਆ ਕਿ ਉਹ ਰਮਦਾਸ ਦੇ ਲੋਕਾਂ ਨੂੰ ਨਗਰ ਕੌਂਸਲ ਦੇ ਅਧਿਕਾਰੀਆਂ ਨਾਲ ਸੁੱਕਾ ਕੂੜਾ ਤੇ ਗਿੱਲਾ ਕੂੜਾ ਅਤੇ ਸਵੱਛ ਭਾਰਤ ਦੀਆਂ ਗਾਈਡ ਲਾਈਨਜ਼ ਸਬੰਧੀ ਜਾਗਰੂਕ ਕਰਕੇ ਇਸ ਸਮਾਜ ਵਿਚ ਆਪਣਾ ਯੋਗਦਾਨ ਪਾਉਣਗੇ। ਇਸ ਮੌਕੇ ਨਵ-ਨਿਯੁਕਤ ਬ੍ਰਾਂਡ ਅੰਬੈਸਡਰ ਕੁਲਵੰਤ ਸਿੰਘ ਨੇ ਨਗਰ ਕੌਂਸਲ ਰਮਦਾਸ ਵੱਲੋਂ ਸੌਂਪੀ ਗਈ ਜ਼ਿੰਮੇਵਾਰੀ ਨੂੰ ਪੂਰੀ ਇਮਾਨਦਾਰੀ ਤੇ ਤਨਦੇਹੀ ਨਾਲ ਨਿਭਾਉਣ ਦਾ ਯਕੀਨ ਦੁਆਇਆ। ਉਨ੍ਹਾਂ ਨੇ ਕਿਹਾ ਕਿ ਉਹ ਰਮਦਾਸ ਨੂੰ ਸਾਫ-ਸੁਥਰਾ ਬਣਾਉਣ ਲਈ ਆਪਣਾ ਪੂਰਾ ਯੋਗਦਾਨ ਪਾਉਣਗੇ ਅਤੇ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਕਿ ਸਵੱਛ ਭਾਰਤ ਮੁਹਿੰਮ ਤਹਿਤ ਸ਼ਹਿਰ ਨੂੰ ਸੁੰਦਰ ਬਣਾਉਣ ਲਈ ਵੱਧ ਤੋਂ ਵੱਧ ਯੋਗਦਾਨ ਦੇਣ।

# ਅਟੁੱਟ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਭਗਵਾਨ ਵਾਲਮੀਕਿ ਜੀ ਦਾ ਪ੍ਰਗਟ ਦਿਵਸ



ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)—ਅੱਜ ਸਮੇਂ ਦੀ ਮੁੱਖ ਲੋੜ ਹੈ ਕਿ ਭਗਵਾਨ ਵਾਲਮੀਕਿ ਜੀ ਦੇ ਉਪਦੇਸ਼ਾਂ ਅਤੇ ਸਿੱਖਿਆਵਾਂ ਨੂੰ ਅਪਣਾਈਏ ਅਤੇ ਸਮਾਜ ਦੇ ਭਲੇ ਲਈ ਅੱਗੇ ਆਈਏ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਕੈਬਿਨਟ ਮੰਤਰੀ ਹਰਭਜਨ ਸਿੰਘ ਈ. ਟੀ. ਓ. ਅਤੇ ਇੰਦਰਬੀਰ ਸਿੰਘ ਨਿੱਜਰ ਨੇ ਅੱਜ ਭਗਵਾਨ ਵਾਲਮੀਕਿ ਜੀ ਦੇ ਪ੍ਰਗਟ ਦਿਵਸ ਮੌਕੇ ਦੇਸ਼-ਵਿਦੇਸ਼ ਵਿਚ ਵੱਸਦੀ ਸੰਗਤਾਂ ਨੂੰ ਵਧਾਈ ਦਿੰਦੇ ਹੋਏ ਕੀਤਾ। ਇਸ ਮੌਕੇ ਈ. ਟੀ. ਓ. ਵਲੋਂ ਗਵਾਲ ਮੰਡੀ ਚੌਕ ਵਿਖੇ ਭਗਵਾਨ ਵਾਲਮੀਕਿ ਜੀ ਦੇ ਆਸ਼ਰਮ ਨੂੰ ਜਾਂਦੀ ਹੋਈ ਸੜਕ 'ਤੇ 50 ਲੱਖ ਰੁਪਏ ਦੀ ਲਾਗਤ ਨਾਲ ਬਣਨ ਵਾਲੇ ਸਵਾਗਤੀ ਗੇਟ ਦਾ ਉਦਘਾਟਨ ਵੀ ਕੀਤਾ। ਉਨ੍ਹਾਂ ਸਮੂਹ ਸੰਗਤਾਂ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਸਾਡਾ ਸਭ ਦਾ ਫਰਜ਼ ਬਣਦਾ ਹੈ ਕਿ ਸਮਾਜ ਵਿਚ ਬਿਨਾਂ ਜਾਤ-ਪਾਤ ਅਤੇ ਆਪਸੀ ਭਾਈਚਾਰਕ ਸਾਂਝ ਨੂੰ ਬਣਾ ਕੇ ਰੱਖੀਏ। ਉਨ੍ਹਾਂ ਕਿਹਾ ਕਿ ਅੰਮ੍ਰਿਤਸਰ ਗੁਰੂਆਂ, ਪੀਰਾਂ ਦੀ ਧਰਤੀ ਹੈ ਅਤੇ ਅਸੀਂ ਸਾਰੇ ਬੜੇ ਭਾਗਸ਼ਾਲੀ ਹਾਂ ਕਿ ਭਗਵਾਨ ਵਾਲਮੀਕਿ ਜੀ ਨੇ ਇਸ ਧਰਤੀ 'ਤੇ ਬੈਠ ਕੇ ਰਾਮਾਇਣ ਦੀ ਰਚਨਾ ਕੀਤੀ। ਸੰਗਤਾਂ ਨੂੰ ਸੰਬੋਧਨ ਕਰਦੇ ਹੋਏ ਨਗਰ ਨਿਗਮ ਦੇ ਮੇਅਰ ਕਰਮਜੀਤ ਸਿੰਘ ਰਿੰਟੂ ਨੇ ਕਿਹਾ ਕਿ ਮੇਰੇ ਲਈ ਬੜੀ ਖੁਸ਼ੀ ਵਾਲੀ ਗੱਲ ਹੈ ਕਿ ਨਗਰ ਨਿਗਮ ਵਲੋ ਇਸ ਗੇਟ ਦਾ ਨਿਰਮਾਣ ਕੀਤਾ ਜਾ ਰਿਹਾ ਹੈ। ਉਨ੍ਹਾਂ ਸੰਗਤਾਂ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਜ਼ਲਦ ਹੀ 40 ਲੱਖ ਰੁਪਏ ਦੀ ਲਾਗਤ ਨਾਲ ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਦਾ ਬੁੱਤ ਵੀ ਸਥਾਪਤ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਸਮੇ ਦੀ ਮੁੱਖ ਲੋੜ ਹੈ ਕਿ ਭਗਵਾਨ ਵਾਲਮੀਕਿ ਜੀ ਦੇ ਉਪਦੇਸ਼ਾਂ 'ਤੇ ਚੱਲ ਕੇ ਆਪਣੇ ਜੀਵਨ ਨੂੰ ਸਫਲ ਬਣਾਈਏ। ਇਸ ਮੌਕੇ ਹਲਕਾ ਵਿਧਾਇਕ ਡਾ: ਜਸਬੀਰ ਸਿੰਘ ਸੰਧੂ, ਕੌਂਸਲਰ ਨੀਤੂ ਟਾਂਗਰੀ, ਪਵਨ ਦ੍ਰਾਵਿੜ, ਸ਼ਸ਼ੀ ਗਿੱਲ ਤੋਂ ਇਲਾਵਾ ਵੱਡੀ ਗਿਣਤੀ ਵਿਚ ਸੰਗਤਾਂ ਹਾਜ਼ਰ ਸਨ।

# ਜੈਕ ਐਂਡ ਜੋਨਸ ਤੇ ਰਣਵੀਰ ਸਿੰਘ ਨੇ 'ਡੌਂਟ ਹੋਲਡ ਬੈਕ' ਨਾਲ ਕੀਤੀ ਵਾਪਸੀ

ਲੁਧਿਆਣਾ : ਜੈਕ ਐਂਡ ਜੋਨਸ ਅਤੇ ਬਾਲੀਵੁੱਡ ਸੁਪਰਸਟਾਰ ਰਣਵੀਰ ਸਿੰਘ ਡੌਂਟ ਹੋਲਡ ਬੈਕ 3.0 ਮੁਹਿੰਮ ਰਾਹੀਂ ਬ੍ਰੇਕ ਦਾ ਰੂਲਜ ਆਫ ਫੈਸ਼ਨ ਸਬੰਧੀ ਟੀਮ ਅੱਪ ਹੋਏ ਹਨ। ਸਾਰੇ ਰੂਲਜ਼ ਬ੍ਰੇਕਰ ਅਤੇ ਬਾਗੀਆਂ, ਆਊਟਸਾਈਡਰ ਅਤੇ ਔਡਬਾਲਸ, ਮਿਸਫਿਟਸ ਅਤੇ ਮਾਵੇਰਿਕਸ ਨੂੰ ਇਕੱਠਾ ਕਰਦੇ ਹੋਏ ਮਾਡਰਨ ਮੈਨਜ਼ਵੀਅਰ ਬ੍ਰਾਂਡ ਜੈਕ ਐਂਡ ਜੋਨਸ ਨੇ ਭਾਰਤ ਦੇ ਸਭ ਤੋਂ ਵੱਡੇ ਫੈਸ਼ਨ ਆਈਕਾਨ ਅਤੇ ਬ੍ਰਾਂਡ ਅੰਬੈਸਡਰ ਰਣਵੀਰ ਸਿੰਘ ਦੇ ਨਾਲ ਸਾਲ ਦੀ ਸਭ ਤੋਂ ਵੱਡੀ ਮੁਹਿੰਮ ਦੀ ਸ਼ੁਰੂਆਤ ਕੀਤੀ। 'ਡੌਂਟ ਹੋਲਡ ਬੈਕ 3.0' ਸਿਰਲੇਖ ਵਾਲੀ ਇਹ ਮੁਹਿੰਮ ਨਿਰਵਿਵਾਦ ਪ੍ਰਮਾਣਿਕਤਾ ਅਤੇ ਵਿਅਕਤੀਗਤਤਾ ਦਾ ਸੈਲੀਬਰੇਸ਼ਨ ਹੈ। ਇਹ ਉੱਥੋਂ ਹੀ ਸ਼ੁਰੂ ਹੁੰਦਾ ਹੈ ਜਿੱਥੋਂ ਇਸ ਨੂੰ ਛੱਡਿਆ ਗਿਆ ਸੀ-ਫੈਸ਼ਨ ਨੂੰ ਸਵੈ-ਪ੍ਰਗਟਾਵੇ ਦੇ ਸਾਧਨ ਵਜੋਂ ਚੈਨਲ ਕਰਨਾ। ਜੈਕ ਐਂਡ ਜੋਨਸ ਦੁਆਰਾ ਲੇਟੈਸਟ ਕਲੈਕਸ਼ਨ ਦੇ ਸਟੇਟਮੈਂਟ ਪੀਸ ਵਿੱਚ ਸਟਾਈਲ, ਸੈਟਿੰਗ ਨੂੰ ਰਣਵੀਰ ਨੇ ਇੱਕ ਆਮ ਦਿਨ ਤੋਂ ਇੱਕ ਅਸਾਧਾਰਣ ਰੂਪ ਵਿੱਚ ਬਦਲ ਦਿੱਤਾ। ਇਸ ਕੰਪੇਨ ਉੱਤੇ ਬੋਲਦੇ ਹੋਏ ਬੈਸਟਸੈਲਰ ਇੰਡੀਆ ਦੇ ਸੀਈਓ ਅਤੇ ਕੰਟਰੀ ਹੈੱਡ ਵਿਨੀਤ ਗੌਤਮ ਨੇ ਕਿਹਾ ਕਿ ਅਸੀਂ ਦੇਸ਼ ਦੇ ਸਭ ਤੋਂ ਵੱਡੇ ਸੁਪਰਸਟਾਰ, ਟ੍ਰੈਂਡਸੈਟਰ ਅਤੇ ਫੈਸ਼ਨ ਆਈਕਾਨ ਰਣਵੀਰ ਸਿੰਘ ਨੂੰ ਜੈਕ ਐਂਡ ਜੋਨਸ ਦੇ ਨਾਲ ਇੱਕ ਵਾਰ ਫਿਰ ਟੀਮਅੱਪ ਕਰਨ ਲਈ ਬਹੁਤ ਜ਼ਿਆਦਾ ਉਤਸ਼ਾਹਿਤ ਹਾਂ।

# ਚੀਫ਼ ਖ਼ਾਲਸਾ ਦੀਵਾਨ ਧਰਮ ਪ੍ਰਚਾਰ ਕਮੇਟੀ ਵੱਲੋਂ ਅੰਮ੍ਰਿਤ ਸੰਚਾਰ



ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਚੀਫ਼ ਖ਼ਾਲਸਾ ਦੀਵਾਨ ਧਰਮ ਪ੍ਰਚਾਰ ਕਮੇਟੀ ਵਲੋਂ ਚੀਫ਼ ਖ਼ਾਲਸਾ ਦੀਵਾਨ ਗੁਰਦੁਆਰਾ ਸ੍ਰੀ ਕਲਗੀਧਰ ਸਾਹਿਬ ਵਿਖੇ ਗੁਰਮਤਿ ਅਤੇ ਅੰਮ੍ਰਿਤ ਸੰਚਾਰ ਸਮਾਗਮ ਆਯੋਜਿਤ ਕੀਤਾ ਗਿਆ ਜਿਸ ਵਿਚ ਬੀਬੀ ਪ੍ਰਭਜੋਤ ਕੌਰ ਦੇ ਕੀਰਤਨੀ ਜੱਥੇ ਨੇ ਰੱਬੀ ਬਾਣੀ ਦੀ ਛਹਿਬਰ ਲਗਾਉਂਦਿਆਂ ਸੰਗਤਾਂ ਨੂੰ ਨਿਹਾਲ ਕੀਤਾ। ਸਮਾਗਮ ਵਿਚ ਸ੍ਰੀ ਅਕਾਲ ਤਖਤ ਸਾਹਿਬ ਤੋਂ ਵਿਸ਼ੇਸ਼ ਤੌਰ 'ਤੇ ਪੁੱਜੇ ਪੰਜ ਪਿਆਰਿਆਂ ਵੱਲੋਂ ਪੂਰੀ ਮਰਿਆਦਾ ਅਨੁਸਾਰ ਪੰਜ ਬਾਣੀਆਂ ਦਾ ਪਾਠ ਕਰਕੇ ਅੰਮ੍ਰਿਤ ਤਿਆਰ ਕੀਤਾ ਗਿਆ ਅਤੇ ਪੰਜ ਕਕਾਰਾਂ ਨਾਲ ਸੁਸੱਜਿਤ ਚੀਫ਼ ਖ਼ਾਲਸਾ ਦੀਵਾਨ ਸਕੂਲਾਂ ਦੇ ਵਿਦਿਆਰਥੀਆਂ ਨੂੰ ਧੰਨ-ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਾਜ਼ਰੀ ਵਿਚ ਗੁਰਮਰਿਆਦਾ ਅਨੁਸਾਰ ਅੰਮ੍ਰਿਤਪਾਨ ਕਰਵਾਇਆ ਗਿਆ। ਇਸ ਮੌਕੇ ਚੀਫ਼ ਖ਼ਾਲਸਾ ਦੀਵਾਨ ਸਕੂਲਾਂ ਦੇ ਲਗਭਗ 500 ਦੇ ਕਰੀਬ ਵਿਦਿਆਰਥੀ ਦਸਮੇਸ਼ ਪਿਤਾ ਵੱਲੋਂ ਬਖਸ਼ੀ ਦਾਤ ਅੰਮ੍ਰਿਤ ਛਕ ਕੇ ਗੁਰੂ ਵਾਲੇ ਬਣੇ ਅਤੇ ਸਿੰਘ ਸਜੇ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਪੁੱਜੇ ਚੀਫ਼ ਖ਼ਾਲਸਾ ਦੀਵਾਨ ਪ੍ਰਧਾਨ ਅਤੇ ਕੈਬਨਿਟ ਮੰਤਰੀ ਡਾ. ਇੰਦਰਬੀਰ ਸਿੰਘ ਨਿੱਜਰ ਨੇ ਧਰਮ ਪ੍ਰਚਾਰ ਕਮੇਟੀ ਦੇ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ ਅਤੇ ਵਿਦਿਆਰਥੀਆਂ ਨੂੰ ਗੁਰੂ ਨਾਲ ਜੁੜਨ ਤੇ ਵਧਾਈ ਦਿੱਤੀ। ਉਨ੍ਹਾਂ ਬੱਚਿਆਂ ਨੂੰ ਗੁਰ ਸਿੱਖਿਆਵਾ ਅਤੇ ਰਹਿਤ ਮਰਿਆਦਾ ਅਨੁਸਾਰ ਸਿੱਖੀ ਜੀਵਨ ਜਾਚ ਅਪਣਾਉਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਧਰਮ ਪ੍ਰਚਾਰ ਕਮੇਟੀ ਦੇ ਚੇਅਰਮੈਨ ਪ੍ਰੋ. ਹਰੀ ਸਿੰਘ ਨੇ ਕਿਹਾ ਕਿ ਅੱਜ ਨਸ਼ਿਆਂ ਦੇ ਦੌਰ ਵਿਚ ਨੌਜਵਾਨ ਪੀੜ੍ਹੀ ਨੂੰ ਗੁਰੂ ਨਾਲ ਜੋੜਨਾ ਸਮੇਂ ਦੀ ਮੁੱਖ ਲੋੜ ਹੈ ਅਤੇ ਚੀਫ਼ ਖ਼ਾਲਸਾ ਦੀਵਾਨ ਧਰਮ ਪ੍ਰਚਾਰ ਕਮੇਟੀ ਵਲੋਂ ਸਿੱਖ ਪਨੀਰੀ ਨੂੰ ਗੁਰ ਸਿੱਖਿਆਵਾਂ ਅਤੇ ਸਿੱਖੀ ਜੀਵਨ ਜਾਚ ਨਾਲ ਜੋੜਨ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾਂਦੇ ਹਨ।

ਇਸ ਮੌਕੇ ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਅਤੇ ਕੈਬਨਿਟ ਮੰਤਰੀ ਡਾ. ਇੰਦਰਬੀਰ ਸਿੰਘ ਨਿੱਜਰ, ਮੁੱਖ ਦਫ਼ਤਰ ਮੈਂਬਰ ਇੰਚਾਰਜ ਸੁਖਜਿੰਦਰ ਸਿੰਘ ਪ੍ਰਿੰਸ, ਧਰਮ ਪ੍ਰਚਾਰ ਕਮੇਟੀ ਦੇ ਚੇਅਰਮੈਨ ਪ੍ਰੋ. ਹਰੀ ਸਿੰਘ, ਐਡੀਸ਼ਨਲ ਆਨਰੇਰੀ ਸਕੱਤਰ ਵਰਿਆਮ ਸਿੰਘ, ਗੁਰਭੇਜ ਸਿੰਘ, ਪ੍ਰੋ. ਸੂਬਾ ਸਿੰਘ, ਰਾਬਿਦਰ ਸਿੰਘ ਭਲਾ, ਮੋਹਨਜੀਤ ਸਿੰਘ ਭਲਾ, ਪਰਦੀਪ ਸਿੰਘ ਵਾਲ਼ੀਆਂ, ਹਰਦਿਆਲ ਸਿੰਘ ਅਤੇ ਮਹਿੰਦਰ ਸਿੰਘ ਆਦਿ ਮੈਂਬਰ ਹਾਜ਼ਰ ਸਨ।

# ਨਾਜਾਇਜ਼ ਸ਼ਰਾਬ ਨੂੰ ਨੱਥ ਪਾਉਣ ਲਈ ਪੁਲਸ ਵੱਲੋਂ ਵੱਖ-ਵੱਖ ਥਾਵਾਂ 'ਤੇ ਛਾਪੇਮਾਰੀ

ਪਠਾਨਕੋਟ (ਦਵਿੰਦਰ ਸਿੰਘ)-ਪਠਾਨਕੋਟ ਪੁਲਸ ਨੇ ਅੱਜ ਤੜਕੇ ਜ਼ਿਲ੍ਹੇ ਭਰ ਵਿੱਚ ਵੱਖ-ਵੱਖ ਥਾਵਾਂ ਤੇ ਛਾਪੇਮਾਰੀ ਕਰਕੇ ਇੱਕ ਨਾਜਾਇਜ਼ ਸ਼ਰਾਬ ਦੇ ਰੈਕੇਟ ਦਾ ਪਰਦਾਫਾਸ਼ ਕੀਤਾ ਅਤੇ ਭਾਰੀ ਮਾਤਰਾ ਵਿੱਚ ਨਾਜਾਇਜ਼ ਸ਼ਰਾਬ ਬਰਾਮਦ ਕੀਤੀ ਹੈ।

ਇੱਕ ਪ੍ਰੈੱਸ ਬਿਆਨ ਜਾਰੀ ਕਰਦਿਆਂ ਸੀਨੀਅਰ ਕਪਤਾਨ ਪੁਲਸ ਹਰਕਮਲ ਪ੍ਰੀਤ ਸਿੰਘ ਖੱਖ ਨੇ ਦੱਸਿਆ ਕਿ ਜ਼ਿਲ੍ਹੇ ਭਰ ਵਿੱਚ ਨਜਾਇਜ਼ ਸ਼ਰਾਬ ਦੀ ਹੋਣ ਵਾਲੀ ਤਸਕਰੀ ਵਿਰੁੱਧ ਸਖਤ ਕਾਰਵਾਈ ਕਰਨ ਲਈ ਵਿਸ਼ੇਸ਼ ਮੁਹਿੰਮ ਚਲਾਉਣ ਲਈ ਗਜ਼ਟਿਡ ਰੈਂਕ ਦੇ ਅਧਿਕਾਰੀਆਂ ਅਧੀਨ ਵਿਸ਼ੇਸ਼ ਪੁਲਸ ਪਾਰਟੀਆਂ ਦਾ ਗਠਨ ਕੀਤਾ ਗਿਆ ਹੈ।

ਐਸ. ਐਸ. ਪੀ. ਖੱਖ ਨੇ ਦੱਸਿਆ ਕਿ ਇਸ ਤਲਾਸ਼ੀ ਮੁਹਿੰਮ ਦੌਰਾਨ ਪੁਲਸ ਪਾਰਟੀਆਂ ਨੇ 36 ਡੱਬੇ ਰਾਇਲ ਸਟੈਗ, 19 ਡੱਬੇ ਐਮ. ਸੀ. ਡਾਊਲ, 54 ਡੱਬੇ ਬਲੈਕ ਹਾਰਸ ਸਮੇਤ ਕੁੱਲ 109 ਪੇਟੀਆਂ ਨਾਜਾਇਜ਼ ਸ਼ਰਾਬ ਬਰਾਮਦ ਕੀਤੀ ਹੈ ਅਤੇ ਪੁਲਸ ਨੇ 01 ਟਾਟਾ ਏਰੀਆ ਅਤੇ 01 ਐਕਟਿਵਾ ਸਕੂਟਰ ਵੀ ਜਬਤ ਕੀਤਾ ਹੈ। 3 ਵਿਅਕਤੀਆਂ ਨੂੰ ਹੋਰ ਪੁੱਛਗਿੱਛ ਲਈ ਹਿਰਾਸਤ ਵਿੱਚ ਲਿਆ ਗਿਆ ਹੈ ਅਤੇ ਮੁੱਖ ਸਰਗਣਾ ਵਿਨੋਦ ਉਰਫ ਲੌਂਡੀ ਦੇ ਘਰ ਨੂੰ ਸੀਲ ਕਰ ਦਿੱਤਾ ਗਿਆ ਹੈ, ਜਿਸ ਵਿੱਚੋਂ ਪੁਲਸ ਵੱਲੋਂ 29 ਡੱਬੇ ਬਰਾਮਦ ਕੀਤੇ ਗਏ ਹਨ। ਮੁੱਢਲੀ ਤਫਤੀਸ਼ ਦੌਰਾਨ ਇਹ ਗੱਲ ਸਾਹਮਣੇ ਆਈ ਹੈ ਕਿ ਮੁੱਖ ਤਸਕਰ ਵਿਨੋਦ ਉਰਫ ਲੌਂਡੀ ਖਿਲਾਫ ਆਬਕਾਰੀ ਐਕਟ, ਐਨਡੀਪੀਐਸ ਐਕਟ ਅਤੇ 307 ਆਈਪੀਸੀ ਨਾਲ ਸਬੰਧਤ 09 ਅਪਰਾਧਿਕ ਮਾਮਲੇ ਦਰਜ ਹਨ। ਮੁੱਖ ਤਸਕਰ ਅਤੇ ਉਸਦੇ ਸਾਥੀਆਂ ਖਿਲਾਫ ਥਾਣਾ ਡਵੀਜ਼ਨ ਨੰਬਰ 2 ਪਠਾਨਕੋਟ ਵਿਖੇ ਮਾਮਲਾ ਦਰਜ ਕਰਕੇ ਆਈ. ਪੀ. ਸੀ. ਅਤੇ ਆਬਕਾਰੀ ਐਕਟ ਦੀਆਂ ਧਾਰਾਵਾਂ ਤਹਿਤ ਮੁਕੱਦਮਾ ਦਰਜ ਕਰ ਲਿਆ ਗਿਆ ਹੈ।

ਪੁਲਸ ਪਾਰਟੀਆਂ ਵੱਲੋਂ ਬਾਕੀ ਦੋਸ਼ੀਆਂ ਨੂੰ ਫੜਨ ਅਤੇ ਪੂਰੀ ਸਪਲਾਈ ਚੇਨ ਦਾ ਪਰਦਾਫਾਸ਼ ਕਰਨ ਲਈ ਜ਼ਿਲ੍ਹੇ ਭਰ ਵਿੱਚ ਛਾਪੇਮਾਰੀ ਕੀਤੀ ਜਾ ਰਹੀ ਹੈ।

ਐੱਸ. ਐੱਸ. ਪੀ. ਨੇ ਅੱਗੇ ਦੱਸਿਆ ਕਿ ਗੈਰ-ਕਾਨੂੰਨੀ ਸ਼ਰਾਬ ਦੀ ਤਸਕਰੀ ਅਤੇ ਵਿਕਰੀ ਦੇ ਸਬੰਧ ਵਿੱਚ ਕਿਸੇ ਵੀ ਗਤੀਵਿਧੀ ਨਾਲ ਗੰਭੀਰਤਾ ਨਾਲ ਨਜਿੱਠਿਆ ਜਾਵੇਗਾ।

# ਮੋਟਰਸਾਈਕਲ ਚੋਰੀ, ਚੋਰ ਸੀ ਸੀ ਟੀ ਵੀ 'ਚ ਕੈਦ




ਪੱਟੀ, (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)-ਪੱਟੀ ਸ਼ਹਿਰ ਵਿੱਚ ਵੱਧ ਰਹੀਆਂ ਲੁੱਟਾਂ-ਖੋਹਾਂ ਅਤੇ ਚੋਰੀ ਦੀਆਂ ਵਾਰਦਾਤਾਂ ਕਾਰਨ ਸ਼ਹਿਰ ਵਾਸੀਆਂ ਵਿੱਚ ਸਹਿਮ ਦਾ ਮਾਹੌਲ ਪਾਇਆ ਜਾ ਰਿਹਾ ਹੈ। ਤਾਜ਼ਾ ਘਟਨਾ ਪਿਛਲੇ ਦਿਨੀਂ ਸੰਗਮ ਪੈਲੇਸ ਪੱਟੀ ਸ਼ਹਿਰ ਦੇ ਮਾਲਕ ਨਾਲ ਵਾਪਰੀ ਹੈ। ਇਸ ਮੌਕੇ ਪਵਨ ਕੁਮਾਰ ਨੇ ਦੱਸਿਆ ਕਿ ਬੀਤੇ ਦਿਨੀਂ ਜੋਸ਼ੀਆਂ ਮੁਹੱਲਾ ਵਾਰਡ ਨੰਬਰ 10 ਵਿੱਚ ਦੁਪਹਿਰ ਦਾ ਖਾਣਾ ਖਾਣ ਲਈ ਆਪਣੇ ਘਰ ਆਇਆ ਅਤੇ ਅੱਧੇ ਘੰਟੇ ਵਿੱਚ ਦੋ ਅਣਪਛਾਤੇ ਬਾਈਕ ਚੋਰਾਂ ਨੇ ਮੇਰਾ ਮੋਟਰਸਾਈਕਲ ਹੀਰੋ ਸਪਲੈਂਡਰ ਨੰਬਰ ਪੀਬੀ 38 ਡੀ 0788 ਦਾ ਤਾਲਾ ਤੋੜ ਕੇ ਚੋਰੀ ਕਰ ਲਿਆ ਤੇ ਮੌਕੇ ਤੋਂ ਫਰਾਰ ਹੋ ਗਿਆ ਅਤੇ ਇਹ ਸਾਰੀ ਘਟਨਾ ਨੇੜੇ ਲੱਗੇ ਸੀਸੀਟੀਵੀ ਕੈਮਰੇ 'ਚ ਕੈਦ ਹੋ ਗਈ ਅਤੇ ਅਸੀਂ ਮੋਟਰਸਾਈਕਲ ਦੀ ਕਾਫੀ ਭਾਲ ਕੀਤੀ, ਪਰ ਉਹ ਨਹੀਂ ਮਿਲਿਆ। ਇਸ ਘਟਨਾ ਸਬੰਧੀ ਪੱਟੀ ਸਿਟੀ ਪੁਲਸ ਨੂੰ ਸੂਚਿਤ ਕੀਤਾ ਗਿਆ ਅਤੇ ਪੁਲਸ ਨੇ 2 ਅਣਪਛਾਤੇ ਵਿਅਕਤੀਆਂ ਖਿਲਾਫ 379/34 ਆਈਪੀਸੀ ਤਹਿਤ ਮਾਮਲਾ ਦਰਜ ਕਰਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਬੰਦੀ ਸਿੰਘਾਂ ਦੀ ਰਿਹਾਈ ਲਈ ਜਾਗਰੂਕਤਾ ਮੁਹਿੰਮ ਦਾ ਆਗਾਜ਼

ਨਵੀਂ ਦਿੱਲੀ (ਜਸਬੀਰ ਸਿੰਘ ਪੱਟੀ)-ਸਿਆਸੀ ਸਿੱਖ ਕੈਦੀ ਰਿਹਾਈ ਮੋਰਚਾ (ਦਿੱਲੀ) ਵੱਲੋਂ ਬੰਦੀ ਸਿੰਘਾਂ ਦੀ ਰਿਹਾਈ ਬਾਰੇ ਸਮਾਜਿਕ ਚੇਤਨਾ ਪੈਦਾ ਕਰਨ ਲਈ ਅੱਜ ਮੋਤੀ ਨਗਰ ਮੈਟਰੋ ਸਟੇਸ਼ਨ ਦੇ ਬਾਹਰ ਇੱਕ ਜਾਗਰੂਕਤਾ ਮੁਹਿੰਮ ਚਲਾਈ ਗਈ। ਇਸ ਤੋਂ ਪਹਿਲਾਂ ਰਿਹਾਈ ਮੋਰਚੇ ਵੱਲੋਂ ਤਿਲਕ ਨਗਰ ਮੈਟਰੋ ਸਟੇਸ਼ਨ 'ਤੇ ਇਹ ਮੁਹਿੰਮ ਚਲਾਈ ਗਈ ਸੀ। ਇਸ ਮੌਕੇ "ਸੰਵਿਧਾਨ ਕਹਿੰਦਾ ਹੈ-ਬੰਦੀ ਸਿੰਘ ਰਿਹਾਅ ਕਰੋ" ਮੁਹਿੰਮ ਤਹਿਤ ਹੱਥਾਂ ਵਿੱਚ ਤਖਤੀਆਂ ਫੜ ਕੇ ਲੋਕਾਂ ਨੂੰ ਜਾਗਰੂਕ ਕੀਤਾ ਗਿਆ। ਖਰਾਬ ਮੌਸਮ ਅਤੇ ਹਲਕੀ ਬਾਰਿਸ ਦੌਰਾਨ ਪਹੁੰਚੇ ਸਾਰੇ ਇਨਸਾਫ ਪਸੰਦ ਕਾਰਕੁਨਾਂ ਨੇ "ਬੰਦੀ ਸਿੰਘ ਰਿਹਾ ਕਰੋ" ਅਤੇ "ਸੰਵਿਧਾਨ ਕਹਿੰਦਾ ਹੈ-ਬੰਦੀ ਸਿੰਘ ਰਿਹਾਅ ਕਰੋ" ਦੀ ਮੰਗ ਕਰਦੇ ਹੋਏ ਜ਼ੋਰਦਾਰ ਨਾਅਰੇਬਾਜ਼ੀ ਕੀਤੀ।

ਰਿਹਾਈ ਮੋਰਚੇ ਦੇ ਪ੍ਰਧਾਨ ਚਮਨ ਸਿੰਘ, ਕਨਵੀਨਰ ਅਵਤਾਰ ਸਿੰਘ ਕਾਲਕਾ, ਜਨਰਲ ਸਕੱਤਰ ਗੁਰਦੀਪ ਸਿੰਘ ਮਿੰਟੂ, ਮੀਤ ਪ੍ਰਧਾਨ ਰਵਿੰਦਰ ਸਿੰਘ ਬਿੱਟੂ, ਦਿੱਲੀ ਕਮੇਟੀ ਦੇ ਸਾਬਕਾ ਮੈਂਬਰ ਮਲਕਿੰਦਰ ਸਿੰਘ ਅਤੇ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਮੋਤੀ ਨਗਰ ਦੇ ਪ੍ਰਧਾਨ ਰਾਜਾ ਸਿੰਘ ਨੇ ਮੀਡੀਆ ਨਾਲ ਗੱਲਬਾਤ ਦੌਰਾਨ ਸਪੱਸ਼ਟ ਕਿਹਾ ਕਿ ਅਸੀਂ ਸੰਵਿਧਾਨ ਅਤੇ ਕਾਨੂੰਨ ਦੀ ਰੌਸ਼ਨੀ ਵਿੱਚ ਬੰਦੀ ਸਿੰਘਾਂ ਦੀ ਰਿਹਾਈ ਦੀ ਮੰਗ ਕਰ ਰਹੇ ਹਾਂ ਜਿਸ ਕਾਨੂੰਨ ਤਹਿਤ ਉਨ੍ਹਾਂ ਨੂੰ ਦੋਸ਼ੀ ਠਹਿਰਾਇਆ ਗਿਆ ਹੈ ਅਤੇ ਸਜ਼ਾ ਦਿੱਤੀ ਗਈ ਹੈ, ਉਹੀਂ ਕਾਨੂੰਨ ਉਨ੍ਹਾਂ ਦੀ ਨਿਰਧਾਰਤ ਸਜ਼ਾ ਪੂਰੀ ਕਰਨ ਤੋਂ ਬਾਅਦ ਰਿਹਾਈ ਦੀ ਵਿਵਸਥਾ ਵੀ ਕਰਦਾ ਹੈ ਪਰ ਰਾਸ਼ਟਰਪਤੀ, ਰਾਜਪਾਲ ਅਤੇ ਸਜਾ ਸਮੀਖਿਆ ਦੀ ਭਾਰਤੀ ਪ੍ਰਣਾਲੀ ਸਿਆਸੀ ਸਿੱਖ ਕੈਦੀਆਂ ਦੀ ਰਿਹਾਈ ਨੂੰ ਹਮੇਸ਼ਾ ਲਟਕਾਉਂਦੀ ਰਹੀ ਹੈ। ਇਸ ਲਈ ਨਿਆਂਪਾਲਿਕਾ ਅਤੇ ਕਾਰਜਪਾਲਿਕਾ ਨੂੰ ਸਾਡਾ ਸਵਾਲ ਹੈ ਕਿ ਜੇਕਰ ਰਾਜੀਵ ਗਾਂਧੀ ਦੇ ਕਾਤਲਾਂ ਅਤੇ ਬਿਲਕੀਸ ਬਾਨੋ ਦੇ ਦੋਸ਼ੀਆਂ ਨੂੰ ਰਿਹਾਅ ਕੀਤਾ ਜਾ ਸਕਦਾ ਹੈ ਤਾਂ ਸਿਆਸੀ ਸਿੱਖ ਕੈਦੀਆਂ ਨੂੰ ਕਿਉਂ ਨਹੀਂ ? ਬੰਦੀ ਸਿੰਘਾਂ ਵਿੱਚ ਸ਼ਾਮਲ ਕਿਸੇ ਵੀ ਸਿੱਖ ਕੈਦੀ ਦਾ ਅਪਰਾਧਿਕ ਪਿਛੋਕੜ ਨਹੀਂ ਸੀ। ਉਹ ਸਿਆਸੀ ਹਾਲਾਤ ਕਾਰਨ ਕੈਦੀ ਬਣੇ ਸਨ।

# ਜਮਹੂਰੀ ਹੱਕਾਂ ਦੇ ਆਗੂ ਇੰਜ. ਪ੍ਰਤਾਪ ਸਿੰਘ ਨੂੰ ਸਮਰਪਿਤ ਯਾਦਗਾਰੀ ਲੈਕਚਰ ਕਰਵਾਇਆ



**ਅੰਮ੍ਰਿਤਸਰ (ਜਸਬੀਰ ਪੱਟੀ)**-ਜਮਹੂਰੀ ਅਧਿਕਾਰ ਸਭਾ ਪੰਜਾਬ ਅੰਮ੍ਰਿਤਸਰ ਇਕਾਈ ਵਲੋਂ ਜਮਹੂਰੀ ਹੱਕਾਂ ਦੇ ਆਗੂ ਮਰਹੂਮ ਇੰਜੀਨੀਅਰ ਪ੍ਰਤਾਪ ਸਿੰਘ ਨੂੰ ਸਮਰਪਿਤ ਇਕ ਯਾਦਗਾਰੀ ਲੈਕਚਰ ਸਮਾਗਮ 'ਮੌਜੂਦਾ ਸਮਿਆਂ 'ਚ ਸ਼ਹੀਦ ਭਗਤ ਸਿੰਘ ਦੀ ਵਿਚਾਰਧਾਰਾ ਦੀ ਭੂਮਿਕਾ' ਵਿਸ਼ੇ ਸੰਬੰਧੀ ਪੰਜਾਬ ਨਾਟਸ਼ਾਲਾ ਵਿਖੇ ਕਰਵਾਇਆ ਗਿਆ ਜਿਸ ਨੂੰ ਸਫਲ ਬਣਾਉਣ ਲਈ ਡਾ. ਨਵਪ੍ਰੀਤ ਸਿੰਘ ਦੇ ਪਰਿਵਾਰ, ਤਰਕਸ਼ੀਲ ਸੁਸਾਇਟੀ ਪੰਜਾਬ ਅਤੇ ਲੋਕਪੱਖੀ ਜਨਤਕ ਜਥੇਬੰਦੀਆਂ ਦਾ ਸਹਿਯੋਗ ਅਹਿਮ ਰਿਹਾ।

ਇਸ ਮੌਕੇ ਸੰਬੋਧਨ ਕਰਦਿਆਂ ਉੱਘੇ ਵਿਦਵਾਨ ਡਾ. ਸ਼ਿਆਮ ਸੁੰਦਰ ਦੀਪਤੀ ਨੇ ਕਿਹਾ ਕਿ ਅੰਗਰੇਜ਼ ਹਕੂਮਤ ਵਲੋਂ ਜਲ੍ਹਿਆਂਵਾਲਾ ਬਾਗ਼ ਵਿਖੇ ਕੀਤੇ ਵਹਿਸ਼ੀ ਕਤਲੇਆਮ ਦੀ ਘਟਨਾ ਨੇ ਸਾਢੇ ਗਿਆਰਾਂ ਸਾਲ ਦੇ ਸ਼ਹੀਦ ਭਗਤ ਸਿੰਘ ਦੇ ਦਿਲੋ ਦਿਮਾਗ ਵਿਚ ਹਿੰਦੋਸਤਾਨ ਦੀ ਆਜ਼ਾਦੀ ਲਈ ਵਿਦਰੋਹ ਨੂੰ ਹੋਰ ਤੇਜ਼ ਕੀਤਾ। ਇਸ ਮੌਕੇ ਦੇਸ਼ ਭਗਤ ਯਾਦਗਾਰ ਕਮੇਟੀ ਦੇ ਕਾਰਜਕਾਰੀ ਜਨਰਲ ਸਕੱਤਰ ਅਤੇ ਪ੍ਰਸਿੱਧ ਜਮਹੂਰੀ ਚਿੰਤਕ ਡਾ. ਪਰਮਿੰਦਰ ਨੇ ਕਿਹਾ ਕਿ ਹਿੰਦੋਸਤਾਨ ਦੀ ਆਜ਼ਾਦੀ ਦੇ ਇਤਿਹਾਸ ਵਿਚ ਸ਼ਹੀਦ ਭਗਤ ਸਿੰਘ ਦੀ ਲਾਸਾਨੀ ਸ਼ਹਾਦਤ ਅਤੇ ਉਸ ਪਿੱਛੇ ਵੀ ਉਸਦੀ ਇਨਕਲਾਬੀ ਵਿਚਾਰਧਾਰਾ ਅਤੇ ਰਾਜਸੀ ਚੇਤਨਾ ਦੀ ਵੱਡੀ ਭੂਮਿਕਾ ਰਹੀ ਹੈ। ਡਾ. ਪਰਮਿੰਦਰ ਨੇ ਮੋਦੀ ਸਰਕਾਰ ਦੇ ਫ਼ਿਰਕੂ ਫਾਸ਼ੀਵਾਦ ਦਾ ਡਟਵਾਂ ਵਿਰੋਧ ਕਰਦਿਆਂ ਕਿਹਾ ਕਿ ਅੱਜ ਜਦਕਿ ਮੌਜੂਦਾ ਸਾਮਰਾਜਵਾਦੀ ਹਕੂਮਤਾਂ ਅਤੇ ਕਾਰਪੋਰੇਟ ਘਰਾਣਿਆਂ ਵਲੋਂ ਖੇਤੀ, ਸਨਅਤਾਂ, ਜ਼ਮੀਨਾਂ, ਪਾਣੀਆਂ,ਬਿਜਲੀ, ਕੁਦਰਤੀ ਖਣਿਜ ਪਦਾਰਥਾਂ, ਸਿੱਖਿਆ, ਸਿਹਤ, ਸੜਕਾਂ ਆਦਿ ਉਤੇ ਕਬਜੇ ਕਰਕੇ ਆਮ ਲੋਕਾਂ ਨੂੰ ਲੁੱਟਿਆ ਅਤੇ ਗੁਲਾਮ ਬਣਾਇਆ ਜਾ ਰਿਹਾ ਹੈ ਤਾਂ ਇਸ ਵਕਤ ਸ਼ਹੀਦ ਭਗਤ ਸਿੰਘ ਦੀ ਇਨਕਲਾਬੀ ਵਿਚਾਰਧਾਰਾ ਅਤੇ ਜਮਾਤੀ ਚੇਤਨਾ ਦੇ ਅਮਲ ਰਾਹੀਂ ਇਤਿਹਾਸਕ ਕਿਸਾਨੀ ਸੰਘਰਸ਼ ਵਰਗੇ ਕੌਮੀ ਅਤੇ ਸਥਾਨਕ ਕਿਰਤੀ ਅੰਦੋਲਨਾਂ ਦੀ ਵੱਡੀ ਲੋੜ ਹੈ। ਇਸਤੋਂ ਪਹਿਲਾਂ ਨਾਮਵਰ ਵਿਦਵਾਨ ਡਾ. ਹਰਭਜਨ ਭਾਟੀਆ ਨੇ ਇੰਜੀਨੀਅਰ ਪ੍ਰਤਾਪ ਸਿੰਘ ਦੀ ਸੰਘਰਸ਼ਸ਼ੀਲ ਜ਼ਿੰਦਗੀ ਅਤੇ ਉਨ੍ਹਾਂ ਵਲੋਂ ਬਰਤਾਨਵੀਂ ਹਕੂਮਤ ਦੇ ਖਿਲਾਫ਼ ਚਲਦੇ ਅੰਦੋਲਨਾਂ ਵਿਚ ਸਰਗਰਮੀ ਨਾਲ ਹਿੱਸਾ ਲੈਣ ਸੰਬੰਧੀ ਵਿਸਥਾਰ ਵਿਚ ਚਾਨਣਾ ਪਾਇਆ। ਇਸ ਮੌਕੇ ਪ੍ਰੋ. ਮੋਹਨ ਸਿੰਘ, ਨਾਟਕਕਾਰ ਜਤਿੰਦਰ ਬਰਾੜ ਅਤੇ ਡਾ. ਇਕਬਾਲ ਕੌਰ ਸੌਂਧ ਨੇ ਵੀ ਇੰਜੀਨੀਅਰ ਪ੍ਰਤਾਪ ਸਿੰਘ ਨਾਲ ਬਿਤਾਏ ਪਲਾਂ ਨੂੰ ਯਾਦ ਕੀਤਾ । ਅੰਤ ਵਿਚ ਡਾ. ਨਵਪ੍ਰੀਤ ਸਿੰਘ ਨੇ ਆਪਣੇ ਪਿਤਾ ਜੀ ਦੀਆਂ ਯਾਦਾਂ ਸਾਂਝੀਆਂ ਕਰਦੇ ਹੋਏ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ ਅਤੇ ਹਰ ਸਾਲ ਅਜਿਹੇ ਯਾਦਗਾਰੀ ਲੈਕਚਰ ਕਰਵਾਉਣ ਦਾ ਅਹਿਦ ਕੀਤਾ। ਸਟੇਜ ਸੰਚਾਲਨ ਦੀ ਜ਼ਿੰਮੇਵਾਰੀ ਨਿਭਾਉਂਦਿਆਂ ਜਮਹੂਰੀ ਆਗੂ ਯਸ਼ਪਾਲ ਝਬਾਲ ਨੇ ਇੰਜੀਨੀਅਰ ਪ੍ਰਤਾਪ ਸਿੰਘ ਵਲੋਂ ਜਮਹੂਰੀ ਲਹਿਰਾਂ ਵਿਚ ਪਾਏ ਯੋਗਦਾਨ ਦੀ ਪ੍ਰਸੰਸਾ ਕੀਤੀ ਅਤੇ ਸਮਾਗਮ ਦੇ ਪ੍ਰਬੰਧ ਦੀ ਜ਼ਿੰਮੇਵਾਰੀ ਤਰਕਸ਼ੀਲ ਆਗੂ ਸੁਮੀਤ ਸਿੰਘ ਨੇ ਬਾਖੂਬੀ ਨਿਭਾਈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਭਾਰਤੀ ਕਿਸਾਨ ਯੂਨੀਅਨ ਉਗਰਾਹਾਂ ਦੇ ਆਗੂ ਗੁਰਬਚਨ ਸਿੰਘ, ਰੇਲਵੇ ਆਗੂ ਡਾ. ਪੁਰਸ਼ੋਤਮ ਲਾਲ, ਡਾ.ਕਸ਼ਮੀਰ ਸਿੰਘ, ਤਰਕਸ਼ੀਲ ਆਗੂ ਬਲਦੇਵ ਰਾਜ ਵੇਰਕਾ, ਮਾਸਟਰ ਕੁਲਜੀਤ ਵੇਰਕਾ, ਅਸ਼ਵਨੀ ਕੁਮਾਰ, ਕਾਮਰੇਡ ਬਲਵਿੰਦਰ ਦੁਧਾਲਾ, ਐਡਵੋਕੇਟ ਰਘਬੀਰ ਬਾਗ਼ੀ, ਪ੍ਰਿੰ. ਜਗਦੀਸ਼ ਸਿੰਘ,ਤਰਕਸ਼ੀਲ ਰਾਜ ਕੁਮਾਰ ਵੇਰਕਾ, ਅਧਿਆਪਕ ਆਗੂ ਲਖਵਿੰਦਰ ਗਿੱਲ, ਊਸ਼ਾ ਦੀਪਤੀ, ਦਮਨਜੀਤ ਕੌਰ, ਲੇਖਿਕਾ ਜਸਬੀਰ ਕੌਰ, ਨਵਜੀਤ, ਪ੍ਰੋ. ਹੇਮੰਤ ਕੁਮਾਰ, ਸ਼ਕਤੀ ਕੁਮਾਰ, ਕਿਸਾਨ ਆਗੂ ਬਲਬੀਰ ਮੂਧਲ, ਰੇਲਵੇ ਆਗੂ ਗੁਰਦੀਪ ਸਿੰਘ ਅਤੇ ਪ੍ਰਿੰਸੀਪਲ ਮੇਲਾ ਰਾਮ ਆਦਿ ਸ਼ਾਮਿਲ ਹੋਏ।

# ਡਾ. ਧਾਮੀ ਸਿੱਖਿਆ ਰਤਨ ਤੇ ਰਾਸ਼ਟਰ ਨਿਰਮਾਤਾ ਐਵਾਰਡ ਨਾਲ ਸਨਮਾਨਿਤ




ਪੱਟੀ, (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)—ਨਵੋਦਿਆ ਕ੍ਰਾਂਤੀ ਪਰਿਵਾਰ ਭਾਰਤ ਵੱਲੋਂ ਅੰਤਰਰਾਸ਼ਟਰੀ ਅਧਿਆਪਕ ਦਿਵਸ ਦੇ ਸੰਬੰਧ ਵਿੱਚ ਨਥਾਣਾ ਵਿਖੇ ਅਧਿਆਪਕ ਸਨਮਾਨ ਸਮਾਰੋਹ ਕਰਵਾਇਆ ਗਿਆ ਜਿਸ ਵਿੱਚ ਅਧਿਆਪਕ ਰਾਜ ਪੁਰਸਕਾਰ ਪ੍ਰਾਪਤ ਡਾ. ਇੰਦਰਪ੍ਰੀਤ ਧਾਮੀ ਨੂੰ ਨਵੋਦਿਆ ਕ੍ਰਾਂਤੀ ਪਰਿਵਾਰ ਭਾਰਤ ਵੱਲੋਂ ਸਿੱਖਿਆ ਰਤਨ ਅਤੇ ਰਾਸਟਰ ਨਿਰਮਾਤਾ ਦੋ ਐਵਾਰਡਾਂ ਨਾਲ ਸਨਮਾਨਿਤ ਕੀਤਾ ਗਿਆ।

ਇਸ ਸਮਾਰੋਹ ਦੇ ਮੁੱਖ ਮਹਿਮਾਨ ਮਾਣਯੋਗ ਮਾਸਟਰ ਜਗਸੀਰ ਸਿੰਘ ਹਲਕਾ ਵਿਧਾਇਕ (ਭੁੱਚੋ ਮੰਡੀ) ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ ਅਤੇ ਅਧਿਆਪਕਾਂ ਨੂੰ ਆਪਣੇ ਇਲਾਕੇ ਵਿੱਚ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਵੱਧ ਤੋਂ ਵੱਧ ਜਾਗਰੂਕਤਾ ਫੈਲਾਉਣ ਦੀ ਅਪੀਲ ਕੀਤੀ। ਇਸ ਮੌਕੇ ਮਹਿੰਦਰਪਾਲ ਸਿੰਘ ਉਪ ਜ਼ਿਲ੍ਹਾ ਸਿੱਖਿਆ ਅਫਸਰ ਬਠਿੰਡਾ, ਹਰਮੰਦਰ ਸਿੰਘ ਬਰਾੜ ਸਾਬਕਾ ਬੀਪੀਈਓ, ਕਰਮਜੀਤ ਸਿੰਘ, ਅੰਮ੍ਰਿਤਪਾਲ ਸਿੰਘ ਸਕਾਊਟ ਐਂਡ ਗਾਇਡ ਸਟੇਟ ਕੋਆਰਡੀਨੇਟਰ ਪੰਜਾਬ, ਬਲਜੀਤ ਸਿੰਘ ਗੁਰਦਾਸਪੁਰ, ਰਾਜਿੰਦਰ ਸਿੰਘ ਸਿਰਸਾ ਨੇ ਸਮਾਗਮ ਦੀ ਪ੍ਰਧਾਨਗੀ ਕੀਤੀ। ਡਾਕਟਰ ਕੁਲਦੀਪ ਸਿੰਘ ਦੀਪ ਨੇ ਅਧਿਆਪਕ ਦੀ ਭੂਮਿਕਾ ਵਿਸ਼ੇ 'ਤੇ ਵਿਚਾਰ ਪੇਸ਼ ਕੀਤੇ ਜੋ ਸਾਰੇ ਹੀ ਸਮਾਗਮ ਦਾ ਕੇਂਦਰ ਰਹੇ। ਓਮ ਪ੍ਰਕਾਸ਼ ਜਾਂਗੜਾ ਨੇ ਨਵੋਦਿਆ ਕ੍ਰਾਂਤੀ ਪਰਿਵਾਰ ਦੇ ਉਦੇਸ਼ਾਂ ਅਤੇ ਕਾਰਜਾਂ ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿੱਤੀ। ਇੱਥੇ ਇਹ ਜ਼ਿਕਰਯੋਗ ਹੈ ਕਿ ਨਵੋਦਿਆ ਕ੍ਰਾਂਤੀ ਪਰਿਵਾਰ ਭਾਰਤ ਸਰਕਾਰੀ ਸਕੂਲਾਂ 'ਚ ਬੇਹਤਰ ਸੇਵਾਵਾਂ ਦੇਣ ਵਾਲੇ ਅਧਿਆਪਕਾਂ ਦੀ ਚੋਣ ਕਰ ਕੇ ਉਨ੍ਹਾਂ ਦਾ ਸਨਮਾਨ ਕਰਦੇ ਹਨ ਤੇ ਉਨ੍ਹਾਂ ਦੇ ਕਾਰਜਾਂ ਦਾ ਪ੍ਰਸਾਰ ਤੇ ਪ੍ਰਚਾਰ ਵੀ ਕਰਦੇ ਹਨ।

ਇਸ ਮੌਕੇ ਡਾ. ਧਾਮੀ ਨੇ ਕਿਹਾ ਕਿ ਉਹ ਆਪਣੀ ਇਸ ਪ੍ਰਾਪਤੀ ਦਾ ਸਿਹਰਾ ਆਪਣੇ ਕਿੱਤੇ ਅਤੇ ਵਿਦਿਆਰਥੀਆਂ ਨੂੰ ਦਿੰਦੇ ਹਨ, ਮੈਂ ਹਮੇਸ਼ਾ ਆਪਣੇ ਵਿਦਿਆਰਥੀਆਂ ਨੂੰ ਆਪਣੇ ਪਰਿਵਾਰ ਵਾਂਗ ਜਾਣਿਆ ਹੈ! ਵਿਦਿਆਰਥੀਆਂ ਦੀਆਂ ਨਿੱਕੀਆਂ ਨਿੱਕੀਆਂ ਮੁਸ਼ਕਿਲਾਂ ਵਿੱਚ ਜਦ ਅਧਿਆਪਕ ਰੁਚੀ ਲੈਂਦਾ ਹੈ ਤਾਂ ਵਿਦਿਆਰਥੀ ਵੀ ਆਪਣੇ ਅਧਿਆਪਕ ਨੂੰ ਆਪਣਾ ਭਵਿੱਖ ਸੌਂਪ ਦਿੰਦੇ ਹਨ, ਮੇਰੇ ਇਹ ਐਵਾਰਡ ਮੇਰੇ ਵਿਦਿਆਰਥੀਆਂ ਦੀ ਮਿਹਨਤ ਅਤੇ ਪਿਆਰ ਨੂੰ ਸਮਰਪਿਤ ਹਨ।

10-Oct-PAGE-12.qxd 10/9/2022 10:22 PM Page 1



## ਚੋਰਾਂ ਨੇ ਜੱਜਾ ਖੁਰਦ 'ਚ ਇੱਕੋ ਰਾਤ 'ਚ 3 ਘਰਾਂ ਨੂੰ ਬਣਾਇਆ ਨਿਸ਼ਾਨਾ

**ਫਿਲੌਰ (ਨਿਰਮਲ)**

ਫਿਲੌਰ ਦੇ ਨਜ਼ਦੀਕੀ ਪਿੰਡ ਜੱਜਾ ਖੁਰਦ ਵਿੱਖੇ ਬੀਤੀ ਰਾਤ ਐੱਨ ਆਰ ਆਈਜ਼ ਦੇ ਬੰਦ ਪਏ ਤਿੰਨ ਵੱਖ-ਵੱਖ ਘਰਾਂ ਦੇ ਜਿੰਦਰੇ ਭੰਨੇ ਜਾਣ ਕਾਰਨ ਇਲਾਕੇ ਤੇ ਖਾਸ ਕਰ ਜੱਜਾ ਖੁਰਦ ਪਿੰਡ 'ਚ ਭਾਰੀ ਦਹਿਸ਼ਤ ਦਾ ਮਹੌਲ ਬਣਿਆ ਹੋਇਆ ਹੈ। ਹਰ ਕੋਈ ਆਪਣੇ ਆਪ ਨੂੰ ਅਣਸੁਰੱਖਿਅਤ ਮਹਿਸੂਸ ਕਰ ਰਿਹਾ ਹੈ । ਘਟਨਾ ਸੰਬੰਧੀ ਪ੍ਰਾਪਤ ਜਾਣਕਾਰੀ ਮੁਤਾਬਕ ਲੰਘੀ ਰਾਤ ਪਿੰਡ ਜੱਜਾ ਖੁਰਦ ਵਿੱਖੇ ਮੇਨ ਰਸਤੇ 'ਤੇ ਸਥਿਤ ਐੱਨ ਆਰ ਆਈਜ਼ ਮਹਿੰਦਰ ਸਿੰਘ (ਨਿਊਜ਼ੀਲੈਂਡ ਵਾਲੇ ) ,ਸਤਨਾਮ ਸਿੰਘ ਪੁੱਤਰ ਮਹਿੰਗਾ ਸਿੰਘ (ਇਟਲੀ ਵਾਲੇ), ਬਲਬੀਰ ਸਿੰਘ (ਕੈਨੇਡਾ) ਜੋ ਕਿ ਆਪੋ ਆਪਣੇ ਪਰਿਵਾਰਾਂ ਸਮੇਤ ਵਿਦੇਸ਼ਾਂ ਵਿੱਚ ਰਹਿੰਦੇ ਹਨ ,ਦੇ ਘਰਾਂ ਜੋ ਕਿ ਨੇੜੇ ਨੇੜੇ ਹਨ, ਨੂੰ ਚੋਰਾਂ ਨੇ ਆਪਣਾ ਨਿਸ਼ਸ਼ਾਨਾ ਬਣਾਇਆ। ਪਿੰਡ ਵਾਸੀਆਂ ਨੇ ਦੱਸਿਆ ਕਿ ਅੱਜ ਸਵੇਰੇ ਸਵੱਖਤੇ ਹੀ ਉਨ੍ਹਾ ਨੇ ਵੇਖਿਆ ਕਿ ਉਕਤ ਤਿੰਨਾਂ ਹੀ ਘਰਾਂ ਦੇ ਮੇਨ ਦਰਵਾਜ਼ਿਆਂ ਦੇ ਜਿੰਦਰੇ ਟੁੱਟੇ ਹੋਏ ਸਨ ਤੇ ਦਰਵਾਜੇ ਖੁੱਲ੍ਹੇ ਹੋਏ ਹੋਣ ਕਾਰਨ ਉਨ੍ਹਾ ਨੂੰ ਕਿਸੇ ਮਾੜੀ ਘਟਨਾ ਦੇ ਵਾਪਰ ਜਾਣ ਦਾ ਖਦਸ਼ਾ ਪ੍ਰਗਟ ਹੋਣ 'ਤੇ ਜਦ ਉਹ ਉਕਤ ਐੱਨ ਆਰ ਆਈ ਦੇ ਕਰੀਬੀ ਲੋਕਾਂ ਨੂੰ ਨਾਲ ਲੈ ਕੇ ਉਕਤ ਘਰਾਂ ਦੇ ਅੰਦਰ ਦਾਖਲ ਹੋਏ ਤਾਂ ਵੇਖਿਆ ਕਿ ਘਰਾਂ ਦਾ ਸਮਾਨ ਖਿੱਲਰਿਆ ਹੋਇਆ ਪਿਆ ਸੀ ਤੇ ਅਲਮਾਰੀਆਂ ਭੰਨੀਆਂ ਹੋਈਆਂ ਸਨ । ਪਿੰਡ ਵਾਸੀਆਂ ਨੇ ਦੱਸਿਆ ਕਿ ਰਾਤ ਹੀ ਪਿੰਡ ਦੇ ਕੁੱਝ ਲੋਕਾਂ ਨੇ ਕਿਸੇ ਅਣਪਛਾਤੇ ਵਿਅਕਤੀਆਂ ਨੂੰ ਪਿੰਡ ਵਿੱਚ ਘੁੰਮਦੇ ਦੇਖਿਆ ਸੀ। ਉਕਤ ਘਟਨਾ ਦੀ ਸੂਚਨਾ ਪੁਲਸ ਨੂੰ ਦੇ ਦਿੱਤੀ ਗਈ ਹੈ । ਪੁਲਸ ਨੇ ਮੌਕੇ 'ਤੇ ਪਹੁੰਚ ਕੇ ਘਟਨਾ ਦਾ ਜਾਇਜ਼ਾ ਲੈ ਕੇ ਆਪਣੀ ਅਗਲੀ ਕਾਰਵਾਈ ਕਰਦੇ ਹੋਏ ਚੋਰਾਂ ਦੀ ਭਾਲ ਸੁਰੂ ਕਰ ਦਿੱਤੀ ਹੈ । ਪਿੰਡ ਵਾਸੀਆਂ ਨੇ ਪੁਲਸ ਪ੍ਰਸ਼ਾਸਨ ਪਾਸੋਂ ਮੰਗ ਕੀਤੀ ਹੈ ਕਿ ਜਲਦ ਤੋਂ ਜਲਦ ਚੋਰਾਂ ਨੂੰ ਕਾਬੂ ਕਰਕੇ ਉਨ੍ਹਾਂ ਵਿਰੁੱਧ ਬਣਦੀ ਸਖਤ ਕਾਰਵਾਈ ਕਰੇ ।

## ਯੂਨੀਅਨਾਂ ਸਰਕਾਰ ਦੀਆਂ ਧੱਕੇਸ਼ਾਹੀਆਂ ਬਰਦਾਸ਼ਤ ਨਹੀਂ ਕਰਨਗੀਆਂ : ਸਿੱਧੂ

**ਫਿਲੌਰ (ਨਿਰਮਲ)**

ਟਰੱਕ ਯੂਨੀਅਨ ਫਿਲੌਰ ਦੀ ਢੋਆ ਢੁਆਈ ਤੇ ਐਫ ਸੀ ਆਈ ਵਲੋਂ ਪਿਛਲੇ ਸਮੇਂ ਕੀਤੀ ਢੋਆ ਢੁਆਈ ਦੀ ਪੇਮੈਂਟ ਨਾ ਦੇਣ 'ਤੇ ਪ੍ਰਧਾਨ ਰਣਜੀਤ ਸਿੰਘ ਸਿੱਧੂ ਦੀ ਅਗਵਾਈ 'ਚ ਮੀਟਿੰਗ ਹੋਈ। ਇਸ ਮੌਕੇ ਰਣਜੀਤ ਸਿੰਘ ਸਿੱਧੂ ਪ੍ਰਧਾਨ ਨੇ ਆਮ ਆਦਮੀ ਪਾਰਟੀ ਸਰਕਾਰ ਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ 'ਤੇ ਤਿੱਖੇ ਵਾਰ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਸਰਕਾਰ ਬਣਾਉਣ ਵੇਲੇ ਯੂਨੀਅਨ ਵਾਲਿਆਂ ਨਾਲ ਮੀਟਿੰਗ ਕਰ ਰਿਹਾ ਸੀ ਕਿ ਯੂਨੀਅਨ ਵਾਲਿਆਂ ਨੂੰ ਕੋਈ ਵੀ ਸਮੱਸਿਆ ਨਹੀਂ ਆਉਣ ਦਿੱਤੀ ਜਾਵੇਗੀ। ਹੁਣ ਝੋਨੇ ਦੀ



ਫਸਲ ਦੀ ਚੁਕਾਈ ਢੋਆ ਢੁਆਈ ਟਰੈਕਟਰਾਂ ਟਰਾਲੀਆਂ ਨਾਲ ਵੀ ਕੀਤੀ ਜਾ ਸਕਦੀ ਹੈ । ਇਸ ਰੋਸ ਵਜੋਂ ਟਰੱਕ ਯੂਨੀਅਨ ਫਿਲੌਰ ਦੇ ਅਹੁਦੇਦਾਰਾਂ ਤੇ ਟਰੱਕ ਡਰਾਈਵਰਾਂ, ਮਾਲਕਾਂ ਨੇ ਸਰਕਾਰ ਨੂੰ ਕਿਹਾ ਕਿ ਉਹ ਟੈਕਸ ਦਿੰਦੇ ਹਨ ਤੇ ਟਰੈਕਟਰ ਤੇ ਟਰਾਲੀਆਂ ਖੇਤੀਬਾੜੀ ਦੀ ਵਰਤੋਂ ਲਈ ਹਨ ਤੇ ਸਰਕਾਰ ਨੂੰ ਚਿਤਾਵਨੀ ਦਿੱਤੀ ਜੇਕਰ ਇਹ ਫੈਸਲਾ ਵਾਪਸ ਨਾ ਲਿਆ ਉਹ ਲਗਾਤਾਰ ਧਰਨੇ ਦੇਣਗੇ ਤੇ ਟਰੱਕ ਖੜ੍ਹੇ ਕਰਕੇ ਕਿਸੇ ਵੀ ਸਮਾਨ ਦੀ ਢੋਆ ਢੁਆਈ ਨਹੀਂ ਕਰਨਗੇ। ਆਮ ਆਦਮੀ ਪਾਰਟੀ ਦੀ ਸਰਕਾਰ ਤੇ ਕਾਂਗਰਸ ਪਾਰਟੀ ਦੀ ਸਰਕਾਰ ਨੇ ਹੁਣ ਟਰਾਂਸਪੋਰਟਰਾਂ ਨੂੰ ਹਾਲੋਂ ਬੇਹਾਲ ਕਰ ਦਿੱਤਾ ਹੈ । ਇਨ੍ਹਾਂ ਨਾਲੋਂ ਪਹਿਲਾਂ ਵਾਲੀ ਸ੍ਰੋਮਣੀ ਅਕਾਲੀ ਦਲ ਬਾਦਲ ਤੇ ਭਾਜਪਾ ਦੀ ਸਰਕਾਰ ਟਰਾਂਸਪੋਰਟਰਾਂ ਦੇ ਹਿੱਤਾਂ 'ਚ ਸੀ । ਐਫ ਸੀ ਆਈ ਵਲੋਂ ਪੇਮੈਂਟ ਕੱਲ੍ਹ ਪਾਉਣ ਦਾ ਸਮਾਂ ਦਿੱਤਾ ਹੈ। ਜੇਕਰ ਕੱਲ੍ਹ ਨਾ ਪੇਮੈਂਟ ਪਾਈ ਸੰਘਸ਼ ਕਰਨ ਲਈ ਮਜਬੂਰ ਹੋਣਗੇ। ਇਸ ਮੌਕੇ ਰਣਜੀਤ ਸਿੰਘ ਸਿੱਧੂ,ਹਰਕਮਲ ਸਿੰਘ ਬੇਗਮਪੁਰ,ਰਾਜਸ਼ ਕੁਮਾਰ ਪੰਡਿਤ, ਭੁਪਿੰਦਰ ਸਿੰਘ, ਬਿੱਲਾ ਮੁਣਸ਼ੀ,ਬਿੱਲਾ ਸੇਠੀ, ਗੁਰਪ੍ਰੀਤ ਸਿੰਘ ਗੋਪੀ, ਪਰਮਿੰਦਰ ਸਿੰਘ, ਕਿਰਪਾਲ ਸਿੰਘ, ਨਿਰਭੈ ਸਿੰਘ, ਆਦਿ ਹਾਜ਼ਰ ਸਨ।

## ਅਮਨ ਅਰੋੜਾ ਵੱਲੋਂ ਮੁੱਖ ਮੰਤਰੀ ਵਿਰੁੱਧ ਰਾਜਪਾਲ ਦੀ ਟਿੱਪਣੀ ਮੰਦਭਾਗੀ ਕਰਾਰ

**ਚੰਡੀਗੜ੍ਹ, (ਗੁਰਜੀਤ ਬਿੱਲਾ)**

ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਵੱਲੋਂ ਮੁੱਖ ਮੰਤਰੀ ਭਗਵੰਤ ਮਾਨ ਦੇ ਅੱਜ ਦੇ ਸਮਾਗਮਾਂ ਵਿੱਚ ਗੈਰਹਾਜ਼ਰ ਰਹਿਣ 'ਤੇ ਕੀਤੀ ਗਈ ਟਿੱਪਣੀ 'ਤੇ ਤਿੱਖਾ ਪ੍ਰਤੀਕਰਮ ਦਿੰਦਿਆਂ ਪੰਜਾਬ ਦੇ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਕਿਹਾ ਕਿ ਰਾਜਪਾਲ ਵੱਲੋਂ ਗਵਰਨਰ ਹਾਊਸ ਤੋਂ ਇਸ ਤਰ੍ਹਾਂ ਦੀ 'ਸਿਆਸੀ' ਟਿੱਪਣੀ ਕਰਨਾ ਬਹੁਤ ਹੀ ਮੰਦਭਾਗਾ ਹੈ। ਉਨ੍ਹਾਂ ਕਿਹਾ ਕਿ ਅਜਿਹੀਆਂ ਟਿੱਪਣੀਆਂ ਬੇਲੋੜੀਆਂ ਹਨ ਅਤੇ ਉਨ੍ਹਾਂ ਰਾਜਪਾਲ ਨੂੰ ਅਪੀਲ ਕੀਤੀ ਕਿ ਉਹ ਭਵਿੱਖ ਵਿੱਚ ਅਜਿਹੇ 'ਸਿਆਸੀ ਬਿਆਨਾਂ' ਤੋਂ ਗੁਰੇਜ਼ ਕਰਨ। ਅਮਨ ਅਰੋੜਾ ਨੇ ਕਿਹਾ ਕਿ ਮੁੱਖ ਮੰਤਰੀ ਮਾਨ ਦਾ ਸਮਾਗਮ ਪਹਿਲੇ ਤੋਂ ਤੈਅ ਸੀ ਅਤੇ ਉਨ੍ਹਾਂ ਨੇ ਰਾਸ਼ਟਰਪਤੀ ਦ੍ਰੋਪਦੀ ਮੁਰਮੂ ਦੀ ਚੰਡੀਗੜ੍ਹ ਫੇਰੀ ਦੌਰਾਨ ਮਿਲਣ ਅਤੇ ਸਵਾਗਤ ਕਰਨ ਲਈ ਕੈਬਨਿਟ ਮੰਤਰੀ ਅਮਨ ਅਰੋੜਾ ਨੂੰ ਤਾਇਨਾਤ ਕੀਤਾ ਸੀ। ਉਨ੍ਹਾਂ ਕਿਹਾ ਕਿ ਉਹ ਛੇ ਹੋਰ ਕੈਬਨਿਟ ਮੰਤਰੀਆਂ ਅਤੇ ਸਾਰੇ ਸੀਨੀਅਰ ਅਫਸਰਾਂ ਨਾਲ ਅੱਜ ਹਵਾਈ ਸੈਨਾ ਦਿਵਸ ਮਨਾਉਣ ਲਈ ਸਮਾਗਮਾਂ ਵਿੱਚ ਸ਼ਾਮਲ ਹੋਏ। ਇਸ ਦੇ ਬਾਵਜੂਦ, ਮਾਣਯੋਗ ਰਾਜਪਾਲ ਨੇ ਮੁੱਖ ਮੰਤਰੀ ਦੇ ਖਿਲਾਫ ਇਹ ਮੰਦਭਾਗੀ ਟਿੱਪਣੀ ਕੀਤੀ। ਆਮ ਆਦਮੀ



ਪਾਰਟੀ ਦਾ ਕਹਿਣਾ ਹੈ ਕਿ ਪੰਜਾਬ ਦੇ ਰਾਜਪਾਲ ਪੰਜਾਬ ਦੇ ਹਿੱਤਾਂ ਲਈ ਨਿਰਪੱਖਤਾ ਨਾਲ ਕੰਮ ਕਰਨ ਦੀ ਥਾਂ ਭਾਜਪਾ ਦੇ ਨੁਮਾਇੰਦੇ ਦੀ ਤਰ੍ਹਾਂ ਕੰਮ ਕਰ ਰਹੇ ਹਨ। ਪਹਿਲਾਂ 22 ਸਤੰਬਰ ਨੂੰ ਸਰਕਾਰ ਨੂੰ 'ਆਪ੍ਰੇਸ਼ਨ ਲੋਟਸ' ਦੇ ਵਿਰੋਧ 'ਚ ਭਰੋਸਗੀ ਮਤਾ ਪਾਸ ਕਰਨ ਲਈ ਖਾਸ ਸੈਸ਼ਨ ਬੁਲਾਉਣ ਤੋਂ ਰੋਕਣ ਅਤੇ ਹੁਣ ਮੁੱਖ ਮੰਤਰੀ ਪੰਜਾਬ 'ਤੇ ਅਜਿਹੀ ਟਿੱਪਣੀ ਕਰਨਾ ਉਨ੍ਹਾਂ ਦੇ ਪੱਖਪਾਤੀ ਹੋਣ ਦਾ ਸਬੂਤ ਦਿੰਦਾ ਹੈ।

## ਮਿਆਰੀ ਸਿਹਤ ਸਹੂਲਤਾਂ ਪ੍ਰਦਾਨ ਕਰ ਰਿਹੈ ਸਿਆਣ ਹਸਪਤਾਲ ਬਾਥੜੀ



**ਭਲਾਣ (ਹਰਭਜਨ ਢਿੱਲੋਂ)**

ਜ਼ਿਲ੍ਹਾ ਰੂਪਨਗਰ ਦੇ ਆਖਰੀ ਪਿੰਡ ਭੰਗਲ ਨੇੜੇ ਪਿੰਡ ਬਾਥੜੀ ਦਾ ਸਿਆਣ ਜੋੜੇ ਦੀ ਅਗਵਾਈ ਵਾਲਾ ਸਿਆਣ ਹਸਪਤਾਲ ਪਿਛਲੇ ਡੇਢ ਦਹਾਕੇ ਤੋਂ ਪਛੜੇ ਖੇਤਰ ਦੇ ਲੋਕਾਂ ਨੂੰ ਢੁੱਕਵੀਆਂ ਸਿਹਤ ਸਹੂਲਤਾਂ ਪ੍ਰਦਾਨ ਕਰ ਰਿਹਾ ਹੈ। ਇਹਨਾਂ ਸਰਹੱਦੀ ਪਿੰਡਾਂ ਵਿੱਚ ਜਨਤਕ ਸਿਹਤ ਸਹੂਲਤਾਂ ਅਤੇ ਹੋਰ ਸੁਵਿਧਾਵਾਂ ਦੀ ਘਾਟ ਹਮੇਸ਼ਾ ਰੜਕਦੀ ਰਹੀ ਹੈ। ਡਾ. ਸੋਮ ਨਾਥ ਸਿਆਣ ਦੀ ਅਗਵਾਈ ਹੇਠ ਜਿੱਥੇ ਇਹ ਹਸਪਤਾਲ ਢੁੱਕਵੀਆਂ ਸਿਹਤ ਸਹੂਲਤਾਂ ਪ੍ਰਦਾਨ ਕਰਨ ਲਈ ਤੱਤਪਰ ਹੈ, ਉੱਥੇ ਇਲਾਜ ਵਿੱਚ ਲੋੜਵੰਦਾਂ ਦਾ ਵਿਸ਼ੇਸ਼ ਧਿਆਨ ਰੱਖਿਆ ਜਾਣਾ ਇਹਨਾਂ ਦੀ ਤਰਜੀਹ ਵਿੱਚ ਸ਼ਾਮਲ ਹੈ। ਇਹ ਹਸਪਤਾਲ ਮਹਿਜ਼ ਮੁਨਾਫ਼ੇ 'ਤੇ ਕੇਂਦਰਤ ਨਾ ਹੋ ਕੇ ਆਪਣੀਆਂ ਬਣਦੀਆਂ ਸਮਾਜਕ ਜ਼ਿੰਮੇਵਾਰੀਆਂ ਵੀ ਬਾਖ਼ੂਬੀ ਨਿਭਾਅ ਰਿਹਾ ਹੈ। ਖੇਤਰ ਦੇ ਸਕੂਲੀ ਵਿਦਿਆਰਥੀਆਂ ਨੂੰ ਖੇਡ ਕਿੱਟਾਂ, ਸਕੂਲਾਂ ਦੇ ਵਿਕਾਸ ਕਾਰਜਾਂ ਲਈ ਰਾਸ਼ੀ ਅਤੇ ਲੋੜਵੰਦ ਵਿਦਿਆਰਥੀਆਂ ਦੀਆਂ ਫ਼ੀਸਾਂ ਦਾ ਜ਼ਿੰਮਾ ਲੈ ਕੇ ਸਮਾਜਕ ਕਾਰਜਾਂ ਵਿੱਚ ਯੋਗਦਾਨ ਪਾਇਆ ਜਾ ਰਿਹਾ ਹੈ। ਲੋੜਵੰਦ ਮਰੀਜ਼ਾਂ ਲਈ ਐਂਬੂਲੈਂਸ ਸੇਵਾ, ਮੈਡੀਕਲ ਕੈਂਪ ਤੇ ਮੁਫ਼ਤ ਦਵਾਈਆਂ ਅਤੇ ਡਾ. ਮਨੋਰਮਾ ਸਿਆਣ ਦੀ ਅਗਵਾਈ ਹੇਠ ਵਿਦਿਆਰਥੀਆਂ ਲਈ ਸਮੇਂ-ਸਮੇਂ 'ਤੇ ਮੁਫ਼ਤ ਗਾਈਡੈਂਸ ਕੈਂਪ ਆਯੋਜਿਤ ਕੀਤੇ ਜਾਂਦੇ ਹਨ। ਸੜਕੀ ਹਾਦਸਿਆਂ ਰਾਹੀਂ ਫੱਟੜ ਮਰੀਜ਼ਾਂ ਦੀਆਂ ਜਾਨਾਂ ਬਚਾਉਣ ਲਈ ਐਮਰਜੈਂਸੀ ਸੇਵਾਵਾਂ 24 ਘੰਟੇ ਉਪਲੱਬਧ ਰਹਿੰਦੀਆਂ ਹਨ। ਡਾ. ਸੋਮ ਨਾਥ ਸਿਆਣ ਨੇ ਦੱਸਿਆ ਕਿ ਕੰਢੀ ਖੇਤਰ ਦੇ ਜੰਮਪਲ ਹੋਣ ਕਾਰਨ ਇਸ ਖੇਤਰ ਦੀਆਂ ਔਕੜਾਂ ਤੋਂ ਉਹ ਚੰਗੀ ਤਰ੍ਹਾਂ ਜਾਣੂ ਹਨ ਅਤੇ ਉਹਨਾ ਦੀ ਹਰ ਸੰਭਵ ਕੋਸ਼ਿਸ਼ ਹੁੰਦੀ ਹੈ ਕਿ ਡਾਕਟਰੀ ਪੇਸ਼ੇ ਦੀ ਮਰਿਆਦਾ ਨੂੰ ਬਰਕਰਾਰ ਰੱਖਦੇ ਹੋਏ ਸਿਹਤ ਸਹੂਲਤਾਂ ਨੂੰ ਯਕੀਨੀ ਬਣਾਈ ਜਾਵੇ।

## ਭਗਵਾਨ ਵਾਲਮੀਕਿ ਵੱਲੋਂ ਦਰਸਾਏ ਨੈਤਿਕਤਾ ਦੇ ਮਾਰਗ 'ਤੇ ਚੱਲਣ ਦੀ ਲੋੜ : ਹਰਭਜਨ ਸਿੰਘ

**ਜਲੰਧਰ,(ਸ਼ੈਲੀ ਐਲਬਰਟ)**

ਭਗਵਾਨ ਵਾਲਮੀਕਿ ਜੀ ਦੇ ਪ੍ਰਗਟ ਉਤਸਵ ਨੂੰ ਸਮਰਪਿਤ ਸ਼ੋਭਾ ਯਾਤਰਾ 'ਚ ਸ਼ਾਮਲ ਹੁੰਦਿਆਂ ਅੱਜ ਪੰਜਾਬ ਦੇ ਲੋਕ ਨਿਰਮਾਣ ਮੰਤਰੀ ਹਰਭਜਨ ਸਿੰਘ ਨੇ ਕਿਹਾ ਕਿ ਆਦਰਸ਼ ਸਮਾਜ ਦੀ ਸਿਰਜਣਾ ਲਈ ਸਾਨੂੰ ਭਗਵਾਨ ਵਾਲਮੀਕਿ ਜੀ ਵੱਲੋਂ ਦਰਸਾਏ ਨੈਤਿਕਤਾ ਦੇ ਮਾਰਗ 'ਤੇ ਚੱਲਣ ਦੀ ਲੋੜ ਹੈ। ਭਗਵਾਨ ਵਾਲਮੀਕਿ ਉਤਸਵ ਕਮੇਟੀ, ਪੰਜਾਬ ਵੱਲੋਂ ਸਥਾਨਕ ਅਲੀ ਮੁਹੱਲਾ ਤੋਂ ਸ਼ੋਭਾ ਯਾਤਰਾ ਨੂੰ ਰਵਾਨਾ ਕਰਨ ਮੌਕੇ ਵਿਸ਼ੇਸ਼ ਤੌਰ 'ਤੇ ਪੁੱਜੇ ਲੋਕ ਨਿਰਮਾਣ ਮੰਤਰੀ ਹਰਭਜਨ ਸਿੰਘ ਈ.ਟੀ.ਓ. ਨੇ ਸੰਬੋਧਨ ਕਰਦਿਆਂ ਕਿਹਾ ਕਿ ਭਗਵਾਨ ਵਾਲਮੀਕਿ ਜੀ ਵੱਲੋਂ ਸਦੀਆਂ ਪਹਿਲਾਂ ਰਚਿਤ ਪਵਿੱਤਰ ਰਮਾਇਣ ਵਿੱਚ



ਆਦਰਸ਼ ਜੀਵਨ ਬਤੀਤ ਕਰਨ ਦੀ ਦਿੱਤੀ ਗਈ ਸਿੱਖਿਆ ਅਜੋਕੇ ਸਮੇਂ ਵਿੱਚ ਵੀ ਸਾਰਥਕ ਹੈ। ਉਨ੍ਹਾਂ ਕਿਹਾ ਕਿ ਭਗਵਾਨ ਵਾਲਮੀਕਿ ਜੀ ਵੱਲੋਂ ਰਚਿਤ ਪਵਿੱਤਰ ਰਮਾਇਣ ਮਨੁੱਖੀ ਕਦਰਾਂ ਕੀਮਤਾਂ ਦੀ ਇਕ ਸਾਕਾਰ ਰਚਨਾ ਹੈ। ਉਨ੍ਹਾਂ ਦੀਆਂ ਸਿੱਖਿਆਵਾਂ ਵਿਚ ਬਰਾਬਰਤਾ, ਆਦਰਸ਼ ਵਿਅਕਤੀ, ਆਦਰਸ਼ ਰਾਜਾ ਬਣਨ ਦਾ ਉਪਦੇਸ਼ ਦਿੱਤਾ ਗਿਆ ਹੈ, ਜਿਨ੍ਹਾਂ ਨੂੰ ਆਪਣੇ ਜੀਵਨ ਵਿੱਚ ਧਾਰਨ ਕਰਕੇ ਅਸੀਂ ਬਰਾਬਰੀ ਵਾਲੇ ਸਮਾਜ ਦੇ ਨਿਰਮਾਣ ਵਿੱਚ ਉਸਾਰੂ ਯੋਗਦਾਨ ਪਾ ਸਕਦੇ ਹਾਂ। ਇਸ ਪਵਿੱਤਰ ਮੌਕੇ ਲੋਕ ਨਿਰਮਾਣ ਮੰਤਰੀ ਨੇ ਸਾਰੇ ਬੱਚਿਆਂ ਨੂੰ ਸਿੱਖਿਆ ਦੇਣ ਦੀ ਲੋੜ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਅੱਜ ਦੇ ਦਿਨ ਸਾਨੂੰ ਸਾਰੇ ਬੱਚਿਆਂ ਨੂੰ ਉਚੇਰੀ ਸਿੱਖਿਆ ਦਿਵਾਉਣ ਦਾ ਪ੍ਰਣ ਕਰਨਾ ਚਾਹੀਦਾ ਹੈ, ਜੋ ਕਿ ਭਗਵਾਨ ਵਾਲਮੀਕਿ ਜੀ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ। ਇਸ ਮੌਕੇ ਉਨ੍ਹਾਂ ਭਗਵਾਨ ਵਾਲਮੀਕਿ ਆਸ਼ਰਮ ਸ਼ਕਤੀ ਨਗਰ ਵਿਖੇ ਭਵਨ ਲਈ 5 ਲੱਖ ਰੁਪਏ ਦੇਣ ਦਾ ਐਲਾਨ ਕਰਨ ਤੋਂ ਇਲਾਵਾ ਹਰ ਸੰਭਵ ਸਹਿਯੋਗ ਦੇਣ ਦਾ ਭਰੋਸਾ ਦਿਵਾਇਆ। ਇਸ ਦੌਰਾਨ ਮੰਤਰੀ ਵੱਲੋਂ ਭਗਵਾਨ ਵਾਲਮੀਕਿ ਆਸ਼ਰਮ ਸ਼ਕਤੀ ਨਗਰ, ਪ੍ਰਾਚੀਨ ਭਗਵਾਨ ਵਾਲਮੀਕਿ ਮੰਦਿਰ ਅਲੀ ਮੁਹੱਲਾ ਵਿਖੇ ਨਤਮਸਤਕ ਹੋਣ ਤੋਂ ਇਲਾਵਾ ਵੱਖ-ਵੱਖ ਜਥੇਬੰਦੀਆਂ ਵੱਲੋਂ ਲਗਾਈਆਂ ਸਟੇਜਾਂ ਤੋਂ ਵੀ ਸੰਬੋਧਨ ਕੀਤਾ ਗਿਆ। ਇਸ ਤੋਂ ਪਹਿਲਾਂ ਜਲੰਧਰ ਕੇਂਦਰੀ ਤੋਂ ਵਿਧਾਇਕ ਰਮਨ ਅਰੋੜਾ, ਜਲੰਧਰ ਪੱਛਮੀ ਤੋਂ ਵਿਧਾਇਕ ਸ਼ੀਤਲ ਅੰਗੂਰਾਲ, ਕਰਤਾਰਪੁਰ ਤੋਂ ਵਿਧਾਇਕ ਬਲਕਾਰ ਸਿੰਘ ਨੇ ਸੰਬੋਧਨ ਕਰਦਿਆਂ ਭਾਈਚਾਰਕ ਸਾਂਝ ਅਤੇ ਅਮਨ-ਸ਼ਾਂਤੀ ਦੀ ਹੋਰ ਮਜ਼ਬੂਤੀ ਲਈ ਨੌਜਵਾਨਾਂ ਨੂੰ ਭਗਵਾਨ ਵਾਲਮੀਕਿ ਜੀ ਦੀਆਂ ਸਿੱਖਿਆਵਾਂ ਤੋਂ ਸੇਧ ਲੈਣ ਦਾ ਸੱਦਾ ਦਿੱਤਾ। ਇਸ ਮੌਕੇ ਡਿਪਟੀ ਕਮਿਸ਼ਨਰ ਜਸਪ੍ਰੀਤ ਸਿੰਘ, ਦੈਨਿਕ ਸਵੇਰਾ ਗਰੁੱਪ ਦੇ ਮੁੱਖ ਸੰਪਾਦਕ ਸ਼ੀਤਲ ਵਿੱਜ, ਦੈਨਿਕ ਜਾਗਰਣ ਦੇ ਰੈਜੀਡੈਂਟ ਅਡੀਟਰ ਅਮਿਤ ਸ਼ਰਮਾ, ਐਸ.ਡੀ.ਐਮ. ਬਲਬੀਰ ਰਾਜ ਸਿੰਘ, ਭਗਵਾਨ ਵਾਲਮੀਕਿ ਉਤਸਵ ਕਮੇਟੀ, ਪੰਜਾਬ ਦੇ ਪ੍ਰਧਾਨ ਵਿਪਨ ਸੱਭਰਵਾਲ, ਧਾਰਮਿਕ ਸ਼ਖ਼ਸੀਅਤਾਂ ਅਤੇ ਸੰਗਤਾਂ ਵੀ ਮੌਜੂਦ ਸਨ।

## ਸ੍ਰੀ ਗੁਰੂ ਰਾਮਦਾਸ ਜੀ ਦਾ ਪ੍ਰਕਾਸ਼ ਦਿਹਾੜਾ ਮਨਾਇਆ



**ਟਾਡਾ ਉੜਮੁੜ, (ਜਸਵਿੰਦਰ ਸੰਧੂ, ਉਂਕਾਰ ਸਿੰਘ)**- ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਬੀਬੀਆਂ ਟਾਂਡਾ ਵਿਖੇ ਸ੍ਰੀ ਗੁਰੂ ਰਾਮਦਾਸ ਜੀ ਦਾ ਪ੍ਰਕਾਸ਼ ਦਿਹਾੜਾ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ ਗਿਆ । ਪ੍ਰਬੰਧਕ ਕਮੇਟੀ ਵੱਲੋਂ ਨਗਰ ਦੀਆਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਕਰਵਾਏ ਗਏ ਸਮਾਗਮ ਦੌਰਾਨ ਸਭ ਤੋਂ ਪਹਿਲਾਂ ਰੱਖੇ ਗਏ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ। ਉਪਰੰਤ ਸਜਾਏ ਗਏ ਗੁਰਮਤਿ ਸਮਾਗਮ ਦੌਰਾਨ ਭਾਈ ਰਣਜੀਤ ਸਿੰਘ ਹਜ਼ੂਰੀ ਰਾਗੀ ਸੱਚਖੰਡ ਸ੍ਰੀ ਦਰਬਾਰ ਸਾਹਿਬ ,ਕਥਾਵਾਚਕ ਭਾਈ ਮਨਦੀਪ ਸਿੰਘ ਮੁਰੀਦ ਸੰਗਰੂਰ ਵਾਲੇ ਅਤੇ ਹੋਰਨਾਂ ਜਥਿਆਂ ਨੇ ਸਮੂਹ ਸੰਗਤ ਨੂੰ ਗੁਰਬਾਣੀ ਕੀਰਤਨ ਅਤੇ ਗੁਰਮਤਿ ਵਿਚਾਰਾਂ ਰਾਹੀਂ ਨਿਹਾਲ ਕਰਦੇ ਹੋਏ ਗੁਰੂ ਚਰਨਾਂ ਨਾਲ ਜੋੜਿਆ । ਇਸ ਮੌਕੇ ਪ੍ਰਬੰਧਕ ਪ੍ਰਧਾਨ ਨਿਰਮਲ ਸਿੰਘ ਤੁੱਲੀ,ਰਣਜੀਤ ਸਿੰਘ ਤੁੱਲੀ, ਸੰਦੀਪ ਕੁਮਾਰ,ਕੈਪਟਨ ਪਿਆਰਾ ਸਿੰਘ, ,ਬਲਵੀਰ ਸਿੰਘ ਸੈਣੀ,ਇੰਸ. ਪਰਮਿੰਦਰ ਸਿੰਘ ,ਗੁਰਪਾਲ ਸਿੰਘ, ਗੁਰਮੀਤ ਸਿੰਘ ਕੰਬੋਜ, ਭਾਰਤ ਕਪੂਰ, ਮਾਸਟਰ ਸੁਖਮੀਤ ਸਿੰਘ ,ਰਾਜਵਿੰਦਰ ਸਿੰਘ, ਬਲਵੰਤ ਸਿੰਘ, ਲਖਵਿੰਦਰ ਸਿੰਘ ਮੁਲਤਾਨੀ ਸਾਬਕਾ ਐਮ.ਸੀ, ਬਲਵੀਰ ਕੌਰ ਸਾਬਕਾ ਐਮ.ਸੀ, ਕਿਸ਼ਨ ਲਾਲ ਐਮ.ਸੀ ਆਦਿ ਹਾਜ਼ਰ ਸਨ।

## ਪੀ ਸੀ ਐਮ ਐਸ ਡੀ ਕਾਲਜ ਵਿਖੇ ਬੀ.ਵੋਕ ਸਮੈਸਟਰ ਛੇਵੇਂ ਦਾ ਨਤੀਜਾ ਸ਼ਾਨਦਾਰ



**ਜਲੰਧਰ ( ਇਕਬਾਲ ਸਿੰਘ ਉੱਭੀ)**

ਪੀ.ਸੀ.ਐਮ. ਐਸ.ਡੀ. ਕਾਲਜ ਫਾਰ ਵੂਮੈਨ ਵਿਖੇ ਬੀ.ਵੋਕ (ਫੈਸ਼ਨ ਡਿਜ਼ਾਈਨਿੰਗ ਐਂਡ ਪ੍ਰੋਡਕਟ) ਸਮੈਸਟਰ ਛੇਵੇਂ ਵਿੱਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਨਤੀਜਿਆਂ ਵਿੱਚ ਸਫਲਤਾ ਦੀ ਇੱਕ ਸ਼ਨਦਾਰ ਅਤੇ ਬੇਮਿਸਾਲ ਕਹਾਣੀ ਰਚਦਿਆਂ ਕੁਮਾਰੀ ਰਾਣੀ ਨੇ 2400 ਵਿੱਚੋਂ 2051 (85.45) ਅੰਕ ਪ੍ਰਾਪਤ ਕਰਕੇ ਯੂਨੀਵਰਸਿਟੀ ਵਿੱਚੋਂ ਪਹਿਲਾ ਸਥਾਨ ਹਾਸਲ ਕੀਤਾ। ਇਸ ਅਕਾਦਮਿਕ ਸਾਨ ਵਿੱਚ ਵਾਧਾ ਕਰਦਿਆਂ ਕੁਮਾਰੀ ਸਿਮਰਨ 1954 (81.41) ਅੰਕ ਪ੍ਰਾਪਤ ਕਰਕੇ ਯੂਨੀਵਰਸਿਟੀ ਵਿੱਚੋਂ ਦੂਜੇ ਸਥਾਨ 'ਤੇ ਰਹੀ। ਇੱਕੋ ਜਮਾਤ ਦੇ ਅੱਠ ਵਿਦਿਆਰਥੀਆਂ ਨੇ ਡਿਸਟੀਸਨ ਹਾਸਲ ਕੀਤਾ। ਇਸ ਮੌਕੇ ਪ੍ਰਧਾਨ ਸ੍ਰੀ ਨਰੇਸ਼ ਕੁਮਾਰ ਬੁਧੀਆ , ਪ੍ਰਬੰਧਕ ਕਮੇਟੀ ਦੇ ਹੋਰ ਮਾਣਯੋਗ ਮੈਂਬਰਾਂ ਅਤੇ ਯੋਗ ਪ੍ਰਿੰਸੀਪਲ ਡਾ. ਪੂਜਾ ਪਰਾਸ਼ਰ ਨੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਉਹਨਾਂ ਦੇ ਉੱਜਵਲ ਭਵਿੱਖ ਲਈ ਸ਼ੁਭਕਾਮਨਾਵਾਂ ਵੀ ਦਿੱਤੀਆਂ। ਉਨ੍ਹਾਂ ਨੇ ਵਿਸ਼ਵਾਸ ਪ੍ਰਗਟਾਇਆ ਕਿ ਕਾਲਜ ਦੀ ਸਮਰਪਿਤ ਫੈਕਲਟੀ ਦੁਆਰਾ ਯੋਗ ਮਾਰਗਦਰਸ਼ਨ ਪ੍ਰਾਪਤ ਕਰਕੇ ਵਿਦਿਆਰਥੀ ਭਵਿੱਖ ਵਿੱਚ ਵੀ ਆਪਣੀ ਸਫਲਤਾ ਦੇ ਸਫਰ ਨੂੰ ਜਾਰੀ ਰੱਖਣਗੇ।

## ਪੱਟੀ 'ਚ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਭਗਵਾਨ ਵਾਲਮੀਕ ਜੀ ਦਾ ਪ੍ਰਗਟ ਦਿਵਸ

**ਹੁਸ਼ਿਆਰਪੁਰ, (ਓ ਪੀ ਰਾਣਾ )**

ਭਗਵਾਨ ਵਾਲਮੀਕ ਜੀ ਦਾ ਪ੍ਰਗਟ ਦਿਵਸ ਜਿਥੇ ਪੂਰੀ ਦੁਨੀਆ ਵਿੱਚ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ ਉਥੇ ਚੱਬੇਵਾਲ ਅਧੀਨ



ਪੈਂਦੇ ਪਿੰਡ ਪੱਟੀ 'ਚ ਵੀ ਗ੍ਰਾਮ ਪੰਚਾਇਤ ਅਤੇ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਮਨਾਇਆ ਗਿਆ। ਜਾਣਕਾਰੀ ਦਿੰਦਿਆਂ ਪ੍ਰਧਾਨ ਮੋਹਣ ਲਾਲ ਨੇ ਦੱਸਿਆ ਕਿ ਸ੍ਰੀ ਰਮਾਇਣ ਜੀ ਦੇ ਪਾਠ ਦੇ ਭੋਗ ਪਾਏ ਗਏ, ਸ਼ਬਦ ਕੀਰਤਨ ਅਤੇ ਹਵਨ ਪਾਏ ਗਏ ਅਤੇ ਸੰਗਤਾਂ ਵਲੋਂ ਵੱਖ-ਵੱਖ ਤਰ੍ਹਾਂ ਦੇ ਲੰਗਰ ਲਗਾਏ ਗਏ । ਉਨਾਂ ਕਿਹਾ ਸਾਨੂੰ ਭਗਵਾਨ ਵਾਲਮੀਕ ਜੀ ਦੀਆਂ ਸਿੱਖਿਆਵਾਂ 'ਤੇ ਚੱਲਣਾ ਚਾਹੀਦਾ ਹੈ। ਉਨਾਂ ਦੱਸਿਆ ਕਿ ਪਿੰਡ ਵਾਸੀਆਂ ਅਤੇ ਗ੍ਰਾਮ ਪੰਚਾਇਤ ਦੇ ਸਹਿਯੋਗ ਨਾਲ ਵਿਸ਼ਾਲ ਸ਼ੋਭਾ ਯਾਤਰਾ ਕੱਢੀ ਗਈ ਜੋ ਵਾਲਮੀਕ ਮੰਦਰ ਤੋਂ ਸ਼ੁਰੂ ਹੋ ਕੇ ਸਾਰੇ ਪਿੰਡ ਦੀ ਪ੍ਰਕਰਮਾ ਕਰਦੀ ਹੋਈ ਮੁੜ ਵਾਲਮੀਕ ਜੀ ਦੇ ਮੰਦਰ 'ਤੇ ਸਮਾਪਤ ਹੋਈ। ਰਸਤੇ ਵਿੱਚ ਪਿੰਡ ਵਾਸੀਆਂ ਵਲੋਂ ਸੰਗਤਾਂ ਲਈ ਚਾਹ, ਮਿਠਾਈਆਂ, ਫਲ ਅਤੇ ਹੋਰ ਵੱਖ-ਵੱਖ ਤਰ੍ਹਾਂ ਦੇ ਲੰਗਰ ਲਗਾ ਕੇ ਸੇਵਾ ਕੀਤੀ ਗਈ। ਉਨਾਂ ਦੱਸਿਆ ਕਿ ਭਗਵਾਨ ਵਾਲਮੀਕ ਜੀ ਦੇ ਪ੍ਰਗਟ ਦਿਵਸ ਸੰਬੰਧੀ ਪੰਜ ਪ੍ਰਭਾਤ ਫੇਰੀਆਂ ਵੀ ਉਲੀਕੀਆਂ ਗਈਆਂ ਸਨ। ਇਸ ਮੌਕੇ 'ਤੇ ਪੰਚ ਸੋਹਣ ਲਾਲ, ਦੀਪਕ, ਨਿਸ਼ਾਂਤ, ਰਾਜੇਸ਼ ਕੁਮਾਰ, ਰੋਹਿਤ, ਪੁਨੀਤ, ਸਾਬੀ, ਸੰਦੀਪ, ਅਜੇ, ਆਸ਼ੂ, ਤਰਨਜੀਤ, ਰਵੀ, ਸਰਪੰਚ ਸ਼ਿੰਦਰ ਪਾਲ, ਸੋਹਣ ਸਿੰਘ ਬਡਵਾਲ, ਪੰਚ ਜਗਜੀਤ ਸਿੰਘ ਗਿੱਲ, ਪ੍ਰਗਟ ਸਿੰਘ ਖਾਬੜਾ, ਪਾਲ ਸਿੰਘ, ਪਵਨ ਨਿਊਜ਼ੀਲੈਂਡ, ਪਰਮਜੀਤ, ਅਸ਼ੋਕ ਕੁਮਾਰ, ਸੁਨੀਲ ਕੁਮਾਰ, ਸ਼ਿਵਾ, ਮਾਨਵ ਜੱਸੀ ਤੋਂ ਇਲਾਵਾ ਬੱਚੇ ਅਤੇ ਪਿੰਡ ਵਾਸੀ ਹਾਜ਼ਰ ਸਨ।

## ਸਮਾਜ ਸੇਵੀ ਦੇ ਫਗਵਾੜਾ ਆਉਣ 'ਤੇ ਸਵਾਗਤ



**ਫਗਵਾੜਾ (ਜਸਵਿੰਦਰ ਢੱਡਾ)** ਪੱਤਰਕਾਰ ਤੇ ਸਮਾਜ ਸੇਵਕ ਫਗਵਾੜਾ ਦੇ ਭਾਣਜਾ ਬੈਂਕ ਮੈਨੇਜਰ ਸਤਿੰਦਰ ਕੁਮਾਰ ਤੇ ਭਾਣਜੀ ਸੁਨੀਤਾ ਡਾਕਟਰ ਬੀ ਆਰ ਅੰਬੇਡਕਰ ਲਾਇਬ੍ਰੇਰੀ ਡਾਕਟਰ ਅੰਬੇਡਕਰ ਨਗਰ ਵੱਡੇ ਤਹਿਸੀਲ ਫਗਵਾੜਾ ਜ਼ਿਲ੍ਹਾ ਕਪੂਰਥਲਾ ਵਿਖੇ ਆਉਣ 'ਤੇ ਉਹਨਾਂ ਨੂੰ ਲਾਇਬ੍ਰੇਰੀ ਵਲੋਂ ਡਾਕਟਰ ਬੀ ਆਰ ਅੰਬੇਡਕਰ ਦੀ ਸੰਖੇਪ ਜੀਵਨੀ ਪਿਆਰ ਸਹਿਤ ਭੇਟ ਕੀਤੀ । ਜਸਵਿੰਦਰ ਢੱਡਾ ਵਲੋਂ ਉਹਨਾ ਨੂੰ ਲਾਇਬ੍ਰੇਰੀ ਵਾਰੇ ਵਿਸਥਾਰ ਪੂਰਵਕ ਦੱਸਿਆ ਗਿਆ। ਉਹ ਇਸ ਸ਼ਲਾਘਾਯੋਗ ਉਪਰਾਲੇ ਤੋਂ ਬਹੁਤ ਪ੍ਰਭਾਵਿਤ ਹੋਏ ਤੇ ਲਾਇਬ੍ਰੇਰੀ ਦੇ ਕਰਤਾ ਧਰਤਾ ਬਲਵੀਰ ਦਾਸ ਯੂ ਕੇ ਤੇ ਉਹਨਾਂ ਦੀ ਸਮੁੱਚੀ ਕਮੇਟੀ ਨੂੰ ਵਧਾਈਆਂ ਦਿੱਤੀਆਂ ।

## ਭਗਵਾਨ ਵਾਲਮੀਕਿ ਦੇ ਪ੍ਰਗਟ ਦਿਵਸ ਸੰਬੰਧੀ ਲੰਗਰ ਲਗਾਇਆ



**ਆਦਮਪੁਰ ( ਪਰਮਜੀਤ ਸਿੰਘ)**- ਭਗਵਾਨ ਵਾਲਮੀਕਿ ਮਹਾਰਾਜ ਜੀ ਦੇ ਪਾਵਨ ਪ੍ਰਗਟ ਦਿਵਸ ਮੌਕੇ ਆਦਮਪੁਰ ਵਿਖੇ ਇਕ ਵਿਸ਼ਾਲ ਸ਼ੋਭਾ ਯਾਤਰਾ ਕੱਢੀ ਗਈ। ਸ਼ੋਭਾ ਯਾਤਰਾ ਸਮੇਂ ਪਾਵਨ ਵਾਲਮੀਕਿ ਆਸ਼ਰਮ ਧੂਣਾ ਸਾਹਿਬ ਟਰੱਸਟ (ਰਜਿ) ਅੰਮ੍ਰਿਤਸਰ ਬਰਾਂਚ ਆਦਮਪੁਰ ਦੇ ਇੰਜ ਜੇ.ਪੀ ਸਹੋਤਾ ਇੰਚਾਰਜ/ਪ੍ਰਧਾਨ ਹਲਕਾ ਆਦਮਪੁਰ ਅਤੇ ਉਹਨਾਂ ਪਿਤਾ ਚੌਧਰੀ ਰਾਮ ਲਾਲ ਸਹੋਤਾ ਵਲੋਂ ਅਟੁੱਟ ਲੰਗਰ ਲਗਾਇਆ ਗਿਆ ਜਿਸ ਦਾ ਉਦਘਾਟਨ ਸੁਖਵਿੰਦਰ ਸਿੰਘ ਕੋਟਲੀ ਐਮ ਐਲ ਏ ਵੱਲੋਂ ਕੀਤਾ ਗਿਆ। ਇਸ ਮੌਕੇ ਆਏ ਹੋਏ ਮੁੱਖ ਮਹਿਮਾਨ ਅਤੇ ਪਤਵੰਤੇ ਸੱਜਣਾਂ ਨੂੰ ਸਿਰੋਪਾਓ ਦੇ ਕੇ ਸਨਮਾਨਤ ਵੀ ਕੀਤਾ ਗਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਅਮਰੀਕ ਸਿੰਘ ਕੌਂਸਲਰ, ਮਨੀਸ਼ ਭੱਟੀ, ਸੀਨੀਅਰ ਵਾਈਸ ਪ੍ਰਧਾਨ ਯੂਥ ਕਾਂਗਰਸ ਰਾਕੇਸ ਅੱਗਰਵਾਲ, ਲੱਖਵਿੰਦਰ ਕਠਾਰ ਸੀਨੀਅਰ ਵਾਈਸ ਪ੍ਰਧਾਨ ਕਸ਼ਮੀਰੀ ਲਾਲ ਨਾਹਰ ਧੀਰੋਵਾਲ, ਅਸ਼ੋਕ ਕਲਿਆਨ, ਜਨਰਲ ਸਕੱਤਰ ਬਲਵਿੰਦਰ ਮੱਟੂ ਆਦਮਪੁਰ,ਮੀਡੀਆ ਸਕੱਤਰ ਵਰਿੰਦਰ ਨਾਹਰ ਧੀਰੋਵਾਲ ਅਤੇ ਹੋਰ ਹਾਜ਼ਰ ਸਨ।

## ਵਿਦੇਸ਼ 'ਚ ਰਹਿੰਦੇ ਭਾਰਤੀਆਂ ਦੀ ਸੁਰੱਖਿਆ ਲਈ ਦਖਲ ਦੇਵੇ ਕੇਂਦਰ ਸਰਕਾਰ : ਮਝੈਲ

**ਭੋਗਪੁਰ-(ਗੁਰਪ੍ਰੀਤ ਸਿੰਘ ਭੋਗਲ)**- ਕੈਲੀਫੋਰਨੀਆ ਵਿੱਚ ਪੰਜਾਬੀ ਪਰਵਾਰ ਦੇ 4 ਜੀਆਂ ਨੂੰ ਅਗਵਾ ਕਰਕੇ ਕਤਲ ਕੀਤੇ ਜਾਣ ਉੱਤੇ ਬੀਬੀ ਪ੍ਰਿਤਪਾਲ ਕੌਰ ਮਝੈਲ ਅਤੇ ਮਨਦੀਪ ਸਿੰਘ ਮੰਨਾ ਮਝੈਲ ਨੇ ਦੁੱਖ ਪ੍ਰਗਟਾਇਆ ਹੈ। ਮਝੈਲ ਨੇ ਕਿਹਾ ਕਿ ਰੋਜੀ ਰੋਟੀ ਲਈ ਪੰਜਾਬ ਛੱਡ ਕੇ ਵਿਦੇਸ਼ ਗਏ ਪੰਜਾਬੀਆਂ ਦੇ ਇਸ ਕਤਲ ਦੀ ਖ਼ਬਰ ਨੇ ਪੰਜਾਬ ਨੂੰ ਝੰਜੋੜ ਕੇ ਰੱਖ ਦਿੱਤਾ ਹੈ। ਹੁਸ਼ਿਆਰਪੁਰ ਜ਼ਿਲ੍ਹੇ ਦੇ ਭੋਗਪੁਰ ਦੇ ਨੇੜੇ ਪੈਂਦੇ ਹਰਸੀ ਪਿੰਡ ਨਾਲ ਸਬੰਧਿਤ ਪਰਵਾਰ ਉੱਤੇ ਅੱਜ ਪਹਾੜ ਜਿੱਡਾ ਕਹਿਰ ਟੁੱਟਿਆ ਹੈ। ਉਨ੍ਹਾਂ ਕਿਹਾ ਕਿ ਇਹ ਬਹੁਤ ਹੀ ਨਿੰਦਣਯੋਗ ਘਟਨਾ ਹੋਈ ਹੈ। ਇਸ ਘਟਨਾ ਨੇ ਵਿਦੇਸ਼ ਰਹਿੰਦੇ ਪੰਜਾਬੀਆਂ ਦੀ ਸੁਰੱਖਿਆ ਨੂੰ ਲੈ ਕੇ ਵੱਡੇ ਸਵਾਲ ਖੜ੍ਹੇ ਕਰ ਦਿੱਤੇ ਹਨ। ਉਨ੍ਹਾਂ ਕੇਂਦਰ ਸਰਕਾਰ ਤੋਂ ਮੰਗ ਕੀਤੀ ਕਿ ਵਿਦੇਸ਼ਾਂ ਵਿੱਚ ਰਹਿੰਦੇ ਭਾਰਤੀਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਠੋਸ ਕਦਮ ਚੁੱਕੇ।

## ਘਰੋਂ ਗਈ ਲੜਕੀ ਨੂੰ ਰਾਜਸਥਾਨ ਤੋਂ ਕੀਤਾ ਬਰਾਮਦ



**ਆਦਮਪੁਰ ( ਪਰਮਜੀਤ ਸਿੰਘ )**

ਐਸ ਐਸ ਪੀ ਜਲੰਧਰ ਦਿਹਾਤੀ ਸਰਵਨਜੀਤ ਸਿੰਘ ਦੀਆਂ ਹਦਾਇਤਾਂ 'ਤੇ ਘਰੇਲੂ ਵਿਵਾਦ ਕਾਰਨ ਘਰੋਂ ਗਈ ਲੜਕੀ ਨੂੰ ਆਦਮਪੁਰ ਪੁਲਸ ਨੇ ਰਾਜਸਥਾਨ ਦੇ ਗੰਗਾਨਗਰ ਤੋਂ ਬਰਾਮਦ ਕੀਤਾ। ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਡੀ ਐਸ ਪੀ ਰੋਸ਼ਨ ਲਾਲ ਅਤੇ ਥਾਣਾ ਮੁਖੀ ਹਰਦੀਪ ਸਿੰਘ ਨੇ ਦੱਸਿਆ ਕਿ ਪਿੰਡ ਪੰਡੋਰੀ ਨਿੱਝਰਾਂ ਦੀ 17 ਸਾਲਾ ਨਾਬਾਲਗ ਲੜਕੀ ਜੋ ਕਿ ਘਰ ਦੇ ਵਿਵਾਦ ਕਾਰਨ 3 ਅਕਤੂਬਰ ਨੂੰ ਘਰੋਂ ਬਗੈਰ ਕਿਸੇ ਨੂੰ ਦੱਸੇ ਕਿਤੇ ਚਲੀ ਗਈ ਸੀ, ਜਿਸ ਕਾਰਨ ਉਸ ਦੇ ਪਰਿਵਾਰਕ ਮੈਂਬਰ ਉਸ ਦੀ ਭਾਲ ਰਿਸ਼ਤੇਦਾਰਾਂ ਦੇ ਕਰਦੇ ਹਨ ਪਰ ਲੜਕੀ ਦੇ ਨਾ ਮਿਲਣ ਤੋਂ ਬਾਅਦ ਉਸ ਦੇ ਪਰਿਵਾਰਕ ਮੈਂਬਰਾਂ ਨੇ ਆਦਮਪੁਰ ਪੁਲਸ ਨੂੰ ਇਸ ਦੀ ਇਤਲਾਹ ਦਿੱਤੀ। ਜਿਸ ਤੋਂ ਬਾਅਦ ਐਸ ਐਸ ਪੀ ਸਰਵਨਜੀਤ ਸਿੰਘ ਨੇ ਇਸ ਵੱਲ ਵਿਸ਼ੇਸ਼ ਧਿਆਨ ਦਿੰਦੇ ਹੋਏ ਲੜਕੀ ਦੇ ਮੋਬਾਇਲ ਨੰਬਰ ਟਰੇਸ ਕਰਨ ਤੋਂ ਬਾਅਦ ਅੱਜ ਸਵੇਰੇ ਰਾਜਸਥਾਨ ਦੇ ਗੰਗਾਨਗਰ ਤੋਂ ਉਸ ਦੀ ਸਹੇਲੀ ਦੇ ਘਰੋਂ ਬਰਾਮਦ ਕੀਤੀ। ਦੇਰ ਸ਼ਾਮ ਪੁਲਸ ਨੇ ਉਸ ਨੂੰ ਉਸ ਦੇ ਪਰਿਵਾਰਕ ਮੈਂਬਰਾਂ ਦੇ ਹਵਾਲੇ ਕਰ ਦਿੱਤਾ।

## ਅਮਰੀਕਾ 'ਚ ਪੰਜਾਬੀਆ ਦੇ ਹੋਏ 4 ਕਤਲਾਂ ਨਾਲ ਪੂਰੇ ਵਰਲਡ 'ਚ ਸੋਗ ਦੀ ਲਹਿਰ : ਫੁਗਲਾਣਾ

**ਮੇਹਟੀਆਣਾ(ਜਗਤਾਰ ਸਿੰਘ ਭੁੰਗਰਨੀ)** ਇਕ ਪ੍ਰੈਸ ਬਿਆਨ ਜਾਰੀ ਕਰਦਿਆਂ ਬਲਵੀਰ ਸਿੰਘ ਫੁਗਲਾਣਾ ਪ੍ਰਧਾਨ ਦੋਆਬਾ ਜਨਰਲ ਕੈਟਾਗਿਰੀ ਫਰੰਟ ਪੰਜਾਬ ਨੇ ਦੱਸਿਆ ਕਿ ਪਿਛਲੇ ਦਿਨੀਂ ਅਮਰੀਕਾ ਦੇ ਸ਼ਹਿਰ ਕੈਲੀਫੋਰਨੀਆ ਦੀ ਮਰਸਿਡ ਕਾਊਂਟੀ ਵਿਚੋਂ ਇਕੋ ਪਰਿਵਾਰ ਦੇ 4 ਮੈਂਬਰ ਜੋ ਕਿ ਜ਼ਿਲ੍ਹ ਹੁਸ਼ਿਆਰਪੁਰ ਦੇ ਪਿੰਡ ਹਰਸੀ ਨਾਲ ਸੰਬੰਧਤ ਸਨ, ਨੂੰ ਅਗਵਾ ਕਰਕੇ ਬੜੀ ਬੇਰਹਿਮੀ ਦੇ ਨਾਲ ਮੌਤ ਦੇ ਘਾਟ ਉਤਾਰ ਦਿੱਤਾ ਗਿਆ ਜਿਸ ਵਿਚ ਇਕ 8 ਮਹੀਨੇ ਦੀ ਨੰਨ੍ਹੀ ਬੱਚੀ ਵੀ ਸ਼ਾਮਲ ਸੀ,ਨਾਲ ਪੁਰੇ ਵਿਸ਼ਵ ਵਿੱਚ ਸੋਗ ਦੀ ਲਹਿਰ ਦੌੜ ਗਈ ਹੈ । ਇਸ ਦਰਦਨਾਕ ਕਾਰੇ ਨਾਲ ਦੇਸ਼ਾਂ ਵਿਦੇਸ਼ਾਂ ਵਿੱਚ ਵਸਦੇ ਪੰਜਾਬੀਆਂ ਦੇ ਦਿਲਾਂ ਵਿੱਚ ਇਕ ਡਰ ਦਾ ਮਾਹੌਲ ਬਣ ਗਿਆ ਹੈ। ਭਾਰਤ ਸਰਕਾਰ ਅਤੇ ਦੇਸ਼ ਦੇ ਰਾਜਦੂਤਾਂ ਨੂੰ ਇਸ ਘਟਨਾਕ੍ਰਮ ਸੰਬੰਧੀ ਜਲਦੀ ਤੋਂ ਜਲਦੀ ਅਮਰੀਕਾ ਦੇ ਰਾਸ਼ਟਰਪਤੀ ਨਾਲ ਸੰਪਰਕ ਕਰਕੇ ਉਕਤ ਦੋਸ਼ੀ ਲਈ ਮੌਤ ਦੀ ਸਜ਼ਾ ਦੀ ਮੰਗ ਕਰਨੀ ਚਾਹੀਦੀ ਹੈ ਤਾਂ ਜੋ ਅੱਗੇ ਤੋਂ ਆਉਣ ਵਾਲੇ ਸਮੇਂ ਵਿਚ ਦੋਬਾਰਾ ਇਹੋ ਜਿਹੇ ਘਿਨੌਣੇ ਅਪਰਾਧ ਅਤੇ ਨਕਸਲੀ ਹਮਲੇ ਨਾ ਹੋਣ। ਦੋਆਬਾ ਜਨਰਲ ਕੈਟਾਗਿਰੀ ਫਰੰਟ ਪੰਜਾਬ ਜਿਥੇ ਮ੍ਰਿਤਕ ਪਰਿਵਾਰਾਂ ਨਾਲ ਇਸ ਦੁੱਖ ਦੀ ਘੜੀ ਵਿਚ ਹਮਦਰਦੀ ਜ਼ਾਹਰ ਕਰਦਾ ਹੈ, ਉਥੇ ਵਿਛੜੀਆਂ ਰੂਹਾਂ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਜਲਦੀ ਹੀ ਕੈਂਡਲ ਮਾਰਚ ਕੱਢਿਆ ਜਾਵੇਗਾ।

## ਗੌਰਮਿੰਟ ਫਿਜ਼ੀਕਲ ਐਜੂਕੇਸ਼ਨ ਟੀਚਰਜ਼ ਐਸੋਸੀਏਸ਼ਨ ਪੰਜਾਬ ਦੀ ਸੂਬਾ ਪੱਧਰੀ ਮੀਟਿੰਗ



**ਨੂਰਪੁਰ ਬੇਦੀ, (ਸੁਰਜੀਤ ਸਿੰਘ ਕਾਹਲੋਂ)**

ਸਰੀਰਕ ਸਿੱਖਿਆ ਤੇ ਖੇਡਾਂ ਵਿਸ਼ੇ ਨੂੰ ਲਾਜ਼ਮੀ ਕਰਵਾਉਣ ਅਤੇ ਸਰੀਰਕ ਸਿੱਖਿਆ ਅਧਿਆਪਕਾਂ ਨੂੰ ਆ ਰਹੀਆਂ ਮੁਸ਼ਕਿਲਾਂ ਨੂੰ ਲੈ ਕੇ ਬੀਤੇ ਦਿਨ ਗੌਰਮਿੰਟ ਫਿਜ਼ੀਕਲ ਟੀਚਰਜ਼ ਐਸੋਸੀਏਸ਼ਨ ਪੰਜਾਬ ਦੀ ਸੂਬਾ ਪੱਧਰੀ ਮੀਟਿੰਗ ਗੁਰੂ ਨਾਨਕ ਸਟੇਡੀਅਮ ਲੁਧਿਆਣਾ ਵਿਖੇ ਸੂਬਾ ਪਧਾਨ ਜਗਦੀਸ਼ ਕੁਮਾਰ ਜੱਗੀ ਦੀ ਪਧਾਨਗੀ ਹੇਠ ਆਯੋਜਿਤ ਹੋਈ। ਇਸ ਮੌਕੇ ਜਗਦੀਸ਼ ਜੱਗੀ, ਸੂਬਾ ਸੀਨੀਅਰ ਮੀਤ ਪ੍ਰਧਾਨ ਰਣਜੀਤ ਸਿੰਘ ਭੱਠਲ, ਸੂਬਾ ਜਨਰਲ ਸਕੱਤਰ ਇੰਦਰਪਾਲ ਸਿੰਘ ਢਿੱਲੋਂ, ਜਸਵਿੰਦਰ ਸਿੰਘ ਚਾਪੜ ਵਲੋਂ ਵਿਧਾਨ ਸਭਾ ਸੈਸ਼ਨ ਵਿੱਚ ਫਰੀਦਕੋਟ ਦੇ ਵਿਧਾਇਕ ਗੁਰਦਿੱਤ ਸਿੰਘ ਸੇਖੋਂ ਵੱਲੋਂ ਪੰਜਾਬ ਨੂੰ ਨਸ਼ਾ ਮੁਕਤ ਬਣਾਉਣ ਲਈ ਸਰੀਰਕ ਸਿੱਖਿਆ ਤੇ ਖੇਡਾਂ ਵਿਸ਼ੇ ਨੂੰ ਲਾਜ਼ਮੀ ਬਣਾਉਣ ਅਤੇ ਸਰੀਰਕ ਸਿੱਖਿਆ ਅਧਿਆਪਕਾਂ ਦੀਆਂ ਖਾਲੀ ਪਈਆਂ ਅਸਾਮੀਆਂ ਭਰਨ ਲਈ ਚੁੱਕੇ ਮੁੱਦੇ 'ਤੇ ਧੰਨਵਾਦ ਕਰਦਿਆਂ ਕਿਹਾ ਕਿ ਸੇਖੋਂ ਸਾਹਿਬ ਦੇ ਦਿੱਲ ਵਿੱਚ ਨੌਜਵਾਨਾਂ ਨੂੰ ਨਸ਼ਿਆਂ ਤੋਂ ਬਚਾਉਣ ਅਤੇ ਖੇਡਾਂ ਵਿੱਚ ਪੰਜਾਬ ਦੀਆਂ ਪਾਪਤੀਆਂ ਦੇਖਣ ਦਾ ਚਾਉ ਹੈ ਜਿਸ ਦੀ ਜਥੇਬੰਦੀ ਕਦਰ ਕਰਦੀ ਹੈ। ਜਥੇਬੰਦੀ ਨੇ ਆਪਣੀਆਂ ਮੰਗਾਂ ਸਰੀਰਕ ਸਿੱਖਿਆ ਤੇ ਖੇਡਾਂ ਵਿਸ਼ੇ ਨੂੰ ਲਾਜ਼ਮੀ ਵਿਸ਼ੇ ਵਜੋਂ ਲਾਗੂ ਕਰਵਾਉਣਾ, ਵਿਦਿਆਰਥੀਆਂ ਦੀ ਗਿਣਤੀ ਅਨੁਸਾਰ ਪੋਸਟਾਂ ਦੇਣ ਉਪਰੰਤ ਡੀਪੀਈ ਤੋਂ ਲੈਕਚਰਾਰ ਦੀਆਂ ਤਰੱਕੀਆਂ ਕਰਨ, ਪੀਟੀਆਈ ਦਾ ਤਰੱਕੀ ਕੋਟਾ 1 ਪ੍ਰਤੀਸ਼ਤ ਤੋਂ ਵਧਾ ਕੇ 20 ਪ੍ਰਤੀਸ਼ਤ ਕਰਨ ਉਪਰੰਤ ਡੀਪੀਈ ਕੇਡਰ ਵਿੱਚ ਤਰੱਕੀਆਂ ਕਰਨ, ਸਵਾਗਤ ਜ਼ਿੰਦਗੀ ਵਿਸ਼ੇ ਨੂੰ ਸਰੀਰਕ ਸਿੱਖਿਆ ਵਿਸ਼ੇ ਵਿੱਚ ਮਰਜ ਕਰਨ, ਐਨ ਐਸ ਕਿਉ ਐਫ ਵਿਸ਼ੇ ਵਿੱਚੋਂ ਸਰੀਰਕ ਸਿੱਖਿਆ ਤੇ ਖੇਡਾਂ ਵਿਸ਼ੇ ਨੂੰ ਬਾਹਰ ਕੱਢਿਆ ਜਾਵੇ, ਛੇਵੀਂ ਜਮਾਤ ਤੋਂ ਦਸਵੀਂ ਜਮਾਤ ਤੱਕ ਸਰੀਰਕ ਸਿੱਖਿਆ ਤੇ ਖੇਡਾਂ ਵਿਸੇ ਨੂੰ ਗਰੇਡਿੰਗ ਪ੍ਰਣਾਲੀ ਵਿੱਚੋਂ ਬਾਹਰ ਕੱਢ ਕੇ ਅੰਕ ਸਿਸਟਮ ਕਰਨ, ਏਈਓ ਦੀ ਪੋਸਟ ਪੱਕੇ ਤੌਰ 'ਤੇ ਦੇਣ, ਆਰਗੇਨਾਈਜੇਸ਼ਨ ਸਪੋਰਟਸ ਅਤੇ ਡਿਪਟੀ ਡਾਇਰੈਕਟਰ ਸਪੋਰਟਸ ਵਿਭਾਗ ਵਿੱਚ ਕੰਮ ਕਰਦੇ ਸਰੀਰਕ ਸਿੱਖਿਆ ਤੇ ਖੇਡਾਂ ਵਿਸੇ ਅਤੇ ਖੇਡ ਪਿਛੋਕੜ ਦੇ ਅਧਿਆਪਕਾਂ ਵਿੱਚੋਂ ਹੀ ਲਗਾਏ ਜਾਣ ਦੀ ਮੰਗ ਕੀਤੀ ਗਈ। ਇਸ ਮੌਕੇ ਗੁਰਪ੍ਰੀਤ ਸਿੰਘ ਬਠਿੰਡਾ, ਅਜੀਤਪਾਲ ਸਿੰਘ ਲੁਧਿਆਣਾ, ਬਲਜਿੰਦਰ ਸਿੰਘ ਰੀਹਲ, ਗੁਰਮੀਤ ਸਿੰਘ ਅਬਿਆਣਾ, ਰਕੇਸ਼ ਕੁਮਾਰ ਸਹਿਜੋਵਾਲ, ਦੇਵਿੰਦਰ ਸਿੰਘ, ਹਰਮਨਦੀਪ ਸਿੰਘ ਸੰਧੂ,ਗੁਰਨਾਮ ਸਿੰਘ ਚਨਾਲੋਂ, ਪਰਮਜੀਤ ਸਿੰਘ ਰੰਗੀ, ਸਮਸੇਰ ਸਿੰਘ ਮੁਹਾਲੀ, ਨਵਕਿਰਨ ਸਿੰਘ ਖੱਟੜਾ, ਨਵਦੀਪ ਮੋਗਾ, ਕੁਲਦੀਪ ਸਿੰਘ ਬਨੂੜ, ਬਲਵਿੰਦਰ ਸਿੰਘ ਮੁਕਤਸਰ, ਸੁਰਿੰਦਰਪਾਲ ਫਾਜ਼ਿਲਕਾ ਅਤੇ ਸ਼ਿਵਰਾਜ ਸਿੰਘ ਢੀਂਡਸਾ ਸਮੇਤ ਪੂਰੇ ਪੰਜਾਬ ਦੇ ਸਾਥੀ ਹਾਜ਼ਰ ਸਨ।

## ਜਾਗਰਣ ਕਮੇਟੀ ਵੱਲੋਂ ਅੱਖਾਂ ਦਾ ਫ੍ਰੀ ਮੈਡੀਕਲ ਕੈਂਪ



**ਫਿਲੌਰ (ਨਿਰਮਲ)** ਫਿਲੌਰ ਦੇ ਨਜ਼ਦੀਕ ਗੰਨਾ ਪਿੰਡ ਵਿਖੇ ਜੈ ਮਾਂ ਦੁਰਗਾ ਜਾਗਰਣ ਕਮੇਟੀ ਵੱਲੋਂ ਅੱਖਾਂ ਦਾ ਫ੍ਰੀ ਮੈਡੀਕਲ ਕੈਂਪ ਲਗਾਇਆ ਗਿਆ। ਇਸ ਵਿਚ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਰਜਿੰਦਰ ਸੰਧੂ ਵਿਸ਼ੇਸ਼ ਤੌਰ 'ਤੇ ਪਹੁੰਚੇ ਅਤੇ ਰੀਬਨ ਕੱਟ ਕੇ ਇਸ ਕੈਂਪ ਦਾ ਉਦਘਾਟਨ ਕੀਤਾ। ਇਸ ਮੌਕੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦੇ ਹੋਏ ਉਨ੍ਹਾਂ ਦੱਸਿਆ ਕਿ ਜੈ ਮਾਂ ਦੁਰਗਾ ਪ੍ਰਬੰਧ ਕਮੇਟੀ ਵੱਲੋਂ ਪਹਿਲਾਂ ਅੱਖਾਂ ਦਾ ਕੈਂਪ ਲਗਾਇਆ ਗਿਆ। ਇਸ ਵਿੱਚ ਅੱਖਾਂ ਸੰਬੰਧੀ ਸਮੱਸਿਆਵਾਂ ਦਾ ਚੈੱਕਅਪ ਕੀਤਾ ਜਾਵੇਗਾ ਅਤੇ ਫ੍ਰੀ ਐਨਕਾਂ ਤੇ ਦਵਾਈਆਂ ਵੰਡੀਆਂ ਜਾਣਗੀਆਂ । ਇਸ ਮੌਕੇ ਸਮੂਹ ਕਮੇਟੀ ਮੈਂਬਰਾਂ ਨੇ ਆਏ ਹੋਏ ਮੁੱਖ ਮਹਿਮਾਨ ਦਾ ਤਹਿ ਦਿਲੋਂ ਧੰਨਵਾਦ ਕੀਤਾ।

## ਪੁਲਸ ਕਰਮਚਾਰੀਆਂ ਨੂੰ ਡਾਕਟਰੀ ਸਹੂਲਤਾਂ ਲਈ ਹੋਰ ਹਸਪਤਾਲਾਂ ਨਾਲ ਐਮ ਓ ਯੂ ਸਾਈਨ

**ਜਲੰਧਰ, (ਸ਼ੈਲੀ ਐਲਬਰਟ)**

ਪੁਲਸ ਵਿਭਾਗ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਵਧੀਆ ਮੈਡੀਕਲ ਅਤੇ ਡਾਕਟਰੀ ਸਹੂਲਤਾਂ ਪ੍ਰਦਾਨ ਕਰਨ ਲਈ ਜ਼ਿਲ੍ਹੇ ਦੇ ਹੋਰ ਹਸਪਤਾਲਾਂ ਨਾਲ ਐਮ. ਓ. ਯੂ. ਸਾਈਨ ਕੀਤਾ ਗਿਆ ਹੈ। ਬੀਤੇ ਦਿਨੀਂ ਏ ਡੀ ਜੀ ਪੀ ਸਟੇਟ ਆਰਮਡ ਪੁਲਿਸ ਐਮ ਐਫ ਫਾਰੂਕੀ ਦੇ ਨਿਰਦੇਸ਼ਾਂ 'ਤੇ ਜਲੰਧਰ ਦੇ ਕਈ ਮਲਟੀ ਸਪੈਸ਼ਲਿਟੀ ਹਸਪਤਾਲਾਂ ਨਾਲ ਸਮਝੌਤਾ ਸਹੀਬੱਧ ਕੀਤਾ ਗਿਆ ਸੀ ਤਾਂ ਜੋ ਪੁਲਸ ਅਧਿਕਾਰੀਆਂ/ਮੁਲਾਜ਼ਮਾਂ ਅਤੇ ਉਨ੍ਹਾਂ ਦੇ ਆਸ਼ਰਿਤਾਂ ਨੂੰ ਮਿਆਰੀ ਅਤੇ ਅਤਿ-ਆਧੁਨਿਕ ਸਿਹਤ ਸਹੂਲਤਾਂ ਪ੍ਰਦਾਨ ਕੀਤੀਆਂ ਜਾ ਸਕਣ। ਇਸੇ ਉਪਰਾਲੇ ਤਹਿਤ ਇਸ ਯੋਜਨਾ ਦੀ ਸਫ਼ਲਤਾ ਅਤੇ ਵੱਖ-ਵੱਖ ਹਸਪਤਾਲਾਂ ਵਲੋਂ ਦਿਖਾਏ ਗਏ ਉਤਸ਼ਾਹ ਨੂੰ ਵੇਖਦੇ ਹੋਏ ਇਸ ਦਾ ਵਿਸਥਾਰ ਕਰਦਿਆਂ ਹੁਣ ਜਲੰਧਰ ਦੇ ਹੋਰ ਹਸਪਤਾਲਾਂ, ਟੈਗੋਰ ਹਸਪਤਾਲ ਐਂਡ ਹਾਰਟ ਕੇਅਰ ਸੈਂਟਰ, ਰਣਜੀਤ ਹਸਪਤਾਲ, ਅਪੈਕਸ ਹਸਪਤਾਲ ਮੈਟਰਨਿਟੀ ਹੋਮ ਆਕਸਫੋਰਡ ਹਸਪਤਾਲ, ਅਰੋੜਾ ਆਈ ਹਸਪਤਾਲ, ਐਨ ਐਚ ਐਸ ਹਸਪਤਾਲ, ਜੋਸ਼ੀ ਹਸਪਤਾਲ, ਅਕਾਲੀ ਆਈ ਹਸਪਤਾਲ, ਥਿੰਦ ਆਈ ਹਸਪਤਾਲ, ਅਰੋੜਾ ਆਈ ਹਸਪਤਾਲ ਐਂਡ ਰੇਟਰੀਨਾ ਸੈਂਟਰ, ਡਾ.ਡਾਂਗ ਨਰਸਿੰਗ ਹੋਮ ਐਂਡ ਹਸਪਤਾਲ, ਬੀ ਬੀ ਸੀ ਹਾਰਟ ਕੇਅਰ ਪਰੂਥੀ ਹਸਪਤਾਲ ਅਤੇ ਕੈਪੀਟੋਲ ਹਸਪਤਾਲ ਨਾਲ ਇਕ ਨਵਾਂ ਐਮ ਓ ਯੂ ਸਾਈਨ ਕੀਤਾ ਗਿਆ ਹੈ। ਇਕ ਸਰਕਾਰੀ ਬੁਲਾਰੇ ਨੇ ਇਸ ਸੰਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਪਹਿਲਾਂ ਹੋਏ ਸਮਝੌਤੇ ਵਿੱਚ ਪਟੇਲ ਹਸਪਤਾਲ, ਇੰਨੋਸੈਂਟ ਹਸਪਤਾਲ, ਸ਼੍ਰੀਮੰਨ ਹਸਪਤਾਲ, ਗਲੋਬਲ ਹਸਪਤਾਲ, ਮਾਨ ਸਕੈਨਿੰਗ ਸੈਂਟਰ, ਭਾਟੀਆ ਸਕੈਨਿੰਗ ਸੈਂਟਰ ਸ਼ਾਮਲ ਹਨ, ਨਾਲ ਇਕ ਐਮ ਓ ਯੂ ਸਾਈਨ ਕੀਤਾ ਗਿਆ ਸੀ। ਬੁਲਾਰੇ ਨੇ ਅੱਗੇ ਦੱਸਿਆ ਕਿ ਇਸ ਤੋਂ ਇਲਾਵਾ ਇਸ ਯੋਜਨਾ ਵਿੱਚ ਜਲਦੀ ਹੀ ਹੋਰ ਨਵੇਂ ਹਸਪਤਾਲ ਸ਼ਾਮਲ ਕੀਤੇ ਜਾ ਰਹੇ ਹਨ ਤਾਂ ਜੋ ਵੱਧ ਤੋਂ ਵੱਧ ਪੁਲਸ ਮੁਲਾਜ਼ਮਾਂ ਨੂੰ ਨੇੜਲੇ ਹਸਪਤਾਲਾਂ ਵਿੱਚ ਸਿਹਤ ਸੰਬੰਧੀ ਵਧੀਆ ਇਲਾਜ ਦੀਆਂ ਸਹੂਲਤਾਂ ਪ੍ਰਾਪਤ ਹੋ ਸਕਣ। ਬੁਲਾਰੇ ਨੇ ਅੱਗੇ ਦੱਸਿਆ ਕਿ ਇਸ ਯੋਜਨਾ ਦਾ ਲਾਭ ਪੀ.ਏ.ਪੀ. ਦੇ ਨਾਲ ਹੁਸ਼ਿਆਰਪੁਰ, ਜਲੰਧਰ (ਦਿਹਾਤੀ), ਕਪੂਰਥਲਾ ਜ਼ਿਲ੍ਹੇ ਤੋਂ ਇਲਾਵਾ ਜਲੰਧਰ ਕਮਿਸ਼ਨਰੇਟ ਦੇ ਸਾਰੇ ਰੈਂਕ ਦੇ ਅਧਿਕਾਰੀ/ਕਰਮਚਾਰੀ ਅਤੇ ਉਨ੍ਹਾਂ ਦੇ ਆਸ਼ਰਿਤ ਲੈ ਸਕਣਗੇ। ਉਨ੍ਹਾਂ ਦੱਸਿਆ ਕਿ ਇਸ ਯੋਜਨਾ ਤਹਿਤ ਪੁਲਿਸ ਅਧਿਕਾਰੀ ਆਪਣਾ ਬਿਲ ਅਦਾ ਕਰਨਗੇ ਅਤੇ ਬਾਅਦ ਵਿਚ ਉਹ ਵਿਧੀ ਅਨੁਸਾਰ ਵਿਭਾਗ ਨੂੰ ਆਪਣਾ ਦਾਅਵਾ ਪੇਸ਼ ਕਰਨਗੇ। ਉਨ੍ਹਾਂ ਦੱਸਿਆ ਕਿ ਇਸ ਯੋਜਨਾ ਜਿਥੇ ਪੁਲਸ ਕਰਮੀਆਂ ਵਿੱਚ ਸਵੈਮਾਨ ਪੈਦਾ ਹੋਵੇਗਾ ਉਥੇ ਹੀ ਉਨ੍ਹਾਂ ਨੂੰ ਤੁਰੰਤ ਭਾਰੀ ਵਿੱਤੀ ਬੋਝ ਤੋਂ ਨਿਜਾਤ ਮਿਲੇਗੀ। ਬੁਲਾਰੇ ਨੇ ਅੱਗੇ ਦੱਸਿਆ ਕਿ ਇਸ ਨਾਲ ਨਾ ਸਿਰਫ ਪੁਲਸ ਮੁਲਾਜ਼ਮਾਂ ਦਾ ਖ਼ਰਚਾ ਘਟੇਗਾ ਸਗੋਂ ਸਰਕਾਰੀ ਖ਼ਜ਼ਾਨੇ 'ਤੇ ਵੀ ਬੋਝ ਘਟੇਗਾ। ਉਨ੍ਹਾਂ ਦੱਸਿਆ ਕਿ ਯੋਜਨਾ ਤਹਿਤ ਪੁਲਸ ਮੁਲਾਜ਼ਮਾਂ ਨੂੰ ਇਕ ਕਾਰਡ, ਜਿਸ ਵਿੱਚ ਉਨ੍ਹਾਂ ਦਾ ਨਾਂਅ, ਫੋਟੋ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਦੇ ਨਾਂਅ ਭਾਵੇਂ ਉਹ ਨਿਰਭਰ ਹਨ ਜਾਂ ਨਹੀਂ ਹੈ, ਜਾਰੀ ਕੀਤਾ ਜਾਵੇਗਾ। ਯੋਜਨਾ ਤਹਿਤ ਹੋਈ ਪ੍ਰਗਤੀ ਦਾ ਜਾਇਜ਼ਾ ਲੈਣ ਲਈ ਤਿਮਾਹੀ ਸਮੀਖਿਆ ਮੀਟਿੰਗਾਂ ਕੀਤੀਆਂ ਜਾਣਗੀਆਂ ਅਤੇ ਮਰੀਜ਼ਾਂ ਅਤੇ ਹਸਪਤਾਲਾਂ ਵਲੋਂ ਉਠਾਏ ਜਾਣ ਵਾਲੇ ਕਿਸੇ ਵੀ ਮੁੱਦੇ ਦੇ ਹੱਲ ਲਈ ਇਕ ਸ਼ਿਕਾਇਤ ਨਿਵਾਰਣ ਕਮੇਟੀ ਦਾ ਗਠਨ ਵੀ ਕੀਤਾ ਜਾਵੇ।

## ਬਾਬਾ ਚੰਨੀ ਸ਼ਾਹ ਦੀ ਯਾਦ 'ਚ ਸਾਲਾਨਾ ਜੋੜ ਮੇਲਾ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**

ਪਿੰਡ ਪਧਿਆਣਾ ਵਿਖੇ ਦਰਬਾਰ ਪੀਰ ਬਾਬਾ ਬੱਡੇ ਸ਼ਾਹ ਦੀ ਮਜ਼ਾਰ 'ਤੇ ਸਮੂਹ ਨਗਰ ਨਿਵਾਸੀਆਂ, ਗ੍ਰਾਮ ਪੰਚਾਇਤ, ਪ੍ਰਵਾਸੀ ਭਾਰਤੀਆਂ ਅਤੇ ਇਲਾਕੇ ਦੇ ਸਹਿਯੋਗ ਨਾਲ ਪੀਰ ਬਾਬਾ ਬੱਡੇ ਸ਼ਾਹ ਦੇ ਪਰਮ ਸੇਵਕ ਬਾਬਾ ਚੰਨੀ ਸ਼ਾਹ ਦੀ ਯਾਦ ਵਿਚ ਸਾਲਾਨਾ ਜੋੜ ਮੇਲਾ ਡੇਰੇ ਦੇ ਮੁੱਖ ਸੇਵਾਦਾਰ ਰਵਿੰਦਰ ਸਿੰਘ ਹੈਪੀ ਪਧਿਆਣਾ ਦੀ ਅਗਵਾਈ ਹੇਠ ਕਰਵਾਇਆ ਗਿਆ। ਇਸ ਮੌਕੇ ਬਾਬਾ ਅਮਰਜੀਤ ਸਿੰਘ ਪਧਿਆਣਾ ਨੇ ਦੱਸਿਆ ਕਿ ਸਾਲਾਨਾ ਜੋੜ ਮੇਲੇ ਦੌਰਾਨ ਚਿਰਾਗ, ਚਾਦਰ ਅਤੇ ਝੰਡੇ ਦੀ ਰਸਮ ਸੰਗਤਾਂ ਵੱਲੋਂ ਅਦਾ ਕੀਤੀ ਗਈ। ਇਸ ਮੌਕੇ ਮੋਨੂੰ ਕਵਾਲ ਪਾਰਟੀ, ਮਿੰਟੂ ਹੇਅਰਾਂ ਵਾਲਾ, ਮੰਨਤ ਕਡਿਆਣਾ, ਨਿਸ਼ੂ ਨਕਾਲ ਪਾਰਟੀ ਆਦਿ ਕਲਾਕਾਰਾਂ ਨੇ ਪੀਰਾਂ ਦੀ ਮਹਿਫਲ ਸਜਾਈ। ਇਸ ਮੌਕੇ ਬਾਬਾ ਦੀਸ਼ੇ ਸ਼ਾਹ ਮੋਨਾ ਕਲਾਂ, ਬਾਬਾ ਰੰਗੀ ਸ਼ਾਹ ਮੋਨਾ ਕਲਾਂ, ਬਾਬਾ ਰਜਿੰਦਰ ਕੁਮਾਰ ਕਰਤਾਰਪੁਰ, ਬਾਬਾ ਮੁਲਖ ਰਾਜ ਕੰਦੋਲਾ, ਬਾਬਾ ਸ਼ਿੰਦੀ ਸ਼ਾਹ ਕੰਦੋਲਾ, ਬੀਬੀ ਸੁਰਿੰਦਰ ਕੌਰ ਪਧਿਆਣਾ, ਬਾਬਾ ਸੁਰਿੰਦਰਪਾਲ ਡਵਿੱਡਾ ਅਹਿਰਾਣਾ, ਬੀਬੀ ਬਲਵਿੰਦਰ ਕੌਰ ਡਵਿੱਡਾ ਅਹਿਰਾਣਾ, ਬੀਬੀ ਸ਼ਾਂਤੀ ਦੇਵੀ, ਬਾਬਾ ਬਿੱਟਾ ਸ਼ਾਹ ਖੰਨੋੜਾ, ਬਾਬਾ ਹਰਭਜਨ ਸਿੰਘ ਪੰਡੋਰੀ ਬੀਬੀ ਆਦਿ ਫੱਕਰ ਫਕੀਰਾਂ ਨੇ ਦਰਬਾਰ ਦੀ ਹਾਜ਼ਰੀ ਭਰੀ। ਇਸ ਮੌਕੇ ਬਾਬਾ ਰਵਿੰਦਰ ਸਿੰਘ ਹੈਪੀ ਵੱਲੋਂ ਆਏ ਹੋਏ ਕਲਾਕਾਰ ਅਤੇ ਫੱਕਰ ਫਕੀਰਾਂ ਅਤੇ



ਸਹਿਯੋਗੀਆਂ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਬਾਬਾ ਰਵਿੰਦਰ ਸਿੰਘ ਹੈਪੀ ਪਧਿਆਣਾ, ਨਿਰਮਲ ਕੌਰ, ਬਾਬਾ ਅਮਰਜੀਤ ਸਿੰਘ, ਬੀਬੀ ਮਨਜੀਤ ਕੌਰ, ਚਮਨਜੀਤ ਸਿੰਘ, ਨਰਿੰਦਪਾਲ ਸਿੰਘ, ਹੈਪੀ ਮੇਹਟੀਆਣਾ, ਬਿੱਲਾ ਮੇਹਟੀਆਣਾ, ਪਰਵਿੰਦਰ ਸਿੰਘ ਅਜਨੋਹਾ, ਚਮਨ ਲਾਲ, ਜੋਗਾ ਸਿੰਘ, ਹਰਮੇਲ ਲਾਲ, ਸੋਨੂੰ ਹੁਸ਼ਿਆਰਪੁਰ, ਜੱਸਾ ਨਾਲਾ, ਰਾਜ ਕੁਮਾਰ ਮੁੱਖਲਿਆਣਾ, ਪ੍ਰਿੰਸ ਮੁੱਖਲਿਆਣਾ ਆਦਿ ਹਾਜ਼ਰ ਸਨ।